One stop shop for all your taxi needs



The Friendly Group Ltd. Chelsea Taxi Brokers

Address: 287 10 AVE 2nd Floor, New York NY 10001

Ph: 212-947-9833, 212-695-0601

40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ

*Ask us about Purchase or new buyer and financing.

We are here at your service to sell and buy or insure medallions and we are in business to help our Punjabi Community since last 40 years.

*All types of insurance*

** Medallion transfers * Accident claims * Taxi Stand Facility available*

ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।



Twenty-Fifth Year of Publication | ਨਿਊਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com

www.punjabtimesusa.com

# ਪੰਜਾਬ ਟਾਈਮਜ਼

Punjab Times, Vol 26, Issue 17; April 26, 2025 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਨਹੀਂ ਰਹੇ ਪੋਪ ਫ੍ਰਾਂਸਿਸ-ਈਸਟਰ ਮੰਡੇ ਮੌਕੇ ਲਿਆ ਆਖ਼ਰੀ ਸਾਹ



**ਵੈਟੀਕਨ ਸਿਟੀ:** ਰੋਮਨ ਕੈਥੋਲਿਕ ਚਰਚ ਦੇ ਪਹਿਲੇ ਲੈਟਿਨ ਅਮਰੀਕੀ ਪੋਪ ਫ੍ਰਾਂਸਿਸ ਦਾ ਲੰਬੀ ਬਿਮਾਰੀ ਤੋਂ ਬਾਅਦ ਸੋਮਵਾਰ ਸਵੇਰੇ ਭਾਵ ਈਸਟਰ ਮੰਡੇ ਨੂੰ ਦੇਹਾਂਤ ਹੋ ਗਿਆ। ਉਹ 88 ਸਾਲਾਂ ਦੇ ਸਨ ਅਤੇ ਇਸ ਸਾਲ ਦੋਹਰੇ ਨਿਮੋਨੀਆ ਤੋਂ ਪੀੜਤ ਹੋਣ ਤੋਂ ਬਾਅਦ 38 ਦਿਨਾਂ ਤੱਕ ਹਸਪਤਾਲ 'ਚ ਦਾਖਲ ਰਹੇ। ਮਾਰਚ 'ਚ ਹਸਪਤਾਲ ਤੋਂ ਆਉਣ ਤੋਂ ਬਾਅਦ ਐਤਵਾਰ ਨੂੰ ਈਸਟਰ ਸੰਡੇ ਦੇ ਦਿਨ ਉਹ ਪਹਿਲੀ ਵਾਰ ਜਨਤਕ ਤੌਰ 'ਤੇ ਸਾਹਮਣੇ ਆਏ ਅਤੇ ਮੌਜੂਦ ਸ਼ਰਧਾਲੂਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਬਟਵਾਰੇ ਅਤੇ ਤਣਾਅ ਦੇ ਆਪਣੇ 12 ਸਾਲਾਂ ਦੇ ਸਮੇਂ ਦੌਰਾਨ ਉਹ ਰੂੜੀਵਾਦੀ ਸੰਸਥਾਨ ਨੂੰ ਬਿਹਤਰ ਬਣਾਉਣ 'ਚ ਲੱਗੇ ਰਹੇ। ਅਮੀਰਾਂ ਦਾ ਆਲੋਚਕ ਹੋਣ ਦੇ ਕਾਰਨ ਉਨ੍ਹਾਂ ਨੂੰ 'ਗਰੀਬਾਂ ਦਾ ਮਸੀਹਾ' ਵੀ ਕਿਹਾ ਜਾਂਦਾ ਸੀ। ਪੋਪ ਫ੍ਰਾਂਸਿਸ ਤੋਂ ਬਾਅਦ ਨਵੀਂ ਨਿਯੁਕਤੀ ਤੱਕ ਦੂਜੇ ਸਭ ਤੋਂ ਵੱਡੇ ਪਾਦਰੀ (ਕਾਰਜਕਾਰੀ ਪੋਪ) ਕੇਵਿਨ ਫੈਰੇਲ ਨੇ ਟੀਵੀ ਚੈਨਲ 'ਤੇ ਐਲਾਨ ਕੀਤਾ, 'ਪਿਆਰੇ ਭਰਾਵੋ ਤੇ ਭੈਣੋਂ, ਬਹੁਤ ਦੁੱਖ ਦੇ ਨਾਲ ਇਹ ਐਲਾਨ ਕਰਨਾ ਪੈ ਰਿਹਾ ਹੈ ਕਿ ਸਾਡੇ ਪਵਿੱਤਰ ਫਾਦਰ ਫ੍ਰਾਂਸਿਸ ਨਹੀਂ ਰਹੇ। ਅੱਜ ਸਵੇਰੇ 11.05 ਵਜੇ (ਭਾਰਤੀ ਸਮੇਂ ਅਨੁਸਾਰ) ਰੋਮ ਦੇ ਬਿਸ਼ਪ, ਫ੍ਰਾਂਸਿਸ ਪਰਮਪਿਤਾ

> **ਉਹ 88 ਸਾਲਾਂ ਦੇ ਸਨ ਅਤੇ ਇਸ ਸਾਲ ਦੋਹਰੇ ਨਿਮੋਨੀਆ ਤੋਂ ਪੀੜਤ ਹੋਣ ਤੋਂ ਬਾਅਦ 38 ਦਿਨਾਂ ਤੱਕ ਹਸਪਤਾਲ 'ਚ ਦਾਖਲ ਰਹੇ।**

(ਬਾਕੀ ਸਫ਼ਾ 6 'ਤੇ)

## ਪਹਿਲਗਾਮ ਲਹੂ ਲੁਹਾਣ

### ਅਤਿਵਾਦੀ ਹਮਲੇ ਵਿਚ 28 ਮੌਤਾਂ

**ਸ੍ਰੀਨਗਰ:** ਜੰਮੂ-ਕਸ਼ਮੀਰ 'ਚ ਅੱਤਵਾਦੀਆਂ ਨੇ ਮੰਗਲਵਾਰ ਨੂੰ ਮਸ਼ਹੂਰ ਸੈਰ ਸਪਾਟਾ ਕੇਂਦਰ ਪਹਿਲਗਾਮ ਦੇ ਬੈਸਰਨ ਇਲਾਕੇ 'ਚ ਸੈਲਾਨੀਆਂ 'ਤੇ ਬਹੁਤ ਨੇੜਿਓਂ ਗੋਲ਼ੀਆਂ ਮਾਰੀਆਂ। ਇਸ 'ਚ 28 ਲੋਕਾਂ ਦੀ ਮੌਕੇ ਤੇ ਹੀ ਮੌਤ ਹੋ ਗਈ ਅਤੇ ਦੋ ਦਰਜਨ ਤੋਂ ਵੱਧ ਲੋਕ ਜ਼ਖ਼ਮੀ ਹੋ ਗਏ।

ਮ੍ਰਿਤਕਾਂ 'ਚ ਸੰਯੁਕਤ ਅਰਬ ਅਮੀਰਾਤ (ਯੂਏਈ) ਤੇ ਨੇਪਾਲ ਦੇ ਦੋ ਵਿਦੇਸ਼ੀ ਸੈਲਾਨੀ ਵੀ ਸ਼ਾਮਿਲ ਹਨ,ਅਤੇ ਦੇਸ਼ ਦੇ ਹੋਰ ਸੂਬਿਆਂ ਦੇ ਸੈਲਾਨੀ ਤੇ ਸਥਾਨਕ ਲੋਕ ਵੀ ਸ਼ਾਮਿਲ ਹਨ। ਪਿਛਲੇ ਢਾਈ ਦਹਾਕਿਆਂ 'ਚ ਇਹ ਕਸ਼ਮੀਰ 'ਚ ਸੈਲਾਨੀਆਂ 'ਤੇ ਹੁਣ ਤੱਕ ਦਾ ਸਭ ਤੋਂ ਵੱਡਾ ਅੱਤਵਾਦੀ ਹਮਲਾ ਹੈ। ਹਮਲੇ ਤੋਂ ਬਾਅਦ ਫ਼ਰਾਰ ਹੋਏ ਅੱਤਵਾਦੀਆਂ ਨੂੰ ਢੇਰ ਕਰਨ ਲਈ ਸੁਰੱਖਿਆ ਬਲਾਂ ਨੇ ਵੱਡੀ ਮੁਹਿੰਮ ਛੇੜ ਦਿੱਤੀ ਹੈ। ਹੈਲੀਕਾਪਟਰ ਰਾਹੀਂ ਇਲਾਕੇ 'ਤੇ ਨਜ਼ਰ ਰੱਖੀ ਜਾ ਰਹੀ ਹੈ। ਕਸ਼ਮੀਰ 'ਚ ਇਹ ਹਮਲਾ ਉਸ ਸਮੇਂ ਹੋਇਆ, ਜਦੋਂ ਅਮਰੀਕੀ ਰਾਸ਼ਟਰਪਤੀ ਜੇਡੀ ਵੇਂਸ ਭਾਰਤ ਦੇ ਦੌਰੇ 'ਤੇ ਆਏ ਹੋਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਊਦੀ ਅਰਬ ਤੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਗੱਲ ਕੀਤੀ ਹੈ। ਦੇਰ ਸ਼ਾਮ ਅਮਿਤ ਸ਼ਾਹ ਸ੍ਰੀਨਗਰ ਪੁੱਜ ਗਏ ਤੇ ਰਾਜਭਵਨ 'ਚ ਸੁਰੱਖਿਆ ਅਧਿਕਾਰੀਆਂ ਨਾਲ ਬੈਠਕ ਕੀਤੀ। ਸ੍ਰੀਨਗਰ ਪੁੱਜਣ ਤੋਂ ਪਹਿਲਾਂ ਗ੍ਰਹਿ ਮੰਤਰੀ ਸ਼ਾਹ ਨੇ ਉਪ ਰਾਜਪਾਲ ਮਨੋਜ ਸਿਨਹਾ ਤੇ ਸਬੰਧਤ ਸੁਰੱਖਿਆ ਏਜੰਸੀਆਂ ਦੇ ਸੀਨੀਅਰ ਅਧਿਕਾਰੀਆਂ ਨਾਲ ਫੋਨ 'ਤੇ ਹਾਲਾਤ ਦੀ ਜਾਣਕਾਰੀ ਲਈ। ਮੁੱਖ ਮੰਤਰੀ ਉਮਰ ਅਬਦੁੱਲਾ ਦੁਪਹਿਰ ਨੂੰ ਹੀ ਰਾਮਬਨ 'ਚ ਲੈਂਡ ਸਲਾਈਡਿੰਗ ਕਾਰਨ ਪੈਦਾ ਹੋਏ ਹਾਲਾਤ ਦਾ



ਜਾਇਜ਼ਾ ਲੈਣ ਤੋਂ ਬਾਅਦ ਜੰਮੂ ਪੁੱਜੇ ਸਨ। ਉਹ ਵੀ ਮੁੱਖ ਸਕੱਤਰ ਅਟਲ ਡੁੱਲੂ ਨਾਲ ਦੇਰ ਸ਼ਾਮ ਪਹਿਲਗਾਮ ਪੁੱਜ ਗਏ। ਮ੍ਰਿਤਕਾਂ ਤੇ ਜ਼ਖ਼ਮੀਆਂ ਨੂੰ ਬੈਸਰਨ ਤੋਂ ਹੇਠਾਂ ਲਿਆਉਣ 'ਚ ਹੈਲੀਕਾਪਟਰਾਂ ਦਾ ਇਸਤੇਮਾਲ ਕੀਤਾ ਗਿਆ। ਸਿਹਤ ਤੇ ਮੈਡੀਕਲ ਮੰਤਰੀ ਸਕੀਨਾ ਇੱਟੂ ਨੇ ਵੀ ਅਨੰਤਨਾਗ ਹਸਪਤਾਲ 'ਚ ਜਾ ਕੇ ਜ਼ਖ਼ਮੀਆਂ ਦਾ ਹਾਲ ਪੁੱਛਿਆ। ਇਸੇ ਦੌਰਾਨ, ਹਮਲੇ ਦੀ ਜ਼ਿੰਮੇਵਾਰੀ ਕਸ਼ਮੀਰ 'ਚ ਅੱਤਵਾਦ ਦਾ ਨਵਾਂ ਰੂਪ ਬਣੇ ਲਸ਼ਕਰ-ਏ-ਤਇਬਾ ਦੇ ਮੁਖੌਟਾ ਸੰਗਠਨ ਦਿ ਰਜ਼ਿਸਟੈਂਸ ਫੋਰਸ (ਟੀਆਰਐੱਫ) ਨੇ ਲਈ ਹੈ। ਜ਼ਿਕਰਯੋਗ ਹੈਕਿ ਇਸ ਤੋਂ ਪਹਿਲਾਂ ਦੋ ਅਗਸਤ 2000 ਨੂੰ ਅੱਤਵਾਦੀਆਂ ਨੇ ਪਹਿਲਗਾਮ 'ਚ ਹੀ ਅਮਰਨਾਥ ਸ਼ਰਧਾਲੂਆਂ 'ਤੇ ਹਮਲਾ ਕੀਤਾ ਸੀ, ਜਿਸ 'ਚ 21 ਸ਼ਰਧਾਲੂਆਂ ਸਮੇਤ 32 ਲੋਕ ਮਾਰੇ ਗਏ ਸਨ। ਪਹਿਲਗਾਮ ਤੋਂ ਬੈਸਰਨ ਕਰੀਬ ਛੇ ਕਿਲੋਮੀਟਰ ਦੂਰ ਹੈ, ਜਿਹੜਾ ਸੰਘਣੇ ਦੇਵਦਾਰ ਦੇ ਜੰਗਲ ਤੇ ਪਹਾੜਾਂ ਨਾਲ ਘਿਰਿਆ ਹੋਇਆ ਵੱਡਾ ਮੈਦਾਨ ਹੈ।

ਬੈਸਰਨ ਤੱਕ ਸਿਰਫ਼ ਪੈਦਲ ਜਾਂ ਘੋੜਿਆਂ ਰਾਹੀਂ ਹੀ ਪੁੂਜਿਆ ਜਾ ਸਕਦਾ ਹੈ। ਇਸ ਲਈ ਜ਼ਖ਼ਮੀਆਂ ਨੂੰ ਕੱਢਣ ਲਈ ਹੈਲੀਕਾਪਟਰ ਲਗਾਏ ਗਏ ਹਨ। ਕੁਝ ਨੂੰ ਹੈਲੀਕਾਪਟਰ ਰਾਹੀਂ ਪਹਿਲਗਾਮ 'ਚ ਮੁੱਢਲੇ ਇਲਾਜ ਤੋਂ ਬਾਅਦ ਜੀਐੱਮਸੀ ਹਸਪਤਾਲ ਅਨੰਤਨਾਗ ਤੇ ਸ਼ੇਰੇ ਕਸ਼ਮੀਰ ਆਯੁਰਵਿਗਿਆਨ ਸੰਸਥਾਨ ਸ੍ਰੀਨਗਰ ਲਿਜਾਇਆ ਗਿਆ। ਮਾਰੇ ਗਏ ਤੇ ਜ਼ਖ਼ਮੀ ਲੋਕਾਂ ਦੇ ਪਰਿਵਾਰਾਂ ਨੂੰ ਸਖ਼ਤ ਸੁਰੱਖਿਆ 'ਚ ਪਹਿਲਗਾਮ ਕਲੱਬ ਲਿਜਾਇਆ ਗਿਆ ਹੈ। ਇਸੇ ਦੌਰਾਨ ਸੂਚਨਾ

(ਬਾਕੀ ਸਫ਼ਾ 6 'ਤੇ)


Travelopod
Flights Lower Than Online

Discounted Flights To INDIA

ਇੰਡੀਆ ਜਾਣ ਲਈ ਸਸਤੀਆਂ ਟਿਕਟਾਂ ਲੈਣ ਵਸਤੇ ਅੱਜ ਹੀ ਕਾਲ ਕਰੋ:

SALE: $350 OFF

For Special Sale Fares


Call Now: 1-800-674-3868

5* Ratings & 24x7 Service

EXTRA $50 OFF with Promo Code: FLY50

HURRY! Book Now & Save Big on Your Flights to India!

Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਪ੍ਰਿਅੰਕਾ ਗਾਂਧੀ 'ਤੇ ਵੀ ਈ.ਡੀ. ਦਾ ਸ਼ਿਕੰਜਾ



**ਨਵੀਂ ਦਿੱਲੀ:** ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਰਾਬਰਟ ਵਾਡਰਾ ਤੋਂ ਬਾਅਦ ਹੁਣ ਸੰਸਦ ਮੈਂਬਰ ਪ੍ਰਿਅੰਕਾ ਗਾਂਧੀ 'ਤੇ ਵੀ ਮਨੀ ਲਾਂਡਰਿੰਗ ਦਾ ਸ਼ਿਕੰਜਾ ਕਸੇਗਾ। ਪ੍ਰਿਅੰਕਾ ਗਾਂਧੀ 'ਤੇ ਯੈਸ ਬੈਂਕ ਦੇ ਸਹਿ-ਸੰਸਥਾਪਕ ਰਾਣਾ ਕਪੂਰ ਨੂੰ ਪਦਮਭੂਸ਼ਣ ਸਨਮਾਨ ਦੇਣ ਦੇ ਬਦਲੇ ਸਾਲ 2010 'ਚ ਦੋ ਕਰੋੜ ਰੁਪਏ 'ਚ ਇਕ ਪੇਂਟਿੰਗ ਵੇਚਣ ਦਾ ਦੋਸ਼ ਹੈ। ਇਸ ਮਾਮਲੇ ਨੂੰ 2023 'ਚ ਫਾਈਨਾਂਸ਼ੀਅਲ ਐਕਸ਼ਨ ਟਾਸਕ ਫੋਰਸ (ਐਫਏਟੀਐਫ) ਨੇ ਮਨੀ ਲਾਂਡਰਿੰਗ ਦੇ ਕੇਸ ਸਟਡੀ ਦੇ ਰੂਪ ਵਿਚ ਪੇਸ਼ ਕੀਤਾ ਸੀ। ਰਾਣਾ ਕਪੂਰ ਨੂੰ 2020 'ਚ ਦੀਵਾਨ ਹਾਊਸਿੰਗ ਫਾਈਨਾਂਸ ਲਿਮਟਿਡ ਘਪਲੇ 'ਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਹ ਫਿਲਹਾਲ ਜ਼ਮਾਨਤ 'ਤੇ ਹੈ।

ਉੱਚ ਸੂਤਰਾਂ ਅਨੁਸਾਰ ਰਾਣਾ ਕਪੂਰ ਨੇ ਈਡੀ ਨੂੰ ਦਿੱਤੇ ਆਪਣੇ ਬਿਆਨ 'ਚ ਮੰਨਿਆ ਹੈ ਕਿ ਤਤਕਾਲੀ ਪੈਟ੍ਰੋਲੀਅਮ ਮੰਤਰੀ ਮੁਰਲੀ ਦੇਵੜਾ ਨੇ ਉਨ੍ਹਾਂ 'ਤੇ ਪ੍ਰਿਅੰਕਾ ਗਾਂਧੀ ਤੋਂ ਪੇਂਟਿੰਗ ਖਰੀਦਣ ਦਾ ਦਬਾਅ ਪਾਇਆ ਸੀ। ਰਾਣਾ ਕਪੂਰ ਦੇ ਅਨੁਸਾਰ ਉਨ੍ਹਾਂ ਨੂੰ ਧਮਕੀ ਦਿੱਤੀ ਗਈ ਸੀ ਕਿ ਜੇ ਉਨ੍ਹਾਂ ਨੇ ਪੇਂਟਿੰਗ ਨਾ ਖਰੀਦੀ ਤਾਂ ਉਨ੍ਹਾਂ ਨੂੰ ਪਦਮਭੂਸ਼ਣ ਸਨਮਾਨ ਨਹੀਂ ਮਿਲੇਗਾ। ਇਸ ਦਬਾਅ ਦੇ ਕਾਰਨ ਉਨ੍ਹਾਂ ਨੇ ਪੇਂਟਿੰਗ ਖਰੀਦਣ ਦਾ ਫੈਸਲਾ ਕੀਤਾ ਅਤੇ ਐਚਡੀਐਫਸੀ ਬੈਂਕ ਦੇ ਆਪਣੇ ਨਿੱਜੀ ਖਾਤੇ ਤੋਂ ਚੈੱਕ ਰਾਹੀਂ ਭੁਗਤਾਨ ਕੀਤਾ। ਬਾਅਦ 'ਚ ਉਨ੍ਹਾਂ ਨੂੰ ਦੱਸਿਆ ਗਿਆ ਕਿ ਇਸ ਪੈਸੇ ਦੀ ਵਰਤੋਂ ਸੋਨੀਆ ਗਾਂਧੀ ਦੇ ਅਮਰੀਕਾ 'ਚ ਇਲਾਜ ਲਈ ਕੀਤੀ ਗਈ ਸੀ।

ਪੂਰੀ ਦੁਨੀਆ 'ਚ ਮਨੀ ਲਾਂਡਰਿੰਗ ਦੀ ਰੋਕਥਾਮ ਦੀ ਨਿਗਰਾਨੀ ਕਰਨ ਵਾਲੀ ਕੌਮਾਂਤਰੀ ਸੰਸਥਾ ਐਫਏਟੀਐਫ ਨੇ ਪੇਂਟਿੰਗ ਦੀ ਆੜ ਵਿਚ ਇਸ ਨੂੰ ਮਨੀ ਲਾਂਡਰਿੰਗ ਦਾ ਸ਼ਾਨਦਾਰ ਢੰਗ ਦੱਸਦੇ ਹੋਏ ਇਸ ਦੇ ਪ੍ਰਤੀ ਪੂਰੀ ਦੁਨੀਆ ਦੀਆਂ ਏਜੰਸੀਆਂ ਨੂੰ ਸਾਵਧਾਨ ਕੀਤਾ ਸੀ। ਹੁਣ ਈਡੀ ਇਸ ਮਾਮਲੇ 'ਚ ਅੱਗੇ ਵਧਦੇ ਹੋਏ ਪ੍ਰਿਅੰਕਾ ਗਾਂਧੀ ਵਿਰੁੱਧ ਵੀ ਪ੍ਰੋਸੀਕਿਊਸ਼ਨ ਕੰਪਲੇਟ (ਚਾਰਜਸ਼ੀਟ) ਦਾਖਲ ਕਰਨ ਦੀ ਤਿਆਰੀ 'ਚ ਹੈ। ਚਾਰਜਸ਼ੀਟ ਦਾਖਲ ਕਰਨ ਤੋਂ ਪਹਿਲਾਂ ਪ੍ਰਿਅੰਕਾ ਗਾਂਧੀ ਨੂੰ ਪੁੱਛਗਿੱਛ ਲਈ ਛੇਤੀ ਹੀ ਸੰਮਨ ਜਾਰੀ ਕੀਤਾ ਜਾ ਸਕਦਾ ਹੈ। ਸੂਤਰਾਂ ਨੇ ਕਿਹਾ ਕਿ ਪ੍ਰਿਅੰਕਾ ਗਾਂਧੀ ਦੇ ਵਿਰੁੱਧ ਚਾਰਜਸ਼ੀਟ ਲਈ ਨਵਾਂ ਕੇਸ ਦਰਜ ਕਰਨ ਦੀ ਲੋੜ ਨਹੀਂ ਹੈ। ਲਗਪਗ 5,000 ਕਰੋੜ ਰੁਪਏ ਦੇ- ਦੀਵਾਨ ਹਾਊਸਿੰਗ ਫਾਈਨਾਂਸ ਘਪਲੇ 'ਚ ਕੇਸ ਦਰਜ ਹੈ ਅਤੇ ਰਾਣਾ ਕਪੂਰ ਦੀ ਇਸ ਘਪਲੇ 'ਚ ਸ਼ਮੂਲੀਅਤ ਦੇ ਲੋੜੀਂਦੇ ਸਬੂਤ ਹਨ। ਉਸ ਦੇ ਵਿਰੁੱਧ ਚਾਰਜਸ਼ੀਟ ਵੀ ਹੋ ਚੁੱਕੀ ਹੈ। ਜ਼ਿਕਰਯੋਗ ਹੈ ਕਿ 9 ਅਪ੍ਰੈਲ ਨੂੰ ਈਡੀ ਨੈਸ਼ਨਲ ਹੈਰਾਲਡ ਮਾਮਲੇ 'ਚ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਵਿਰੁੱਧ ਚਾਰਜਸ਼ੀਟ ਦਾਖਲ ਕਰ ਚੁੱਕੀ ਹੈ। ਇਸ ਤੋਂ ਇਲਾਵਾ ਰਾਬਰਟ ਵਾਡਰਾ ਤੋਂ ਗੁਰੂਗ੍ਰਾਮ ਵਿਚ ਜ਼ਮੀਨ ਘਪਲੇ ਦੇ ਦੋਸ਼ 'ਚ ਪੁੱਛਗਿੱਛ ਕੀਤੀ ਜਾ ਚੁੱਕੀ ਹੈ ਅਤੇ ਉਨ੍ਹਾਂ ਵਿਰੁੱਧ ਛੇਤੀ ਚਾਰਜਸ਼ੀਟ ਦਾਖਲ ਕਰਨ ਦੀ ਤਿਆਰੀ ਹੈ।

# ਭਾਜਪਾ ਦੇ ਬੁਲਾਰੇ ਸੰਬਿਤ ਪਾਤਰਾ ਨੇ ਰਾਹੁਲ ਗਾਂਧੀ ਨੂੰ ਲੋਕਤੰਤਰ ਵਿਰੋਧੀ ਕਿਹਾ



**ਨਵੀਂ ਦਿੱਲੀ:** ਅਮਰੀਕੀ ਧਰਤੀ ਤੋਂ ਚੋਣ ਕਮਿਸ਼ਨ 'ਤੇ ਲਗਾਏ ਗਏ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਦੇ ਦੋਸ਼ 'ਤੇ ਭਾਜਪਾ ਨੇ ਤਿੱਖਾ ਜਵਾਬੀ ਹਮਲਾ ਕੀਤਾ। ਪਾਰਟੀ ਦੇ ਬੁਲਾਰੇ ਤੇ ਸੰਸਦ ਮੈਂਬਰ ਸੰਬਿਤ ਪਾਤਰਾ ਨੇ ਕਿਹਾ ਕਿ ਤੁਸੀਂ ਗੱਦਾਰ ਹੋ, ਨਾ ਸਿਰਫ ਇਸ ਲਈ ਕਿ ਤੁਸੀਂ ਵਿਦੇਸ਼ੀ ਧਰਤੀ 'ਤੇ ਭਾਰਤੀ ਸੰਸਥਾਵਾਂ ਤੇ ਭਾਰਤੀ ਲੋਕਤੰਤਰ ਦਾ ਅਪਮਾਨ ਕਰਦੇ ਹੋ, ਬਲਕਿ ਇਸ ਲਈ ਵੀ ਕਿ ਤੁਸੀਂ ਤੇ ਤੁਹਾਡੀ ਮਾਂ ਨੇ ਨੈਸ਼ਨਲ ਹੈਰਾਲਡ ਮਾਮਲੇ ਵਿਚ ਦੇਸ਼ ਦੇ ਕਰੋੜਾਂ ਰੁਪਏ ਦੀ ਹੇਰਾਫੇਰੀ ਕੀਤੀ ਹੈ, ਤੁਸੀਂ ਤੇ ਤੁਹਾਡੀ ਮਾਂ ਇਸ ਮਾਮਲੇ ਤੋਂ ਬੱਚ ਨਹੀਂ ਸਕੋਗੇ। ਇਹੀ ਨਹੀਂ, ਪਾਤਰਾ ਨੇ ਕਿਹਾ ਕਿ ਅਸਲ 'ਚ ਵਿਦੇਸ਼ੀ ਧਰਤੀ ਤੋਂ ਭਾਰਤ ਦਾ ਅਕਸ ਖਰਾਬ ਕਰਨ ਦਾ ਰਾਹੁਲ ਦਾ ਪੁਰਾਣਾ ਰਿਕਾਰਡ ਰਿਹਾ ਹੈ। ਨਾਲ ਹੀ ਉਨ੍ਹਾਂ ਪੁੱਛਿਆ ਕਿ ਕੀ ਵਾਇਨਾਡ ਤੋਂ ਪ੍ਰਿਅੰਕਾ ਗਾਂਧੀ ਤੇ ਝਾਰਖੰਡ ਤੋਂ ਹੇਮੰਤ ਸੋਰੇਨ ਚੋਣ ਕਮਿਸ਼ਨ ਨਾਲ ਸਮਝੌਤਾ ਕਰ ਕੇ ਜਿੱਤੇ ਹਨ? ਲੋਕ ਸਭਾ ਚੋਣਾਂ ਵਿਚ ਕਾਂਗਰਸ ਨੇ ਜਿਨ੍ਹਾਂ 99 ਸੀਟਾਂ 'ਤੇ ਜਿੱਤ ਦੇ ਬਾਅਦ ਜਸ਼ਨ ਮਨਾਇਆ ਸੀ, ਉਹ ਕੀ ਸਮਝੌਤਾ ਸੀ। ਅਯੁੱਧਿਆ ਦੀ ਜਿੱਤ 'ਤੇ ਵਿਰੋਧੀ ਧਿਰ ਨੇ ਜਿਸ ਤਰ੍ਹਾਂ ਨਾਲ ਸਿਹਰਾ ਲਿਆ ਤਾਂ ਕੀ ਉਹ ਵੀ ਸਮਝੌਤਾ ਸੀ? ਪਾਤਰਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਦੇਸ਼ ਦੀ ਜਨਤਾ ਨੂੰ ਪਤਾ ਹੈ ਕਿ ਰਾਹੁਲ ਤੇ ਸੋਨੀਆ ਗਾਂਧੀ 50 ਹਜ਼ਾਰ ਰੁਪਏ ਦੇ ਮੁਚਲਕੇ 'ਤੇ ਜ਼ਮਾਨਤ 'ਤੇ ਹਨ। ਉਹ ਵਿਦੇਸ਼ 'ਚ ਜਾ ਕੇ ਦੇਸ਼ ਦੇ ਲੋਕਤੰਤਰ ਦੇ ਖਿਲਾਫ਼ ਕੁਝ ਵੀ ਬੋਲਣਗੇ, ਤਾਂ ਕੀ ਮੁਲਕ ਦੀ ਜਨਤਾ ਉਨ੍ਹਾਂ 'ਤੇ ਭਰੋਸਾ ਕਰੇਗੀ?

# 10 ਸਾਲ ਤੋਂ ਵੱਧ ਉਮਰ ਦੇ ਬੱਚੇ ਖ਼ੁਦ ਚਲਾ ਸਕਣਗੇ ਬੈਂਕ ਖਾਤਾ




**ਨਵੀਂ ਦਿੱਲੀ:** ਆਰ.ਬੀ.ਆਈ. ਨੇ ਸੋਮਵਾਰ ਨੂੰ ਬੈਂਕਾਂ ਨੂੰ 10 ਸਾਲਾਂ ਤੋਂ ਵੱਧ ਉਮਰ ਦੇ ਨਾਬਾਲਗ ਬੱਚਿਆਂ ਨੂੰ ਬਚਤ/ਮਿਆਦੀ ਜਮ੍ਹਾ ਖਾਤੇ ਖੋਲ੍ਹਣ ਤੇ ਚਲਾਉਣ ਦੀ ਇਜਾਜ਼ਤ ਦੇ ਦਿੱਤੀ। ਕੇਂਦਰੀ ਬੈਂਕ ਨੇ ਨਾਬਾਲਗਾਂ ਨੂੰ ਜਮ੍ਹਾ ਖਾਤੇ ਖੋਲ੍ਹਣ ਤੇ ਚਲਾਉਣ 'ਤੇ ਨਿਰਦੇਸ਼ ਜਾਰੀ-ਕੀਤੇ ਹਨ। ਕਮਰਸ਼ੀਅਲ ਬੈਂਕਾਂ ਤੇ ਸਹਿਕਾਰੀ ਬੈਂਕਾਂ ਨੂੰ ਜਾਰੀ ਸਰਕੂਲਰ 'ਚ ਕਿਹਾ ਕਿ ਕਿਸੇ ਵੀ ਉਮਰ ਦੇ ਨਾਬਾਲਗਾਂ ਨੂੰ ਕੁਦਰਤੀ ਜਾਂ ਕਾਨੂੰਨੀ ਸਰਪ੍ਰਸਤ ਰਾਹੀਂ ਬਚਤ ਤੇ ਮਿਆਦੀ ਜਮ੍ਹਾ ਖਾਤੇ ਖੋਲ੍ਹਣ ਤੇ ਚਲਾਉਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਉਨ੍ਹਾਂ ਨੂੰ ਆਪਣੀ ਮਾਂ ਨੂੰ ਸਰਪ੍ਰਸਤ ਦੇ ਰੂਪ 'ਚ ਰੱਖ ਕੇ ਵੀ ਅਜਿਹੇ ਖਾਤੇ ਖੋਲ੍ਹਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਪੱਤਰ 'ਚ ਕਿਹਾ ਗਿਆ,'ਘੱਟ ਤੋਂ ਘੱਟ ਦਸ ਸਾਲ ਦੀ ਉਮਰ ਹੱਦ ਅਤੇ ਉਸ ਤੋਂ ਉੱਪਰ ਦੇ ਨਾਬਾਲਗਾਂ ਨੂੰ ਉਨ੍ਹਾਂ ਦੀ ਇੱਛਾ 'ਤੇ ਆਜ਼ਾਦਾਨਾ ਢੰਗ ਨਾਲ ਬਚਤ/ਮਿਆਦੀ ਜਮ੍ਹਾ ਖਾਤੇ ਖੋਲ੍ਹਣ ਅਤੇ ਚਲਾਉਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ।

# ਕੈਨੇਡਾ ਵਿਚ ਮੰਦਰ 'ਤੇ ਵੀ ਲਿਖੇ ਖ਼ਾਲਿਸਤਾਨੀ ਨਾਅਰੇ



**ਟੋਰਾਂਟੋ:** ਕੈਨੇਡਾ ਦੇ ਵੈਨਕੂਵਰ ਸਥਿਤ ਖ਼ਾਲਸਾ ਦੀਵਾਨ ਸੁਸਾਇਟੀ ਗੁਰਦੁਆਰੇ ਤੋਂ ਬਾਅਦ ਹੁਣ ਸਰੀ ਦੇ ਇਕ ਮੰਦਰ 'ਚ ਭੰਨਤੋੜ ਤੇ ਖ਼ਾਲਿਸਤਾਨੀ ਨਾਅਰੇ ਲਿਖਣ ਦਾ ਮਾਮਲਾ ਸਾਹਮਣੇ ਆਇਆ ਹੈ। ਸਰੀ ਸਥਿਤ ਲਕਸ਼ਮੀ ਨਾਰਾਇਣ ਮੰਦਰ ਦੇ ਪ੍ਰਬੰਧਕਾਂ ਨੇ ਇਕ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਸਾਨੂੰ ਬੜੇ ਦੁੱਖ ਨਾਲ ਭਾਈਚਾਰੇ ਨੂੰ ਦੱਸਣਾ ਪੈ ਰਿਹਾ ਹੈ ਕਿ 19 ਅਪ੍ਰੈਲ ਨੂੰ ਤੜਕੇ ਕਰੀਬ ਤਿੰਨ ਵਜੇ ਦੋ ਬੇਪਛਾਣ ਵਿਅਕਤੀਆਂ ਨੇ ਸਰੀ 'ਚ ਸ੍ਰੀ ਲਕਸ਼ਮੀ ਨਾਰਾਇਣ ਮੰਦਰ 'ਚ ਭੰਨਤੋੜ ਕੀਤੀ ਤੇ ਮੁੱਖ ਦੁਆਰ ਤੇ ਮੰਦਰ ਦੇ ਖੰਭਿਆਂ 'ਤੇ ਖ਼ਾਲਿਸਤਾਨ ਦੇ ਨਾਅਰੇ ਲਿਖ ਦਿੱਤੇ। ਇਸ ਤੋਂ ਇਲਾਵਾ ਉਹ ਮੰਦਰ ਦੇ ਸੁਰੱਖਿਆ ਕੈਮਰੇ ਵੀ ਚੋਰੀ ਕਰ ਕੇ ਲੈ ਗਏ। ਬਿਆਨ 'ਚ ਕਿਹਾ ਗਿਆ ਹੈ ਕਿ ਅਸੀਂ ਨਫ਼ਰਤ ਤੇ ਚੋਰੀ ਦੇ ਕਾਰੇ ਦੀ ਸਖ਼ਤ ਨਿੰਦਾ ਕਰਦੇ ਹਾਂ, ਜੋ ਨਾ ਸਿਰਫ ਇਕ ਅਪਰਾਧ ਹੈ, ਬਲਕਿ ਇਕ ਪਵਿੱਤਰ ਸਥਾਨ 'ਤੇ ਸਿੱਧਾ ਹਮਲਾ ਵੀ ਹੈ। ਇਸ 'ਚ ਕਿਹਾ ਗਿਆ ਹੈ ਕਿ ਸਰੀ ਪੁਲਿਸ ਕੋਲ ਇਸ ਮਾਮਲੇ 'ਚ ਐੱਫਆਈਆਰ ਦਰਜ ਕਰਵਾਈ ਗਈ ਹੈ ਤੇ ਜਾਂਚ 'ਚ ਅਧਿਕਾਰੀਆਂ ਨਾਲ ਪੂਰਾ ਸਹਿਯੋਗ ਕੀਤਾ ਜਾ ਰਿਹਾ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਅਸੀਂ ਨੇਤਾਵਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਇਸ ਨਫ਼ਰਤੀ ਅਪਰਾਧ ਦੀ ਨਿੰਦਾ ਕਰਨ 'ਚ ਸਾਡਾ ਸਾਥ ਦੇਣ। ਕੈਨੇਡਾ ਦੇ ਸਨਮਾਨਜਨਕ ਤੇ ਵੰਨਸੁਵੰਨਤਾ ਭਰੇ ਸਮਾਜ 'ਚ ਧਾਰਮਿਕ ਥਾਵਾਂ 'ਤੇ ਹਮਲਿਆਂ ਲਈ ਕੋਈ ਥਾਂ ਨਹੀਂ ਹੈ। ਕੈਨੇਡਾ ਦੇ ਸੰਸਦ ਮੈਂਬਰ ਚੰਦਰ ਆਰੀਆ ਨੇ ਐਕਸ 'ਤੇ ਕਿਹਾ ਹੈ ਕਿ ਹਿੰਦੂ ਮੰਦਰਾਂ 'ਤੇ ਕਈ ਸਾਲ ਪਹਿਲਾਂ ਸ਼ੁਰੂ ਹੋਏ ਹਮਲੇ ਅੱਜ ਵੀ ਬੇਰੋਕ ਜਾਰੀ ਹਨ। ਤਾਜ਼ਾ ਘਟਨਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸਮਾਂ ਆ ਗਿਆ ਹੈ ਕਿ ਹਿੰਦੂ ਕੈਨੇਡੀਅਨ ਲੋਕ ਆਪਣੇ ਸਿੱਖ ਕੈਨੇਡੀਅਨ ਭੈਣਾਂ-ਭਰਾਵਾਂ ਨਾਲ ਮਿਲ ਕੇ ਤੱਤਕਾਲ ਸਰਕਾਰ ਦੇ ਸਾਰੇ ਪੱਧਰਾਂ 'ਤੇ ਅਧਿਕਾਰੀਆਂ ਨੂੰ ਫੈਸਲਾਕੁੰਨ ਕਾਰਵਾਈ ਦੀ ਮੰਗ ਕਰਨ। ਹੁਣ ਚੁੱਪ ਰਹਿਣਾ ਕੋਈ ਬਦਲ ਨਹੀਂ ਹੈ। ਕੈਨੇਡੀਅਨ ਹਿੰਦੂ ਚੈਂਬਰ ਆਫ ਕਾਮਰਸ ਨੇ ਘਟਨਾ ਦੀ ਨਿੰਦਾ ਕਰਦਿਆਂ ਐਕਸ 'ਤੇ ਕਿਹਾ ਕਿ ਹਿੰਦੂਫੋਬੀਆ ਦੇ ਇਸ ਕਾਰੇ ਦਾ ਕੈਨੇਡਾ 'ਚ ਕੋਈ ਥਾਂ ਨਹੀਂ। ਅਸੀਂ ਫ਼ੌਰੀ ਕਾਰਵਾਈ ਦੀ ਬੇਨਤੀ ਕਰਦੇ ਹਾਂ ਤੇ ਸਾਰੇ ਕੈਨੇਡੀਅਨ ਲੋਕਾਂ ਨੂੰ ਨਫ਼ਰਤ ਖ਼ਿਲਾਫ਼ ਇਕਜੁੱਟ ਹੋਣ ਦੀ ਬੇਨਤੀ ਕਰਦੇ ਹਾਂ। ਹੁਣ ਚੁੱਪ ਰਹਿਣ ਦਾ ਸਮਾਂ ਨਹੀਂ ਹੈ।

### ਹਿੰਦੂ-ਸਿੱਖ ਇਕਜੁੱਟ ਹੋਣ: ਆਰੀਆ

ਕੈਨੇਡਾ ਦੇ ਸੰਸਦ ਮੈਂਬਰ ਚੰਦਰ ਆਰੀਆ ਨੇ ਐਕਸ 'ਤੇ ਕਿਹਾ ਹੈ ਕਿ ਹਿੰਦੂ ਮੰਦਰਾਂ 'ਤੇ ਕਈ ਸਾਲ ਪਹਿਲਾਂ ਸ਼ੁਰੂ ਹੋਏ ਹਮਲੇ ਅੱਜ ਵੀ ਬੇਰੋਕ ਜਾਰੀ ਹਨ। ਤਾਜ਼ਾ ਘਟਨਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸਮਾਂ ਆ ਗਿਆ ਹੈ ਕਿ ਹਿੰਦੂ ਕੈਨੇਡੀਅਨ ਲੋਕ ਆਪਣੇ ਸਿੱਖ ਕੈਨੇਡੀਅਨ ਭੈਣਾਂ-ਭਰਾਵਾਂ ਨਾਲ ਮਿਲ ਕੇ ਤੱਤਕਾਲ ਸਰਕਾਰ ਦੇ ਸਾਰੇ ਪੱਧਰਾਂ 'ਤੇ ਅਧਿਕਾਰੀਆਂ ਨੂੰ ਫੈਸਲਾਕੁੰਨ ਕਾਰਵਾਈ ਦੀ ਮੰਗ ਕਰਨ। ਹੁਣ ਚੁੱਪ ਰਹਿਣਾ ਕੋਈ ਬਦਲ ਨਹੀਂ ਹੈ। ਕੈਨੇਡੀਅਨ ਹਿੰਦੂ ਚੈਂਬਰ ਆਫ ਕਾਮਰਸ ਨੇ ਘਟਨਾ ਦੀ ਨਿੰਦਾ ਕਰਦਿਆਂ ਐਕਸ 'ਤੇ ਕਿਹਾ ਕਿ ਹਿੰਦੂ ਫੋਬੀਆ ਦੇ ਅਜਿਹੇ ਕਾਰੇ ਲਈ ਕੈਨੇਡਾ 'ਚ ਕੋਈ ਥਾਂ ਨਹੀਂ। ਅਸੀਂ ਫ਼ੌਰੀ ਕਾਰਵਾਈ ਦੀ ਬੇਨਤੀ ਕਰਦੇ ਹਾਂ ਤੇ ਸਾਰੇ ਕੈਨੇਡੀਅਨ ਲੋਕਾਂ ਨੂੰ ਨਫ਼ਰਤ ਖ਼ਿਲਾਫ਼ ਇਕਜੁੱਟ ਹੋਣ ਦੀ ਬੇਨਤੀ ਕਰਦੇ ਹਾਂ। ਹੁਣ ਚੁੱਪ ਰਹਿਣ ਦਾ ਸਮਾਂ ਨਹੀਂ ਹੈ।

# ਸਾਡੇ ਤੋਂ ਤਾ ਪਹਿਲਾਂ ਹੀ ਲੱਗ ਰਹੇ ਨੇ ਦਖ਼ਲਅੰਦਾਜ਼ੀ ਦੇ ਦੋਸ਼: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਮੁਰਸ਼ਿਦਾਬਾਦ ਸਮੇਤ ਬੰਗਾਲ 'ਚ ਵਕਫ ਕਾਨੂੰਨ ਦੇ ਵਿਰੋਧ ਪ੍ਰਦਰਸ਼ਨ ਦੌਰਾਨ ਹੋਈ ਹਿੰਸਾ ਦੀ ਜਾਂਚ ਕਰਾਉਣ ਤੇ ਧਾਰਾ 355 ਦੇ ਤਹਿਤ ਕਾਰਵਾਈ ਲਈ ਕੇਂਦਰ ਨੂੰ ਨਿਰਦੇਸ਼ ਦੀ ਮੰਗ ਵਾਲੀ ਅਰਜ਼ੀ 'ਤੇ ਮੰਗਲਵਾਰ ਨੂੰ ਸੁਣਵਾਈ ਦੀ ਅਪੀਲ 'ਤੇ ਕਿਹਾ ਕਿ ਤੁਸੀਂ ਮੰਗ ਕਰ ਰਹੇ ਹੋ ਕਿ ਕੋਰਟ ਕੇਂਦਰ ਨੂੰ ਨਿਰਦੇਸ਼ ਜਾਰੀ ਕਰੇ, ਸਾਡੇ ਉੱਪਰ ਤਾਂ ਪਹਿਲਾਂ ਹੀ ਸੰਸਦ ਤੇ ਕਾਰਜਪਾਲਿਕਾ ਦੇ ਕੰਮਾਂ 'ਚ ਦਖ਼ਲ ਦੇਣ ਦੇ ਦੋਸ਼ ਲੱਗ ਰਹੇ ਹਨ। ਸੁਪਰੀਮ ਕੋਰਟ ਦੀ ਇਸ ਟਿੱਪਣੀ ਨੂੰ ਕੋਰਟ ਦੇ ਹਾਲੀਆ ਆਏ ਫ਼ੈਸਿਆਂ ਦੀ ਹੋ ਰਹੀ ਆਲੋਚਨਾ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਬਾਅਦ 'ਚ ਕੋਰਟ ਨੇ ਅਪੀਲ ਸਵੀਕਾਰ ਕਰਦੇ ਹੋਏ ਅਰਜ਼ੀ ਨੂੰ ਮੰਗਲਵਾਰ ਨੂੰ ਪਹਿਲਾਂ ਤੋਂ ਪੈਂਡਿੰਗ ਮੁੱਖ ਮਾਮਲੇ ਨਾਲ ਸੁਣਵਾਈ 'ਤੇ ਲਗਾਉਣ ਦਾ ਆਦੇਸ਼ ਦੇ ਦਿੱਤਾ।



ਪਿਛਲੇ ਦਿਨੀਂ ਸੁਪਰੀਮ ਕੋਰਟ ਨੇ ਬਿੱਲਾਂ ਨੂੰ ਮਨਜ਼ੂਰੀ ਦੇਣ ਦੇ ਮਾਮਲੇ 'ਚ ਰਾਜਪਾਲਾਂ ਤੇ ਰਾਸ਼ਟਰਪਤੀ ਦੇ ਸੰਬੰਧ 'ਚ ਆਦੇਸ਼ ਜਾਰੀ ਕੀਤੇ ਸਨ। ਕੁਝ ਹੋਰ ਮਾਮਲਿਆਂ ਦੀ ਸੁਣਵਾਈ 'ਚ ਕੋਰਟ ਵਲੋਂ ਕੀਤੀਆਂ ਗਈਆਂ ਟਿੱਪਣੀਆਂ ਲਈ ਵੀ ਕੁਝ ਲੋਕਾਂ ਨੇ ਕੋਰਟ ਦੀ ਆਲੋਚਨਾ ਕੀਤੀ ਸੀ। ਉਪਰਾਸ਼ਟਰਪਤੀ ਜਗਦੀਪ ਧਨਖੜ ਨੇ ਰਾਸ਼ਟਰਪਤੀ ਦੇ ਬਾਰੇ 'ਚ ਸੁਪਰੀਮ ਕੋਰਟ ਦੇ ਆਦੇਸ਼ ਜਾਰੀ ਕਰਨ ਦੀ ਆਲੋਚਨਾ ਕੀਤੀ ਸੀ। ਇਸਦੇ ਇਲਾਵਾ ਭਾਜਪਾ ਦੇ ਸੰਸਦ ਮੈਂਬਰ ਨਿਸ਼ਿਕਾਂਤ ਦੁਬੇ ਨੇ ਵੀ ਸੁਪਰੀਮ ਕੋਰਟ 'ਤੇ ਪਿਛਲੇ ਦਿਨੀਂ ਟਿੱਪਣੀਆਂ ਕੀਤੀਆਂ ਸਨ।

ਸੁਪਰੀਮ ਕੋਰਟ ਦੀ ਸੋਮਵਾਰ ਦੀ ਟਿੱਪਣੀ ਨੂੰ ਇਨ੍ਹਾਂ ਸਾਰੀਆਂ ਚੀਜ਼ਾਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਜਸਟਿਸ ਬੀਆਰ ਗਵਈ ਤੇ ਜਸਟਿਸ ਅਗਸਟੀਨ ਜਾਰਜ ਮਸੀਹ ਦੇ ਬੈਂਚ ਨੇ ਕੋਲਕਾਤਾ ਦੇ ਰਹਿਣ ਵਾਲੇ ਦੇਵਦੱਤ ਮਾਂਜੀ ਵਲੋਂ ਦਾਖਲ ਅਰਜ਼ੀ ਨੂੰ ਮੰਗਲਵਾਰ ਨੂੰ ਸੁਣਵਾਈ 'ਤੇ ਲਗਾਏ ਜਾਣ ਦੀ ਅਪੀਲ 'ਤੇ ਉਕਤ ਟਿੱਪਣੀ ਕੀਤੀ। ਯਾਦ ਰਹੇ ਕਿ ਜਸਟਿਸ ਗਵਈ ਮੌਜੂਦਾ ਚੀਫ ਜਸਟਿਸ ਸੰਜੀਵ ਖੰਨਾ ਦੀ ਰਿਟਾਇਰਮੈਂਟ ਹੋਣ ਦੇ ਬਾਅਦ ਭਾਰਤ ਦੇ ਚੀਫ ਜਸਟਿਸ ਬਨਣਗੇ। ਜਸਟਿਸ ਖੰਨਾ 13 ਮਈ ਨੂੰ ਰਿਟਾਇਰ ਹੋ ਰਹੇ ਹਨ।

ਸੋਮਵਾਰ ਨੂੰ ਪਟੀਸ਼ਨਰ ਦੇ ਵਕੀਲ ਵਿਸ਼ਨੂੰ ਸ਼ੰਕਰ ਜੈਨ ਨੇ ਬੈਂਚ ਦੇ ਸਾਹਮਣੇ ਮਾਂਜੀ ਦੀ ਨਵੀਂ ਅਰਜ਼ੀ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਬੰਗਾਲ 'ਚ ਹਿੰਸਾ ਦੇ ਸਬੰਧ 'ਚ ਉਨ੍ਹਾਂ ਦੀ 2021 ਦੀ ਇਕ ਰਿਟ ਪਟੀਸ਼ਨ ਪਹਿਲਾਂ ਤੋਂ ਪੈਂਡਿੰਗ ਹੈ, ਉਹ ਪਟੀਸ਼ਨ ਮੰਗਲਵਾਰ ਨੂੰ ਕੋਰਟ 'ਚ ਸੁਣਵਾਈ 'ਤੇ ਲੱਗੀ ਹੈ।

# ਐੱਸ.ਐੱਸ.ਸੀ. ਪ੍ਰੀਖਿਆਵਾਂ 'ਚ ਲਾਜ਼ਮੀ ਹੋਵੇਗੀ 'ਆਧਾਰ' ਪ੍ਰਮਾਣਿਕਤਾ

**ਨਵੀਂ ਦਿੱਲੀ:** ਸਟਾਫ ਸਿਲੈਕਸ਼ਨ ਕਮਿਸ਼ਨ (ਐੱਸਐੱਸਸੀ) ਨੇ ਉਮੀਦਵਾਰਾਂ ਦੀ ਪਛਾਣ ਦੀ ਪੁਸ਼ਟੀ ਲਈ ਆਪਣੀਆਂ ਪ੍ਰੀਖਿਆਵਾਂ ਵਿਚ ਆਧਾਰ-ਅਧਾਰਤ ਬਾਇਓਮੈਟ੍ਰਿਕ ਪ੍ਰਮਾਣਿਕਤਾ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਇਹ ਨਵਾਂ ਤਰੀਕਾ ਅਗਲੇ ਮਹੀਨੇ ਤੋਂ ਹੋਣ ਵਾਲੀਆਂ ਭਰਤੀ ਪ੍ਰੀਖਿਆਵਾਂ ਵਿਚ ਲਾਗੂ ਕੀਤਾ ਜਾਵੇਗਾ। ਅਧਿਕਾਰੀਆਂ ਨੇ ਐਤਵਾਰ ਨੂੰ ਕਿਹਾ ਕਿ ਸਟਾਫ ਸਿਲੈਕਸ਼ਨ ਕਮਿਸ਼ਨ ਨੇ ਆਪਣੀਆਂ ਆਉਣ ਵਾਲੀਆਂ ਪ੍ਰੀਖਿਆਵਾਂ ਵਿਚ ਆਧਾਰ ਬਾਇਓਮੈਟ੍ਰਿਕ ਪ੍ਰਮਾਣਿਕਤਾ ਲਾਗੂ ਕਰਨ ਦਾ ਫ਼ੈਸਲਾ ਕੀਤਾ ਹੈ। ਭਰਤੀ ਸੰਸਥਾ ਵੱਲੋਂ ਜਾਰੀ ਕੀਤੇ ਗਏ ਇਕ ਹਾਲ ਹੀ ਦੇ ਜਨਤਕ ਨੋਟਿਸ ਵਿਚ ਇਹ ਕਿਹਾ ਗਿਆ ਸੀ ਕਿ ਉਮੀਦਵਾਰ ਮਈ-2025 ਤੋਂ ਪ੍ਰੀਖਿਆਵਾਂ ਲਈ ਔਨਲਾਈਨ ਅਰਜ਼ੀ ਫਾਰਮ ਭਰਦੇ ਸਮੇਂ ਅਤੇ ਕਮਿਸ਼ਨ ਵੱਲੋਂ ਕਰਵਾਈਆਂ ਜਾਣ ਵਾਲੀਆਂ ਪ੍ਰੀਖਿਆਵਾਂ ਵਿਚ ਸ਼ਾਮਲ ਹੋਣ ਲਈ ਪ੍ਰੀਖਿਆ ਕੇਂਦਰ ਵਿਚ ਹਾਜ਼ਰ ਹੋਣ ਵੇਲੇ ਔਨਲਾਈਨ ਰਜਿਸਟ੍ਰੇਸ਼ਨ ਦੇ ਸਮੇਂ ਆਧਾਰ ਦੀ ਵਰਤੋਂ ਕਰਕੇ ਆਪਣੇ ਆਪ ਨੂੰ ਪ੍ਰਮਾਣਿਤ ਕਰਨ ਦੇ ਯੋਗ ਹੋਣਗੇ।




# ਪਾਕਿ 'ਚ ਹਿੰਦੂ ਮੰਤਰੀ 'ਤੇ ਸੁੱਟੇ ਆਲੂ-ਟਮਾਟਰ

**ਇਸਲਾਮਾਬਾਦ:** ਪਾਕਿਸਤਾਨ ਦੇ ਸਿੰਧ ਸੂਬੇ 'ਚ ਮੁਜ਼ਾਹਰਾਕਾਰੀਆਂ ਨੇ ਵਿਵਾਦਤ ਨਹਿਰ ਪ੍ਰੋਜੈਕਟ ਦਾ ਵਿਰੋਧ ਕਰਦੇ ਹੋਏ ਪਾਕਿਸਤਾਨੀ ਸਰਕਾਰ ਦੇ ਹਿੰਦੂ ਮੰਤਰੀ ਖੇਲ ਦਾਸ ਕੋਹਿਸਤਾਨੀ 'ਤੇ ਆਲੂ ਤੇ ਟਮਾਟਰ ਸੁੱਟ ਕੇ ਹਮਲਾ ਕਰ ਦਿੱਤਾ। ਸ਼ਾਹਬਾਜ਼ ਸ਼ਰੀਫ ਦੀ ਸਰਕਾਰ 'ਚ ਧਾਰਮਿਕ ਮਾਮਲਿਆਂ ਦੇ ਰਾਜ ਮੰਤਰੀ ਕੋਹਿਸਤਾਨੀ ਸ਼ਨਿੱਚਰਵਾਰ ਨੂੰ ਆਪਣੀ ਕਾਰ 'ਚ ਸਿੰਧ ਸੂਬੇ ਦੇ ਥੱਟਾ ਜ਼ਿਲ੍ਹੇ 'ਚੋਂ ਲੰਘ ਰਹੇ ਸਨ। ਇੱਥੇ ਸਿੰਚਾਈ ਨਹਿਰ ਪ੍ਰੋਜੈਕਟ ਦਾ ਤਿੱਖਾ ਵਿਰੋਧ ਕਰ ਰਹੇ ਲੋਕਾਂ ਨੇ ਉਨ੍ਹਾਂ ਦੇ ਕਾਫ਼ਲੇ 'ਤੇ ਆਲੂ ਤੇ ਟਮਾਟਰ ਸੁੱਟਣੇ ਸ਼ੁਰੂ ਕਰ ਦਿੱਤੇ।



# ਲੋਕ-ਪੱਖੀ ਅਤੇ ਕੁਦਰਤ ਪੱਖੀ ਵਿਕਾਸ ਮਾਡਲ ਦੀ ਲੋੜ: ਮਾਣਕ

## ਡਾ. ਗੁਮਟਾਲਾ 'ਜੀਵਨ ਭਰ ਦੀਆਂ ਪ੍ਰਾਪਤੀਆਂ' ਲਈ ਸਨਮਾਨਿਤ

**ਫਗਵਾੜਾ:**ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਨੇ ਪ੍ਰਸਿੱਧ ਪੰਜਾਬੀ ਲੇਖਕ ਅਤੇ ਕਾਲਮਨਵੀਸ ਡਾ. ਚਰਨਜੀਤ ਸਿੰਘ ਗੁਮਟਾਲਾ ਨੂੰ ਜੀਵਨ ਭਰ ਦੀਆਂ ਪ੍ਰਾਪਤੀਆਂ ਦਾ ਪੁਰਸਕਾਰ ਪ੍ਰਦਾਨ ਕੀਤਾ। ਐਤਵਾਰ ਨੂੰ ਇਥੇ ਹੋਏ ਇੱਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਉਹਨਾ ਨੂੰ ਮੰਮੰਟੋ, ਸਨਮਾਨ ਪੱਤਰ ਅਤੇ ਦੁਸ਼ਾਲਾ ਭੇਟ ਕੀਤਾ। 14 ਪੁਸਤਕਾਂ ਅਤੇ 300 ਲੇਖਾਂ ਦੇ ਰਿਚੇਤਾ ਗੁਮਟਾਲਾ ਜੀ ਨੂੰ ਇਹ ਸਨਮਾਨ ਸੀਨੀਅਰ ਪੱਤਰਕਾਰ ਅਤੇ ਲੇਖਕ ਸਤਨਾਮ ਸਿੰਘ ਮਾਣਕ, ਮੰਚ ਪ੍ਰਧਾਨ ਗੁਰਮੀਤ ਸਿੰਘ ਪਲਾਹੀ, ਪ੍ਰੋ. ਜਸਵੰਤ ਸਿੰਘ ਗੰਡਮ, ਗਿਆਨ ਸਿੰਘ ਅਤੇ ਡਾ. ਸੁਖਦੇਵ ਸਿੰਘ ਵੱਲੋਂ ਦਿੱਤਾ ਗਿਆ।



ਇਸ ਮੌਕੇ ਪੰਜਾਬ ਦੇ ਹਾਲਾਤ ਸੰਬੰਧੀ ਇੱਕ ਖੁਲ੍ਹਾ ਵਿਚਾਰ-ਵਟਾਂਦਰਾ ਹੋਇਆ। ਇਸ ਵਿੱਚ ਆਪਣੇ ਕੁੰਜੀਵਤ ਸੰਬੋਧਨ ਵਿੱਚ ਸਤਨਾਮ ਸਿੰਘ ਮਾਣਕ ਨੇ ਕਿਹਾ ਕਿ ਪੰਜਾਬ ਸੰਕਟ ਅਸਲ ਵਿੱਚ ਖੇਤੀ ਸੰਕਟ ਦਾ ਹੀ ਵਿਸਥਾਰ ਹੈ । ਉਹਨਾ ਕਿਹਾ ਕਿ ਪਹਿਲਾਂ ਖੇਤੀ ਮਾਡਲ ਵਿਭਿੰਨਤਾ ਵਾਲਾ ਸੀ, ਪਰ ਹੁਣ ਇਸ ਪੁਰਾਣੇ ਮਾਡਲ ਉਤੇ ਪੁਨਰ ਵਿਚਾਰ ਕਰਨ ਦੀ ਲੋੜ ਹੈ। ਉਹਨਾ ਜ਼ੋਰ ਦੇ ਕੇ ਕਿਹਾ ਕਿ ਇਸ ਵੇਲੇ ਪੰਜਾਬ ਤੇ ਦੇਸ਼ ਵਿੱਚ ਸਾਨੂੰ ਇੱਕ ਲੋਕ-ਪੱਖੀ ਅਤੇ ਕੁਦਰਤ ਪੱਖੀ ਵਿਕਾਸ ਮਾਡਲ ਦੀ ਲੋੜ ਹੈ। ਉਹਨਾ ਨੇ ਪੰਜਾਬ ਵਿਚਲੇ ਪਾਣੀ ਦੇ ਗੰਭੀਰ ਸੰਕਟ ਬਾਰੇ ਪੰਜਾਬੀਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਜੇ ਅਸੀਂ ਇਸ ਵਿੱਚੋਂ ਬਾਹਰ ਨਿਕਲਣ ਦੇ ਫੌਰੀ ਢੰਗ ਤਰੀਕੇ ਨਾ ਅਪਨਾਏ ਤਾਂ ਲੋਕ ਪੀਣ ਵਾਲੇ ਪਾਣੀ ਲਈ ਵੀ ਲੜਾਈਆਂ ਕਰਨਗੇ ਅਤੇ ਇਹ ਨੇੜਲੇ ਭਵਿੱਖ 'ਚ ਵਾਪਰਨ ਵਾਲਾ ਹੈ। ਉਹਨਾ ਕਿਹਾ ਕਿ ਸ਼ੁੱਧ ਖੁਰਾਕ, ਸ਼ੁੱਧ ਹਵਾ, ਸ਼ੁੱਧ ਪਾਣੀ ਹਰ ਬੰਦੇ ਦੇ ਅਧਿਕਾਰ ਹੈ। ਉਹਨਾ ਨੇ ਕੇਂਦਰ ਨੂੰ ਪੁੱਛਿਆ ਕਿ ਉਹ ਝੋਨੇ ਦੀ ਫ਼ਸਲ ਦੇ ਬਦਲ ਵਜੋਂ ਤੇਲ ਬੀਜਾਂ ਅਤੇ ਦਾਲਾਂ ਉਪਰ ਘੱਟੋ-ਘੱਟ ਸਮਰਥਨ ਕੀਮਤ ਕਿਉਂ ਨਹੀਂ ਦਿੰਦੀ? ਜੇਕਰ ਇਹਨਾ ਤੇ ਸਮਰਥਨ ਮੁੱਲ ਦੇ ਦਿੱਤਾ ਜਾਵੇ ਤਾਂ ਕਿਸਾਨ ਝੋਨੇ ਦੀ ਫ਼ਸਲ ਵਿੱਚੋਂ ਆਪਣੇ ਆਪ ਬਾਹਰ ਨਿਕਲ ਅਵੇਗਾ, ਜਿਸ ਨਾਲ 70% ਪਾਣੀ ਦੀ ਬਚਤ ਹੋਏਗੀ। ਉਹਨਾ ਨੇ ਕਿਹਾ ਕਿ ਇਕੱਲੇ ਸਮਰਥਨ ਮੁੱਲ ਦੀ ਨਹੀਂ, ਇੱਕ ਨਵੀਂ ਖੇਤੀ ਨੀਤੀ ਦੀ ਅਤਿਅੰਤ ਲੋੜ ਹੈ।

ਉਹਨਾ ਨੇ ਖੇਤ ਅਧਾਰਤ ਸਨੱਅਤਾਂ ਅਤੇ ਪ੍ਰੋਸੈਸਿੰਗ ਇਕਾਈਆਂ ਦੀ ਸਥਾਪਨਾ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਪਹਿਲੀ ਜੂਨ ਤੋਂ ਝੋਨਾ ਲਾਉਣਾ ਪਾਣੀ ਦੇ ਸੰਕਟ ਨੂੰ ਡਰਾਉਣੀ ਹੱਦ ਤੱਕ ਵਧਾਉਣ ਬਰੋਬਰ ਹੈ। ਉਹਨਾ ਨੇ ਇਹ ਮਿਤੀ 15 ਤੋਂ 20 ਜੂਨ ਕਰਨ ਦਾ ਸਮਰਥਨ ਕੀਤਾ। ਰਾਸ਼ਟਰੀ ਪੱਧਰ ਉਪਰ ਉਹਨਾ ਧਰਮ ਅਧਾਰਤ ਹਿੰਦੂ ਸਟੇਟ ਸਥਾਪਤ ਕਰਨ ਦੀਆਂ ਨੀਤੀਆਂ ਦਾ ਵਿਰੋਧ ਕਰਦਿਆਂ ਧਰਮ ਨਿਰਪੱਖ, ਸੰਘੀ, ਲੋਕਤੰਤਰਿਕ, ਸੰਵਿਧਾਨਿਕ ਪ੍ਰਣਾਲੀ ਦਾ ਸਮਰਥਨ ਕੀਤਾ। ਉਹਨਾ ਕਿਹਾ ਕਿ ਹੁਣ ਤਾਂ ਸ਼ਿਵ ਸੈਨਾ ਦਾ ਸੀਨੀਅਰ ਨੇਤਾ ਸੰਜੈ ਰਾਓਤ ਵੀ ਇਹ ਕਹਿਣ ਲੱਗ ਪਿਆ ਹੈ ਕਿ ਭਾਰਤ ਨੂੰ ਹਿੰਦੂ ਪਾਕਿਸਤਾਨ ਬਣਾਇਆ ਜਾ ਰਿਹਾ ਹੈ। ਉਹਨਾ ਕਿਹਾ ਕਿ ਜੋ ਸੱਚ ਨਹੀਂ ਹੈ ਉਸਨੂਮ ਸੱਚ ਬਣਾਕੇ ਪੇਸ਼ ਕੀਤਾ ਜਾ ਰਿਹਾ ਹੈ।

ਇਸ ਮੌਕੇ ਪ੍ਰਸਿੱਧ ਸਮਾਜਿਕ ਵਿਗਿਆਨੀ ਡਾ. ਸੁਖਦੇਵ ਸਿੰਘ ਨੇ ਕਿਹਾ ਕਿ ਪਹਿਲੀ ਜੂਨ ਤੋਂ ਝੋਨਾ ਲਗਵਾਉਣਾ ਆਤਮਘਾਤੀ ਹੈ। ਉਹਨਾ ਨੇ ਵੀ 15 ਜੂਨ ਤੋਂ ਝੋਨਾ ਲਾਏ ਜਾਣ ਦੀ ਵਕਾਲਤ ਕੀਤੀ। ਪੰਜਾਬ ਵਿੱਚ ਮੁਫ਼ਤਖੋਰੀ ਦੀ ਸਿਆਸੀ ਨੀਤੀ ਦੀ ਅਲੋਚਨਾ ਕਰਦਿਆਂ ਉਹਨਾ ਕਿਹਾ ਕਿ ਸਬਸਿਡੀਆਂ ਸਿਰਫ਼ ਲੋੜਬੰਦਾਂ ਨੂੰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

ਇਸ ਸਮੇਂ ਪ੍ਰੋ. ਜਸਵੰਤ ਸਿੰਘ ਗੰਡਮ ਨੇ ਫਾਸ਼ੀਵਾਦੀ ਤਾਕਤਾਂ ਵਿਰੁੱਧ ਸੰਘਰਸ਼ਸ਼ੀਲ ਜਮਾਤਾਂ ਨੂੰ ਲਾਮਬੰਦ ਅਤੇ ਇੱਕਮੁੱਠ ਹੋਣਾ ਦਾ ਸੱਦਾ ਦਿੱਤਾ । ਸਨਮਾਨ ਸੰਬੋਧਨ ਵਿੱਚ ਡਾਕਟਰ ਚਰਨਜੀਤ ਸਿੰਘ ਗੁਮਟਾਲਾ ਨੇ ਕਿਹਾ ਕਿ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ 'ਚ ਪੁਸਤਕ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਲਾਇਬ੍ਰੇਰੀਆਂ ਖੋਹਲਣ ਉਪਰ ਜ਼ੋਰ ਦਿੱਤਾ।

ਵਿਚਾਰ ਚਰਚਾ ਵਿੱਚ ਦੀਦਾਰ ਸਿੰਘ ਸ਼ੇਤਰਾ, ਸੁਖਦੇਵ ਮਾਧੋਪੁਰੀਮ ਮਾਸਟਰ ਸੁਖਦੇਵ ਸਿੰਘ, ਕਮਲੇਸ਼ ਸੰਧੂ, ਦਰਸ਼ਨ ਸਿੰਘ ਰਿਆੜ, ਗੁਰਵਿੰਦਰ ਮਾਣਕ, ਗਿਆਨ ਸਿੰਘ, ਰਵਿੰਦਰ ਚੋਟ, ਪ੍ਰਿੰ. ਗੁਰਮੀਤ ਸਿੰਘ ਪਲਾਹੀ , ਪ੍ਰਿੰ. ਇੰਦਰਜੀਤ ਸਿੰਘ ਬਾਸੂ ਨੇ ਹਿੱਸਾ ਲਿਆ।

ਇਸ ਸਮੇਂ ਡਾ. ਸੁਖਦੇਵ ਸਿੰਘ ਦੀ ਪੁਸਤਕ "ਪੰਜਾਬ , ਸਮਾਜਿਕ, ਆਰਥਿਕ, ਸਭਿਆਚਰਾਕ ਬਦਲਾਅ ਤੇ ਰੋਝਾਨ" ਅਤੇ ਜਸਬੀਰ ਕੌਰ ਦੀ ਪੁਸਤਕ ''ਯਾਦਗਾਰੀ ਪਿੰਡ'' ਅਤੇ ਪਰਵਿੰਦਰਜੀਤ ਸਿੰਘ ਵੱਲੋਂ ਬਣਾਈ ਵੈਬਸਾਈਟ "ਸਿੱਖ ਪਲੇਸਿਜ਼" ਦਾ ਲੋਕ ਅਰਪਨ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਰਵਿੰਦਰ ਚੋਟ ਨੇ ਬਾ-ਖ਼ੂਬੀ ਨਿਭਾਈ।

ਇਸ ਸਮੇਂ ਪੱਤਰਕਾਰ ਟੀ.ਡੀ. ਚਾਵਲਾ, ਪਰਮਜੀਤ ਸਿੰਘ ਨਿੱਕੇ ਘੁੰਮਣ, ਰਕੇਸ਼ ਸ਼ਾਂਤੀ ਦੂਤ, ਪਰਵਿੰਦਰਜੀਤ ਸਿੰਘ, ਬਲਦੇਵ ਰਾਜ ਕੋਮਲ, ਕਰਮਜੀਤ ਸਿੰਘ ਸੰਧੂ, ਜਸਵਿੰਦਰ ਕੌਰ ਫਗਵਾੜਾ, ਗੁਰਬਿੰਦਰ ਸਿੰਘ ਮਾਣਕ, ਸੋਹਣ ਸਹਿਜਲ, ਐਡਵੋਕੇਟ ਪ੍ਰਿੰ. ਪਵਨਦੀਪ ਕੌਰ, ਮੈਡਮ ਚਰਨਜੀਤ ਕੌਰ, ਉਰਮਨਜੀਤ ਸਿੰਘ, ਅਸ਼ੋਕ ਸ਼ਰਮਾ ਪੱਤਰਕਾਰ, ਸੁਖਦੇਵ ਗੰਡਮਾ, ਬਲਵੀਰ ਕੌਰ, ਬੱਬੂ ਸੈਣੀ, ਹਰਜਿੰਦਰ ਸਿੰਘ ਨਿਆਣਾ, ਸੀਤਲ ਬੰਗਾ, ਗੁਰਮੀਤ ਰੱਤੂ, ਦਵਿੰਦਰ ਜੱਸਲ, ਸੋਹਣ ਸਹਿਜਲ ਅਤੇ ਸਾਹਿਬਾ ਜੀਟਨ ਕੌਰ ਅਤੇ ਬਹੁਤ ਸਾਰੇ ਲੇਖਕ ਸਰੋਤੇ ਹਾਜ਼ਰ ਸਨ।




# Matrimonials

## ਲੜਕੇ ਦੀ ਲੋੜ ਹੈ

US citizen Prajapat girl 27, 5'6" is looking for a suitable match. She has done DMD (Doctor of Dental medicine) and never married. She is working as a dentist. Entire family is in the USA. Seeking an educated and well settled boy in the USA. Preference to same caste Please contact at: 937-776-6474

17-20

Prajapat, Sikh girl Oct-95, 5' 3". Masters in Computers, working on H1-B Visa. Required equally qualified boy. Send biodata at Mob- +17324076683 and +91-78140 -94986 or Email: bhagatsingh.91@gmail.com

15-18

Jatt Sikh family seeking a suitable match for their USA citizen girl 30, 5'5''. Girl is working as a Dentist. Entire family is in the USA. Seeking a Doctor or engineer match from the USA. Jatt Sikh should be preffered. Please contact us at: 773-679-5664

## ਲੜਕੀ ਦੀ ਲੋੜ ਹੈ

Seeking an educated and professional match (American citizen or Permanent Resident) for a 1992-born Punjab boy (Ramdasia and others), 5'8". Education: B.Tech, MBA (IIT Delhi), MS in Business Analytics (University of Colorado). Currently working as a Business Analyst in Chicago, USA; H1B picked recently. Belongs to a well-educated and reputed family. Caste no bar. Please contact at +91-7589242016 (WhatsApp) and +1-7204996020.

17-20

Jatt Sikh family seeking a match for their son, born in America. He is 22 years old, 6ft tall and wears a Turban. He did study in computer science and working as a Software Engineer. He has property both in America and India. Seeking a nice girl that enjoys family and lives in USA. He has no siblings. Please contact us at: 206-208-4064 or E-Mail at gursikhjatt@gmail.com

16-19

Jatt Sikh Family seeking bride for their son, 25, 6'1" Amritdhari. Currently on work permit in Surrey, Canada. Working as electrician apprentice. Brother well settled in USA. Please contact us at: 847-660-9644

16-19

ਜੱਟ ਸਿੱਖ 47, 5'10" ਸੋਹਣੇ ਸੁਨੱਖੇ ਪੜ੍ਹੇ-ਲਿਖੇ, ਸ਼ਹਿਰੀ, ਖਾਨਦਾਨੀ, ਯੂ.ਐੱਸ.ਏ. ਵਿਜ਼ਾ ਹੋਲਡਰ ਲੜਕੇ ਲਈ ਸਾਥ ਦੀ ਲੋੜ ਹੈ। ਤਲਾਕਸ਼ੁਦਾ ਅਤੇ ਵਿਧਵਾ ਵੀ ਸੰਪਰਕ ਕਰ ਸਕਦੇ ਹਨ। ਅੰਮ੍ਰਿਤਸਰ ਸ਼ਹਿਰੀ ਜਾਇਦਾਦ। ਵੱਡਾ ਭਰਾ USA ਸਿਟੀਜ਼ਨ। ਚਾਹਵਾਨ ਫੋਨ ਨੰਬਰ 484-219-4922 ਜਾਂ ਈ-ਮੇਲ baljitrandhawa0001@gmail.com 'ਤੇ ਸੰਪਰਕ ਕਰ ਸਕਦੇ ਹਨ।

14-17

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

Jatt Sikh SF Bay Area family seeking bride for their USA born Son 24, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com

ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

**Gurdip Singh Sandhu DHMS, BAMS**

**HOMEOPATHIC NATURAL MEDICINES**

When Tired of all Treatments, For any Disease, At any Age, Try Alternative Treatment

Serving Since 1973



Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093

Email: Homeomdicine@yahoo.com
Website: www.Homeopathyatoz.com

7021 Village Parkway, Dublin, CA 94568
Practice under provision of Act S8_577 State of CA

# ਜਸਵੀਰ ਰਾਣਾ ਦਾ ਨਾਵਲ '70% ਪ੍ਰੇਮ ਕਥਾ' ਲੋਕ ਅਰਪਣ



**ਅਮਰਗੜ੍ਹ:** ਸਾਹਿਤ ਸਿਰਜਣਾ ਮੰਚ ਅਮਰਗੜ੍ਹ ਵੱਲੋਂ ਜੇ.ਕੇ ਮੈਮੋਰੀਅਲ ਗਲੋਬਲ ਸਕੂਲ ਬਾਗੜੀਆਂ ਵਿਖੇ ਕਹਾਣੀਕਾਰ ਜਸਵੀਰ ਰਾਣਾ ਦਾ ਨਵਾਂ ਨਾਵਲ "70% ਪ੍ਰੇਮ ਕਥਾ" ਲੋਕ ਅਰਪਣ ਕਰਨ ਦੀ ਰਸਮ ਅਦਾ ਕੀਤੀ ਗਈ। ਸਮਾਗਮ ਦੀ ਸ਼ੁਰੂਆਤ ਸ਼ਾਨਵੀਰ ਨੇ ਸਵਾਗਤੀ ਸ਼ਬਦਾਂ ਨਾਲ ਕੀਤੀ।

ਇਸ ਤੋਂ ਬਾਅਦ ਸੁਖਦੀਪ ਬਿਰਧਨੋ ਨੇ ਸਵਾਗਤੀ ਗੀਤ "ਵਰ ਦੇ ਦੇ ਮੈਨੂੰ ਸ਼ਬਦਾਂ ਦਾ" ਪੇਸ਼ ਕੀਤਾ। ਨਾਵਲ ਲੋਕ ਅਰਪਣ ਦੀ ਰਸਮ ਨੂੰ ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਸ਼੍ਰੋਮਣੀ ਕਵੀ ਦਰਸ਼ਨ ਬੁੱਟਰ, ਕਹਾਣੀਕਾਰ ਜਤਿੰਦਰ ਹਾਂਸ, ਗਲਪਕਾਰ ਦਵਿੰਦਰ ਮਲਹਾਂਸ, ਪ੍ਰਸਿੱਧ ਆਲੋਚਕ ਡਾ ਗੁਰਮੀਤ ਕੌਰ, ਨਾਵਲਕਾਰ ਹਰਜੀਤ ਕੌਰ ਵਿਰਕ, ਡਾ ਗੁਰਪ੍ਰੀਤ ਕੌਰ ਢੀਂਡਸਾ, ਗਲਪਕਾਰ ਯਾਤਿੰਦਰ ਮਾਹਲ ਤੇ ਸਕੂਲ ਦੇ ਸੰਚਾਲਕ ਬਲਬੀਰ ਸਿੰਘ ਸੋਹੀ ਨੇ ਅਦਾ ਕੀਤਾ। ਨਾਵਲ ਉੱਪਰ ਚਰਚਾ ਦਾ ਮੁੱਢ ਬੰਨ੍ਹਦਿਆਂ ਡਾ ਬਿੰਦਰ ਸਿੰਘ ਭੁਮਸੀ ਨੇ ਆਪਣੇ ਪਰਚੇ ਵਿੱਚ ਨਾਵਲ ਦੇ ਪਾਤਰਾਂ, ਘਟਨਾਵਾਂ ਤੇ ਬਿਰਤਾਂਤਕ ਜੁਗਤਾਂ ਦੇ ਮਨੋਵਿਗਿਆਨਕ ਪਾਸਾਰਾਂ ਨੂੰ ਇਕੱਲਤਾ ਅਤੇ ਬੇਗਾਨਗੀ ਦੇ ਪ੍ਰਸੰਗ ਵਿੱਚ ਉਭਾਰਿਆ।

ਡਾ ਧਰਮ ਚੰਦ ਵਾਤਿਸ਼ ਨੇ ਨਾਵਲ ਵਿੱਚ ਪਾਤਰਾਂ ਦੇ "ਐਕਸ਼ਨ - ਰਿਐਕਸ਼ਨ" ਦੀ ਨਿਸ਼ਾਨਦੇਹੀ ਨੂੰ ਅਸਤਿੱਤਵਵਾਦੀ ਨੁਕਤਾ ਨਿਗਾਹ ਤੋਂ ਪ੍ਰਸਤੁਤ ਕੀਤਾ। ਡਾ ਗੁਰਮੀਤ ਕੌਰ ਨੇ ਮਨੋਵਿਗਿਆਨ ਦੀ ਨਜ਼ਰ ਤੋਂ ਬਿਰਤਾਂਤਕਾਰ ਵੱਲੋਂ ਪਾਤਰਾਂ ਵਿੱਚੋਂ ਸਵੈ ਦੀ ਪਛਾਣ ਤੇ ਤਲਾਸ਼ ਦੇ ਗਲਪੀ ਪ੍ਰਵਚਨ ਨੂੰ ਅਗਲੀ ਪੀੜ੍ਹੀ ਤੱਕ ਫੈਲਣ ਦੀ ਪ੍ਰਕਿਰਿਆ ਨੂੰ ਡੀ-ਕੋਡ ਕਰਦਿਆਂ ਚਰਚਾ ਨੂੰ ਸਿਖ਼ਰ ਵੱਲ ਵਧਾਇਆ। ਪੁਰਖਿਆਂ ਦੀ ਮੁਹੱਬਤ ਤੇ ਇੱਜ਼ਤ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਲਈ ਇਹ ਨਾਵਲ ਘਰ-ਘਰ ਵਿੱਚ ਪਹੁੰਚਣਾ ਚਾਹੀਦਾ ਹੈ। ਇਹ ਬਿਰਧ ਆਸ਼ਰਮ ਵੱਲ ਖੁੱਲ੍ਹਦਾ ਬੂਹਾ ਬੰਦ ਕਰਦਾ ਹੈ। ਇਸ ਵਿੱਚ ਧਰਤੀ ਹੇਠਲੇ ਅਤੇ ਮਨੁੱਖੀ ਸਰੀਰ ਵਿੱਚਲੇ 70% ਪਾਣੀ ਵਿਗਿਆਨਕ ਮੈਟਾਫਰ ਗੁਰਬਾਣੀ ਦੇ "ਪਾਣੀ ਪਿਤਾ" ਵਾਲੇ ਦਾਰਸ਼ਨਿਕ ਸਿਧਾਂਤ ਨਾਲ ਜੁੜ ਕੇ ਮਾਂ-ਬਾਪ ਦੇ ਰਿਸ਼ਤਿਆਂ ਦੀ ਨਵੀਂ ਪਰਿਭਾਸ਼ਾ ਸਿਰਜਦਾ ਹੈ। ਇਸ ਨਾਵਲ ਦੀ ਇਕ-ਇਕ ਸਤਰ ਸਿਆਹੀ ਦੀ ਥਾਂ ਖ਼ੂਨ ਨਾਲ ਲਿਖੀ ਹੋਈ ਹੈ। ਇਸ ਦਾ ਹਰ ਅੱਖਰ ਤੇ ਪੰਨਾ ਹੰਝੂਆਂ ਨਾਲ ਭਿੱਜਿਆ ਹੋਇਆ ਹੈ।

ਇਹ ਨਾਵਲ ਕਹਾਣੀਕਾਰ ਜਸਵੀਰ ਰਾਣਾ ਨੂੰ "ਪਾਣੀ ਉੱਪਰ ਪਾਣੀ ਲਿਖਣ ਦੀ ਕਲਾ" ਦਾ ਐਕਸਪਰਟ ਗਲਪਕਾਰ ਬਣਾਉਂਦਾ ਹੈ। ਇਹ ਗਲਪੀ ਬਿਰਤਾਂਤ ਜਾਦੂਈ ਯਥਾਰਥ ਦਾ ਖ਼ੂਬਸੂਰਤ ਪ੍ਰਮਾਣ ਹੈ। ਪੰਜਾਬੀ ਨਾਵਲ ਦੇ ਖੇਤਰ ਵਿੱਚ ਮਾਂ-ਬਾਪ ਬਾਰੇ ਲਿਖਿਆ ਇਹ ਪਹਿਲਾ ਐਸਾ ਨਾਵਲ ਹੈ, ਜੋ ਨਾਵਲਕਾਰ ਨੂੰ ਆਧੁਨਿਕ ਯੁੱਗ ਵਿੱਚ ਰਿਣ ਪਿੱਤਰਾਂ ਦਾ ਉਤਾਰਨ ਵਾਲਾ ਸਰਵਣ ਪੁੱਤ ਘੋਸ਼ਿਤ ਕਰਦਾ ਹੈ। ਪ੍ਰਧਾਨਗੀ ਮੰਡਲ ਸਮੇਤ ਇਹ ਵਿਚਾਰ ਪੇਸ਼ ਕਰਨ ਵਾਲਿਆਂ ਵਿੱਚ ਡਾ ਰਾਜਪ੍ਰੀਤ ਕੌਰ ਬੈਨੀਪਾਲ, ਡਾ ਇਕਬਾਲਜੀਤ ਸਿੰਘ ਬੈਨੀਪਾਲ, ਡਾ ਮੁਹੰਮਦ ਸ਼ਫੀਕ, ਸੰਦੀਪ ਸਿੰਘ ਬਦੇਸ਼ਾ, ਪ੍ਰੋ ਸਤਿੰਦਰਪਾਲ ਕੌਰ ਸੱਤੀ, ਜਗਤਾਰ ਸਿੰਘ, ਸਵਰਨ ਕੌਰ ਰਾਜੂ, ਸ਼ਸ਼ੀ ਬਾਲਾ, ਸੁਨੰਦਾ ਸ਼ਰਮਾ, ਮਨਪ੍ਰੀਤ ਕੌਰ, ਸੁਖਜੀਤ ਕੌਰ ਸੋਹੀ, ਕਰਨਜੀਤ ਸਿੰਘ ਸੋਹੀ, ਮਾਸਟਰ ਬਲਜੀਤ ਸਿੰਘ, ਮਾਸਟਰ ਬਲਦੇਵ ਸ਼ਰਮਾ, ਕਰਮਜੀਤ ਸਿੰਘ ਨੌਧਰਾਣੀ, ਲੈਕਚਰਾਰ ਰੌਣਕ ਸਿੰਘ , ਗੁਰਵਿੰਦਰ ਸਿੰਘ ਕੰਵਰ,ਗਗਨਦੀਪ ਸਿੰਘ ਕਹਾਣੀਕਾਰ ਜਗਤਾਰ ਸ਼ੇਰਗਿੱਲ , ਪੱਤਰਕਾਰ ਸੁਖਵਿੰਦਰ ਸਿੰਘ ਅਟਵਾਲ, ਲਾਭ ਸਿੰਘ ਚਤਾਮਲੀਵਾਲਾ, ਹਰਪਾਲ ਸਿੰਘ ਮੰਡੇਰ, ਸੰਦੀਪ ਸੋਖਲ ਤੇ ਜਗਦੀਪ ਸਿੰਘ ਮੁਹਾਲੀ ਸ਼ਾਮਿਲ ਸਨ। ਧੂਰੀ ਤੋਂ ਆਏ ਆਈਲੈਟਸ ਸੈਂਟਰ "ਐੱਜ" ਦੇ ਸੰਚਾਲਕ ਜੱਗੀ ਢੀਂਡਸਾ ਵੱਲੋਂ ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਵਿਦਵਾਨਾਂ ਦਾ ਸ਼ਾਨਦਾਰ ਤੋਹਫੇ ਦੇ ਕੇ ਸਨਮਾਨ ਕੀਤਾ ਗਿਆ। ਜੇ . ਕੇ ਮੈਮੋਰੀਅਲ ਗਲੋਬਲ ਸਕੂਲ ਬਾਗੜੀਆਂ ਵੱਲੋਂ ਸਾਰੇ ਵਿਦਵਾਨ ਲੇਖਕਾਂ ਨੂੰ ਸਨਮਾਨ ਚਿੰਨ੍ਹ ਭੇਟ ਕਰ ਕੇ ਸਨਮਾਨਿਤ ਕੀਤਾ ਗਿਆ। ਸਾਹਿਤ ਸਿਰਜਣਾ ਮੰਚ ਅਮਰਗੜ੍ਹ ਵੱਲੋਂ ਇਕ ਸਨਮਾਨ ਸਕੂਲ ਦੇ ਸੰਚਾਲਕ ਬਲਬੀਰ ਸਿੰਘ ਸੋਹੀ ਨੂੰ ਭੇਂਟ ਕੀਤਾ ਗਿਆ। ਅਖੀਰ ਵਿੱਚ ਅਨੁਤਾਸ਼ ਕੌਰ ਆਸ਼ੀਮਾ ਨੂੰ ਹਾਜ਼ਰ ਵਿਦਵਾਨਾਂ ਸਰੋਤਿਆਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਸਮਾਗਮ ਦਾ ਮੰਚ ਸੰਚਾਲਨ ਆਮ ਰਵਾਇਤ ਤੋਂ ਉਲਟ ਚੱਲਦਿਆਂ ਨਾਵਲ ਦੇ ਲੇਖਕ ਜਸਵੀਰ ਰਾਣਾ ਨੇ ਖੁਦ ਸ਼ਾਨਦਾਰ ਅੰਦਾਜ਼ ਵਿੱਚ ਕਰਦਿਆਂ ਮੰਚ ਸੰਚਾਲਨ ਦੀ ਨਵੀਂ ਪਿਰਤ ਪਾਈ।

# ਪੰਜਾਬ ਸਾਹਿਤਕ ਮੰਚ ਵੱਲੋਂ ਸੁਰਜੀਤ ਟੋਰਾਂਟੋ ਦੀ ਪੁਸਤਕ ਦੀ ਘੁੰਡ ਚੁਕਾਈ



**ਜਲੰਧਰ:** ਪੰਜਾਬ ਸਾਹਿਤਕ ਮੰਚ ਜਲੰਧਰ ਜੋ ਕਿ ਪੰਜ ਕੁ ਮਹੀਨੇ ਪਹਿਲਾਂ ਹੀ ਹੋਂਦ ਵਿੱਚ ਆਇਆ ਹੈ ਅਤੇ ਹਰ ਮਹੀਨੇ ਸਾਹਿਤ ਦੇ ਖੇਤਰ ਵਿੱਚ ਨਿੱਤ ਨਵੀਆਂ ਪੁਲਾਂਘਾ ਪੁੱਟ ਰਿਹਾ ਹੈ। ਜਿਸ ਵਿੱਚ ਇੱਕ ਵੱਡੀ ਪੁਲਾਂਘ ਮਿਤੀ 18 ਅਪ੍ਰੈਲ 2025, ਦਿਨ ਸ਼ੁਕਰਵਾਰ ਨੂੰ ਮੰਚ ਦਾ ਮਹੀਨਾਵਾਰ ਕਵੀ ਦਰਬਾਰ ਸਮਾਗਮ ਵਿਰਸਾ ਵਿਹਾਰ ਜਲੰਧਰ ਦੇ ਸਹਿਯੋਗ ਨਾਲ ਵਿਰਸਾ ਵਿਹਾਰ ਭਗਤ ਨਾਮਦੇਵ ਚੌਂਕ ਜਲੰਧਰ ਵਿਖੇ ਕਰਵਾਇਆ ਗਿਆ। ਸ਼ੁਰੂ ਵਿੱਚ ਮੰਚ ਦੇ ਚੇਅਰਮੈਨ ਅਵਤਾਰ ਸਿੰਘ ਬੈਂਸ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ ਅਤੇ ਅੰਤ ਵਿੱਚ ਮੰਚ ਦੇ ਪ੍ਰਧਾਨ ਕੁਲਵਿੰਦਰ ਸਿੰਘ ਗਾਖਲ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।ਇਸ ਸਮੈਂ ਗਲਪਕਾਰ, ਸ਼ਾਇਰਾ ਅਤੇ ਲੇਖਿਕਾ ਸੁਰਜੀਤ (ਟੋਰਾਂਟੋ, ਕੈਨੇਡਾ) ਦੀ ਵਾਰਤਕ ਪੁਸਤਕ "ਜ਼ਿੰਦਗੀ ਇਕ ਹੁਨਰ" ਦਾ ਲੋਕ ਅਰਪਣ ਵੀ ਕੀਤਾ ਗਿਆ। ਹਰ ਮਹੀਨੇ ਦੀ ਤਰ੍ਹਾਂ ਇਸ ਮਹੀਨੇ ਮੰਚ ਵੱਲੋਂ ਇਹ ਚੌਥੀ ਪੁਸਤਕ ਦਾ ਲੋਕ ਅਰਪਣ ਕੀਤਾ ਗਿਆ। ਇਸ ਸਮਾਗਮ ਵਿੱਚ ਡਾ.ਲਖਵਿੰਦਰ ਸਿੰਘ ਜੌਹਲ, ਕੁਲਦੀਪ ਸਿੰਘ ਬੇਦੀ, ਮੱਖਣ ਮਾਨ ਅਤੇ ਪ੍ਰੋ.ਕੁਲਜੀਤ ਕੌਰ ਵੱਲੋਂ ਵਾਰਤਕ ਪੁਸਤਕ ''ਜ਼ਿੰਦਗੀ ਇੱਕ ਹੁਨਰ'' ਸਬੰਧੀ ਚਾਨਣਾ ਪਾਇਆ ਗਿਆ ਅਤੇ ਸੁਰਜੀਤ (ਟੋਰਾਂਟੋ ਕੈਨੇਡਾ) ਨੂੰ ਪੁਸਤਕ ਲਈ ਅਤੇ ਮੰਚ ਨੂੰ ਇਸ ਵੱਡੇ ਉਪਰਾਲੇ ਲਈ ਵਧਾਈ ਦਿੱਤੀ ਗਈ। ਲੇਖਿਕਾ ਸੁਰਜੀਤ ਨੂੰ ਪੰਜਾਬ ਸਾਹਿਤਕ ਮੰਚ ਵੱਲੋਂ ਅਤੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਸਮੇਂ ਸੰਗਤ ਰਾਮ ਵਾਈਸ ਚੇਅਰਮੈਨ ਵਿਰਸਾ ਵਿਹਾਰ, ਜਗਦੀਸ਼ ਰਾਣਾ, ਲਾਲੀ ਕਰਤਾਰਪੁਰੀ,ਅਮਰ ਸਿੰਘ ਅਮਰ, ਮਨਜੀਤ ਸਿੰਘ ਮਿੱਤਰ, ਸੁਖਦੇਵ ਸਿੰਘ ਗੰਢਵਾਂ ਅਤੇ ਸਾਹਿਬਾ ਜੀਟਨ ਕੌਰ ਦਾ ਵਿਸ਼ੇਸ਼ ਸਹਿਯੋਗ ਰਿਹਾ। ਇਸ ਸਮਾਗਮ ਵਿੱਚ ਮੈਡਮ ਗੁਰਬਚਨ ਕੌਰ ਦੂਆ ਅਤੇ ਬਲਵੀਰ ਕੌਰ ਰਾਏਕੋਟੀ ਨੇ ਵੀ ਆਪਣੇ ਕੀਮਤੀ ਵਿਚਾਰ ਪੇਸ਼ ਕੀਤੇ।

ਇਸ ਸਮੇਂ ਕਵੀ ਦਰਬਾਰ ਵਿੱਚ 55 ਤੋਂ ਵੱਧ ਮਹਾਨ ਸਾਹਿਤਕਾਰ/ ਕਵੀਆਂ ਦਾ ਇੱਕਠ ਸਾਬਿਤ ਕਰਦਾ ਹੈ ਕਿ ਇਹ ਮੰਚ ਹਰ ਮਹੀਨੇ ਅਣਥੱਕ ਮਿਹਨਤ ਕਰਕੇ ਸਾਹਿਤ ਦੇ ਖੇਤਰ ਵਿੱਚ ਬਾਖ਼ੂਬੀ ਸੇਵਾ ਕਰ ਕੇ ਨਵੇਂ ਕੀਰਤੀਮਾਨ ਸਥਾਪਿਤ ਕਰਨ ਦੇ ਨਾਲ-ਨਾਲ ਬੁਲੰਦੀਆਂ ਨੂੰ ਵੀ ਛੋਹ ਰਿਹਾ ਹੈ। ਸਟੇਜ ਸਕੱਤਰ ਦੀ ਭੂਮਿਕਾ ਮੰਚ ਦੇ ਪ੍ਰਧਾਨ ਕੁਲਵਿੰਦਰ ਸਿੰਘ ਗਾਖ਼ਲ ਨੇ ਬਾਖ਼ੂਬੀ ਨਿਭਾਈ।

ਸਾਹਿਤਕਾਰਾਂ ਲਾਲੀ ਕਰਤਾਰਪੁਰੀ, ਸੋਢੀ ਸੱਤੋਵਾਲੀ, ਹਰਜਿੰਦਰ ਸਿੰਘ ਜਿੰਦੀ, ਗੁਰਦੀਪ ਸਿੰਘ ਸੈਣੀ, ਦਲਜੀਤ ਕੁਮਾਰ ਮਹਿਮੀ, ਮਨਜੀਤ ਸਿੰਘ ਮਿੱਤਰ, ਸਾਹਿਬਾ ਜੀਟਨ ਕੌਰ, ਭਗਵੰਤ ਸਿੰਘ, ਨਿਰਮਲ ਸਿੰਘ ਧਾਰੀਵਾਲ, ਜਗਦੀਸ਼ ਰਾਣਾ, ਆਸ਼ੀ ਈਸਪੁਰੀ, ਸੰਗਤ ਰਾਮ, ਮੈਡਮ ਸੀਮਾ, ਹਰਦੀਪ ਕੌਰ, ਹਰਜਿੰਦਰ ਕੌਰ, ਅਵਤਾਰ ਸਿੰਘ ਬੈਂਸ, ਅਮਰ ਸਿੰਘ ਅਮਰ, ਨਕਾਸ਼ ਚਿਤੈਵਾਨੀ, ਦੀਪਕ ਮਹਿਤਾ, ਸੁਖਦੇਵ ਸਿੰਘ ਗੰਢਵਾਂ, ਤਰਸੇਮ ਜਲੰਧਰੀ, ਕੁਲਦੀਪ ਸਿੰਘ ਬੇਦੀ, ਕੀਮਤੀ ਕੇਸਰ, ਗੁਰਚਰਨ ਸਿੰਘ ਦਿਲਬਰ, ਰਾਜੀਵ ਜੈਰਥ, ਮਨਜੀਤ ਕੌਰ ਬੁੱਟਰ, ਗੁਰਬਚਨ ਕੌਰ ਦੂਆ, ਹਰਵਿੰਦਰ ਸਿੰਘ ਅਲਵਾਦੀ, ਪ੍ਰਿੰਸੀਪਲ ਸੁਰਿੰਦਰ ਮੋਹਨ, ਜੋਗਿੰਦਰ ਸਿੰਘ, ਇੰਦਰ ਸਿੰਘ ਮਿਸਰੀ, ਸੰਤ ਸਿੰਘ ਸੰਧੂ, ਅਸ਼ੋਕ ਟਾਂਡੀ, ਮੁਖਤਿਆਰ ਸਿੰਘ ਸਿਵਾਨ, ਰਘਵੀਰ ਸਿੰਘ ਕੁਲਾਰ, ਵਿਜੇ ਫਿਰਾਕ, ਡਾ. ਰਕੇਸ਼ ਬਾਲੀ, ਸੁਰਜੀਤ ਸਿੰਘ ਸਸਤਾ ਆਇਰਨ, ਸਮਰਿਤੀ, ਸੁਰਜੀਤ ਕੌਰ, ਰਮੇਸ਼ ਮੌਦਗਿੱਲ, ਪ੍ਰਦੀਪ ਕੁਮਾਰ, ਧਰਮਵੀਰ, ਸੁਰਜੀਤ ਟੋਰਾਂਟੋ ਕੈਨੇਡਾ, ਲਖਵਿੰਦਰ ਸਿੰਘ ਜੌਹਲ, ਬਲਜੀਤ ਕੌਰ, ਜਸਪਾਲ ਜ਼ੀਰਵੀ, ਸੰਤੋਖ ਸਿੰਘ, ਮੱਖਣ ਮਾਨ, ਸੁਰਿੰਦਰ ਗੁਲਸ਼ਨ, ਪ੍ਰੋ.ਕੁਲਜੀਤ ਕੌਰ, ਬਲਵੀਰ ਕੌਰ ਰਾਏ ਕੋਟੀ, ਅਵਤਾਰ ਸਿੰਘ ਖਾਲਸਾ ਅਤੇ ਕੁਲਵਿੰਦਰ ਸਿੰਘ ਗਾਖਲ ਸਟੇਟ ਅਵਾਰਡੀ ਨੇ ਆਪਣੀਆਂ ਰਚਨਾਵਾਂ ਨੂੰ ਸਮੇਂ ਦੇ ਅੰਦਰ ਰਹਿ ਕੇ ਬਾਖ਼ੂਬੀ ਪੇਸ਼ ਕਰਕੇ ਇਸ ਸਮਾਗਮ ਨੂੰ ਸਫਲ ਸਮਾਗਮ ਬਣਾਉਣ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਈ। ਜਿਸ ਨਾਲ ਸਮਾਗਮ ਸਮੇਂ ਸਿਰ ਸਮਾਪਤ ਹੋ ਸਕਿਆ। ਇਹ ਸਮਾਗਮ ਹਰਜਿੰਦਰ ਸਿੰਘ ਜਿੰਦੀ ਵੱਲੋਂ ਉਨ੍ਹਾਂ ਦੇ ਆਪਣੇ ਯੂ ਟਿਊਬ ਚੈਨਲ 'ਪੰਜਾਬ ਦੇ ਲਿਖਾਰੀ' ਤੇ ਲਾਈਵ ਚਲਾਇਆ ਗਿਆ।

# ਕਲਮਦਾਨ ਦੀ ਕਿਤਾਬ 'ਸਲੋਚਨਾ' ਧੂਰੀ ਵਿਖੇ ਕੀਤੀ ਰਿਲੀਜ਼



**ਧੂਰੀ:**ਐਤਵਾਰ, ਗਰੀਨ ਵੁਡ ਪਬਲਿਕ ਸਕੂਲ, ਧੂਰੀ ਵਿਖੇ ਅਮਰ ਗਰਗ ਕਲਮਦਾਨ ਦੁਆਰਾ ਰਚਿਤ ਕਹਾਣੀ "ਸਲੋਚਨਾ" ਦੇ ਲੋਕ ਅਰਪਣ ਮੌਕੇ ਸਾਹਿਤ ਦੇ ਦੇਵਤੇ ਹਾਜ਼ਿਰ ਹੋਏ ਜਿਨ੍ਹਾਂ ਵਿੱਚ ਲਖਵਿੰਦਰ ਜੌਹਲ, ਦਰਸ਼ਨ ਆਸ਼ਟ, ਡਾ ਸਵਰਾਜ ਸਿੰਘ, ਜੋਗਾ ਸਿੰਘ ਧਨੌਲਾ, ਗੁਰਨਾਮ ਸਿੰਘ, ਪਵਨ ਹਰਚੰਦਪੁਰੀ, ਨਿਰਮਲਾ ਗਰਗ, ਪ੍ਰੇਮਲਤਾ ਪ੍ਰਿੰਸੀਪਲ, ਸ਼੍ਰੀ ਸੁਰਿੰਦਰ ਨਾਗਰਾ, ਸਤਨਾਮ ਮੱਟੂ, ਦਵਿੰਦਰ ਪਟਿਆਲਵੀ, ਪ੍ਰੋਫੈਸਰ ਕਮਲਜੀਤ ਟਿੱਬਾ ਹਾਜ਼ਰ ਸਨ। ਚਾਰ ਪੇਪਰ ਪੜ੍ਹੇ ਗਏ-ਡਾਕਟਰ ਜੋਗਿੰਦਰ ਕੌਰ ਅਗਨੀਹੋਤਰੀ, ਡਾਕਟਰ ਜਗਦੀਪ ਕੌਰ, ਕਮਲਜੀਤ ਟਿੱਬਾ, ਵੀਰਇੰਦਰ ਸਿੰਘ ਬਣਵਾਉਰੀ ਆਲੋਚਨਾਤਮਕ ਪੇਪਰ ਪੇਸ਼ ਕੀਤੇ।

# ਅਣੂ ਦਾ ਨਵਾਂ ਅੰਕ ਸਰਕਾਰੀ ਕਾਲਜ ਵਿਖੇ ਲੋਕ ਅਰਪਣ

**ਲੁਧਿਆਣਾ:**ਸਤੀਸ਼ ਧਵਨ ਸਰਕਾਰੀ ਕਾਲਜ, ਲੁਧਿਆਣਾ ਦੇ ਪ੍ਰਿੰਸੀਪਲ, ਸਮੂਹ ਅਧਿਆਪਕਾਂ ਅਤੇ ਸਾਹਿਤਕਾਰਾਂ ਨੇ ਮਿੰਨੀ ਪੱਤ੍ਰਿਕਾ 'ਅਣੂ' ਦਾ ਜੂਨ 2025 ਅੰਕ ਰੀਲੀਜ਼ ਕੀਤਾ। ਇਸ ਸਮੇਂ ਅਣੂ ਮੰਚ ਦੇ ਸੰਚਾਲਕ ਸੁਰਿੰਦਰ ਕੈਲੇ ਨੇ ਦੱਸਿਆ ਕਿ ਇਹ ਪੱਤ੍ਰਿਕਾ ਚੁਰੰਜਾ ਵਰ੍ਹੇ ਪਹਿਲਾਂ ਕਲਕੱਤੇ ਤੋਂ ਸ਼ੁਰੂ ਹੋਈ ਸੀ ਤੇ ਅੱਜ ਤੱਕ ਲਗਾਤਾਰ ਜਾਰੀ ਹੈ। ਪ੍ਰਿੰਸੀਪਲ ਸੰਧੂ ਨੇ ਕਿਹਾ ਕਿ ਮਿੰਨੀ ਰਚਨਾਵਾਂ ਦੀ ਇਹ ਪੱਤ੍ਰਿਕਾ ਸਾਡੇ ਰੁਝੇਵੇਂ ਭਰੇ ਸਮਿਆਂ ਵਿਚ ਵਧੇਰੇ ਕਾਰਗਰ ਹੈ। ਇਸ ਸਮੇਂ ਕਾਲਜ ਦੇ ਐਲੂਮਨਾਈ ਸ੍ਰੀ ਬਰਿਜ ਭੂਸ਼ਨ ਗੋਇਲ ਜੋ ਪੁਸਤਕ ਪ੍ਰੇਮੀ ਵੀ ਹਨ ਨੇ ਇਸ ਪੱਤ੍ਰਿਕਾ ਦੀ ਲੰਮੀ ਲਗਾਤਾਰਤਾ ਤੇ ਮਾਣ ਕਰਦਿਆਂ ਕਿਹਾ ਕਿ ਇਹ ਕੈਲੇ ਜੀ ਦਾ ਸਿਰੜ ਹੈ। ਇਸ ਸਮੇਂ ਹਾਜ਼ਿਰ ਪੰਜਾਬੀ ਸਾਹਿਤ ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕਿਹਾ ਕਿ 'ਅਣੂ' ਆਪਣੇ ਆਪ ਵਿਚ ਸਾਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਇਕ ਦ੍ਰਿਸ਼ ਸਾਹਮਣੇ ਲੈ ਆਉਂਦੀ ਹੈ। ਅਕਾਡਮੀ ਦੇ ਪ੍ਰਬੰਧਕੀ ਬੋਰਡ ਮੈਂਬਰ ਵਾਹਿਦ (ਉਰਫ਼ ਸਤਨਾਮ ਸਿੰਘ) ਸਮੇਤ ਅਧਿਆਪਕ ਅਨੁਰਾਗ ਅਰੋੜਾ, ਦਿਲਬਾਗ ਸਿੰਘ, ਹਰਸਿਮਰਨ ਕੌਰ, ਪਰਮਜੀਤ ਸਿੰਘ, ਲਖਵਿੰਦਰ ਸਿੰਘ, ਅਸ਼ੂਮਨੀ ਸਿੰਗਲਾ, ਸੁਖਜਿੰਦਰ ਕੌਰ, ਦਵਿੰਦਰ ਸਿੰਘ, ਹਰਜਿੰਦਰ ਸਿੰਘ, ਗੀਤਾਂਜਲੀ ਪਪਰੇਜਾ ਆਦਿ ਸ਼ਾਮਿਲ ਸਨ।



# ਧਰਮ ਪਰਿਵਰਤਨ ਅਤੇ ਜਬਰ-ਜਨਾਹ ਦੀ ਅਨੋਖੀ ਵਾਰਦਾਤ; ਕੇਸ ਦਰਜ



**ਡੇਰਾ ਬਾਬਾ ਨਾਨਕ:** ਇਸਾਈ ਧਰਮ ਅਪਣਾ ਚੁੱਕੇ ਇਕ ਪਰਿਵਾਰ ਦੀ ਹੈਰਾਨ ਕਰਨ ਵਾਲੀ ਹਰਕਤ ਸਾਹਮਣੇ ਆਈ ਹੈ ਜਿਸ 'ਚ ਪੂਰੇ ਪਰਿਵਾਰ ਨੇ ਸਾਜ਼ਿਸ ਕਰ ਕੇ ਪਹਿਲਾਂ ਕੁੜੀ ਨੂੰ ਅਗ਼ਵਾ ਕੀਤਾ, ਫਿਰ ਪਾਸਟਰ ਨੇ ਉਸ ਦਾ ਜਬਰੀ ਧਰਮ ਬਦਲਿਆ, ਉਸ ਤੋਂ ਬਾਅਦ ਪਰਿਵਾਰ ਦਾ ਪੁੱਤਰ ਕੁੜੀ ਨੂੰ ਬੰਧਕ ਬਣਾ ਕੇ ਲਗਾਤਾਰ ਤਿੰਨ ਮਹੀਨੇ ਤੱਕ ਉਸ ਨਾਲ ਜਬਰ ਜਨਾਹ ਕਰਦਾ ਰਿਹਾ। ਕੁੜੀ ਦਾ ਪ੍ਰੈਗਨੈਂਸੀ ਟੈਸਟ ਕਰਵਾਇਆ ਗਿਆ ਤਾਂ ਪਤਾ ਲੱਗਿਆ ਕਿ ਕੁੜੀ ਗਰਭਵਤੀ ਹੋ ਗਈ ਹੈ, ਇਸ ਤੋਂ ਬਾਅਦ ਪੂਰਾ ਘਰ ਨੂੰ ਤਾਲਾ ਲਗਾ ਕੇ ਫ਼ਰਾਰ ਹੋ ਗਿਆ। ਪੁਲਿਸ ਨੇ ਪੀੜਤ ਕੁੜੀ ਦੀ ਸ਼ਿਕਾਇਤ 'ਤੇ ਪਾਸਟਰ ਸਮੇਤ 13 ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ।

ਥਾਣਾ ਡੇਰਾ ਬਾਬਾ ਨਾਨਕ ਦੇ ਪਿੰਡ ਦੀ 22 ਸਾਲਾ ਕੁੜੀ ਨੇ ਦੱਸਿਆ ਕਿ ਉਹ ਰਾਈਸ ਮਿੱਲ ਮਹੋਵਾਲੀ 'ਚ ਕੰਮ ਕਰਦੀ ਹੈ। ਸਾਵਰ ਮਸੀਹ ਵਾਸੀ ਪੱਖੋਕੇ ਟਾਹਲੀ ਸਾਹਿਬ ਉਸ ਦਾ ਪਿੱਛਾ ਕਰਦਾ ਸੀ। ਸਾਵਰ ਮਸੀਹ ਨੇ ਨਪਿੰਦਰ ਸਿੰਘ ਤੋਂ ਉਸ ਦੀ ਇੰਸਟਾਗ੍ਰਾਮ ਆਈਡੀ ਲੈ ਕੇ ਉਸ ਨੂੰ ਫਾਲੋਅ ਕਰਨਾ ਸ਼ੁਰੂ ਕਰ ਦਿੱਤਾ। 19 ਜਨਵਰੀ ਨੂੰ ਸ਼ਾਮ 3.50 ਵਜੇ ਸਾਵਰ ਮਸੀਹ ਆਪਣੀ ਭੂਆ ਦੇ ਪੁੱਤਰ ਹੈਪੀ ਮਸੀਹ ਨਾਲ ਸਕੂਟੀ 'ਤੇ ਆਇਆ। ਸਾਵਰ ਮਸੀਹ ਨੇ ਹੱਥ 'ਚ ਕਿਰਚ ਲਈ ਹੋਈ ਸੀ। ਉਹ ਡਰਾ-ਧਮਕਾ ਕੇ ਉਸ ਨੂੰ ਸਕੂਟੀ 'ਤੇ ਬਿਠਾ ਕੇ ਸ਼ੈਲਰ ਤੋਂ ਲੈ ਗਏ। ਰਸਤੇ 'ਚ ਕਲਾਨੌਰ ਮੋੜੇ 'ਤੇ ਸਾਵਰ ਮਸੀਹ ਦੀ ਵੱਡੀ ਭੈਣ ਰੀਨਾ ਆਪਣੀ ਸਕੂਟੀ ਲੈ ਕੇ ਖੜ੍ਹੀ ਸੀ। ਸਾਵਰ ਉਸ ਨੂੰ ਰੀਨਾ ਦੀ ਸਕੂਟੀ 'ਤੇ ਬਿਠਾ ਕੇ ਬੱਸ ਸਟੈਂਡ ਅੰਮ੍ਰਿਤਸਰ ਨੇੜੇ ਲੈ ਗਿਆ। ਉੱਥੇ ਕਾਰ 'ਚ ਸਵਾਰ ਦੋ ਨੌਜਵਾਨਾਂ ਨਾਲ ਸਾਵਰ ਮਸੀਹ ਤੇ ਚੈਂਪੀ ਮਸੀਹ ਉਸ ਨੂੰ ਕਿਸੇ ਬੇਪਛਾਣ ਥਾਂ 'ਤੈ ਲੈ ਗਏ। ਉੱਥੇ ਸਾਵਰ ਦੀ ਮਾਂ ਜੀਨਾ, ਭੈਣ ਕਾਜਲ ਤੇ ਰੀਨਾ ਤੇ ਉਸ ਦੇ ਪਿਤਾ ਕਸ਼ਮੀਰ ਸਮੀਹ ਰਹਿ ਰਹੇ ਸਨ। ਉੱਥੇ ਪਰਵੇਜ਼ ਮਸੀਹ ਵਾਸੀ ਪੱਖੋਕੇ ਟਾਹਲੀ ਸਾਹਬ ਤੇ ਨਪਿੰਦਰ ਸਿੰਘ ਉਸ ਦੇ ਭਰਾਵਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਲੱਗੇ। ਸਾਵਰ ਮਸੀਹ ਦੀ ਮਾਂ ਨੇ ਪਾਸਟਰ ਮਨਜੀਤ ਸਿੰਘ ਨੂੰ ਘਰ ਬੁਲਾਇਆ ਜਿਸ ਨੇ ਦੁਆ-ਬੰਦਗੀ ਕਰ ਕੇ ਜਲ ਪਿਆ ਕੇ ਕਿਹਾ ਕੁੜੀ ਦਾ ਧਰਮ ਬਦਲ ਚੁੱਕਾ ਹੈ ਤੇ ਉਹ ਹੁਣ ਸਾਡੇ ਧਰਮ 'ਚ ਆ ਗਈ ਹੈ। ਰਜਿੰਦਰ ਮਸੀਹ ਨੇ ਧੱਕੇ ਨਾਲ ਕੁੜੀ ਨਾਲ 'ਲਿਵ ਇਨ ਰਿਲੇਸ਼ਨਸ਼ਿਪ ਦੇ ਆਰਡਰ 'ਤੇ ਹਸਤਾਖਰ ਕਰਵਾ ਲਏ। ਉਸ ਤੋਂ ਬਾਅਦ ਇਕ ਕਮਰੇ 'ਚ ਸਾਵਰ ਮਸੀਹ ਉਸ ਨਾਲ ਸਰੀਰਕ ਸਬੰਧ ਬਣਾਉਂਦਾ ਰਿਹਾ। ਦਸ ਅਪ੍ਰੈਲ ਨੂੰ ਸਾਵਰ ਦੀ ਵੱਡੀ ਭੈਣ ਰਿਮੀ ਵਾਸੀ ਠੀਕਰੀਵਾਲ ਘਰ ਆਈ ਤੇ ਉਸ ਦਾ ਪ੍ਰੈਗਨੈਂਸੀ ਟੈਸਟ ਕੀਤਾ ਜਿਹੜਾ ਪਾਜ਼ੇਟਿਵ ਆਇਆ।


13 ਅਪ੍ਰੈਲ ਨੂੰ ਪੂਰਾ ਪਰਿਵਾਰ ਮੈਨ ਗੇਟ 'ਤੇ ਤਾਲਾ ਲਗਾ ਕੇ ਕਿਤੇ ਚਲਾ ਗਿਆ, ਪਰ ਉਸ ਦੇ ਕਮਰੇ ਦਾ ਤਾਲਾ ਖੁੱਲ੍ਹਾ ਰਹਿ ਗਿਆ। ਕਮਰੇ ਤੋਂ ਬਾਹਰ ਨਿਕਲ ਕੇ ਉਸ ਨੇ ਇਕ ਮਹਿਲਾ ਤੋਂ ਪਿੰਡ ਦਾ ਨਾ ਪਤਾ ਪੁੱਛਿਆ। ਉਸ ਨੇ ਪਿੰਡ ਦਾ ਨਾ ਕਾਦੀਆਂ ਮਿਰਜ਼ਾ ਦੱਸਿਆ। ਉਸ ਨੇ ਸਾਵਰ ਮਸੀਹ ਦੇ ਫੋਨ ਤੋਂ ਆਪਣੀ ਭੈਣ ਨੂੰ ਆਪਣੇ ਨਾਲ ਵਾਪਰੀ ਘਟਨਾ ਦੀ ਜਾਣਕਾਰੀ ਦਿੱਤੀ। ਕੁਝ ਸਮੇਂ ਬਾਅਦ ਉਸ ਦੇ ਪਰਿਵਾਰਕ ਮੈਂਬਰ ਸਾਵਰ ਮਸੀਹ ਦੇ ਘਰ ਪੁੱਜੇ ਤੇ ਉਸ ਨੂੰ ਆਪਣੇ ਘਰ ਲੈ ਗਏ। ਸੁਨਿਚਰਵਾਰ ਨੂੰ ਪੀੜਤ ਕੁੜੀ ਆਪਣੀ, ਭਰਾ ਤੇ ਹੋਰ ਪਤਵੰਤੇ ਵਿਅਕਤੀਆਂ ਸਮੇਤ ਥਾਣੇ 'ਚ ਇਨਸਾਫ ਦੀ ਅਪੀਲ ਲੈ ਕੇ ਪੁੱਜੀ ਤੇ ਮੰਗ ਕੀਤੀ ਉਸ ਨਾਲ ਤਿੰਨ ਮਹੀਨੇ ਤੱਕ ਜਬਰ ਜਨਾਹ ਕਰ ਕੇ ਉਸ ਨੂੰ ਗਰਭਵਤੀ ਕਰਨ ਵਾਲਿਆਂ ਤੇ ਉਸ ਦਾ ਧਰਮ ਤਬਦੀਲ ਕਰਨ ਵਾਲੇ ਪਾਸਟਰ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਪੁਲਿਸ ਨੇ ਮੁਲਜ਼ਮ ਸਾਵਰ ਮਸੀਹ, ਨਪਿੰਦਰ ਸਿੰਘ, ਹੈਪੀ ਮਸੀਹ ਵਾਸੀ ਸੰਘੜ, ਕਾਜਲ, ਰੀਨਾ, ਜੀਨਾ, ਪਰਵੇਜ਼, ਰਜਿੰਦਰ ਮਸੀਹ, ਕਸ਼ਮੀਰ ਮਸੀਹ, ਪਾਸਟਰ ਮਨਜੀਤ ਸਿੰਘ ਤੇ ਦੋ ਬੇਪਛਾਣ ਲੋਕਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ।

## ਨਾਗਪੁਰ ਨੇੜੇ ਡਿੱਗੀ ਵੱਡੀ ਧਾਤ ਦੀ ਵਸਤੂ-ਪੁਲਾੜ ਦਾ ਮਲਬਾ ਹੋਣ ਦਾ ਦਾਅਵਾ

**ਨਾਗਪੁਰ:** ਮਹਾਰਾਸ਼ਟਰ ਦੇ ਨਾਗਪੁਰ ਜ਼ਿਲ੍ਹੇ ਦੇ ਉਮਰੇਡ ਤਾਲੁਕਾ 'ਚ ਇਕ ਘਰ ਦੀ ਛੱਤ 'ਤੇ ਅਸਮਾਨ ਤੋਂ ਇਕ ਅਣਪਛਾਤੀ ਵਸਤੂ ਡਿੱਗੀ, ਜਿਸ ਨਾਲ ਇਹ ਚਰਚਾ ਸ਼ੁਰੂ ਹੋ ਗਈ ਕਿ ਕੀ ਇਹ 'ਪੁਲਾੜ ਦੇ ਮਲਬੇ' ਦਾ ਹਿੱਸਾ ਹੈ। ਨਾਗਪੁਰ ਦਿਹਾਤੀ ਪੁਲਿਸ ਨੇ ਕਿਹਾ ਕਿ ਸਨਿਚਰਵਾਰ ਸਵੇਰੇ 4 ਵਜੇ ਕੇਸ ਲੇਆਉਟ 'ਚ ਇਕ ਘਰ ਦੀ ਛੱਤ ਸਲੈਬ 'ਤੇ ਅਸਮਾਨ ਤੋਂ ਇਕ ਵੱਡਾ ਧਾਤ ਦਾ ਟੁਕੜਾ ਡਿੱਗਿਆ। ਸਥਾਨਕ ਨਿਵਾਸੀ ਨੇ ਦਾਅਵਾ ਕੀਤਾ ਕਿ ਸਟੀਲ ਦੀ ਵਸਤੂ ਸਵੇਰੇ 4 ਵਜੇ ਤੋਂ 4.15 ਵਜੇ ਦੇ ਵਿਚਕਾਰ ਉਸਦੀ ਛੱਤ 'ਤੇ ਡਿੱਗੀ। ਖਗੋਲ ਵਿਗਿਆਨ ਦੇ ਉਤਸ਼ਾਹੀ ਸੁਰੇਸ਼ ਚੋਪਨੇ, ਜੋ ਸਕਾਈ ਵਾਚ ਗਰੁੱਪ ਦੇ ਮੁਖੀ ਹਨ, ਨੇ ਦਾਅਵਾ ਕੀਤਾ ਕਿ ਧਾਤ ਦੀ ਵਸਤੂ ਪੁਲਾੜ 'ਚ ਭੇਜੇ ਗਏ ਸੈਟੇਲਾਈਟ ਦੇ ਰਾਕੇਟ ਬੂਸਟਰ ਦਾ ਹਿੱਸਾ ਹੋ ਸਕਦੀ ਹੈ।

## ਹਿੰਦੂਆਂ ਦੀ ਇਕਜੁਟਤਾ ਨਾਲ ਭਾਰਤ ਬਣੇਗਾ ਵਿਸ਼ਵ ਗੁਰੂ: ਭਾਗਵਤ


**ਅਲੀਗੜ੍ਹ:** ਆਰ.ਐੱਸ.ਐੱਸ. ਦੇ ਸਰਸੰਘਚਾਲਕ ਡਾ. ਮੋਹਨ ਭਾਗਵਤ ਨੇ ਕਿਹਾ ਹੈ ਕਿ ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਹਿੰਦੂਆਂ ਨੂੰ ਇਕਜੁਟ ਹੋਣ ਦੀ ਲੋੜ ਹੈ। ਹਿੰਦੂਆਂ ਦੀ ਇਕਜੁਟਤਾ ਨਾਲ ਹੀ ਦੇਸ਼ ਮੁੜ ਵਿਸ਼ਵ ਗੁਰੂ ਬਣੇਗਾ। ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਜੇਕਰ ਆਰਥਿਕਤਾ ਸੁਧਰੇਗੀ ਤਾਂ ਅਸੀਂ ਅਮਰੀਕਾ ਤੋਂ ਬਾਅਦ ਦੂਜੇ ਨੰਬਰ 'ਤੇ ਆ ਜਾਵਾਂਗੇ। ਜੇ ਅਸੀਂ ਇਸ ਤਰ੍ਹਾਂ ਚੱਲਦੇ ਰਹੇ ਤਾਂ ਦੁਨੀਆ ਦੀ ਸਭ ਤੋਂ ਵੱਡੀ ਸ਼ਕਤੀ ਬਣ ਜਾਵਾਂਗੇ। ਪੰਜ ਦਿਨਾ ਪ੍ਰਵਾਸ ਦੇ ਚੌਥੇ ਦਿਨ ਐਤਵਾਰ ਨੂੰ ਸੰਘ ਮੁਖੀ ਨੇ ਕੇਸ਼ਵ ਸੇਵਾ ਧਾਮ 'ਚ ਬ੍ਰਜ ਸੂਬੇ ਦੇ ਸੀਨੀਅਰ ਵਰਕਰਾਂ ਤੇ ਸਾਬਕਾ ਅਹੁਦੇਦਾਰਾਂ ਨਾਲ ਬੈਠਕ ਦੌਰਾਨ ਹਿੰਦੂਆਂ ਦੀ ਇਕਜੁਟਤਾ ਦੇ ਮੂਲ ਮੰਤਰ ਨੂੰ ਹੀ ਰੱਖਿਆ। ਉਨ੍ਹਾਂ ਕਿਹਾ ਕਿ ਤੁਹਾਡੇ ਕੋਲ ਅਨੁਭਵ ਹੈ। ਤੁਹਾਨੂੰ ਸ਼ਾਖਾ ਤੋਂ ਇਲਾਵਾ ਲੋਕਾਂ ਨਾਲ ਪੰਚਾਇਤ ਕਰ ਕੇ ਹਿੰਦੂ ਧਰਮ ਦੀ ਇਕਜੁਟਤਾ ਦਾ ਸੁਨੇਹਾ ਦੇਣਾ ਚਾਹੀਦਾ ਹੈ।



## ਭਾਜਪਾ ਸਾਂਸਦ ਨੇ ਕੁਰੈਸ਼ੀ ਨੂੰ ਮੁਸਲਿਮ ਕਮਿਸ਼ਨਰ ਕਿਹਾ-ਪਾਰਟੀ ਨੇ ਪੱਲਾ ਝਾੜਿਆ

**ਨਵੀਂ ਦਿੱਲੀ:** ਭਾਜਪਾ ਪ੍ਰਧਾਨ ਜੇ.ਪੀ. ਨੱਡਾ ਦੀ ਚਿਤਾਵਨੀ ਤੋਂ ਬਾਅਦ ਵੀ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਦੀ ਵਿਵਾਦਗ੍ਰਸਤ ਬਿਆਨਬਾਜ਼ੀ ਜਾਰੀ ਹੈ। ਸੁਪਰੀਮ ਕੋਰਟ ਅਤੇ ਭਾਰਤ ਦੇ ਚੀਫ ਜਸਟਿਸ ਵਿਰੁੱਧ ਮੋਰਚਾ ਖੋਲ੍ਹਣ ਤੋਂ ਬਾਅਦ ਨਿਸ਼ੀਕਾਂਤ ਦੂਬੇ ਨੇ ਹੁਣ ਸਾਬਕਾ ਮੁੱਖ ਚੋਣ ਕਮਿਸ਼ਨਰ ਐੱਸ.ਵਾਈ. ਕੁਰੈਸ਼ੀ 'ਤੇ ਨਿਸ਼ਾਨਾ ਵਿੰਨ੍ਹਿਆ ਹੈ। ਐਕਸ 'ਤੇ ਕੀਤੀ ਪੋਸਟ 'ਚ ਐੱਸ.ਵਾਈ. ਕੁਰੈਸ਼ੀ ਨੂੰ ਮੁਸਲਿਮ ਕਮਿਸ਼ਨਰ ਕਰਾਰ ਦਿੱਤਾ। ਹੈਰਾਨੀ ਦੀ ਗੱਲ ਹੈ ਕਿ ਦੂਬੇ ਨੇ ਵਕਫ ਸੋਧ ਕਾਨੂੰਨ ਦੇ ਵਿਰੁੱਧ ਕੁਰੈਸ਼ੀ ਦੀ ਤਿੰਨ ਦਿਨ ਪੁਰਾਣੀ ਪੋਸਟ ਦਾ ਜਵਾਬ ਦਿੰਦੇ ਹੋਏ ਹਮਲਾ ਬੋਲਿਆ। ਅਸਲ 'ਚ ਐੱਸ.ਵਾਈ. ਕੁਰੈਸ਼ੀ ਨੇ ਵੀਰਵਾਰ ਨੂੰ ਕਿਹਾ ਸੀ ਕਿ ਵਕਫ ਕਾਨੂੰਨ ਮੁਸਲਮਾਨਾਂ ਦੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਗਲਤ ਮਨਸ਼ਾ ਨਾਲ ਲਿਆਂਦੀ ਗਈ ਸਰਕਾਰ ਦੀ ਸਾਜ਼ਿਸ਼ ਹੈ।ਉਨ੍ਹਾਂ ਨੇ ਭਰੋਸਾ ਜਤਾਇਆ ਸੀ ਕਿ ਸੁਪਰੀਮ ਕੋਰਟ ਸਰਕਾਰ ਦੀ ਇਸ ਮਣਸ਼ਾ ਦਾ ਪਰਦਾਫਾਸ਼ ਕਰੇਗੀ। ਕੁਰੈਸ਼ੀ ਦੇ ਅਨੁਸਾਰ ਵਕਫ ਕਾਨੂੰਨ 'ਚ ਸੋਧ ਤੋਂ ਪਹਿਲਾਂ ਸਰਕਾਰ ਦੀ ਗਲਤ ਪ੍ਰਚਾਰ ਮਸ਼ੀਨ ਨੇ ਚੰਗੀ ਤਰ੍ਹਾਂ ਨਾਲ ਇਸ ਬਾਰੇ ਗਲਤ ਜਾਣਕਾਰੀ ਫੈਲਾਈ ਸੀ।ਨਿਸ਼ੀਕਾਂਤ ਦੂਬੇ ਨੇ ਤਿੰਨ ਦਿਨ ਬਾਅਦ ਇਸ ਪੋਸਟ 'ਤੇ ਨੋਟਿਸ ਲੈਂਦੇ ਹੋਏ ਕੁਰੈਸ਼ੀ 'ਤੇ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਤੁਸੀਂ ਚੋਣ ਕਮਿਸ਼ਨਰ ਨਹੀਂ, ਮੁਸਲਿਮ ਕਮਿਸ਼ਨਰ ਸੀ। ਕੁਰੈਸ਼ੀ ਦੇ ਮੁੱਖ ਚੋਣ ਕਮਿਸ਼ਨਰ ਹੁੰਦੇ ਹੋਏ ਹੀ ਝਾਰਖੰਡ ਦੇ ਸੰਥਾਲ ਪਰਗਨਾ 'ਚ ਬੰਗਲਾਦੇਸ਼ੀ ਘੁਸਪੈਠੀਆਂ ਨੂੰ ਸਭ ਤੋਂ ਵੱਧ ਵੋਟਰ ਬਣਾਇਆ ਗਿਆ ਸੀ। ਮੁਸਲਮਾਨਾਂ ਦੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਗਲਤ ਮਣਸ਼ਾ ਨਾਲ ਲਿਆਂਦੇ ਗਏ ਵਕਫ ਸੋਧ ਕਾਨੂੰਨ ਦੇ ਕੁਰੈਸ਼ੀ ਦੇ ਦੋਸ਼ ਦਾ ਜਵਾਬ ਦਿੰਦੇ ਹੋਏ ਦੂਬੇ ਨੇ ਕਿਹਾ ਕਿ ਪੈਗੰਬਰ ਮੁਹੰਮਦ ਸਾਹਬ ਦਾ ਇਸਲਾਮ ਭਾਰਤ 'ਚ 712 ਈਸਵੀ 'ਚ ਆਇਆ। ਉਸ ਤੋਂ ਪਹਿਲਾਂ ਤਾਂ ਇਹ ਸਾਰੀ ਜ਼ਮੀਨ ਹਿੰਦੂਆਂ ਦੀ ਜਾਂ ਉਸੇ ਆਸਥਾ ਨਾਲ ਜੁੜੇ ਆਦਿਵਾਸੀ, ਜੈਨ ਜਾਂ ਬੋਧ ਧਰਮ ਵਾਲਿਆਂ ਦੀ ਸੀ।





ਨਿਸ਼ੀਕਾਂਤ ਦੂਬੇ ਨੇ ਆਪਣੇ ਪਿੰਡ ਵਿਕ੍ਰਮਸ਼ਿਲਾ ਦੀ ਮਿਸਾਲ ਦਿੱਤੀ, ਜਿਥੋਂ ਦੀ ਯੂਨੀਵਰਸਿਟੀ ਨੂੰ ਬਖਤਿਆਰ ਖਿਲਜੀ ਨੇ 1189 'ਚ ਸਾੜ ਦਿੱਤਾ ਸੀ। ਉਨ੍ਹਾਂ ਅਨੁਸਾਰ ਵਿਕਮਸ਼ਿਲਾ ਯੂਨੀਵਰਸਿਟੀ ਨੇ ਦੁਨੀਆ ਨੂੰ ਪਹਿਲਾ ਕੁਲਪਤੀ (ਚਾਂਸਲਰ) ਆਤਿਸ਼ ਦੀਪਾਂਕਰ ਦੇ ਤੌਰ 'ਤੇ ਦਿੱਤਾ। ਨਿਸ਼ੀਕਾਂਤ ਦੂਬੇ ਨੇ ਐੱਸਵਾਈ ਕੁਰੈਸ਼ੀ ਨੂੰ ਦੇਸ਼ ਨੂੰ ਜੋੜਨ ਅਤੇ ਇਤਿਹਾਸ ਪੜ੍ਹਨ ਦੀ ਸਲਾਹ ਦਿੱਤੀ। ਉਨ੍ਹਾਂ ਕਿਹਾ ਕਿ ਤੋੜਨ ਵਾਲੀ ਸੋਚ ਦੇ ਕਾਰਨ ਹੀ ਪਾਕਿਸਤਾਨ ਬਣਿਆ ਪਰ ਹੁਣ ਫਿਰ ਦੇਸ਼ ਦਾ ਬਟਵਾਰਾ ਨਹੀਂ ਹੋਵੇਗਾ। ਜਦ ਕੁਰੈਸ਼ੀ ਤੋਂ ਦੂਬੇ ਦੀ ਟਿੱਪਣੀ 'ਤੇ ਪ੍ਰਤੀਕਿਰਿਆ ਮੰਗੀ ਗਈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਫਿਜ਼ੂਲ ਦੀਆਂ ਗੱਲਾਂ 'ਤੇ ਕੀ ਕਿਹਾ ਜਾਵੇ, ਜਦ ਉਨ੍ਹਾਂ ਦੀ ਪਾਰਟੀ ਨੇ ਹੀ ਉਨ੍ਹਾਂ ਤੋਂ ਪਾਸਾ ਵੱਟ ਲਿਆ ਹੈ। ਧਿਆਨ ਦੇਣ ਦੀ ਗੱਲ ਹੈ ਕਿ ਸ਼ਨੀਵਾਰ ਨੂੰ ਨਿਸ਼ੀਕਾਂਤ ਦੂਬੇ ਨੇ ਵਕਫ ਸੋਧ ਕਾਨੂੰਨ 'ਤੇ ਸੁਣਵਾਈ ਦੌਰਾਨ ਕੀਤੀਆਂ ਗਈਆਂ ਟਿੱਪਣੀਆਂ ਨੂੰ ਲੈ ਕੇ ਹਮਲਾ ਬੋਲਦੇ ਹੋਏ ਕਿਹਾ ਕਿ ਸੁਪਰੀਮ ਕੋਰਟ ਆਪਣੀਆਂ ਹੱਦਾਂ ਤੋਂ ਅੱਗੇ ਜਾ ਰਿਹਾ ਹੈ।

ਉਨ੍ਹਾਂ ਨੇ ਭਾਰਤ ਦੇ ਚੀਫ ਜਸਟਿਸ 'ਤੇ ਦੇਸ਼ ਨੂੰ ਅਰਾਜਕਤਾ ਵੱਲ ਲਿਜਾਣ ਦਾ ਦੋਸ਼ ਲਗਾਇਆ ਸੀ। ਉਨ੍ਹਾਂ ਨੇ ਐਕਸ 'ਤੇ ਲਿਖਿਆ ਕਿ ਕਾਨੂੰਨ ਜੇ ਸੁਪਰੀਮ ਕੋਰਟ ਹੀ ਬਣਾਏਗਾ ਤਾਂ ਸੰਸਦ ਭਵਨ ਨੂੰ ਬੰਦ ਕਰ ਦੇਣਾ ਚਾਹੀਦਾ। ਉਂਝ ਜੇਪੀ ਨੱਡਾ ਨੇ ਨਿਸ਼ੀਕਾਂਤ ਦੂਬੇ ਅਤੇ ਦਿਨੇਸ਼ ਸ਼ਰਮਾ ਨੂੰ ਅੱਗੇ ਤੋਂ ਇਸ ਤਰ੍ਹਾਂ ਦੀ ਬਿਆਨਬਾਜ਼ੀ ਨਾ ਕਰਨ ਦੀ ਹਦਾਇਤ ਵੀ ਦਿੱਤੀ ਸੀ।

## ਕੈਨੇਡਾ ਦੇ ਗੁਰਦੁਆਰੇ 'ਚ ਭੰਨ-ਤੋੜ, ਖ਼ਾਲਿਸਤਾਨੀ ਨਾਅਰੇ ਲਿਖੇ

**ਟੋਰਾਂਟੋ:** ਕੈਨੇਡਾ 'ਚ ਖ਼ਾਲਿਸਤਾਨ ਸਮਰਥਕ ਸਰਗਰਮ ਨਜ਼ਰ ਆ ਰਹੇ ਹਨ। ਵੈਨਕੁਵਰ ਸਥਿਤ ਖਾਲਸਾ ਦੀਵਾਨ ਸੋਸਾਇਟੀ ਗੁਰਦੁਆਰੇ ਅਤੇ ਰੋਸ ਸਟਰੀਟ ਗੁਰਦੁਆਰੇ 'ਚ ਸ਼ੁੱਕਰਵਾਰ ਰਾਤ ਭੰਨ-ਤੋੜ ਕੀਤੀ ਗਈ ਅਤੇ ਉਸ ਦੀਆਂ ਕੰਧਾਂ 'ਤੇ ਖਾਲਿਸਤਾਨ ਸਮਰਥਕ ਨਾਅਰੇ ਲਿਖ ਦਿੱਤੇ। ਇਸ ਘਟਨਾ ਨਾਲ ਸਥਾਨਕ ਸਿੱਖ ਭਾਈਚਾਰੇ 'ਚ ਨਾਰਾਜ਼ਗੀ ਹੈ।

**ਇਹ ਘਟਨਾ ਸ਼ਨਿਚਰਵਾਰ ਸਵੇਰੇ ਸਾਹਮਣੇ ਆਈ, ਉਸੇ ਦਿਨ ਸੱਰੀ 'ਚ ਦੁਨੀਆ ਦੀ ਸਭ ਤੋਂ ਵੱਡੀ ਵਿਸਾਖੀ ਪਰੇਡ ਦਾ ਆਯੋਜਨ ਕੀਤਾ ਗਿਆ ਸੀ।**

ਰੋਸ ਸਟ੍ਰੀਟ ਗੁਰਦੁਆਰੇ ਦਾ ਨਿਰਮਾਣ 1906 'ਚ ਹੋਇਆ ਸੀ ਅਤੇ ਇਹ ਕੈਨੇਡਾ ਦੇ ਸਭ ਤੋਂ ਪੁਰਾਣੇ ਤੇ ਸਭ ਤੋਂ ਮਹੱਤਵਪੂਰਨ ਸਿੱਖ ਸੰਸਥਾਨਾਂ 'ਚੋਂ ਇਕ ਹੈ। ਇਸ ਦੇ ਪ੍ਰਬੰਧਨ ਨੇ ਐਕਸ 'ਤੇ ਤਸਵੀਰਾਂ ਸਾਂਝੀਆਂ ਕੀਤੀਆਂ, ਜਿਸ 'ਚ ਇਸ ਦੀ ਪਾਰਕਿੰਗ ਦੇ ਆਲੇ-ਦੁਆਲੇ ਦੀਆਂ ਕੰਧਾ 'ਤੇ ਕਈ ਜਗ੍ਹਾ 'ਤੇ ਸਪ੍ਰੇਅ ਪੇਟ ਨਾਲ ਖਾਲਿਸਤਾਨ ਜ਼ਿੰਦਾਬਾਦ ਸ਼ਬਦ ਲਿਖਿਆ ਹੋਇਆ ਦਿਖਾਈ ਦੇ ਰਿਹਾ ਹੈ। ਕੇਡੀਐੱਸ ਦੇ ਬੁਲਾਰੇ ਜਗ ਸੰਘੇੜਾ ਨੇ ਦੱਸਿਆ ਕਿ ਭੰਨ੍ਹ-ਤੋੜ ਵਿਆਪਕ ਸੀ। ਇਹ ਘਟਨਾ ਸ਼ਨੀਵਾਰ ਸਵੇਰੇ ਸਾਹਮਣੇ ਆਈ, ਉਸੇ ਦਿਨ ਸੱਰੀ 'ਚ ਦੁਨੀਆ ਦੀ ਸਭ ਤੋਂ ਵੱਡੀ ਵਿਸਾਖੀ ਪਰੇਡ ਦਾ ਆਯੋਜਨ ਕੀਤਾ ਗਿਆ ਸੀ। ਵੈਨਕੁਵਰ ਦਾ ਪੁਲਿਸ ਵਿਭਾਗ ਘਟਨਾ ਦੀ ਜਾਂਚ ਕਰ ਰਿਹਾ ਹੈ। ਕੇਡੀਐੱਸ ਨੇ ਘਟਨਾ ਦੀ ਨਿੰਦਾ ਕੀਤੀ ਅਤੇ ਕਿਹਾ, 'ਖਾਲਿਸਤਾਨ ਦੀ ਪੈਰਵਾਈ ਕਰਨ ਵਾਲੇ ਸਿੱਖ ਵੱਖਵਾਦੀਆਂ ਦੇ ਇਕ ਛੋਟੇ ਜਿਹੇ ਗਰੁੱਪ ਨੇ ਖਾਲਿਸਤਾਨ ਜ਼ਿੰਦਾਬਾਦ ਵਰਗੇ ਵੰਡ ਪਾਊ ਨਾਅਰੇ ਲਿਖੇ ਹਨ।ਇਹ ਕਾਰਾ ਕੱਟੜਪੰਥੀ ਤਾਕਤਾਂ ਦੀ ਮੁਹਿੰਮ ਦਾ ਹਿੱਸਾ ਹੈ, ਜੋ ਕੈਨੇਡਾ ਦੇ ਸਿੱਖ ਭਾਈਚਾਰੇ 'ਚ ਡਰ ਅਤੇ ਵੱਖਵਾਦ ਪੈਦਾ ਕਰਨਾ ਚਾਹੁੰਦਾ ਹੈ। ਉਨ੍ਹਾਂ ਦੀਆਂ ਹਰਕਤਾਂ ਬਰਾਬਰੀ, ਸਨਮਾਨ ਅਤੇ ਆਪਸੀ ਸਹਿਯੋਗ ਦੀਆਂ ਕਦਰਾਂ-ਕੀਮਤਾਂ ਨੂੰ ਕਮਜ਼ੋਰ ਕਰਦੀਆਂ ਹਨ, ਜੋ ਸਿੱਖ ਧਰਮ ਅਤੇ ਕੈਨੇਡਾ ਦੇ ਸਮਾਜ ਦਾ ਆਧਾਰ ਹਨ। ਉਨ੍ਹਾਂ ਦੀਆਂ ਹਰਕਤਾਂ ਨੂੰ ਅਸੀਂ ਸਫਲ ਨਹੀਂ ਹੋਣ ਦੇ ਸਕਦੇ ਤੇ ਨਾ ਹੀ ਹੋਣ ਦਿਆਂਗੇ।' ਕੇਡੀਐੱਸ ਨੇ ਲੰਘੇ ਹਫਤੇ ਦੇ ਅਖੀਰ 'ਚ ਵੈਨਕੁਵਰ 'ਚ ਆਪਣੀ ਵਿਸਾਖੀ ਪਰੇਡ ਆਯੋਜਿਤ ਕੀਤੀ ਸੀ ਅਤੇ ਖਾਲਿਸਤਾਨ ਸਮਰਥਕ ਗਰੁੱਪਾਂ ਦੇ ਇਸ 'ਚ ਹਿੱਸਾ ਲੈਣ 'ਤੇ ਪਾਬੰਦੀ ਲਗਾ ਦਿੱਤੀ ਸੀ।



### ਕਾਰਜਪਾਲਿਕਾ ਦੀ ਜਵਾਬਦੇਹੀ ਲਈ ਸ਼ੁਰੂ ਹੋਵੇ ਪ੍ਰਧਾਨ ਮੰਤਰੀ ਦਾ ਪ੍ਰਸ਼ਨਕਾਲ

**ਨਵੀਂ ਦਿੱਲੀ:** ਸੰਸਦ ਨੂੰ ਆਪਣੀ ਬਹਿਸ ਤੇ ਚਰਚਾ ਦੇ ਫਾਰਮੈਟ 'ਚ ਬੁਨਿਆਦੀ ਬਦਲਾਅ ਕਰਨ ਦੀ ਲੋੜ ਹੈ ਤਾਂ ਜੋ ਲੋਕਾਂ ਦੀਆਂ ਉਮੀਦਾਂ ਨੂੰ ਬਿਹਤਰ ਢੰਗ ਨਾਲ ਪ੍ਰਗਟ ਕੀਤਾ ਜਾ ਸਕੇ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕੀਤੀਆਂ ਜਾ ਸਕਣ। ਸੰਸਦ 'ਤੇ ਲਿਖੀ ਗਈ ਇਕ ਨਵੀਂ ਕਿਤਾਬ 'ਦਿ ਇੰਡੀਅਨ ਪਾਰਲੀਆਮੈਂਟ : ਸੰਵਿਧਾਨ ਸਦਨ ਟੂ ਸੰਸਦ ਭਵਨ' ਵਿਚ ਇਹ ਸੁਝਾਅ ਦਿੱਤਾ ਗਿਆ ਹੈ। ਇਸ ਵਿਚ ਸਾਲਾਨਾ ਘੱਟੋ-ਘੱਟ 100 ਦਿਨ ਸੰਸਦ ਦੀ ਬੈਠਕ ਕਰਨ ਤੇ ਕਾਰਜਪਾਲਿਕਾ ਨੂੰ ਜਵਾਬਦੇਹ ਠਹਿਰਾਉਣ ਲਈ 'ਪ੍ਰਧਾਨ ਮੰਤਰੀ ਦਾ ਪ੍ਰਸ਼ਨਕਾਲ' ਸ਼ੁਰੂ ਕਰਨ ਦੀ ਵੀ ਜ਼ੋਰਦਾਰ ਵਕਾਲਤ ਕੀਤੀ ਗਈ ਹੈ। 'ਪ੍ਰਧਾਨ ਮੰਤਰੀ ਦਾ ਪ੍ਰਸ਼ਨਕਾਲ ਵਿਚ ਖਾਸ ਤੌਰ 'ਤੇ ਪ੍ਰਧਾਨ ਮੰਤਰੀ ਤੋਂ ਸਵਾਲ ਪੁੱਛੇ ਜਾਣਗੇ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਸੁਪਰੀਮ ਕੋਰਟ 'ਚ ਭਾਈ ਹਵਾਰਾ ਦੀ ਪਟੀਸ਼ਨ 'ਤੇ ਸੁਣਵਾਈ ਮੁੜ ਮੁਲਤਵੀ



**ਨਵੀਂ ਦਿੱਲੀ:** ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਭਾਈ ਜਗਤਾਰ ਸਿੰਘ ਹਵਾਰਾ ਦੀ ਤਿਹਾੜ ਜੇਲ੍ਹ (ਦਿੱਲੀ) ਤੋਂ ਪੰਜਾਬ ਜੇਲ੍ਹ ਵਿਚ ਤਬਾਦਲਾ ਕਰਨ ਸੰਬੰਧੀ ਦਾਇਰ ਪਟੀਸ਼ਨ 'ਤੇ ਸੁਪਰੀਮ ਕੋਰਟ ਵਿਚ ਸੁਣਵਾਈ ਇਕ ਵਾਰ ਫਿਰ ਟੱਲ ਗਈ ਹੈ। ਜਸਟਿਸ ਬੀ.ਆਰ. ਗਵਈ ਦੀ ਅਗਵਾਈ ਵਾਲੇ ਬੈਂਚ ਨੇ ਸੋਮਵਾਰ ਨੂੰ ਚੰਡੀਗੜ੍ਹ ਪ੍ਰਸ਼ਾਸਨ ਵਲੋਂ ਪੇਸ਼ ਹੋਏ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਦੀ ਬੇਨਤੀ 'ਤੇ ਅਗਲੀ ਸੁਣਵਾਈ ਦੀ ਤਰੀਕ ਦਿੱਤੀ। ਦੱਸਣਯੋਗ ਪਟੀਸ਼ਨ ਵਿਚ ਭਾਈ ਹਵਾਰਾ ਨੇ ਦਲੀਲ ਦਿੱਤੀ ਹੈ ਕਿ ਦਿੱਲੀ ਵਿਚ ਉਨ੍ਹਾਂ ਵਿਰੁੱਧ ਕੋਈ ਕੇਸ ਲੰਬਿਤ ਨਹੀਂ ਹੈ।ਉਹ ਪੰਜਾਬ ਵਿਚ ਇਕ ਪੁਰਾਣੇ ਕੇਸ ਦੀ ਸੁਣਵਾਈ ਵਿਚ ਸ਼ਾਮਿਲ ਨਹੀਂ ਹੋ ਪਾ ਰਹੇ ਕਿਉਂਕਿ ਉਨ੍ਹਾਂ ਨੂੰ ਦਿੱਲੀ ਤੋਂ ਪੇਸ਼ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਦੀ 14 ਸਾਲ ਦੀ ਧੀ ਪੰਜਾਬ ਵਿਚ ਰਹਿੰਦੀ ਹੈ ਪਰ ਉਹ ਜੇਲ੍ਹ ਵਿਚ ਹੋਣ ਕਰਕੇ ਉਸ ਨੂੰ ਮਿਲ ਨਹੀਂ ਪਾ ਰਹੇ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ 4 ਫਰਵਰੀ 2025 ਨੂੰ ਹੋਈ ਸੁਣਵਾਈ ਦੌਰਾਨ ਭਾਈ ਹਵਾਰਾ ਦੀ ਪਟੀਸ਼ਨ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਨੂੰ ਸਿਰਫ਼ ਚੰਡੀਗੜ੍ਹ ਹੀ ਤਬਦੀਲ ਕੀਤਾ ਜਾ ਸਕਦਾ ਹੈ, ਪੰਜਾਬ ਵਿਚ ਨਹੀਂ ਕਿਉਂਕਿ ਉਨ੍ਹਾਂ ਦੀ ਸੁਣਵਾਈ ਦੀ ਪ੍ਰਕਿਰਿਆ ਚੰਡੀਗੜ੍ਹ ਵਿਚ ਹੋਈ ਸੀ।

# ਉੱਘੇ ਕਵੀ ਪਸ਼ੌਰਾ ਸਿੰਘ ਢਿੱਲੋਂ ਦਾ ਦੇਹਾਂਤ

**ਕੈਲੀਫੋਰਨੀਆ:** ਬਹੁਤ ਹੀ ਨਿੱਘੇ ਸੁਭਾਅ ਦੀ ਮਿੱਠਬੋਲੜੀ ਸ਼ਖਸ਼ੀਅਤ ਦੇ ਮਾਲਕ, ਉੱਘੇ ਕਵੀ ਪਸ਼ੌਰਾ ਸਿੰਘ ਢਿੱਲੋਂ ਦਾ ਅਚਾਨਕ ਹਾਰਟ ਅਟੈਕ ਨਾਲ ਜ਼ਿੰਦਗੀ ਦਾ ਮੈਦਾਨ ਛੱਡ ਜਾਣਾ ਬਹੁਤ ਅਫ਼ਸੋਸਨਾਕ ਹੈ। ਪੰਜਾਬੀ ਸਾਹਿਤ ਨੂੰ ਇਸ ਅਣਹੋਣੀ ਨਾਲ ਨਾਪੂਰਨਯੋਗ ਘਾਟਾ ਪਿਆ ਹੈ। ਪਰਮਾਤਮਾ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਬਖ਼ਸ਼ੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।



ਉਨ੍ਹਾਂ ਦਾ ਜਨਮ ਸੰਨ 1939 ਵਿਚ ਲਾਹੌਰ ਪਾਕਿਸਤਾਨ ਵਿਚ ਹੋਇਆ ਸੀ ਤੇ ਵੰਡ ਵੇਲੇ ਉਹ ਪਰਿਵਾਰ ਸਣੇ ਭਾਰਤ ਆ ਗਏ ਸਨ ਅਤੇ ਭਕਨਾ ਪਿੰਡ ਵਿਚ ਰਹੇ ਆਪਣੇ ਨਜ਼ਦੀਕੀ ਰਿਸ਼ਤੇਦਾਰ ਬਾਬਾ ਸੋਹਣ ਸੋਹਣ ਸਿੰਘ ਭਕਨਾ ਕੋਲ ਰਹੇ। ਉਨ੍ਹਾਂ ਆਪਣੀ ਪਹਿਲੀ ਕਵਿਤਾ 'ਰੂਹ ਮੇਰੇ ਪੰਜਾਬ ਦੀ' 1968 ਵਿਚ ਲਿਖੀ ਸੀ। ਉਨ੍ਹਾਂ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਗਰੈਜੂਏਸ਼ਨ ਕੀਤੀ ਅਤੇ ਮਗਰੋਂ ਹਾਰਟੀਕਲਚਰਲ ਇੰਸਪੈਕਟਰ ਵਜੋਂ ਕੰਮ ਕੀਤਾ। ਉਹ ਚੰਗੇ ਭਵਿੱਖ ਲਈ ਪਹਿਲਾਂ ਇੰਗਲੈਂਡ ਅਤੇ ਮਗਰੋਂ ਅਮਰੀਕਾ ਚਲੇ ਗਏ ਅਤੇ ਕੈਲੀਫੋਰਨੀਆ ਵਿਚ ਰਹਿ ਰਹੇ ਸਨ। ਉਨ੍ਹਾਂ ਦੀ ਕਿਤਾਬ 'ਦੀਵਾ ਬਲੇ ਸਮੁੰਦਰੋਂ ਪਾਰ' ਅਤੇ ਐਲਬਮ 'ਅਵਾਜ਼ ਤੇ ਪਰਵਾਜ਼' ਨੂੰ ਵਧੀਆ ਹੁੰਗਾਰਾ ਮਿਲਿਆ।


ਸ. ਪਸ਼ੌਰਾ ਸਿੰਘ ਦਾ ਅੰਤਿਮ ਸਸਕਾਰ 24 ਅਪਰੈਲ ਦਿਨ ਵੀਰਵਾਰ ਨੂੰ ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ 4800 E.Clayton Ave. Fowler, CA 93635 ਵਿਖੇ ਸਵੇਰੇ 11 ਵਜੇ ਹੋਵੇਗਾ। ਉਪਰੰਤ ਦੁਪਹਿਰ 12 ਵਜੇ ਸਿੱਖ ਸੈਂਟਰ ਆਫ ਪੈਸੀਫਿਕ ਕੋਸਟ (ਸੈਲਮਾ ਗੁਰਦੁਆਰਾ) ਵਿਖੇ ਅੰਤਿਮ ਅਰਦਾਸ ਅਤੇ ਕੀਰਤਨ ਹੋਵੇਗਾ।

(ਪਹਿਲੇ ਸਫ਼ੇ ਦਾ ਬਾਕੀ)

## ਨਹੀਂ ਰਹੇ ਪੋਪ...

ਕੋਲ ਵਾਪਸ ਚਲੇ ਗਏ। ਉਨ੍ਹਾਂ ਦਾ ਪੂਰਾ ਜੀਵਨ ਈਸ਼ਵਰ ਅਤੇ ਉਨ੍ਹਾਂ ਦੀ ਚਰਚ ਦੀ ਸੇਵਾ ਲਈ ਸਮਰਪਿਤ ਰਿਹਾ। ਸੋਮਵਾਰ ਰਾਤ 11.30 ਵਜੇ ਪੋਪ ਦੀ ਮ੍ਰਿਤਕ ਦੇਹ ਨੂੰ ਤਾਬੂਤ 'ਚ ਰਖਿਆ ਗਿਆ। ਇਕ ਬੁਲਾਰੇ ਅਨੁਸਾਰ ਬੁੱਧਵਾਰ ਸਵੇਰੇ ਆਖਰੀ ਦਰਸ਼ਨਾਂ ਲਈ ਪੋਪ ਦੀ ਦੇਹ ਨੂੰ ਸੇਂਟ ਪੀਟਰਜ਼ ਬੈਸਿਲਿਕਾ ਲਿਜਾਇਆ ਗਿਆ। ਹੁਣ ਰਵਾਇਤੀ ਸੋਗ ਤੇ ਅੰਤਿਮ ਸਸਕਾਰ ਦੀ ਪ੍ਰਕਿਰਿਆ ਹੈ। ਹਾਲਾਂਕਿ ਅਜੇ ਤੱਕ ਇਨ੍ਹਾਂ ਦੀ ਤਰੀਕ ਨਹੀਂ ਐਲਾਨੀ ਗਈ ਹੈ। ਸਭ ਤੋਂ ਪਹਿਲਾਂ ਪੋਪ ਦੇ ਨਿਵਾਸ ਸਥਾਨ ਸੇਂਟ ਪੀਟਰਜ਼ ਬੈਸਿਲਿਕਾ ਦੇ ਨਾਲ ਬਣੇ ਛੋਟੇ ਚਰਚ ਸੈਂਟਾ ਮਾਰਟਾ 'ਚ ਉਨ੍ਹਾਂ ਦੀ ਦੇਹ ਦਰਸ਼ਨਾਂ ਲਈ ਰੱਖੀ ਗਈ। ਜਿਸ ਤੋਂ ਬਾਅਦ ਸੇਂਟ ਪੀਟਰਜ਼ 'ਚ ਆਮ ਜਨਤਾ ਲਈ ਲਿਜਾਇਆ ਜਾਵੇਗਾ।

# ਰਾਹੁਲ ਗਾਂਧੀ ਨੇ ਚੋਣ ਕਮਿਸ਼ਨ ਨੂੰ ਸਮਝੌਤਾਵਾਦੀ ਕਿਹਾ



**ਬੋਸਟਨ:** ਕਾਂਗਰਸ ਦੇ ਸਾਬਕਾ ਪ੍ਰਧਾਨ ਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਚੋਣ ਕਮਿਸ਼ਨ 'ਤੇ ਫਿਰ ਸਵਾਲ ਕੀਤੇ ਹਨ। ਮਹਾਂਰਾਸ਼ਟਰ ਵਿਧਾਨ ਸਭਾ ਚੋਣਾਂ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਨੇ ਦੋਸ਼ ਲਗਾਏ ਹਨ ਕਿ ਚੋਣ ਕਮਿਸ਼ਨ ਨੇ ਸਮਝੌਤਾ ਕਰ ਲਿਆ ਹੈ ਤੇ ਉਸ ਦੀ ਪ੍ਰਣਾਲੀ ਵਿਚ ਗੜਬੜ ਹੈ। ਦੋ ਦਿਨਾ ਦੌਰੇ 'ਤੇ ਅਮਰੀਕਾ ਪੁੱਜੇ ਰਾਹੁਲ ਨੇ ਬੋਸਟਨ ਵਿਚ ਪਰਵਾਸੀ ਸੰਮੇਲਨ ਦੌਰਾਨ ਦਾਅਵਾ ਕੀਤਾ ਕਿ ਆਸਾਨ ਲਫ਼ਜ਼ਾਂ ਵਿਚ ਕਹੀਏ ਵਿਚ ਮਹਾਂਰਾਸ਼ਟਰ ਵਿਧਾਨ ਸਭਾ ਚੋਣਾਂ ਵਿਚ ਸੂਬੇ ਵਿਚ ਬਾਲਿਗਾਂ ਦੀ ਗਿਣਤੀ ਤੋਂ ਵੱਧ ਲੋਕਾਂ ਨੇ ਵੋਟਾਂ ਪਾਈਆਂ ਹਨ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੇ ਸਾਨੂੰ ਦੱਸਿਆ ਕਿ ਸ਼ਾਮ ਸਾਢੇ ਪੰਜ ਵਜੇ ਤੱਕ ਦੀ ਵੋਟਿੰਗ ਦੇ ਅੰਕੜੇ ਦਿੱਤੇ ਹਨ ਤੇ ਸ਼ਾਮ ਸਾਢੇ 5 ਵਜੇ ਤੋਂ ਸਾਢੇ ਸੱਤ ਵਜੇ ਵਿਚਾਲੇ 65 ਲੱਖ ਵੋਟਰਾਂ ਨੇ ਵੋਟ ਵੀ ਪਾ ਦਿੱਤੀ। ਸੀਨੀਅਰ ਸੰਸਦ ਮੈਂਬਰ ਨੇ ਕਿਹਾ ਕਿ ਏਨੇ ਘੱਟ ਸਮੇਂ ਵਿਚ ਏਨੇ ਜ਼ਿਆਦਾ ਲੋਕਾਂ ਦਾ ਵੋਟਿੰਗ ਕੇਂਦਰ ਤੱਕ ਪਹੁੰਚ ਕੇ ਵੋਟਾਂ ਪਾਉਣਾ ਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਇਕ ਵੋਟਰ ਨੂੰ ਵੋਟ ਪਾਉਣ ਵਿਚ ਤਿੰਨ ਮਿੰਟ ਤਾਂ ਲੱਗਦੇ ਹਨ ਤੇ ਜੇ ਹਿਸਾਬ ਲਗਾਈਏ ਤਾਂ ਵੋਟਰਾਂ ਦੀਆਂ ਕਤਾਰਾਂ ਰਾਤ ਦੋ ਵਜੇ ਤੱਕ ਲੱਗੀਆਂ ਹੋਣਗੀਆਂ ਪਰ ਇਹ ਸਭ ਹੋਣਾ ਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਉਨ੍ਹਾਂ ਕੋਲੋਂ ਵੀਡੀਓਗ੍ਰਾਫੀ ਮੰਗੀ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਨਾ-ਸਿਰਫ਼ ਨਾਂਹ ਕਰ ਦਿੱਤੀ ਸਗੋਂ ਉਨ੍ਹਾਂ ਇਹ ਕਾਨੂੰਨ ਵੀ ਬਦਲ ਦਿੱਤਾ ਕਿ ਤਾਂ ਜੋ ਸਾਨੂੰ ਇਹ ਸਵਾਲ ਕਰਨ ਦੀ ਪ੍ਰਵਾਨਗੀ ਨਾ ਮਿਲ ਸਕੇ। ਰਾਹੁਲ ਗਾਂਧੀ ਨੇ ਕਿਹਾ ਕਿ ਸਾਡੇ ਇਹ ਸਪੱਸ਼ਟ ਹੈ ਕਿ ਚੋਣ ਕਮਿਸ਼ਨ ਨੇ ਸੱਤਾਧਾਰੀ ਧਿਰ ਨਾਲ ਮਿਲੀਭੁਗਤ ਕੀਤੀ ਹੋਈ ਹੈ। ਇਹ ਵੀ ਸਾਫ਼ ਹੈ ਕਿ ਉਸ ਦੀ ਪ੍ਰਣਾਲੀ ਵਿਚ ਕੁਝ ਗੜਬੜ ਹੈ। ਉਨ੍ਹਾਂ ਅੱਗੇ ਕਿਹਾ ਕਿ ਮੈਂ ਕਈ ਵਾਰ ਇਹ ਗੱਲ ਕਹਿੰਦਾ ਆਇਆ ਹਾਂ। ਉਨ੍ਹਾਂ ਨੇ ਬੋਸਟਨ ਵਿਚ ਆਪਣੇ ਸਬੰਧਾਂ ਦੌਰਾਨ ਭਾਰਤ-ਅਮਰੀਕਾ ਸਬੰਧਾਂ ਬਾਰੇ ਵੀ ਗੱਲਬਾਤ ਕੀਤੀ।

(ਪਹਿਲੇ ਸਫ਼ੇ ਦਾ ਬਾਕੀ)

## ਪਹਿਲਗਾਮ ਲਹੂ ਲੁਹਾਣ

ਹੈ ਕਿ ਕਰਨਾਟਕ ਤੋਂ ਤੋਂ ਵੀ ਅਧਿਕਾਰੀਆਂ ਦੀ ਇਕ ਟੀਮ ਕਸ਼ਮੀਰ ਲਈ ਰਵਾਨਾ ਹੋ ਗਈ ਹੈ। ਸਬੰਧਤ ਅਧਿਕਾਰੀਆਂ ਨੇ ਵੀ ਦੱਸਿਆ ਕਿ ਜਿਸ ਥਾਂ ਇਹ ਹਮਲਾ ਹੋਇਆ, ਉੱਥੇ ਪੁੱਜਣਾ ਆਸਾਨ ਨਹੀਂ ਹੈ। ਹਮਲੇ ਤੋਂ ਬਾਅਦ ਪੁਲਿਸ, ਫ਼ੌਜ ਤੇ ਸੀਆਰਪੀਐੱਫ ਦੇ ਜਵਾਨਾਂ ਦਾ ਦਸਤਾ ਮੌਕੇ 'ਤੇ ਪੁੱਜ ਚੁੱਕਾ ਹੈ। ਅਧਿਕਾਰੀਆਂ ਨੇ ਕਿਹਾ ਕਿ ਸੰਭਵ ਹੈ ਕਿ ਅੱਤਵਾਦੀ ਜੰਮੂ ਦੇ ਕਿਸ਼ਤਵਾੜ ਤੋਂ ਦੱਖਣੀ ਕਸ਼ਮੀਰ ਦੇ ਕੋਕਰਨਾਗ ਰਸਤੇ ਬੈਸਰਨ ਪੁੱਜੇ ਹੋਣ।

ਜ਼ਿਕਰਯੋਗ ਹੈ ਕਿ ਅਮਰਨਾਥ ਯਾਤਰਾ ਲਈ ਪਹਿਲਗਾਮ ਰੂਟ ਅਹਿਮ ਹੈ। ਇਸ ਰੂਟ ਤੋਂ ਗੁਫ਼ਾ ਤੱਕ ਪੁੱਜਣ 'ਚ ਤਿੰਨ ਦਿਨ ਲੱਗਦੇ ਹਨ। ਪਹਿਲਗਾਮ ਤੋਂ ਪਹਿਲਾ ਪੜਾਅ ਚੰਦਨਵਾੜੀ ਹੈ, ਜਿੱਥੋਂ ਚੜ੍ਹਾਈ ਸ਼ੁਰੂ ਹੁੰਦੀ ਹੈ। ਇਹ ਬੇਸ ਕੈਂਪ ਤੋਂ 16 ਕਿਲੋਮੀਟਰ ਦੂਰ ਹੈ। ਤਿੰਨ ਕਿਮੀ ਚੜ੍ਹਾਈ ਤੋਂ ਬਾਅਦ ਯਾਤਰਾ ਪਿੱਸੂ ਟਾਪ 'ਤੇ ਪੁੱਜਦੀ ਹੈ, ਜਿੱਥੋਂ ਪੈਦਲ ਚੱਲਦਿਆਂ ਸ਼ਾਮ ਤੱਕ ਯਾਤਰਾ ਸ਼ੇਸ਼ਨਾਗ ਪੁੱਜਦੀ ਹੈ। ਇਹ ਸਫ਼ਰ ਕਰੀਬ ਨੌਂ ਕਿਲੋਮੀਟਰ ਦਾ ਹੈ। ਅਗਲੇ ਦਿਨ ਯਾਤਰੀ ਸ਼ੇਸ਼ਨਾਗ ਤੋਂ 14 ਕਿਲੋਮੀਟਰ ਦੂਰ ਪੰਚਤਰਨੀ ਜਾਂਦੇ ਹਨ। ਪੰਚਤਰਨੀ ਤੋਂ ਗੁਫ਼ਾ ਦੂਰੀ ਸਿਰਫ਼ ਛੇ ਕਿਲੋਮੀਟਰ ਹੈ।





## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਸੁਰਿੰਦਰ ਸਿੰਘ ਸੁੰਨੜ

# ਰੋਟੀ ਲਈ ਘਰ ਵਿਚ ਵੜੇ ਦਲਿਤ ਬੱਚੇ ਦੀ ਭਰੀ ਪੰਚਾਇਤ 'ਚ ਕੁੱਟਮਾਰ

**ਅੰਮ੍ਰਿਤਸਰ:** ਜੰਡਿਆਲਾ ਗੁਰੂ ਹਲਕੇ ਦੇ ਪਿੰਡ ਨਿਜ਼ਾਮਪੁਰਾ 'ਚ ਦਲਿਤ ਭਾਈਚਾਰੇ ਦੇ ਇਕ 14 ਸਾਲਾ ਲੜਕੇ ਦੀ ਭਰੀ ਪੰਚਾਇਤ 'ਚ ਕੁੱਟਮਾਰ ਕੀਤੀ ਗਈ। ਇਹ ਘਟਨਾ 15 ਅਪ੍ਰੈਲ ਦੀ ਹੈ। ਲੜਕਾ ਭੁੱਖ ਲੱਗਣ 'ਤੇ ਕੰਧ ਟੱਪ ਕੇ ਪਿੰਡ ਦੇ ਗੁਰਿੰਦਰ ਸਿੰਘ ਦੇ ਘਰ ਵੜ ਗਿਆ ਸੀ। ਖਾਣਾ ਚੋਰੀ ਕਰਨ ਲੱਗਿਆ ਜਦੋਂ ਬਰਤਨ ਡਿੱਗਣ 'ਤੇ ਪਤਾ ਲੱਗਿਆ ਤਾਂ ਗੁਰਿੰਦਰ ਆਪਣੇ ਪਰਿਵਾਰ ਸਮੇਤ ਮੌਕੇ 'ਤੇ ਪਹੁੰਚਿਆ ਤੇ ਪਹਿਲਾਂ ਉਸ ਨੂੰ ਘਰ ਦੇ ਅੰਦਰ ਕੁੱਟਿਆ ਤੇ ਫਿਰ ਪੰਚਾਇਤ ਬੁਲਾਈ ਗਈ। ਉਸ ਨੂੰ ਭਰੀ ਪੰਚਾਇਤ 'ਚ ਕੁੱਟਿਆ ਗਿਆ ਤੇ ਜ਼ਲੀਲ ਕੀਤਾ ਗਿਆ। ਕੁੱਟਮਾਰ ਨਾਲ ਜ਼ਖਮੀ ਹੋਏ ਲੜਕੇ ਨੂੰ ਦੋ ਦਿਨ ਹਸਪਤਾਲ 'ਚ ਰਹਿਣਾ ਪਿਆ। ਪੀੜਤ ਧਿਰ ਨੇ ਇਸ ਸੰਬੰਧੀ ਪੁਲਿਸ ਨੂੰ ਕੋਈ ਸ਼ਿਕਾਇਤ ਨਹੀਂ ਦਿੱਤੀ। ਹਸਪਤਾਲ ਤੋਂ ਕਿਸੇ ਨੇ ਦਲਿਤ ਭਾਈਚਾਰੇ ਦੇ ਨੇਤਾ ਕਰਮਜੀਤ ਸਿੰਘ ਨੂੰ ਘਟਨਾ ਦੀ ਜਾਣਕਾਰੀ ਦਿੱਤੀ ਤਾਂ ਉਹ ਹਸਪਤਾਲ ਪੁੱਜੇ ਤੇ ਪੂਰੇ ਮਾਮਲੇ ਤੋਂ ਮੁੱਖ ਮੰਤਰੀ ਭਗਵੰਤ ਮਾਨ, ਐੱਸਸੀ ਕਮਿਸ਼ਨ, ਡੀਸੀ ਤੇ ਐੱਸਐੱਸਪੀ ਨੂੰ ਜਾਣੂ ਕਰਵਾਇਆ ਗਿਆ। ਨਾਲ ਹੀ ਉਨ੍ਹਾਂ ਨੇ ਜੰਡਿਆਲਾ ਗੁਰੂ ਥਾਣੇ 'ਚ ਬੱਚੇ ਨੂੰ ਭਰੀ ਪੰਚਾਇਤ 'ਚ ਕੁੱਟਣ ਦੀ ਸ਼ਿਕਾਇਤ ਵੀ ਦਿੱਤੀ। ਸ਼ਿਕਾਇਤ ਮਿਲਣ ਤੋਂ ਬਾਅਦ ਪੁਲਿਸ ਨੇ ਐਤਵਾਰ ਨੂੰ ਕਾਰਵਾਈ ਕਰਦਿਆਂ ਮੁਲਜ਼ਮ ਗੁਰਿੰਦਰ ਸਿੰਘ ਖ਼ਿਲਾਫ਼ ਮਾਰਕੁੱਟ ਤੇ ਐੱਸਸੀਐੱਸਟੀ ਐਕਟ ਤਹਿਤ ਕੇਸ ਦਰਜ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਕਰਮਜੀਤ ਨੇ ਦੱਸਿਆ ਕਿ ਪਿੰਡ ਦਾ ਇਕ ਪਰਿਵਾਰ ਮਿਹਨਤ-ਮਜ਼ਦੂਰੀ ਕਰ ਕੇ ਆਪਣਾ ਗੁਜ਼ਾਰਾ ਕਰਦਾ ਹੈ। ਕੁਝ ਦਿਨ ਪਹਿਲਾਂ ਪਰਿਵਾਰ ਦਾ 14 ਸਾਲਾਂ ਦਾ ਮੁੰਡਾ ਭੁੱਖ ਲੱਗਣ 'ਤੇ ਗੁਰਵਿੰਦਰ ਸਿੰਘ ਉਰਫ਼ ਗਿੰਦਰ ਦੇ ਘਰ ਦਾਖ਼ਲ ਹੋਇਆ। ਕਰਮਜੀਤ ਨੇ ਦੋਸ਼ ਲਗਾਇਆ ਕਿ ਜਦੋਂ ਗੁਰਵਿੰਦਰ ਸਿੰਘ ਨੂੰ ਉਸ ਦੇ ਘਰ 'ਚ ਦਾਖਲ ਹੋਣ ਬਾਰੇ ਪਤਾ ਲੱਗਾ ਤਾਂ ਉਸ ਨੇ ਲੜਕੇ ਦੀ ਕੁੱਟਮਾਰ ਕੀਤੀ। ਉਸ 'ਤੇ ਲੋਹੇ ਦੀਆਂ ਰਾਡਾਂ ਨਾਲ ਕਈ ਵਾਰ ਹਮਲਾ ਕੀਤਾ ਤੇ ਉਸ ਦਾ ਸਿਰ ਪਾੜ ਗਿਆ। ਬੱਚੇ ਦੇ ਸਿਰ 'ਤੇ ਟਾਂਕੇ ਲਗਾਉਣੇ ਪਏ ਤੇ ਉਸ ਨੂੰ ਦੋ ਦਿਨ ਸਰਕਾਰੀ ਹਸਪਤਾਲ 'ਚ ਵੀ ਰਹਿਣਾ ਪਿਆ। ਦੋਸ਼ ਹੈ ਕਿ ਗੁਰਵਿੰਦਰ ਸਿੰਘ ਪਰਿਵਾਰ ਨੂੰ ਪਿੰਡ 'ਚ ਦਾਖ਼ਲ ਨਾ ਹੋਣ ਦੇਣ ਦੀਆਂ ਧਮਕੀਆਂ ਵੀ ਦੇ ਰਿਹਾ ਸੀ। ਐਤਵਾਰ ਨੂੰ ਬੱਚੇ ਨੂੰ ਹਸਪਤਾਲ ਤੋਂ ਉਨ੍ਹਾਂ ਦੇ ਘਰ ਛੱਡਣ ਆਏ ਕਰਮਜੀਤ ਨੇ ਦੱਸਿਆ ਕਿ ਇਹ ਮੁੱਦਾ ਨਿਜ਼ਾਮਪੁਰਾ ਪਿੰਡ ਦੀ ਪੰਚਾਇਤ 'ਚ ਵੀ ਚੁੱਕਿਆ ਗਿਆ ਸੀ। ਪਰ ਪੰਚਾਇਤ ਨੇ ਗੁਰਵਿੰਦਰ ਸਿੰਘ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ। ਸਗੋਂ ਉਨ੍ਹਾਂ ਨੇ ਪੀੜਤ ਪਰਿਵਾਰ ਬਾਰੇ ਬੁਰਾ-ਭਲਾ ਕਿਹਾ। ਮੁਲਜ਼ਮ ਗੁਰਵਿੰਦਰ ਸਿੰਘ ਨੇ ਲੜਕੇ ਨੂੰ ਜ਼ਮੀਨ 'ਤੇ ਲਿਟਾ ਦਿੱਤਾ ਤੇ ਪੰਚਾਇਤ ਸਾਹਮਣੇ ਬੁਰੀ ਤਰ੍ਹਾਂ ਕੁੱਟਿਆ।



## ਕੁੱਟਮਾਰ ਦੇ ਦੋਸ਼ ਬੇਬੁਨਿਆਦ: ਪੰਚਾਇਤ

ਪਿੰਡ ਦੀ ਸਰਪੰਚ ਰਾਜਵਿੰਦਰ ਕੌਰ ਤੇ ਪੰਚ ਹਰਪ੍ਰੀਤ ਸਿੰਘ ਨੇ ਕਿਹਾ ਉਨ੍ਹਾਂ ਨੇ ਜੰਡਿਆਲਾ ਗੁਰੂ ਥਾਣੇ 'ਚ ਬੱਚੇ ਨੂੰ ਭਰੀ ਪੰਚਾਇਤ'ਚ ਕੁੱਟਣ ਦੀ ਸ਼ਿਕਾਇਤ ਵੀ ਦਿੱਤੀ ਹੈ। ਸ਼ਿਕਾਇਤ ਮਿਲਣ ਤੋਂ ਬਾਅਦ ਪੁਲਿਸ ਨੇ ਐਤਵਾਰ ਨੂੰ ਕਾਰਵਾਈ ਕਰਦਿਆਂ ਮੁਲਜ਼ਮ ਗੁਰਿੰਦਰ ਸਿੰਘ ਖ਼ਿਲਾਫ਼ ਮਾਰਕੁੱਟ ਤੇ ਐੱਸਸੀਐੱਸਟੀ ਐਕਟ ਤਹਿਤ ਕੇਸ ਦਰਜ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ।ਕਰਮਜੀਤ ਨੇ ਦੱਸਿਆ ਕਿ ਪਿੰਡ ਦਾ ਇਕ ਪਰਿਵਾਰ ਮਿਹਨਤ-ਮਜ਼ਦੂਰੀ ਕਰ ਕੇ ਆਪਣਾ ਗੁਜ਼ਾਰਾ ਕਰਦਾ ਹੈ। ਕੁਝ ਦਿਨ ਪਹਿਲਾਂ ਪਰਿਵਾਰ ਦਾ 14 ਸਾਲਾਂ ਦਾ ਮੁੰਡਾ ਭੁੱਖ ਲੱਗਣ 'ਤੇ ਗੁਰਵਿੰਦਰ ਸਿੰਘ ਉਰਫ਼ ਗਿੰਦਰ ਦੇ ਘਰ ਦਾਖ਼ਲ ਹੋਇਆ। ਦੋਸ਼ ਲਗਾਇਆ ਗਿਆ ਕਿ ਇਹ ਲੜਕਾ ਪਹਿਲਾਂ ਵੀ ਤਿੰਨ ਵਾਰ ਚੋਰੀ ਕਰ ਚੁੱਕਾ ਹੈ। ਪਰ ਪੰਚਾਇਤ ਦੇ ਹੁਕਮਾਂ 'ਤੇ ਤਿੰਨੇ ਵਾਰ ਪੁਲਿਸ ਕੋਲ ਕੋਈ ਸ਼ਿਕਾਇਤ ਦਰਜ ਨਹੀਂ ਕਰਵਾਈ ਗਈ। ਲੜਕੇ ਨੇ ਘਟਨਾ ਵਾਲੀ ਰਾਤ ਨੂੰ ਵੀ ਚੋਰੀ ਕੀਤੀ ਸੀ। ਬਾਹਰੋਂ ਆਉਣ ਵਾਲੇ ਕੁਝ ਲੋਕ ਪਿੰਡ ਦਾ ਮਾਹੌਲ ਖਰਾਬ ਕਰ ਰਹੇ ਹਨ।

# ਪਸ਼ੀਆ ਨੇ ਰਿੰਦਾ ਨਾਲ ਰਚੀ ਸੀ ਪੰਜਾਬ ਨੂੰ ਦਹਿਲਾਉਣ ਦੀ ਸਾਜ਼ਿਸ਼

**ਚੰਡੀਗੜ੍ਹ:** ਪੰਜਾਬ ਪੁਲਿਸ ਵੱਲੋਂ ਸ਼ਨੀਵਾਰ ਨੂੰ ਇਕ ਹੀ ਦਿਨ 'ਚ ਵੱਡੀ ਮਾਤਰਾ 'ਚ ਹਥਿਆਰਾਂ ਨਾਲ ਇਕ ਨਾਬਾਲਗ ਸਮੇਤ 13 ਅੱਤਵਾਦੀਆਂ ਨੂੰ ਗ੍ਰਿਫਤਾਰ ਕਰਕੇ ਵੱਡੇ ਅੱਤਵਾਦੀ ਹਮਲਿਆਂ ਨੂੰ ਨਾਕਾਮ ਕਰਨ ਦਾ ਦਾਅਵਾ ਕੀਤਾ ਗਿਆ ਹੈ। ਪੁਲਿਸ ਦਾ ਦਾਅਵਾ ਹੈ ਕਿ ਇਸ ਮਾਡਿਊਲ ਨੂੰ ਭਾਵੇਂ ਫਰਾਂਸ 'ਚ ਰਹਿ ਰਿਹਾ ਅੱਤਵਾਦੀ ਸਤਨਾਮ ਸਿੰਘ ਉਰਫ ਸੱਤਾ ਅਤੇ ਗ੍ਰੀਸ 'ਚ ਰਹਿੰਦਾ ਅੱਤਵਾਦੀ ਜਸਵਿੰਦਰ ਉਰਫ ਮਨੂੰ ਅਗਵਾਨ ਚਲਾ ਰਹੇ ਸਨ, ਪਰ ਸੂਬੇ ਨੂੰ ਦਹਿਲਾਉਣ ਦੀ ਸਾਜਿਸ਼ ਪਿਛਲੇ ਦਿਨੀਂ ਅਮਰੀਕਾ 'ਚ ਫੜੇ ਗਏ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਦੇ ਅੱਤਵਾਦੀ ਹਰਪ੍ਰੀਤ ਸਿੰਘ ਉਰਫ ਹੈਪੀ ਪਸ਼ੀਆ ਨੇ ਪਾਕਿਸਤਾਨ 'ਚ ਰਹਿੰਦੇ ਅੱਤਵਾਦੀ ਹਰਿੰਦਰ ਸਿੰਘ ਰਿੰਦਾ ਨਾਲ ਮਿਲਕੇ ਰਚੀ ਸੀ।

ਰਿੰਦਾ ਨੇ ਹੀ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐੱਸ.ਆਈ. ਤੋਂ ਡ੍ਰੋਨ ਰਾਹੀਂ ਹਥਿਆਰਾਂ ਨੂੰ ਭਾਰਤ ਪਹੁੰਚਾਇਆ ਸੀ ਅਤੇ ਇਨ੍ਹਾਂ ਹਥਿਆਰਾਂ ਨੂੰ ਚੁੱਕਣ ਅਤੇ ਅੱਗੇ ਸਪਲਾਈ ਕਰਨ ਦਾ ਕੰਮ ਅੱਤਵਾਦੀ ਹੈਪੀ ਪਸ਼ੀਆ ਨੇ ਹੀ ਕੀਤਾ ਸੀ। ਇਹੀ ਕਾਰਨ ਹੈ ਕਿ ਜਲੰਧਰ ਦੀ ਕਾਊਂਟਰ ਇੰਟੈਲੀਜੈਂਸ ਦੀ ਟੀਮ ਨੇ ਚਾਰ ਅੱਤਵਾਦੀਆਂ ਨੂੰ ਹਥਿਆਰਾਂ ਦੇ ਨਾਲ ਫੜਨ ਤੋਂ ਬਾਅਦ ਇਸ ਸੰਬੰਧ 'ਚ ਐੱਸਐੱਸਓਸੀ ਅੰਮ੍ਰਿਤਸਰ 'ਚ ਦਰਜ ਕਰਵਾਈ ਗਈ ਐੱਫਆਈਆਰ 'ਚ ਸਭ ਤੋਂ ਉੱਪਰ ਅੱਤਵਾਦੀ ਰਿੰਦਾ, ਉਸ ਤੋਂ ਬਾਅਦ ਅੱਤਵਾਦੀ ਪਸ਼ੀਆ ਦਾ ਨਾਂ ਲਿਖਿਆ ਹੈ। ਖਾਸ ਗੱਲ ਇਹ ਹੈ ਕਿ ਫੜੇ ਗਏ ਮੁਲਜ਼ਮਾਂ 'ਚੋਂ ਹੁਸ਼ਿਆਰਪੁਰ ਦੀ ਬਸਤੀ ਅੰਮ੍ਰਿਤਸਰੀਆਂ ਨਿਵਾਸੀ ਜਗਰੂਪ ਸਿੰਘ ਦੋ ਮਹੀਨੇ ਪਹਿਲਾਂ ਕਰਤਾਰਪੁਰ ਕਾਰੀਡੋਰ ਦੇ ਰਸਤੇ ਪਾਕਿਸਤਾਨ ਸਥਿਤ ਗੁਰਦੁਆਰਾ ਨਨਕਾਣਾ ਸਾਹਿਬ 'ਚ ਮੱਥਾ ਟੇਕਣ ਗਿਆ ਸੀ।ਨੌਸ਼ਹਿਰਾ ਪਨੂੰਆਂ-ਲੋਹਕਾ ਲਿੰਕ ਰੋਡ 'ਤੇ ਸਥਿਤ ਪਿੰਡ ਅਗਵਾਨ ਨਿਵਾਸੀ ਸਤਬੀਰ ਸਿੰਘ ਸੱਤਾ ਬਾਰ੍ਹਵੀਂ ਦੀ ਪੜ੍ਹਾਈ ਤੋਂ ਬਾਅਦ ਆਈਟੀਆਈ ਕਰਕੇ ਕਬੱਡੀ ਖਿਡਾਰੀ ਦੇ ਰੂਪ 'ਚ ਨਾਂ ਕਮਾ ਰਿਹਾ ਸੀ ਜਦਕਿ ਉਸ ਦਾ ਛੋਟਾ ਭਰਾ ਜਗਜੀਤ ਜੱਗੀ ਅਪਰਾਧ ਦੀ ਦੁਨੀਆ 'ਚ ਪੈਰ ਰੱਖ ਚੁੱਕਾ ਸੀ। ਫਰਵਰੀ 2020 'ਚ ਜਦ ਲੁੱਟ ਦੇ ਮਾਮਲੇ 'ਚ ਪੱਟੀ ਦੀ ਪੁਲਿਸ ਨੇ ਮੁਕਾਬਲੇ ਦੌਰਾਨ ਜੱਗੀ ਨੂੰ ਫੜਿਆ ਤਾਂ ਉਸ ਸਮੇਂ ਪਹਿਲੀ ਵਾਰ ਸੱਤਾ ਦੇ ਵਿਰੁੱਧ ਵੀ ਕੇਸ ਦਰਜ ਹੋਇਆ। ਸੱਤਾ ਘਰ ਤੋਂ ਭੱਜ ਕੇ ਕਿਸੇ ਤਰ੍ਹਾਂ ਫਰਾਂਸ ਪਹੁੰਚ ਗਿਆ।

## ਬਟਾਲਾ 'ਚ ਗ੍ਰਿਫ਼ਤਾਰ ਮੁਲਜ਼ਮਾਂ ਨੇ ਹੀ ਥਾਣੇ 'ਤੇ ਕੀਤਾ ਸੀ ਹਮਲਾ

ਬਟਾਲਾ ਪੁਲਿਸ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਨਾਬਾਲਗ ਸਣੇ ਨੌ ਅੱਤਵਾਦੀਆਂ ਤੋਂ ਰਾਕੇਟ ਲਾਚਰ ਬਰਾਮਦ ਹੋਇਆ ਹੈ। ਮੰਨਿਆ ਜਾ ਰਿਹਾ ਹੈ ਕਿ ਛੇ ਅਪ੍ਰੈਲ ਨੂੰ ਡੇਰਾ ਬਾਬਾ ਨਾਨਕ ਦੇ ਕਿਲ੍ਹਾ ਲਾਲ ਸਿੰਘ ਥਾਣੇ ਦੇ ਬਾਹਰ ਇਸੇ ਰਾਕੇਟ ਲਾਂਚਰ ਨਾਲ ਹਮਲਾ ਕੀਤਾ ਗਿਆ ਸੀ। ਹਾਲਾਂਕਿ ਇਸ ਬਾਰੇ ਪੁਲਿਸ ਅਧਿਕਾਰੀ ਕੁਝ ਵੀ ਕਹਿਣ ਤੋਂ ਬਚ ਰਹੇ ਹਨ। ਸ਼ਨੀਵਾਰ ਨੂੰ ਗ੍ਰਿਫ਼ਤਾਰ ਕੀਤੇ ਗਏ ਅੱਤਵਾਦੀਆਂ 'ਚੋਂ ਨਾਬਾਲਗ ਨੂੰ ਹੁਸ਼ਿਆਰਪੁਰ ਜੁਵੇਨਾਈਲ ਜੇਲ੍ਹ ਜਦਕਿ ਬਾਕੀਆਂ ਨੂੰ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ।




## ਮਨੂੰ ਅਗਵਾਨ ਅੱਤਵਾਦੀ ਅਤੇ ਭਰਾ ਹੈ ਨਸ਼ਾ ਤਸਕਰ

ਬਟਾਲਾ 'ਚ ਜਿਸ ਅੱਤਵਾਦੀ ਮਾਡਿਊਲ ਨੂੰ ਫੜਿਆ ਗਿਆ ਹੈ, ਉਸ ਨੂੰ ਗ੍ਰੀਸ 'ਚ ਬੈਠਾ ਜਸਵਿੰਦਰ ਸਿੰਘ ਉਰਫ ਮਨੂੰ ਅਗਵਾਨ ਚਲਾ ਰਿਹਾ ਸੀ। ਮਨੂੰ ਅਗਵਾਨ ਡੇਰਾ ਬਾਬਾ ਨਾਨਕ ਦੇ ਪਿੰਡ ਅਗਵਾਨ ਦਾ ਰਹਿਣ ਵਾਲਾ ਹੈ। ਗੁਰਦਾਸਪੁਰ ਜ਼ਿਲ੍ਹੇ 'ਚ ਹੁਣ ਤੱਕ ਹੋਏ ਪੰਜ ਅੱਤਵਾਦੀ ਹਮਲਿਆਂ ਦੀ ਜ਼ਿੰਮੇਵਾਰੀ ਪਸ਼ੀਆ ਦੇ ਨਾਲ-ਨਾਲ ਮਨੂੰ ਅਗਵਾਨ ਨੇ ਵੀ ਲਈ ਹੈ। ਉਸ ਖ਼ਿਲਾਫ਼ ਵੱਖ-ਵੱਖ ਥਾਣਿਆਂ 'ਚ ਪੰਜ-ਛੇ ਮਾਮਲੇ ਦਰਜ ਹਨ। ਜਸਵਿੰਦਰ ਲਗਪਗ ਪੰਜ ਸਾਲ ਪਹਿਲਾਂ ਗ੍ਰੀਸ ਗਿਆ ਸੀ, ਜਦ ਕਿ ਉਸ ਦਾ ਭਰਾ ਗੁਰਜਿੰਦਰ ਸਿੰਘ ਛੇ ਮਹੀਨੇ ਪਹਿਲਾਂ ਨਸ਼ੇ ਦੇ ਮਾਮਲੇ 'ਚ ਜੇਲ੍ਹ ਜਾ ਚੁੱਕਾ ਹੈ।

# ਲੋਕਪਾਲ ਦੇ ਹੁਕਮਾਂ ਵਿਰੁੱਧ ਅਦਾਲਤ ਜਾਵੇਗਾ ਅਜ਼ਹਰੂਦੀਨ



**ਨਵੀਂ ਦਿੱਲੀ:** ਭਾਰਤ ਦੇ ਸਾਬਕਾ ਭਾਰਤੀ ਕਪਤਾਨ ਮੁਹੰਮਦ ਅਜ਼ਹਰੂਦੀਨ ਰਾਜੀਵ ਗਾਂਧੀ ਅੰਤਰਰਾਸ਼ਟਰੀ ਸਟੇਡੀਅਮ ਦੇ ਉੱਤਰੀ ਸਟੈਂਡ ਤੋਂ ਉਸਦਾ ਨਾਮ ਹਟਾਉਣ ਦੇ ਹੈਦਰਾਬਾਦ ਕ੍ਰਿਕਟ ਐਸੋਸੀਏਸ਼ਨ (ਐੱਚਸੀਏ) ਦੇ ਲੋਕਪਾਲ ਦੇ ਹੁਕਮ 'ਤੇ ਰੋਕ ਲਗਾਉਣ ਲਈ ਤੇਲੰਗਾਨਾ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣ ਦੀ ਯੋਜਨਾ ਬਣਾ ਰਹੇ ਹਨ। ਜਸਟਿਸ (ਸੇਵਾਮੁਕਤ) ਵੀ. ਈਸ਼ਵਰਈਆ ਨੇ ਐੱਚਸੀਏ ਦੀ ਮੈਂਬਰ ਇਕਾਈਆਂ ਵਿਚੋਂ ਇਕ ਲਾਰਡਜ਼ ਕ੍ਰਿਕਟ ਕਲੱਬ ਦੁਆਰਾ ਦਾਇਰ ਪਟੀਸ਼ਨ ਦੇ ਆਧਾਰ 'ਤੇ ਇਹ ਫੈਸਲਾ ਲਿਆ ਜਿਸ ਵਿਚ ਦੋਸ਼ ਲਗਾਇਆ ਗਿਆ ਸੀ ਕਿ ਅਜ਼ਹਰੁਦੀਨ ਨੇ ਮਨਮਾਨੇ ਫੈਸਲੇ ਲੈ ਕੇ ਉਸ ਸਮੇਂ ਦੇ ਐੱਚਸੀਏ ਪ੍ਰਧਾਨ ਵਜੋਂ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ। ਅਜ਼ਹਰੂਦੀਨ ਨੇ ਕਿਹਾ ਕਿ ਮੈਂ ਯਕੀਨੀ ਤੌਰ 'ਤੇ ਕਾਨੂੰਨੀ ਸਹਾਰਾ ਲਵਾਂਗਾ।

# ਭਾਰਤੀ ਵਿਗਿਆਨੀਆਂ ਵੱਲੋਂ ਸਭ ਤੋਂ ਛੋਟੀ ਚਿਪ ਬਣਾਉਣ ਦੀ ਤਜਵੀਜ਼

**ਨਵੀਂ ਦਿੱਲੀ:** ਭਾਰਤੀ ਵਿਗਿਆਨ ਸੰਸਥਾਨ ਦੇ ਵਿਗਿਆਨੀਆਂ ਨੇ ਦੁਨੀਆ ਦੀ ਸਭ ਤੋਂ ਛੋਟੀ ਚਿਪ 'ਐਂਗਸਟ੍ਰਾਮ ਸਕੇਲ' ਬਣਾਉਣ ਦੀ ਤਜਵੀਜ਼ ਰੱਖੀ ਹੈ। ਇਹ ਚਿਪ ਇਸ ਸਮੇਂ ਬਣ ਰਹੀ ਸਭ ਤੋਂ ਛੋਟੀ ਚਿਪ 3-ਨੈਨੋਮੀਟਰ ਨੋਡ ਦੇ ਦਸਵੇਂ ਹਿੱਸੇ ਤੋਂ ਵੀ ਛੋਟੀ ਹੋਵੇਗੀ। ਇਸ ਚਿਪ ਦੇ ਨਿਰਮਾਣ ਨਾਲ ਭਾਰਤ ਸੈਮੀਕੰਡਕਟਰ ਨਿਰਮਾਣ 'ਚ ਅਗਵਾਈ ਕਰਨ ਵਾਲੇ ਦੇਸ਼ ਵਜੋਂ ਉੱਭਰ ਸਕਦਾ ਹੈ। ਇਸ ਸਮੇਂ ਸੈਮੀਕੰਡਕਟਰ ਨਿਰਮਾਣ 'ਚ ਸਿਲੀਕਾਨ ਆਧਾਰਤ ਤਕਨਾਲੋਜੀਆਂ ਦਾ ਬੋਲਬਾਲਾ ਹੈ। ਸੂਤਰਾਂ ਮੁਤਾਬਕ, ਟੀਮ ਨੇ ਸਰਕਾਰ ਨੂੰ 2ਡੀ ਮੈਟੀਰੀਅਲ ਨਾਂ ਦੇ ਨਵੇਂ ਵਰਗ ਦੇ ਸੈਮੀਕੰਡਕਟਰ ਮੈਟੀਰੀਅਲ ਦੀ ਵਰਤੋਂ ਕਰ ਕੇ ਤਕਨਾਲੋਜੀ ਵਿਕਸਤ ਕਰਨ ਦੀ ਤਜਵੀਜ਼ ਰੱਖੀ ਹੈ।



# ਬੱਦਲ ਫਟਣ ਨਾਲ ਮਚੀ ਤਬਾਹੀ; ਤਿੰਨ ਮੌਤਾਂ



**ਊਧਮਪੁਰ:** ਜੰਮੂ ਡਿਵੀਜ਼ਨ ਦੇ ਰਾਮਬਨ ਜ਼ਿਲ੍ਹੇ 'ਚ ਐਤਵਾਰ ਨੂੰ ਸਵੇਰੇ ਭਾਰੀ ਮੀਂਹ, ਗੜ੍ਹੇਮਾਰੀ ਅਤੇ ਬੱਦਲ ਫਟਣ ਨਾਲ ਆਏ ਹੜ੍ਹ 'ਚ ਦੋ ਬੱਚਿਆਂ ਸਮੇਤ ਤਿੰਨ ਲੋਕਾਂ ਦੀ ਮੌਤ ਹੋ ਗਈ। ਜ਼ਿਲ੍ਹੇ ਦੇ ਸੇਰੀ ਬਾਗਨ ਖੇਤਰ 'ਚ ਇਸ ਕੁਦਰਤੀ ਆਫਤ ਕਾਰਨ ਘਰਾਂ 'ਚ ਮਲਬਾ ਭਰ ਗਿਆ। 200 ਤੋਂ ਵੱਧ ਲੋਕਾਂ ਨੂੰ ਕੱਢ ਕੇ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ ਗਿਆ। ਰਣਨੀਤਿਕ ਤੌਰ 'ਤੇ ਅਹਿਮ ਜੰਮੂ-ਸ਼੍ਰੀਨਗਰ ਰਾਸ਼ਟਰੀ ਰਾਜਮਾਰਗ 'ਤੇ ਨਾਸ਼ਰੀ ਅਤੇ ਬਨਿਹਾਲ ਵਿਚਾਲੇ ਇਕ ਦਰਜਨ ਸਥਾਨਾਂ 'ਤੇ ਜ਼ਮੀਨ ਧਸੀ ਅਤੇ ਪਹਾੜ ਤੋਂ ਮਲਬਾ ਡਿੱਗਿਆ ਹੈ, ਜਿਸ ਦੇ ਕਾਰਨ ਦੋਵਾਂ ਪਾਸਿਆਂ ਤੋਂ ਆਵਾਜਾਈ ਬੰਦ ਹੋ ਗਈ ਹੈ। ਇਸ ਕਾਰਨ ਸੈਂਕੜੇ ਯਾਤਰੀ, ਟਰੱਕ ਅਤੇ ਬੱਸਾਂ ਰਸਤੇ 'ਚ ਫਸੀਆਂ ਹੋਈਆਂ ਹਨ। ਪੂਰੇ ਖੇਤਰ 'ਚ ਨਦੀ-ਨਾਲੇ ਚੜ੍ਹੇ ਹੋਏ ਹਨ।

ਧਰਮਕੁੰਡ ਪਿੰਡ 'ਚ 40 ਮਕਾਨਾਂ ਨੂੰ ਭਾਰੀ ਨੁਕਸਾਨ ਹੋਇਆ ਹੈ। ਮੋਬਾਈਲ ਟਾਵਰ ਨੁਕਸਾਨੇ ਜਾਣ ਨਾਲ ਦੂਰਸੰਚਾਰ ਸੇਵਾਵਾਂ ਰੁਕੀਆਂ ਹੋਈਆਂ ਹਨ। ਹੜ੍ਹ ਤੋਂ ਬਚਾਅ ਲਈ ਫੌਜ, ਪੁਲਿਸ, ਕਿਊਆਰਟੀ, ਐੱਨਡੀਆਰਐੱਫ ਤੇ ਐੱਸਡੀਆਰਐੱਫ ਦੀਆਂ ਟੀਮਾਂ ਸਵੇਰੇ ਤੋਂ ਬਚਾਅ ਕਾਰਜਾਂ 'ਚ ਜੁਟੀਆਂ ਹੋਈਆਂ ਹਨ। ਕੇਂਦਰੀ ਰਾਜ ਮੰਤਰੀ ਡਾ. ਜਤਿੰਦਰ ਸਿੰਘ, ਉੱਪ ਰਾਜਪਾਲ ਮਨੋਜ ਸਿਨਹਾ, ਮੁੱਖ ਮੰਤਰੀ ਉਮਰ ਅਬਦੁਲਾ ਨੇ ਤਿੰਨ ਲੋਕਾਂ ਦੀ ਮੌਤ 'ਤੇ ਦੁੱਖ ਜਤਾਇਆ ਹੈ ਅਤੇ ਪ੍ਰਭਾਵਿਤ ਲੋਕਾਂ ਨੂੰ ਛੇਤੀ ਸਹਾਇਤਾ ਪਹੁੰਚਾਉਣ ਦੇ ਨਿਰਦੇਸ਼ ਦਿੱਤੇ ਹਨ। ਇਸ ਦੌਰਾਨ ਉੱਪ ਮੁੱਖ ਮੰਤਰੀ ਸੁਰਿੰਦਰ ਚੌਧਰੀ ਅਤੇ ਰਾਮਬਨ ਦੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਨੇ ਇਲਾਕੇ ਦਾ ਦੌਰਾ ਕਰਕੇ ਹਾਲਾਤ ਦੀ ਜਾਣਕਾਰੀ ਲਈ। ਦੱਸ ਦੇਈਏ ਕਿ ਜੰਮੂ ਡਿਵੀਜ਼ਨ ਚ ਪਿਛਲੇ ਦੋ ਦਿਨਾਂ ਤੋਂ ਭਾਰੀ ਮੀਂਹ ਦੇ ਕਾਰਨ ਪੰਜ ਲੋਕਾਂ ਦੀ ਮੌਤ ਹੋ ਗਈ। ਇਸ ਤੋਂ ਪਹਿਲਾਂ ਰਿਆਸੀ ਜ਼ਿਲੇ 'ਚ ਸ਼ਨੀਵਾਰ ਦੇਰ ਰਾਤ ਬਿਜਲੀ ਡਿੱਗਣ ਨਾਲ ਇਕ ਔਰਤ ਸਮੇਤ ਦੋ ਲੋਕਾਂ ਦੀ ਮੌਤ ਹੋ ਗਈ। ਮੌਸਮ ਵਿਭਾਗ ਨੇ ਸੂਬੇ ਦੇ ਵੱਖ-ਵੱਖ ਇਲਾਕਿਆਂ 'ਚ ਭਾਰੀ ਮੀਂਹ ਅਤੇ ਤੇਜ਼ ਹਨੇਰੀ ਦੀ ਚਿਤਾਵਨੀ ਪਹਿਲਾਂ ਹੀ ਜਾਰੀ ਕਰ ਦਿੱਤੀ ਸੀ। ਰਾਮਬਨ ਜ਼ਿਲ੍ਹੇ 'ਚ ਸ਼ਨੀਵਾਰ ਦੇਰ ਰਾਤ ਤੋਂ ਮੀਂਹ ਪੈਣ ਲੱਗ ਪਿਆ ਸੀ। ਐਤਵਾਰ ਨੂੰ ਸਵੇਰੇ ਲਗਪਗ ਤਿੰਨ ਵਜੇ ਰਾਮਬਨ ਦੇ ਸੇਰੀ ਬਾਗਨ ਇਲਾਕੇ 'ਚ ਬੱਦਲ ਫਟਣ ਨਾਲ ਆਏ ਹੜ੍ਹ ਨੇ ਭਾਰੀ ਤਬਾਹੀ ਮਚਾਈ। ਸੇਰੀ ਬਾਗਨ, ਕੇਲਾ ਮੋੜ, ਬਾਲੀ ਬਾਜ਼ਾਰ ਅਤੇ ਧਰਮਕੁੰਡ ਇਲਾਕੇ ਇਸ ਦੀ ਚਪੇਟ 'ਚ ਆਏ।

ਪਹਾੜਾਂ ਤੋਂ ਪਾਣੀ ਨਾਲ ਵਹੇ ਭਾਰੀ ਮਲਬੇ ਅਤੇ ਪੱਥਰਾਂ ਨੇ ਕਈ ਦੁਕਾਨਾਂ, ਹੋਟਲਾਂ ਅਤੇ ਘਰਾਂ ਨੂੰ ਆਪਣੀ ਲਪੇਟ 'ਚ ਲੈ ਲਿਆ। ਮਲਬੇ ਦੀ ਲਪੇਟ 'ਚ ਆਉਣ ਨਾਲ ਆਕਿਬ ਮੁਹੰਮਦ ਤੇ ਮੁਹੰਮਦ ਸਾਕਿਬ ਦੋਵੇਂ ਸੱਕੇ ਭਰਾ ਅਤੇ ਮੁਨੀ ਰਾਮ ਸਾਰੇ ਨਿਵਾਸੀ ਸੇਰੀ ਬਾਗਨਾ ਦੀ ਮੌਤ ਹੋ ਗਈ। ਸੇਰੀ ਬਾਗਨਾ 'ਚ ਬੱਦਲ ਫਟਣ ਨਾਲ ਆਏ ਹੜ੍ਹ ਨਾਲ ਤਬਾਹੀ ਦਾ ਮੰਜ਼ਰ ਅਜਿਹਾ ਸੀ ਕਿ ਸ਼ਾਨ ਪੈਲੇਸ ਦੇ ਕੋਲ ਹੋਟਲਾਂ ਦੇ ਬਾਹਰ ਦੋ ਮੰਜ਼ਿਲਾ ਉੱਚਾ ਮਲਬੇ ਦਾ ਪਹਾੜ ਬਣ ਗਿਆ। ਹਾਲਾਂਕਿ ਹੋਟਲਾਂ 'ਚ ਰੁਕੇ ਲੋਕ ਅਤੇ ਸਟਾਫ ਸੁਰੱਖਿਅਤ ਰਹੇ ਪਰ ਬਾਹਰ ਖੜ੍ਹੇ ਵਾਹਨ ਮਲਬੇ ਹੇਠ ਦੱਬ ਗਏ ਜਾਂ ਸੜਕ ਤੋਂ ਹੇਠਾਂ ਵਹਿ ਗਏ ਹਨ। ਪੁਲਿਸ ਕੰਟ੍ਰੋਲ ਰੂਮ ਅਨੁਸਾਰ ਰਾਮਬਨ ਜ਼ਿਲ੍ਹੇ ਦੇ ਸੇਰੀ, ਕੇਲਾ ਮੋੜ ਅਤੇ ਧਰਮਕੁੰਡ 'ਚ ਲਗਪਗ 50 ਘਰ ਨੁਕਸਾਨੇ ਗਏ ਹਨ।

# ਬਿੱਟੂ, ਮਜੀਠੀਆ, ਅਮਿਤ ਸ਼ਾਹ ਉੱਤੇ ਹਮਲੇ ਦੀ ਸਾਜ਼ਿਸ਼ ਦਾ ਪਰਦਾ-ਫ਼ਾਸ਼


## ਦੋ ਗ੍ਰਿਫ਼ਤਾਰ; ਪੱਚੀਆਂ ਵਿਰੁੱਧ ਮਾਮਲਾ ਦਰਜ

**ਮੋਗਾ:**ਅਸਾਮ ਵਿੱਚ ਜੇਲ੍ਹ 'ਚ ਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਖਿਲਾਫ ਰਾਸ਼ਟਰੀ ਸੁਰੱਖਿਆ ਕਾਨੂੰਨ (ਐਨ.ਐਸ.ਏ.) ਇਕ ਸਾਲ ਲਈ ਵਧਾਏ ਜਾਣ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ, ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਸਮੇਤ ਵੱਡੀਆਂ ਹਸਤੀਆਂ 'ਤੇ ਹਮਲੇ ਦੀ ਯੋਜਨਾ ਬਣਾਉਣ ਦੇ ਮਾਮਲੇ 'ਚ ਮੋਗਾ ਪੁਲਿਸ ਨੇ ਦੋ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਇਸ ਮਾਮਲੇ 'ਚ 25 ਅਣਪਛਾਤੇ ਵਿਅਕਤੀਆਂ 'ਤੇ ਵੀ ਮਾਮਲਾ ਦਰਜ ਕੀਤਾ ਗਿਆ ਹੈ। ਇਨ੍ਹਾਂ 'ਚੋਂ ਤਿੰਨ ਮੁਲਜ਼ਮਾਂ ਦੀ ਪਛਾਣ ਲਖਦੀਪ ਸਿੰਘ (ਸਰਦਾਰਗੜ੍ਹ, ਬਠਿੰਡਾ), ਬਲਕਾਰ ਸਿੰਘ (ਨਿਊ ਮਾਡਲ ਟਾਊਨ, ਖੰਨਾ) ਤੇ ਮੋਗਾ ਦੇ ਨਾਬਾਲਿਗ ਦੇ ਰੂਪ 'ਚ ਹੋਈ ਹੈ। ਇਨ੍ਹਾਂ ਤਿੰਨਾਂ 'ਚੋਂ ਬਲਕਾਰ ਤੇ ਨਾਬਾਲਿਗ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਹ ਸਾਰੇ ਲੋਕ ਅੰਮ੍ਰਿਤਪਾਲ ਸਮਰਥਕ 'ਵਾਰਿਸ ਪੰਜਾਬ ਦੇ ਟੀਮ' ਨਾਂ ਦੇ ਵਟਸਐਪ ਗਰੁੱਪ ਨਾਲ ਜੁੜੇ ਹੋਏ ਹਨ। ਐਤਵਾਰ ਨੂੰ ਸੋਸ਼ਲ ਮੀਡੀਆ 'ਤੇ ਗਰੁੱਪ ਚੈਟ ਦੇ ਲੀਕ ਹੋਏ ਸਕਰੀਨਸ਼ਾਟ ਸਾਹਮਣੇ ਆਉਣ ਤੋਂ ਬਾਅਦ ਸਾਜ਼ਿਸ਼ ਦਾ ਪਰਦਾਫਾਸ਼ ਹੋਇਆ। ਪੁਲਿਸ ਕਾਰਵਾਈ ਦੀ ਜਾਣਕਾਰੀ ਦਿੰਦੇ ਹੋਏ ਡੀ.ਆਈ.ਜੀ. ਫ਼ਰੀਦਕੋਟ ਅਸ਼ਵਨੀ ਕਪੂਰ ਨੇ ਸੋਮਵਾਰ ਨੂੰ ਇੱਥੇ ਪੱਤਰਕਾਰਾਂ ਨੂੰ ਦੱਸਿਆ ਕਿ ਹਾਲੀਆ ਇਕ ਵੀਡੀਓ ਵਾਇਰਲ ਹੋਈ ਸੀ ਜਿਸ 'ਚ ਅਕਾਲੀ ਦਲ ਦੇ ਨਾਂ 'ਤੇ ਫੇਕ ਆਈਡੀ ਬਣਾ ਕੇ ਉਸ ਤੋਂ ਅਮਿਤ ਸ਼ਾਹ, ਬਿੱਟੂ, ਮਜੀਠੀਆ. ਸਮੇਤ ਦੇਸ਼ ਦੇ ਕਈ ਵੱਡੇ ਆਗੂਆਂ ਨੂੰ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ। ਨਾਲ ਹੀ ਅੰਮ੍ਰਿਤਪਾਲ ਦਾ ਵਿਰੋਧ ਕਰਨ ਵਾਲਿਆਂ ਨੂੰ ਵੀ ਧਮਕਾਇਆ ਜਾ ਰਿਹਾ ਸੀ। ਮੁਲਜ਼ਮਾਂ 'ਤੇ ਰਾਸ਼ਟਰੀ ਸੁਰੱਖਿਆ ਕਾਨੂੰਨ (ਐੱਨ.ਐੱਸ.ਏ.) 'ਚ ਅੰਮ੍ਰਿਤਪਾਲ ਦੀ ਹਿਰਾਸਤ ਦੇ ਵਿਸਥਾਰ ਦਾ ਵਿਰੋਧ ਕਰ ਕੇ ਗੜਬੜੀ ਭੜਕਾਉਣ ਦਾ ਦੋਸ਼ ਹੈ। ਡੀਆਈਜੀ ਕਪੂਰ ਨੇ ਕਿਹਾ ਕਿ ਪੰਜਾਬ ਦਾ ਮਾਹੌਲ ਕਿਸੇ ਵੀ ਕੀਮਤ 'ਤੇ ਵਿਗੜਨ ਨਹੀਂ ਦਿੱਤਾ ਜਾਏਗਾ ਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਏਗੀ। ਮੋਗਾ ਦੇ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਨੇ ਭਾਰਤੀ ਦੰਡ ਸੰਹਿਤਾ, ਗ਼ੈਰ ਕਾਨੂੰਨੀ ਸਰਗਰਮੀ (ਰੋਕਥਾਮ) ਐਕਟ (ਯੂਏਪੀਏ) ਤੇ ਸੂਚਨਾ ਟੈਕਨਾਲੋਜੀ ਐਕਟ ਦੀਆਂ ਕਈ ਧਾਰਾਵਾਂ 'ਚ ਐੱਫਆਈਆਰ ਦਰਜ ਕੀਤੀ ਜਿਸ 'ਚ ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) ਦੀ ਧਾਰਾ 61 (20 (ਏ), 113 (3), 152, 353 ਸ਼ਾਮਲ ਹਨ। ਸੂਬੇ ਤੇ ਰਾਸ਼ਟਰੀ ਪੱਧਰ 'ਤੇ ਸੁਰੱਖਿਆ ਏਜੰਸੀਆਂ ਨੇ ਚੈਟ ਨੂੰ ਧਿਆਨ 'ਚ ਰੱਖਦੇ ਹੋਏ ਇਨ੍ਹਾਂ ਆਗੂਆਂ ਦੀ ਸੁਰੱਖਿਆ ਵਧਾ ਦਿੱਤੀ ਹੈ। ਓਧਰ ਇਸ ਮਾਮਲੇ 'ਚ ਸੋਮਵਾਰ ਨੂੰ ਪੰਜਾਬ ਪੁਲਿਸ ਦੇ ਸੀਆਈਏ ਸਟਾਫ ਨੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਸਰਦਾਰਗੜ੍ਹ 'ਚ ਦੁੱਧ ਦੀ ਡੇਅਰੀ ਕਰਨ ਵਾਲੇ ਇੱਕ ਨੌਜਵਾਨ ਦੇ ਘਰ ਛਾਪੇਮਾਰੀ ਕੀਤੀ। ਹਾਲਾਂਕਿ ਉਕਤ ਨੌਜਵਾਨ ਘਰ ਨਹੀਂ ਮਿਲਿਆ. ਪਰ ਪੁਲਿਸ ਨੇ ਉਸਦੇ ਪਰਿਵਾਰਕ ਮੈਂਬਰਾਂ ਨੂੰ ਹਿਰਾਸਤ 'ਚ ਲੈ ਲਿਆ ਹੈ। ਉਕਤ ਨੌਜਵਾਨ ਦਾ ਸੰਬੰਧ 'ਵਾਰਸ ਪੰਜਾਬ ਦੇ' ਜਥੇਬੰਦੀ ਨਾਲ ਹੈ।


ਰਵਨੀਤ ਸਿੰਘ ਬਿੱਟੂ


ਬਿਕਰਮ ਸਿੰਘ ਮਜੀਠੀਆ


ਅਮਿਤ ਸ਼ਾਹ

### ਚੈਟ 'ਚ ਭੜਕਾਊ ਸਮੱਗਰੀ 'ਤੇ ਹੁੰਦੀ ਸੀ ਚਰਚਾ

'ਵਾਰਿਸ ਪੰਜਾਬ ਦੇ ਟੀਮ' ਨਾਂ ਦੇ ਗੁਰੱਪ ਦੇ ਸੰਬਧ 'ਚ ਮੰਨਿਆ ਜਾਂਦਾ ਹੈ ਕਿ ਇਹ ਦੇਸ਼ ਵਿਰੋਧੀ ਸਰਗਰਮੀਆਂ ਨਾਲ ਜੁੜਿਆ ਹੋਇਆ ਹੈ। ਮੁਲਜ਼ਮਾਂ ਨੇ ਅਮਿਤ ਸ਼ਾਹ, ਰਵਨੀਤ ਬਿੱਟੂ, ਮਜੀਠੀਆ ਤੇ ਪਰਮਿੰਦਰ ਸਿੰਘ ਤਲਵਾੜਾ ਸਮੇਤ ਸਿਆਸੀ ਤੇ ਧਾਰਮਿਕ ਹਸਤੀਆਂ ਨੂੰ ਨਿਸ਼ਾਨਾ ਬਣਾ ਕੇ ਹਿੰਸਾ ਕਰਨ 'ਤੇ ਚਰਚਾ ਕੀਤੀ। ਗਰੁੱਪ ਦੀ ਚੈਟ 'ਚ ਵਿਦੇਸ਼ੀ ਫੰਡਿੰਗ, ਹਥਿਆਰਾਂ ਦੀ ਖ਼ਰੀਦ ਤੇ ਆਨਲਾਈਨ ਭੜਕਾਊ ਸਮੱਗਰੀ ਦੇ ਪ੍ਰਸਾਰ 'ਤੇ ਚਰਚਾ ਸ਼ਾਮਲ ਹੈ। ਤਲਵਾੜਾ 'ਵਾਰਿਸ ਪੰਜਾਬ ਦੇ' ਦੇ ਸੰਸਥਾਪਕ ਮਰਹੂਮ ਦੀਪ ਸਿੱਧੂ ਦੇ ਸਹਿਯੋਗੀ ਰਹਿ ਚੁੱਕੇ ਹਨ। ਦੀਪ ਸਿੱਧੂ ਦੀ ਸੜਕ ਹਾਦਸੇ 'ਚ ਮੌਤ ਦੇ ਬਾਅਦ ਅੰਮ੍ਰਿਤਪਾਲ ਹੀ 'ਵਾਰਿਸ ਪੰਜਾਬ ਦੇ' ਸੰਗਠਨ ਦੇ ਮੁਖੀ ਹਨ।

### *ਪਹਿਲਾ ਬਿੱਟੂ... ਦੂਜਾ ਨੰਬਰ ਮਜੀਠੀਆ ਦਾ...*

**ਜਲੰਧਰ:**ਵਟਸਐਪ ਚੈਟ ਗਰੁੱਪ 'ਚ ਖੰਨਾ ਦਾ ਬਲਕਾਰ ਲਿਖ ਰਿਹਾ ਹੈ ਕਿ ਪਹਿਲਾਂ ਨੰਬਰ ਬਿੱਟੂ ਲੁਧਿਆਣਾ ਵਾਲਾ, ਜਿਹਦੇ ਕਰ ਕੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਜੇਲ੍ਹ ਵਿਚ ਨੇ, ਦੂਜਾ ਨੰਬਰ ਮਜੀਠੀਆ ਦਾ, ਜਿਨੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਨੂੰ ਗ੍ਰਿਫ਼ਤਾਰ ਕਰਨ ਲਈ 10 ਕਰੋੜ ਦਿੱਤਾ, ਤੀਜੇ ਨੰਬਰ 'ਤੇ ਅਮਿਤ ਸ਼ਾਹ, ਜਿੰਨੇ ਤੀਜੀ ਵਾਰ ਭਾਈ ਅੰਮ੍ਰਿਤਪਾਲ ਖਾਲਸਾ ਜੀ 'ਤੇ ਐੱਨ.ਐੱਸ.ਏ. ਲਗਾਈ। ਗਰੁੱਪ 'ਚ ਪੁੱਛਿਆ ਗਿਆ-ਕੌਣ ਜਾਣ ਨੂੰ ਤਿਆਰ ਐ। ਸੰਧੂ ਪਵਨ ਲਿਖਦਾ ਹੈ- ਖ਼ਾਲਸਾ ਜੀ, ਮੈਂ ਕੱਲ੍ਹ ਹੀ ਸ਼ਹੀਦੀ ਪ੍ਰਾਪਤ ਕਰਨ ਲਈ ਤਿਆਰ ਆਂ, ਕਈ ਜਥੇਬੰਦੀਆਂ ਹਨ ਜਿਨ੍ਹਾਂ ਨੇ ਸ਼ਹੀਦਾਂ ਦਾ ਪਰਿਵਾਰ ਸਾਂਭਿਆ। ਇਸ ਚੈਟ 'ਚ 644 ਲੋਕਾਂ ਦੇ ਹੋਣ ਦੀ ਗੱਲ ਸਾਹਮਣੇ ਆਈ ਹੈ। ਇਹ ਚੈਟ ਕਿਸ ਸ਼ਹਿਰ 'ਚ ਬੈਠ ਕੇ ਹੋਈ, ਇਹ ਤਾਂ ਹਾਲੇ ਸਾਫ਼ ਨਹੀਂ ਹੋਇਆ, ਪਰ ਦੱਸਿਆ ਜਾ ਰਿਹਾ ਹੈ ਕਿ ਇਸ ਗਰੁੱਪ 'ਚ ਜ਼ਿਆਦਾਤਰ ਲੋਕ ਤਰਨਤਾਰਨ, ਅੰਮ੍ਰਿਤਸਰ, ਜੱਲੂਖੇੜਾ ਬਾਬਾ ਬਕਾਲਾ ਦੇ ਹਨ। ਪਰ ਜਲੰਧਰ, ਲੁਧਿਆਣਾ, ਹੁਸ਼ਿਆਰਪੁਰ ਸਮੇਤ ਹੋਰ ਸ਼ਹਿਰਾਂ ਦੇ ਵੀ ਕੁਝ ਲੋਕ ਸ਼ਾਮਲ ਹਨ।

### ਮੱਛੀ ਵਾਲਾ ਨਿਕਲਿਆ ਅੰਮ੍ਰਿਤਪਾਲ ਦਾ ਸਮਰਥਕ

ਖੰਨਾ:ਚੈਟ ਦੇ ਮਾਮਲੇ 'ਚ ਗ੍ਰਿਫ਼ਤਾਰ ਬਲਕਾਰ ਸਿੰਘ ਖੰਨਾ ਦੀ ਅਨਾਜ ਮੰਡੀ ਦੇ ਬਾਹਰ ਕਈ ਸਾਲਾਂ ਤੋਂ ਮੱਛੀ ਫਰਾਈ ਰੇਹੜੀ ਲਗਾਉਂਦਾ ਹੈ। ਉਹ ਅੰਮ੍ਰਿਤਪਾਲ ਦਾ ਸਮਰਥਕ ਨਿਕਲਿਆ। ਸੋਮਵਾਰ ਸਵੇਰੇ ਮੋਗਾ ਤੇ ਖੰਨਾ ਪੁਲਿਸ ਨੇ ਬਲਕਾਰ ਨੂੰ ਉਸਦੇ ਘਰੋਂ ਫੜਿਆ। ਬਲਕਾਰ ਆਪਣੇ ਤਿੰਨ ਹੋਰ ਭਰਾਵਾਂ ਨਾਲ ਇਕ ਹੀ ਘਰ 'ਚ ਰਹਿੰਦਾ ਹੈ। ਪੂਰੇ ਪਰਿਵਾਰ ਦਾ ਲਗਪਗ 50 ਸਾਲਾਂ ਤੋਂ ਮੀਟ ਵੇਚਣ ਦਾ ਕੰਮ ਹੈ। ਬਲਕਾਰ ਨੇ ਸ਼ਨਿਚਰਵਾਰ ਰਾਤ ਨੂੰ ਜੀਟੀਬੀ ਮਾਰਕੀਟ 'ਚ ਸੋਸ਼ਲ ਚੈਟ ਦਾ ਸਮਰਥਨ ਕੀਤਾ ਸੀ। ਬਲਕਾਰ 'ਵਾਰਿਸ ਪੰਜਾਬ ਦੇ ਅਕਾਲੀ ਦਲ ਮੋਗਾ ਜਥੇਬੰਦੀ ਦੇ ਗਰੁੱਪ ਨਾਲ ਕਾਫ਼ੀ ਸਮੇਂ ਤੋਂ ਜੁੜਿਆ ਹੋਇਆ ਹੈ ਤੇ ਅਕਸਰ ਗਰੁੱਪ 'ਚ ਅੰਮ੍ਰਿਤਪਾਲ ਦੇ ਸਮਰਥਨ 'ਚ ਲਿਖਦਾ ਸੀ। ਸੂਤਰਾਂ ਮੁਤਾਬਕ ਅੰਮ੍ਰਿਤਪਾਲ ਦੇ ਐੱਨ.ਐੱਸ.ਏ. ਦੀ ਮਿਆਦ ਵਧਾਉਣ ਦਾ ਬਲਕਾਰ ਨੇ ਸ਼ਨਿਚਰਵਾਰ ਨੂੰ ਵੀ ਗਰੁੱਪ 'ਚ ਵਿਰੋਧ ਕੀਤਾ ਸੀ ਜਿਸ ਕਾਰਨ ਪੁਲਿਸ ਨੇ ਉਸਨੂੰ ਗ੍ਰਿਫ਼ਤਾਰ ਕੀਤਾ। ਦੱਸਿਆ ਜਾ ਰਿਹਾ ਹੈ ਕਿ ਗਰੁੱਪ 'ਚ ਜਦੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਕੇਂਦਰੀ ਰੇਲ ਰਾਜ ਮੰਤਰੀ ਬਿੱਟੂ ਤੇ ਮਜੀਠੀਆ ਨੂੰ ਲੈ ਕੇ ਧਮਕੀ ਦਿੱਤੀ ਗਈ ਤਾਂ ਉਸ ਤੋਂ ਬਾਅਦ ਬਲਕਾਰ ਨੇ ਆਪਣਾ ਮੋਬਾਈਲ ਗੁੰਮ ਹੋਣ ਦੀ ਰਿਪੋਰਟ ਖੰਨਾ ਪੁਲਿਸ 'ਚ ਦਰਜ ਕਰਵਾ ਦਿੱਤੀ। ਬਲਕਾਰ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਘਰ 'ਚ ਕਦੇ ਅੰਮ੍ਰਿਤਪਾਲ ਦਾ ਨਾਂ ਤੱਕ ਨਹੀਂ ਲਿਆ ਗਿਆ। ਬਲਕਾਰ ਸਵੇਰੇ ਰੇਹੜੀ ਲੈ ਕੇ ਜਾਂਦਾ ਸੀ ਤੇ ਰਾਤ ਨੂੰ ਪਰਤਦਾ ਦੀ। ਇਸ ਤੋਂ ਪਹਿਲਾਂ ਕਦੇ ਬਲਕਾਰ ਜਾਂ ਪਰਿਵਾਰ ਦੇ ਹੋਰ ਮੈਂਬਰਾਂ ਖ਼ਿਲਾਫ਼ ਕੋਈ ਕੇਸ ਤੱਕ ਨਹੀਂ ਹੈ। ਬਲਕਾਰ ਦੀ ਮਾਂ ਤੇ ਪਤਨੀ ਨੇ ਕਿਹਾ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਬਲਕਾਰ ਨੂੰ ਫਸਾਇਆ ਜਾ ਰਿਹਾ ਹੈ ਕਿਉਂਕਿ ਉਸਦਾ ਫੋਨ ਡਿੱਗ ਗਿਆ ਸੀ। ਦੂਜੇ ਪਾਸੇ ਇਸ ਸੰਬੰਧ ਵਿਚ ਸਿਆਸੀ ਮਾਹਿਰਾਂ ਨੇ ਆਪਣੀ ਰਾਇ ਪ੍ਰਗਟ ਕੀਤੀ ਹੈ। ਪੰਜਾਬ ਦਰਦੀ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਬਹੁਤ ਸਾਰੇ ਲੋਕ ਕੱਟੜਵਾਦ ਤੇ ਬੁਨਿਆਦ ਪ੍ਰਸਤੀ ਦੇ ਅਧਾਰ 'ਤੇ ਲੋਕਾਂ ਵਿਚ ਵੰਡੀਆਂ ਪਾ ਰਹੇ ਹਨ ਤੇ ਨੌਜਵਾਨਾਂ ਨੂੰ ਭਰਮਾ ਰਹੇ ਹਨ। ਇਸ ਤਰ੍ਹਾਂ ਨੌਜਵਾਨ ਗ਼ੈਰ-ਕਾਨੂੰਨੀ ਸਰਗਰਮੀ ਕਰ ਲੈਂਦੇ ਹਨ।

# ਅਮਰੀਕੀ ਉਪ-ਰਾਸ਼ਟਰਪਤੀ ਦਾ ਭਾਰਤ ਦੌਰਾ; ਦੁਵੱਲੇ ਵਪਾਰ ਬਾਰੇ ਵਾਰਤਾ



**ਨਵੀਂ ਦਿੱਲੀ:**ਭਾਰਤ ਤੇ ਅਮਰੀਕਾ ਨੇ ਆਪਸੀ ਲਾਭਕਾਰੀ ਦੁਵੱਲੇ ਵਪਾਰ ਸਮਝੌਤੇ ਲਈ ਗੱਲਬਾਤ 'ਚ ਮਹੱਤਵਪੂਰਨ ਪ੍ਰਗਤੀ ਦਾ ਸਵਾਗਤ ਕੀਤਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕਾ ਦੇ ਉਪ-ਰਾਸ਼ਟਰਪਤੀ ਜੇ.ਡੀ. ਵੇਂਸ ਨੇ ਅੱਜ ਰੱਖਿਆ, ਊਰਜਾ ਤੇ ਤਕਨਾਲੋਜੀ ਦੇ ਖੇਤਰਾਂ 'ਚ ਸਹਿਯੋਗ ਵਧਾਉਣ ਲਈ ਵਿਆਪਕ ਗੱਲਬਾਤ ਕੀਤੀ। ਮੋਦੀ ਨੇ ਅਧਿਕਾਰਤ ਗੱਲਬਾਤ ਤੋਂ ਬਾਅਦ ਆਪਣੇ ਲੋਕ ਕਲਿਆਣ ਮਾਰਗ ਸਥਿਤ ਨਿਵਾਸ 'ਤੇ ਵੇਂਸ, ਭਾਰਤੀ ਮੂਲ ਦੀ ਅਮਰੀਕੀ ਦੂਜੀ ਮਹਿਲਾ ਊਸ਼ਾ ਚਿਲੁਕੁਰੀ ਤੇ ਉਨ੍ਹਾਂ ਦੇ ਤਿੰਨ ਬੱਚਿਆਂ ਇਵਾਨ, ਵਿਵੇਕ ਤੇ ਮੀਰਾਬੇਲ ਦੀ ਰਾਤ ਦੇ ਖਾਣੇ 'ਤੇ ਮੇਜ਼ਬਾਨੀ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਵੇਂਸ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਲਈ ਆਪਣੀਆਂ ਨਿੱਘੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਤੇ ਕਿਹਾ ਕਿ ਉਹ ਇਸ ਸਾਲ ਦੇ ਅੰਤ 'ਚ ਉਨ੍ਹਾਂ ਦੀ ਭਾਰਤ ਫੇਰੀ ਦੀ ਉਡੀਕ ਕਰ ਰਹੇ ਹਨ। ਪ੍ਰਧਾਨ ਮੰਤਰੀ ਤੇ ਉਪ-ਰਾਸ਼ਟਰਪਤੀ ਨੇ ਰੂਸ-ਯੂਕਰੇਨ ਟਕਰਾਅ ਸਮੇਤ ਆਪਸੀ ਹਿਤ ਦੇ ਵੱਖ-ਵੱਖ ਖੇਤਰੀ ਤੇ ਵਿਸ਼ਵਵਿਆਪੀ ਮੁੱਦਿਆਂ 'ਤੇ ਵੀ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ ਤੇ ਅੱਗੇ ਵਧਣ ਦੇ ਰਸਤੇ ਵਜੋਂ ਸੰਵਾਦ ਤੇ ਕੂਟਨੀਤੀ ਦਾ ਸੱਦਾ ਦਿੱਤਾ। ਇਸ ਸੰਬੰਧੀ ਇਕ ਭਾਰਤੀ ਪਾਠਕ ਨੇ ਕਿਹਾ ਕਿ ਮੋਦੀ ਤੇ ਵੇਂਸ ਨੇ ਦੁਵੱਲੇ ਸਹਿਯੋਗ ਦੇ ਵੱਖ-ਵੱਖ ਖੇਤਰਾਂ 'ਚ ਪ੍ਰਗਤੀ ਦੀ ਸਮੀਖਿਆ ਤੇ ਸਾਕਾਰਾਤਮਿਕ ਮੁਲਾਂਕਣ ਕੀਤਾ। ਇਸ 'ਚ ਕਿਹਾ ਗਿਆ ਹੈ ਕਿ ਉਨ੍ਹਾਂ ਦੋਵਾਂ ਦੇਸ਼ਾਂ ਦੇ ਲੋਕਾਂ ਦੀ ਭਲਾਈ 'ਤੇ ਕੇਂਦਰਿਤ ਇਕ ਆਪਸੀ ਲਾਭਦਾਇਕ ਭਾਰਤ-ਅਮਰੀਕਾ ਦੁਵੱਲੇ ਵਪਾਰ ਸਮਝੌਤੇ (ਬੀ.ਟੀ.ਏ) ਲਈ ਗੱਲਬਾਤ 'ਚ ਮਹੱਤਵਪੂਰਨ ਪ੍ਰਗਤੀ ਦਾ ਸਵਾਗਤ ਕੀਤਾ।

ਇਸੇ ਤਰ੍ਹਾਂ ਉਨ੍ਹਾਂ ਊਰਜਾ, ਰੱਖਿਆ, ਰਣਨੀਤਕ ਤਕਨਾਲੋਜੀਆਂ ਤੇ ਹੋਰ ਖੇਤਰਾਂ 'ਚ ਸਹਿਯੋਗ ਵਧਾਉਣ ਲਈ ਨਿਰੰਤਰ ਯਤਨਾਂ ਦਾ ਜ਼ਿਕਰ ਕੀਤਾ। ਭਾਰਤ ਵਲੋਂ ਜਾਰੀ ਬਿਆਨ ਅਨੁਸਾਰ ਇਸ ਮੌਕੇ ਪ੍ਰਧਾਨ ਮੰਤਰੀ ਨੇ ਫਰਵਰੀ 'ਚ ਵਾਸ਼ਿੰਗਟਨ ਡੀ.ਸੀ. ਦੀ ਆਪਣੀ ਫੇਰੀ ਤੇ ਰਾਸ਼ਟਰਪਤੀ ਟਰੰਪ ਨਾਲ ਆਪਣੀ ਫਲਦਾਇਕ ਚਰਚਾ ਨੂੰ ਪਿਆਰ ਨਾਲ ਯਾਦ ਕੀਤਾ, ਜਿਸ ਨੇ ਮੇਕ ਅਮਰੀਕਾ ਗ੍ਰੇਟ ਅਗੇਨ (ਐਮ.ਏ.ਜੀ.ਏ.) ਤੇ ਵਿਕਸਿਤ ਭਾਰਤ 2047 ਦੀਆਂ ਤਾਕਤਾਂ ਦਾ ਲਾਭ ਉਠਾਉਂਦੇ ਹੋਏ ਭਾਰਤ ਤੇ ਅਮਰੀਕਾ ਵਿਚਕਾਰ ਨੇੜਲੇ ਸਹਿਯੋਗ ਲਈ ਖਾਕਾ ਤਿਆਰ ਕੀਤਾ।

ਟਰੰਪ ਦੇ ਇਸ ਸਾਲ ਦੇ ਅੰਤ 'ਚ ਕਵਾਡ ਸਮੂਹ ਦੇ ਸਾਲਾਨਾ ਸੰਮੇਲਨ 'ਚ ਸ਼ਾਮਿਲ ਹੋਣ ਲਈ ਭਾਰਤ ਆਉਣ ਦੀ ਉਮੀਦ ਹੈ। ਵਿਦੇਸ਼ ਮੰਤਰੀ ਐਸ. ਜੈਸ਼ੰਕਰ, ਐਨ.ਐਸ.ਏ. ਅਜੀਤ ਡੋਵਾਲ ਤੇ ਪ੍ਰਧਾਨ ਮੰਤਰੀ ਦੇ ਪ੍ਰਮੁੱਖ ਸਕੱਤਰ (2) ਸ਼ਕਤੀਕਾਂਤ ਦਾਸ ਗੱਲਬਾਤ 'ਚ ਭਾਰਤੀ ਵਫ਼ਦ ਦਾ ਹਿੱਸਾ ਸਨ। ਗੱਲਬਾਤ ਦਾ ਕੇਂਦਰ ਦੁਵੱਲੇ ਵਪਾਰ ਸਮਝੌਤੇ ਨੂੰ ਜਲਦ ਅੰਤਿਮ ਰੂਪ ਦੇਣ ਦੇ ਨਾਲ-ਨਾਲ ਰੱਖਿਆ ਤੇ ਊਰਜਾ ਦੇ ਖੇਤਰਾਂ ਸਮੇਤ ਸੰਬੰਧਾਂ ਦੇ ਸਮੁੱਚੇ ਮਾਰਗ ਨੂੰ ਵਧਾਉਣ ਦੇ ਤਰੀਕਿਆਂ 'ਤੇ ਸੀ। ਇਸ ਤੋਂ ਪਹਿਲਾਂ ਆਪਣੇ ਪਰਿਵਾਰ ਨਾਲ 4 ਦਿਨਾਂ ਭਾਰਤ ਦੇ ਦੌਰੇ 'ਤੇ ਆਏ ਅਮਰੀਕਾ ਦੇ ਉਪ ਰਾਸ਼ਟਰਪਤੀ ਜੇ.ਡੀ. ਵੇਂਸ ਦਾ ਪਾਲਮ ਹਵਾਈ ਅੱਡੇ 'ਤੇ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਨਿੱਘਾ ਸਵਾਗਤ ਕੀਤਾ।

ਹਵਾਈ ਅੱਡੇ 'ਤੇ ਹੀ ਉਨ੍ਹਾਂ ਨੂੰ ਗਾਰਡ ਆਫ਼ ਆਨਰ ਦਿੱਤਾ ਗਿਆ। ਕਲਾਕਾਰਾਂ ਨੇ ਵੇਂਸ, ਉਨ੍ਹਾਂ ਦੀ ਭਾਰਤੀ ਮੂਲ ਦੀ ਪਤਨੀ ਊਸ਼ਾ ਵੇਂਸ ਅਤੇ ਬੱਚਿਆਂ ਦੇ ਸਾਹਮਣੇ ਰਵਾਇਤੀ ਨਾਚ ਪੇਸ਼ ਕੀਤੇ। ਉਪ ਰਾਸ਼ਟਰਪਤੀ ਬਣਨ ਤੋਂ ਬਾਅਦ ਜੇ.ਡੀ. ਵੇਂਸ ਦਾ ਇਹ ਭਾਰਤ ਦਾ ਪਹਿਲਾ ਅਧਿਕਾਰਤ ਦੌਰਾ ਹੈ। ਇਸ ਤੋਂ ਬਾਅਦ ਸ਼ਾਮ ਨੂੰ ਲੋਕ ਕਲਿਆਣ ਮਾਰਗ ਸਥਿਤ ਆਪਣੀ ਸਰਕਾਰੀ ਰਿਹਾਇਸ਼ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਉਪ ਰਾਸ਼ਟਰਪਤੀ ਜੇ.ਡੀ. ਵੇਂਸ ਅਤੇ ਉਨ੍ਹਾਂ ਦੀ ਪਤਨੀ ਊਸ਼ਾ ਵੇਂਸ ਅਤੇ ਉਨ੍ਹਾਂ ਦੇ ਤਿੰਨ ਬੱਚਿਆਂ ਦਾ ਨਿੱਘਾ ਸਵਾਗਤ ਕੀਤਾ।

### ਅਕਸ਼ਰਧਾਮ ਮੰਦਰ ਦੇ ਕੀਤੇ ਦਰਸ਼ਨ

ਜੇ.ਡੀ. ਵੇਂਸ, ਉਨ੍ਹਾਂ ਦੀ ਪਤਨੀ ਊਸ਼ਾ ਵੇਂਸ ਅਤੇ ਤਿੰਨੋਂ ਬੱਚੇ ਈਵਾਨ, ਵਿਵੇਕ ਅਤੇ ਮੀਰਾਬੇਲ ਨੇ ਪੂਰਬੀ ਦਿੱਲੀ ਸਥਿਤ ਅਕਸ਼ਰਧਾਮ ਮੰਦਰ ਦੇ ਦਰਸ਼ਨ ਕੀਤੇ। ਉਪ ਰਾਸ਼ਟਰਪਤੀ ਦੇ ਤਿੰਨੇ ਬੱਚੇ ਭਾਰਤੀ ਪਹਿਰਾਵੇ 'ਚ ਸਨ। ਹਾਸਿਲ ਜਾਣਕਾਰੀ ਮੁਤਾਬਿਕ ਅਮਰੀਕੀ ਉਪ ਰਾਸ਼ਟਰਪਤੀ ਦਾ ਪਰਿਵਾਰ ਤਕਰੀਬਨ 55 ਮਿੰਟ ਮੰਦਰ 'ਚ ਰਿਹਾ। ਉਨ੍ਹਾਂ ਨੇ ਵਿਸ਼ਵ ਸ਼ਾਂਤੀ ਲਈ ਪ੍ਰਾਰਥਨਾ ਵੀ ਕੀਤੀ। ਜੇ.ਡੀ. ਵੇਂਸ ਨੇ ਅਕਸ਼ਰਧਾਮ ਮੰਦਰ ਲਈ ਇਕ ਸੰਦੇਸ਼ ਵੀ ਲਿਖਿਆ।

# ਕਰਨੀ ਸੈਨਾ ਦੇ ਮੀਤ ਪ੍ਰਧਾਨ ਦੀ ਗੋ.ਲੀ ਮਾਰ ਕੇ ਹੱਤਿਆ



**ਜਮਸ਼ੇਦਪੁਰ:**ਝਾਰਖੰਡ ਦੇ ਜਮਸ਼ੇਦਪੁਰ ਸਥਿਤ ਬਾਲੀਗੁਮਾ 'ਚ ਐਤਵਾਰ ਰਾਤ ਕਰੀਬ 10 ਵਜੇ ਕਰਨੀ ਸੈਨਾ ਦੇ ਰਾਸ਼ਟਰੀ ਮੀਤ ਪ੍ਰਧਾਨ ਤੇ ਝਾਰਖੰਡ ਦੇ ਸੂਬਾ ਪ੍ਰਧਾਨ ਵਿਨੈ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ।

ਦੱਸਿਆ ਗਿਆ ਹੈ ਕਿ ਵਿਨੇ ਸਿੰਘ ਸਕੂਟੀ 'ਤੇ ਕਿਤਿਓਂ ਪਰਤ ਰਹੇ ਸਨ। ਇਸੇ ਦੌਰਾਨ ਰਾਸ਼ਟਰੀ ਰਾਜਮਾਰਗ 33 (ਰਾਂਚੀ-ਜਮਸ਼ੇਦਪੁਰ) ਸਥਿਤ ਮਿਨੀ ਪੰਜਾਬ ਹੋਟਲ ਨੇੜੇ ਗਲੀ 'ਚ ਅਪਰਾਧੀਆਂ ਨੇ ਉਨ੍ਹਾਂ 'ਤੇ ਹਮਲਾ ਕੀਤਾ। ਗੋ.ਲੀ ਸਿਰ 'ਚ ਲੱਗਣ ਨਾਲ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹੱਤਿਆ ਦੀ ਖ਼ਬਰ ਫੈਲਦੇ ਹੀ ਕਰਨੀ ਸੈਨਾ ਦੇ ਵਰਕਰਾਂ ਤੇ ਸਥਾਨਕ ਲੋਕ ਘਟਨਾ ਸਥਾਨ 'ਤੇ ਇਕੱਠੇ ਹੋ ਗਏ ਤੇ ਰਾਂਚੀ ਜਮਸ਼ੇਦਪੁਰ ਮਾਰਗ ਨੂੰ ਜਾਮ ਕਰ ਮੁਜ਼ਾਹਰਾ ਕਰਨ ਲੱਗੇ, ਜਿਹੜਾ ਰਾਤ ਤੱਕ ਜਾਰੀ ਰਿਹਾ।

# ਅਨੁਰਾਗ ਕਸ਼ਿਅਪ ਖ਼ਿਲਾਫ਼ ਕੇਸ ਦਰਜ

ਜੈਪੁਰ:ਇੰਟਰਨੈੱਟ ਮੀਡੀਆ 'ਤੇ ਬ੍ਰਾਹਮਣ ਭਾਈਚਾਰੇ ਖ਼ਿਲਾਫ਼ ਇਤਰਾਜ਼ਯੋਗ ਪੋਸਟ ਦੇ ਮਾਮਲੇ 'ਚ ਫਿਲਮ ਡਾਇਰੈਕਟਰ ਅਨੁਰਾਗ



ਕਸ਼ਿਅਪ ਖ਼ਿਲਾਫ਼ ਜੈਪੁਰ ਦੇ ਬਜਾਜ ਨਗਰ ਥਾਣੇ 'ਚ ਸ਼ਨਿਚਰਵਾਰ ਰਾਤ ਇਕ ਐੱਫਆਈਆਰ ਦਰਜ ਕੀਤੀ ਗਈ। ਬਰਕਤ ਨਗਰ ਦੇ ਅਨਿਲ ਚਤੁਰਵੇਦੀ ਨੇ ਅਨੁਰਾਗ ਖ਼ਿਲਾਫ਼ ਸ਼ਿਕਾਇਤ ਦਿੱਤੀ ਸੀ ਕਿ ਫਿਲਮ ਡਾਇਰੈਕਟਰ ਵੱਲੋਂ ਜਾਤੀ ਵਿਸ਼ੇਸ਼ ਬਾਰੇ ਵਿਵਾਦਤ ਪੋਸਟ ਪਾਈ ਗਈ ਹੈ। ਇਸ 'ਚ ਅਪਸ਼ਬਦ ਬੋਲ ਕੇ ਜਾਤੀ ਵਿਸ਼ੇਸ਼ ਨੂੰ ਅਪਮਾਨਿਤ ਕੀਤਾ ਗਿਆ ਹੈ।

# ਬਠਿੰਡਾ ਤੇ ਫ਼ਰੀਦਕੋਟ 'ਚ ਤਾਪਮਾਨ 42 ਤੋਂ ਪਾਰ

ਲੁਧਿਆਣਾ:ਪੱਛਮੀ ਦਬਾਅ ਨਾਲ ਸ਼ੁੱਕਰਵਾਰ ਤੇ ਸ਼ਨੀਵਾਰ ਨੂੰ ਤੇਜ਼ ਹਵਾਵਾਂ ਵਿਚਾਲੇ ਹਲਕੀ ਤੋਂ ਮੱਧਮ ਵਰਖਾ ਨਾਲ ਗਰਮੀ ਤੋਂ ਮਿਲੀ ਰਾਹਤ ਤੋਂ ਬਾਅਦ ਐਤਵਾਰ ਨੂੰ ਤਾਪਮਾਨ 'ਚ ਵਾਧਾ ਦਰਜ ਕੀਤਾ ਗਿਆ। ਮੌਸਮ ਵਿਭਾਗ ਚੰਡੀਗੜ੍ਹ ਅਨੁਸਾਰ, ਪੰਜਾਬ ਦੇ ਦੋ ਜ਼ਿਲ੍ਹਿਆਂ 'ਚ ਵੱਧ ਤੋਂ ਵੱਧ ਤਾਪਮਾਨ 42 ਡਿਗਰੀ ਸੈਲਸੀਅਸ ਤੋਂ ਪਾਰ ਪਹੁੰਚ ਗਿਆ। ਫਰੀਦਕੋਟ 'ਚ ਵੱਧ ਤੋਂ ਵੱਧ ਤਾਪਮਾਨ 42.7 ਡਿਗਰੀ ਅਤੇ ਬਠਿੰਡਾ 'ਚ 42.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਹਾਲਾਂਕਿ, ਕੁਝ ਜ਼ਿਲ੍ਹਿਆਂ 'ਚ ਦਿਨ ਦੇ ਸਮੇਂ ਤੇਜ਼ ਹਵਾਵਾਂ ਚੱਲੀਆਂ ਅਤੇ ਬੱਦਲ ਵੀ ਛਾਏ ਰਹੇ।



# ਕੇਂਦਰ ਸਰਕਾਰ ਸੁਪਰੀਮ ਕੋਰਟ ਦਾ ਫ਼ੈਸਲਾ ਪਲਟਣ ਦੇ ਰੌਂਅ ਵਿਚ


**ਨਵੀਂ ਦਿੱਲੀ:** ਕੀ ਕੇਂਦਰ ਸਰਕਾਰ ਰਾਜਪਾਲਾਂ ਤੇ ਰਾਸ਼ਟਰਪਤੀ ਦੇ ਅਧਿਕਾਰਾਂ ਸੰਬੰਧੀ ਦਿੱਤੇ ਗਏ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਪਲਟ ਸਕਦੀ ਹੈ? ਹੋ ਸਕਦਾ ਹੈ ਕਿ ਕੇਂਦਰ ਸਰਕਾਰ ਕੋਈ ਬਿੱਲ ਪੇਸ਼ ਕਰਕੇ ਸੁਪਰੀਮ ਕੋਰਟ ਦਾ ਫ਼ੈਸਲਾ ਪਲਟੇ, ਪਰ ਸੰਕੇਤ ਹੈ ਕਿ ਉਹ ਸਮੀਖਿਆ ਪਟੀਸ਼ਨ ਤਾਂ ਦਾਇਰ ਕਰੇਗੀ ਹੀ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਦੇ ਜੱਜ ਜੇ.ਪੀ. ਪਾਰਦੀਵਾਲਾ ਦੀ ਬੈਂਚ ਨੇ 8 ਅਪ੍ਰੈਲ ਨੂੰ ਇਕ ਇਤਿਹਾਸਕ ਫ਼ੈਸਲਾ ਸੁਣਾਇਆ ਸੀ। ਦੋ ਜੱਜਾਂ ਦੇ ਬੈਂਚ ਨੇ ਕਿਹਾ ਕਿ ਰਾਜਪਾਲ ਦੇ ਕੋਲ ਪੂਰਨ ਜਾਂ ਅੰਸ਼ਿਕ ਵੀਟੋ ਦਾ ਅਧਿਕਾਰ ਨਹੀਂ ਹੈ। ਉਹ ਵਿਧਾਨ ਸਭਾ ਵਲੋਂ ਪਾਸ ਕੀਤੇ ਬਿੱਲ ਨੂੰ ਨਹੀਂ ਲਟਕਾ ਸਕਦਾ ਤੇ ਉਸ ਨੂੰ 3 ਮਹੀਨੇ ਦੇ ਅੰਦਰ ਫ਼ੈਸਲਾ ਕਰਨਾ ਹੋਵੇਗਾ। ਸੁਪਰੀਮ ਕੋਰਟ ਦੇ ਇਸ ਫ਼ੈਸਲੇ ਦੇ ਨਾਲ ਹੀ ਤਾਮਿਲਨਾਡੂ ਦੇ ਸਾਰੇ 10 ਬਕਾਇਆ ਪਏ ਬਿੱਲਾਂ ਨੂੰ ਮਨਜ਼ੂਰੀ ਮਿਲ ਗਈ। ਪਹਿਲੀ ਵਾਰ ਅਜਿਹਾ ਹੋਇਆ ਕਿ ਰਾਜਪਾਲ ਦੇ ਦਸਤਖ਼ਤ ਦੇ ਬਿਨਾਂ ਸੁਪਰੀਮ ਕੋਰਟ ਦੇ ਆਦੇਸ਼ਾਂ 'ਤੇ ਕੋਈ ਬਿੱਲ ਕਾਨੂੰਨ ਬਣਿਆ ਹੋਵੇ। ਇਸੇ ਫ਼ੈਸਲੇ 'ਚ ਸੁਪਰੀਮ ਕੋਰਟ ਨੇ ਰਾਸ਼ਟਰਪਤੀ ਨੂੰ ਵੀ ਦੱਸਿਆ ਕਿ ਜੇਕਰ ਸੂਬੇ ਦਾ ਬਿੱਲ ਉਨ੍ਹਾਂ ਕੋਲ ਆਉਂਦਾ ਹੈ ਤਾਂ ਉਸ ਬਾਰੇ ਜ਼ਰੂਰੀ ਤੌਰ 'ਤੇ ਸੁਪਰੀਮ ਕੋਰਟ ਨਾਲ ਮਸ਼ਵਰਾ ਕਰਨਾ ਹੋਵੇਗਾ ਤੇ ਉਹ ਵੀ ਬਿੱਲ ਨੂੰ 3 ਮਹੀਨੇ ਤੋਂ ਜ਼ਿਆਦਾ ਨਹੀਂ ਰੋਕ ਸਕਦੀ। ਇਸ ਨੂੰ ਨਿਆਇਕ ਸਰਗਰਮੀ ਦਾ ਨਵਾਂ ਦੌਰ ਮੰਨਿਆ ਜਾ ਰਿਹਾ ਹੈ। ਪਰ ਇਹ ਵੀ ਹਕੀਕਤ ਹੈ ਕਿ ਅਜਿਹੀਆਂ ਸਥਿਤੀਆਂ ਰਾਜਪਾਲਾਂ ਦੀ ਮਨਮਰਜ਼ੀ ਦੇ ਵਰਤਾਵੇ ਕਾਰਨ ਹੀ ਪੈਦਾ ਹੁੰਦੀਆਂ ਹਨ। ਫਿਰ ਵੀ ਕਿਹਾ ਜਾ ਰਿਹਾ ਹੈ ਕਿ ਕੇਂਦਰ ਸਰਕਾਰ ਸਮੀਖਿਆ ਪਟੀਸ਼ਨ ਦਾਇਰ ਕਰੇਗੀ ਤੇ ਉਸ 'ਚ ਜੇਕਰ ਮਾਮਲੇ ਨੂੰ ਸੰਵਿਧਾਨਕ ਬੈਂਚ ਅੱਗੇ ਨਹੀਂ ਭੇਜਿਆ ਜਾਂਦਾ ਜਾਂ ਸੁਧਾਰ ਨਹੀਂ ਹੁੰਦਾ ਤਾਂ ਸਰਕਾਰ ਬਿੱਲ ਲਿਆ ਕੇ ਸੁਪਰੀਮ ਕੋਰਟ ਦਾ ਫ਼ੈਸਲਾ ਬਦਲ ਸਕਦੀ ਹੈ।



# ਮੁਸ਼ਕਿਲ ਨਾਲ ਹੀ ਹੋਵੇਗੀ 'ਮੇਹੁਲ ਭਾਈ' ਦੀ ਹਵਾਲਗੀ

**ਨਵੀਂ ਦਿੱਲੀ:** ਗੁਜਰਾਤ ਦੇ ਭਗੌੜੇ ਹੀਰਾ ਵਪਾਰੀ ਮੇਹੁਲ ਚੋਕਸੀ ਨੂੰ ਬੈਲਜੀਅਮ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ ਤਾਂ ਭਾਰਤ ਇਸ ਗੱਲ ਦੀ ਪਿੱਠ ਥਪਥਪਾ ਰਿਹਾ ਹੈ ਕਿ ਸੀ.ਬੀ.ਆਈ. ਦੀ ਬੇਨਤੀ 'ਤੇ ਸਮੇਂ ਸਿਰ ਦਖ਼ਲ ਦੇਣ ਕਾਰਨ ਮੇਹੁਲ ਚੋਕਸੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਪਰ ਗ੍ਰਿਫ਼ਤਾਰੀ ਨਾਲ ਕੀ ਹੁੰਦਾ ਹੈ ? ਮੇਹੁਲ ਚੋਕਸੀ ਦੇ ਭਾਣਜੇ ਨੀਰਵ ਮੋਦੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਸ ਨੇ ਪੰਜਾਬ ਨੈਸ਼ਨਲ ਬੈਂਕ ਨਾਲ ਹਜ਼ਾਰਾਂ ਕਰੋੜ ਰੁਪਏ ਦੀ ਧੋਖਾਧੜੀ ਕੀਤੀ ਤੇ ਭੱਜ ਗਿਆ। ਉਹ ਲੰਡਨ ਦੀ ਜੇਲ੍ਹ 'ਚ ਬੰਦ ਹੈ, ਪਰ ਉਸ ਦੀ ਹਵਾਲਗੀ ਸੰਭਵ ਨਹੀਂ ਹੈ। ਇਸੇ ਲਈ ਸਵਾਲ ਇਹ ਹੈ ਕਿ ਕੀ ਮੇਹੁਲ ਚੋਕਸੀ ਦੀ ਹਵਾਲਗੀ ਹੋਵੇਗੀ ? ਖ਼ੈਰ ਅਜੇ ਇਸ ਗ੍ਰਿਫ਼ਤਾਰੀ ਨੂੰ ਆਪਣੇ-ਆਪ 'ਚ ਇਕ ਵੱਡੀ ਗੱਲ ਸਮਝਿਆ ਜਾਣਾ ਚਾਹੀਦਾ ਹੈ ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਨਤਕ ਪ੍ਰੋਗਰਾਮ 'ਚ ਜਿਸ ਨੂੰ 'ਹਮਾਰੇ ਮੇਹੁਲ ਭਾਈ' ਕਿਹਾ ਸੀ, ਉਸ ਨੂੰ ਗ੍ਰਿਫ਼ਤਾਰ ਕਰਨ ਲਈ ਇਕ ਵਾਰ ਭਾਰਤੀ ਏਜੰਸੀਆਂ ਕੈਰੇਬਿਆਈ ਟਾਪੂ 'ਤੇ ਗਈਆਂ ਸੀ ਪਰ ਖਾਲੀ ਹੱਥ ਪਰਤੀਆਂ। ਹੁਣ ਘੱਟੋ-ਘੱਟ ਗ੍ਰਿਫ਼ਤਾਰੀ ਹੋ ਗਈ ਹੈ, ਪਰ ਹਵਾਲਗੀ 'ਚ ਬਹੁਤ ਕਿੰਤੂ-ਪ੍ਰੰਤੂ ਹੈ। ਕਿਹਾ ਜਾ ਰਿਹਾ ਹੈ ਕਿ ਕੈਰੇਬਿਆਈ ਦੇਸ਼ ਐਂਟੀਗੁਆ ਜੇਕਰ ਚੋਕਸੀ ਨਾਗਰਿਕਤਾ ਰੱਦ ਕਰ ਦੇਵੇ ਤਾਂ ਬੈਲਜੀਅਮ 'ਚ ਪਤਨੀ ਦੇ ਨਾਂਅ 'ਤੇ ਮਿਲਿਆ ਅਸਥਾਈ ਕਾਰਡ ਵੀ ਰੱਦ ਹੋ ਜਵੇਗਾ ਤੇ ਫਿਰ ਉਹ ਸਿਰਫ਼ ਭਾਰਤ ਦਾ ਨਾਗਰਿਕ ਰਹਿ ਜਾਵੇਗਾ, ਉਦੋਂ ਹੀ ਉਸ ਦੀ ਹਵਾਲਗੀ ਆਸਾਨ ਹੋਵੇਗੀ।

ਹਾਲਾਂਕਿ ਉਦੋਂ ਵੀ ਹਵਾਲਗੀ ਏਨੀ ਆਸਾਨ ਨਹੀਂ ਕਿਉਂਕਿ ਉੱਥੋਂ ਦੀ ਅਦਾਲਤ ਨੇ ਤੈਅ ਕਰਨਾ ਹੈ ਕਿ ਭਾਰਤ ਵਿਚ ਜੇਲ੍ਹਾਂ ਦੀ ਹਾਲਤ ਕਿਸ ਤਰ੍ਹਾਂ ਦੀ ਹੈ, ਚੋਕਸੀ ਦੇ ਨਾਲ ਕਿਵੇਂ ਦਾ ਕਾਨੂੰਨੀ ਵਰਤਾਵਾ ਹੋਵੇਗਾ ਤੇ ਕੀ ਚੋਕਸੀ ਸਚਮੁੱਚ ਕੈਂਸਰ ਦਾ ਮਰੀਜ਼ ਹੈ?



# ਮਹਿਬੂਬਾ ਵਲੋਂ ਨੈਸ਼ਨਲ ਕਾਨਫਰੰਸ ਤੇ ਭਾਜਪਾ ਅੱਗੇ ਝੁਕਣ ਦਾ ਦੋਸ਼

**ਰਾਜੌਰੀ:** ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀ. ਡੀ. ਪੀ.) ਦੀ ਮੁਖੀ ਮਹਿਬੂਬਾ ਮੁਫਤੀ ਨੇ (ਐਨ. ਸੀ.) ਉਤੇ ਨਿਸ਼ਾਨਾ ਸਾਧਦਿਆਂ ਦਾਅਵਾ ਕੀਤਾ ਕਿ ਸੱਤਾਧਾਰੀ ਪਾਰਟੀ ਧਾਰਾ 370 ਬਾਰੇ ਗੱਲ ਕਰਨ ਤੋਂ ਡਰਦੀ ਹੈ ਅਤੇ ਉਹ ਜੰਮੂ ਕਸ਼ਮੀਰ 'ਚ ਭਾਜਪਾ ਦਾ ਏਜੰਡਾ ਲਾਗੂ ਕਰ ਰਹੀ ਹੈ। ਉਨ੍ਹਾਂ ਲੋਕਾਂ ਨੂੰ ਪਾਰਟੀ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਨਾ ਸਿਰਫ ਜੰਮੂ ਕਸ਼ਮੀਰ ਦੇ ਲੋਕਾਂ ਦੀ ਆਵਾਜ਼ ਬਣਨਾ ਚਾਹੁੰਦੀ ਹੈ, ਸਗੋਂ ਦੇਸ਼ ਦੇ ਦੱਬੇ-ਕੁਚਲੇ ਮੁਸਲਿਮ ਭਾਈਚਾਰੇ ਲਈ ਵੀ ਆਵਾਜ਼ ਉਠਾਉਣਾ ਚਾਹੁੰਦੀ ਹੈ। ਪੀ.ਡੀ.ਪੀ. ਮੁਖੀ ਨੇ ਕਿਹਾ ਕਿ ਐਨ. ਸੀ. ਦੀ ਅਗਵਾਈ ਵਾਲੀ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ 'ਚ ਅਸਫ਼ਲ ਰਹੀ ਹੈ। ਮਹਿਬੂਬਾ ਮੁਫਤੀ ਨੇ ਦੋਸ਼ ਲਗਾਇਆ ਕਿ ਸੂਬੇ ਵਿਚਲੀ ਨੈਸ਼ਨਲ ਕਾਨਫਰੰਸ ਦੀ ਸਰਕਾਰ ਭਾਜਪਾ ਦੇ ਮੁਸਲਿਮ ਵਿਰੋਧੀ ਏਜੰਡੇ ਅੱਗੇ ਝੁਕ ਰਹੀ ਹੈ।



# ਬਿੱਟੂ ਵਲੋਂ 'ਵਾਰਿਸ ਪੰਜਾਬ ਦੇ' ਜਥੇਬੰਦੀ 'ਤੇ ਗੰਭੀਰ ਦੋਸ਼

**ਚੰਡੀਗੜ੍ਹ:** ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਦੋਸ਼ ਲਗਾਇਆ ਕਿ 'ਵਾਰਿਸ ਪੰਜਾਬ ਦੇ' ਜਥੇਬੰਦੀ, ਜਿਸ ਦਾ ਮੁਖੀ ਅਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਬੰਦ ਅਤੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਹੈ, ਨਾਲ ਜੁੜੇ ਕੁਝ ਖ਼ਾਲਿਸਤਾਨ ਪੱਖੀ ਤੱਤ ਉਨ੍ਹਾਂ ਅਤੇ ਪੰਜਾਬ ਦੇ ਹੋਰ ਰਾਜਨੀਤਿਕ ਆਗੂਆਂ ਦੀ ਹੱਤਿਆ ਦੀ ਸਾਜ਼ਿਸ਼ ਰਚ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਇਕ ਚੈਟ ਦੇ ਲੀਕ ਹੋਏ 'ਸਕ੍ਰੀਨਸ਼ਾਟ' ਰਾਹੀਂ ਇਸ ਸਾਜ਼ਿਸ਼ ਦਾ ਪਰਦਾਫਾਸ਼ ਹੋਇਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਅਜਿਹੇ ਸਮੂਹਾਂ ਦੀਆਂ ਗਤੀਵਿਧੀਆਂ ਸੂਬੇ ਨੂੰ ਇਸ ਦੇ ਹਨੇਰੇ ਅਤੀਤ ਦੀ ਯਾਦ ਦਿਵਾਉਂਦੀਆਂ ਹਨ ਅਤੇ ਸੂਬੇ ਨੂੰ ਅਸਥਿਰਤਾ ਵੱਲ ਧੱਕ ਰਹੀਆਂ ਹਨ। ਬਿੱਟੂ ਨੇ ਰਾਜਨੀਤਿਕ ਕਾਰਕੁੰਨਾਂ ਦੇ ਭੇਸ 'ਚ ਅਪਰਾਧਿਕ ਤੱਤਾਂ ਪ੍ਰਤੀ ਨਰਮ ਰੁਖ ਅਪਣਾਉਣ ਲਈ 'ਆਪ' ਸਰਕਾਰ ਦੀ ਵੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਮੇਰੇ ਦਾਦਾ (ਬੇਅੰਤ ਸਿੰਘ) ਨੇ ਪੰਜਾਬ 'ਚ ਸ਼ਾਂਤੀ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ। ਮੈਂ ਸ਼ਹੀਦਾਂ ਦੇ ਪਰਿਵਾਰ ਤੋਂ ਹਾਂ ਅਤੇ ਮੈਂ ਕੱਟੜਪੰਥੀਆਂ ਰੋਂਭਾਂ ਧਮਕੀਆਂ ਤੋਂ ਡਰਨ ਵਾਲਾ, ਨਹੀਂ ਹਾਂ। ਮੈਂ ਪੰਜਾਬ ਨੂੰ ਦੁਬਾਰਾ ਹਨੇਰੇ 'ਚ ਨਹੀਂ ਡੁੱਬਣ ਦਿਆਂਗਾ। ਬਿੱਟੂ ਨੇ ਕਿਹਾ ਕਿ ਕੇਂਦਰ ਸਰਕਾਰ ਨੇ 'ਵਾਰਿਸ ਪੰਜਾਬ ਦੇ ਆਗੂਆਂ ਵਲੋਂ ਰਚੀ ਗਈ ਸਾਜ਼ਿਸ਼ ਦਾ ਗੰਭੀਰ ਨੋਟਿਸ ਲਿਆ ਹੈ। ਉਨਾਂ ਕਿਹਾ ਕਿ ਕੇਂਦਰ ਦੇਸ਼ ਵਿਰੋਧੀ ਤਾਕਤਾਂ ਨੂੰ ਪੰਜਾਬ ਨੂੰ ਅਸਥਿਰ ਕਰਨ ਦੀ ਇਜਾਜ਼ਤ ਨਹੀਂ ਦੇਵੇਗਾ ਅਤੇ ਇਸ ਸਾਜ਼ਿਸ਼ ਦੇ ਦੋਸ਼ੀਆਂ ਨੂੰ ਨਤੀਜੇ ਭੁਗਤਣੇ ਪੈਣਗੇ।



# ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਖ਼ਿਲਾਫ਼ ਸੜਕਾਂ 'ਤੇ ਉਤਰੇ ਲੋਕ

**ਸਾਨਫਰਾਂਸਿਸਕੋ:** ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਕਾਰਵਾਈਆ, ਜਿਸ ਨੂੰ ਦੇਸ਼ ਦੇ ਲੋਕਤੰਤਰੀ ਆਦਰਤਾ ਲਈ ਖਤਰੇ ਵਜੋਂ ਦੇਖਿਆ ਜਾ ਰਿਹਾ ਹੈ, ਖਿਲਾਫ਼ ਵਿਰੋਧ ਦਰਜ ਕਰਵਾਉਣ ਲਈ ਭਾਰੀ ਗਿਣਤੀ 'ਚ ਲੋਕ ਅਮਰੀਕਾ ਭਰ 'ਚ ਸੜਕਾਂ 'ਤੇ ਉਤਰੇ। ਟਰੰਪ ਪ੍ਰਸ਼ਾਸਨ ਖਿਲਾਫ਼ ਵਿਰੋਧ ਪ੍ਰਦਰਸ਼ਨਾਂ ਦੀ ਲੜੀ, ਜਿਸ ਨੂੰ 50 ਵਿਰੋਧ ਪ੍ਰਦਰਸ਼ਨ, 50ਰਾਜ,1 ਅੰਦੋਲਨ' (50501) ਵਜੋਂ ਜਾਣਿਆ ਜਾਣ ਲੱਗਾ ਹੈ, ਅਮਰੀਕੀ ਇਨਕਲਾਬੀ ਯੁੱਧ ਦੀ ਸ਼ੁਰੂਆਤ ਦੀ 250ਵੀਂ ਵਰ੍ਹੇਗੰਢ ਦੇ ਨਾਲ ਮੇਲ ਖਾਂਦੇ ਸਨ। ਪ੍ਰਦਰਸ਼ਨਕਾਰੀਆਂ ਵਲੋਂ ਵਾਈਟ ਹਾਊਸ, ਟੇਸਲਾ ਡੀਲਰਸ਼ਿਪਾਂ ਦੇ ਬਾਹਰ ਅਤੇ ਅਮਰੀਕਾ ਭਰ 'ਚ ਸ਼ਹਿਰਾਂ ਦੇ ਕੇਂਦਰਾਂ 'ਚ ਰੋਸ ਮੁਜ਼ਾਹਰੇ ਕੀਤੇ ਗਏ, ਜਿਸ ਦੌਰਾਨ ਕਿਲਮਾਰ ਅਬਰੇਗੋ ਗਾਰਸੀਆ ਦੀ ਵਾਪਸੀ ਦੀ ਮੰਗ ਵੀ ਕੀਤੀ ਗਈ, ਜਿਸ ਨੂੰ ਗਲਤੀ ਨਾਲ ਅਲ ਸੈਲਵਾਡੋਰ ਭੇਜ ਦਿੱਤਾ ਗਿਆ ਸੀ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਟਰੰਪ ਅਮਰੀਕਾ ਨੂੰ ਇਕ 'ਪੁਲਿਸ ਰਾਜ' ਬਣਾ ਰਿਹਾ ਹੈ, ਜੋ ਅਦਾਲਤਾਂ ਦੀ ਉਲੰਘਣਾ ਕਰ ਰਿਹਾ ਹੈ, ਵਿਦਿਆਰਥੀਆਂ ਨੂੰ ਅਗਵਾ ਕਰਵਾ ਰਿਹਾ ਹੈ ਅਤੇ ਸੰਵਿਧਾਨਕ ਤੌਰ 'ਤੇ ਸੁਰੱਖਿਅਤ ਕੀਤੇ ਗਏ ਅਧਿਕਾਰਾਂ ਨੂੰ ਖ਼ਤਮ ਕਰ ਰਿਹਾ ਹੈ। ਪ੍ਰਦਰਸ਼ਨਕਾਰੀਆਂ ਨੇ 'ਨੋ ਕਿੰਗਜ਼' ਲਿਖੀਆਂ ਹੋਈਆਂ ਤਖ਼ਤੀਆਂ ਚੁੱਕੀਆਂ ਹੋਈਆਂ ਸਨ, ਜੋ ਕਿ ਅੰਗਰੇਜ਼ੀ ਸ਼ਾਸਨ ਵਿਰੁੱਧ ਦੇਸ਼ ਦੀ ਕ੍ਰਾਂਤੀ ਦੀ ਵਰ੍ਹੇਗੰਢ ਦਾ ਸੰਕੇਤ ਸੀ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਅਮਰੀਕਾ 'ਚ ਆਜ਼ਾਦੀ ਲਈ ਇਹ ਬਹੁਤ ਖ਼ਤਰਨਾਕ ਸਮਾਂ ਹੈ।

ਦੂਜੇ ਪਾਸੇ, ਤਾਜ਼ਾ ਸਰਵੇਖਣ ਦੱਸ ਰਹੇ ਹਨ ਕਿ ਟਰੰਪ ਦੀ ਪ੍ਰਸਿੱਧੀ ਦਿਨੋ-ਦਿਨ ਡਿੱਗ ਰਹੀ ਹੈ। ਤਾਜ਼ਾ ਸਰਵੇਖਣ ਤੋਂ ਪਤਾ ਚੱਲਦਾ ਹੈ ਕਿ 45 ਫ਼ੀਸਦੀ ਵੋਟਰ ਟਰੰਪ ਦੇ ਕਾਰਜਕਾਲ ਦੀ ਪਹਿਲੀ ਤਿਮਾਹੀ 'ਚ ਉਨ੍ਹਾਂ ਦੇ ਨਾਲ ਹਨ, ਜੋ ਕਿ ਉਨ੍ਹਾਂ ਦੇ ਪਹਿਲੇ ਪ੍ਰਸ਼ਾਸਨ 'ਚ ਇਸੇ ਸਮੇਂ ਦੌਰਾਨ 41 ਫ਼ੀਸਦੀ ਵੋਟਰਾਂ ਦੁਆਰਾ ਮਨਜ਼ੂਰੀ ਦੇਣ ਤੋਂ ਵੱਧ ਹੈ। ਫਿਰ ਇਹ ਵੀ ਕਿ 1952 ਅਤੇ 2020 ਦੇ ਵਿਚਕਾਰ ਚੁਣੇ ਗਏ ਸਾਰੇ ਰਾਸ਼ਟਰਪਤੀਆਂ ਲਈ ਔਸਤ ਪਹਿਲੀ ਤਿਮਾਹੀ ਰੇਟਿੰਗ 60 ਫ਼ੀਸਦੀ ਤੋਂ ਘੱਟ ਹੈ, ਜੋ ਦਿਖਾਉਂਦੀ ਹੈ ਕਿ ਟਰੰਪ ਦੀ ਪ੍ਰਸਿੱਧੀ ਘੱਟਦੀ ਜਾਪਦੀ ਹੈ, ਖਾਸ ਕਰਕੇ ਜਦੋਂ ਅਰਥਵਿਵਸਥਾ ਦੀ ਗੱਲ ਆਉਂਦੀ ਹੈ। ਟਰੰਪ ਨੇ ਜਨਵਰੀ 'ਚ ਅਹੁਦਾ ਸੰਭਾਲਿਆ ਸੀ ਤਾਂ ਉਸ ਦੀ ਪ੍ਰਵਾਨਗੀ ਰੇਟਿੰਗ 47 ਫ਼ੀਸਦੀ ਸੀ।


ਹਾਲ ਹੀ 'ਚ ਇਕ ਸਰਵੇਖਣ 'ਚ ਦਾਅਵਾ ਕੀਤਾ ਗਿਆ ਹੈ ਕਿ ਉਸ ਦੀ ਪ੍ਰਵਾਨਗੀ ਰੇਟਿੰਗ ਟੈਰਿਫ ਦੇ ਐਲਾਨ ਕਰਨ ਵਾਲੇ ਦਿਨ 47 ਫ਼ੀਸਦੀ ਤੋਂ ਘੱਟ ਕੇ 43 ਫ਼ੀਸਦੀ ਹੋ ਗਈ ਸੀ। ਇਸੇ ਸਰਵੇਖਣ 'ਚ ਸਿਰਫ 37 ਫ਼ੀਸਦੀ ਲੋਕਾਂ ਨੇ ਅਰਥਵਿਵਸਥਾ 'ਤੇ ਉਨ੍ਹਾਂ ਦੇ ਪ੍ਰਦਰਸ਼ਨ ਨੂੰ ਮਨਜ਼ੂਰੀ ਦਿੱਤੀ ਹੈ, ਜਦੋਂਕਿ ਅਹੁਦਾ ਸੰਭਾਲਣ ਮੌਕੇ ਇਹ 42 ਫ਼ੀਸਦੀ ਸੀ।



# ਪਾਕਿਸਤਾਨ ਨੇ ਜਾਧਵ ਨੂੰ ਅਪੀਲ ਦਾ ਅਧਿਕਾਰ ਦੇਣ ਤੋਂ ਕੀਤਾ ਇਨਕਾਰ

**ਅੰਮ੍ਰਿਤਸਰ:** ਪਾਕਿਸਤਾਨ ਨੇ ਭਾਰਤੀ ਜਲ ਸੈਨਾ ਅਫ਼ਸਰ ਕਮਾਂਡਰ (ਸੇਵਾਮੁਕਤ) ਕੁਲਭੂਸ਼ਣ ਸੁਧੀਰ ਜਾਧਵ ਨੂੰ ਅਪੀਲ ਦਾ ਅਧਿਕਾਰ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਪਾਕਿ ਵਲੋਂ ਜਾਧਵ ਨੂੰ ਜਾਸੂਸ ਹੋਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਪਾਕਿ ਰੇ ਰੱਖਿਆ ਮੰਤਰਾਲੇ ਨੇ ਉਥੋਂ ਦੀ ਸੁਪਰੀਮ ਕੋਰਟ ਨੂੰ ਦੱਸਿਆ ਕਿ ਭਾਰਤੀ ਨਾਗਰਿਕ ਲਈ ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ (ਆਈ. ਸੀ. ਜੇ.) ਨੇ ਪਾਕਿ ਨੂੰ ਸਿਰਫ਼ ਕੌਂਸਲਰ ਪਹੁੰਚ ਦੇਣ ਦਾ ਹੁਕਮ ਦਿੱਤਾ ਸੀ ਅਤੇ ਜਾਧਵ ਨੂੰ ਅਪੀਲ ਕਰਨ ਦਾ ਅਧਿਕਾਰ ਨਹੀਂ ਹੈ। ਦਰਅਸਲ, ਸੁਪਰੀਮ ਕੋਰਟ 9 ਮਈ 2023 ਨੂੰ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਗ੍ਰਿਫ਼ਤਾਰੀ ਤੋਂ ਬਾਅਦ ਪਾਕਿ 'ਚ ਭੜਕੀ ਹਿੰਸਾ ਦੇ ਦੋਸ਼ੀਆਂ ਦੇ ਮਾਮਲੇ ਦੀ ਸੁਣਵਾਈ ਕਰ ਰਹੀ ਸੀ। ਇਸ ਦੌਰਾਨ ਇਹ ਦਾਅਵਾ ਕੀਤਾ ਗਿਆ ਕਿ ਫ਼ੌਜੀ ਅਦਾਲਤ ਵਲੋਂ ਹਿੰਸਾ ਲਈ ਦੋਸ਼ੀ ਠਹਿਰਾਏ ਗਏ ਲੋਕਾਂ ਨੂੰ ਅਪੀਲ ਕਰਨ ਦਾ ਅਧਿਕਾਰ ਨਹੀਂ ਦਿੱਤਾ ਜਾ ਰਿਹਾ, ਜਦੋਂ ਕਿ ਭਾਰਤੀ ਜਾਸੂਸ ਜਾਧਵ ਨੂੰ ਅਪੀਲ ਕਰਨ ਦਾ ਅਧਿਕਾਰ ਦਿੱਤਾ ਗਿਆ। ਇਸ ਦੇ ਜਵਾਬ 'ਚ ਰੱਖਿਆ ਮੰਤਰਾਲੇ ਨੇ ਕਿਹਾ ਕਿ ਜਾਧਵ ਨੂੰ ਅਪੀਲ ਕਰਨ ਦਾ ਅਧਿਕਾਰ ਨਹੀਂ ਦਿੱਤਾ ਗਿਆ ਅਤੇ ਉਸ ਨੂੰ ਸਿਰਫ਼ ਆਈ. ਸੀ. ਜੇ. ਦੇ ਆਦੇਸ਼ ਤੋਂ ਬਾਅਦ ਕੌਂਸਲਰ ਪਹੁੰਚ ਹੀ ਦਿੱਤੀ ਗਈ।

ਕੁਲਭੂਸ਼ਣ ਜਾਧਵ ਇਕ ਸੇਵਾਮੁਕਤ ਜਲ ਸੈਨਾ ਅਧਿਕਾਰੀ ਹੈ, ਜੋ ਸੇਵਾਮੁਕਤੀ ਤੋਂ ਬਾਅਦ ਈਰਾਨ ਦੇ ਚਾਬਹਾਰ 'ਚ ਕਾਰੋਬਾਰ ਕਰ ਰਿਹਾ ਸੀ। ਪਾਕਿ ਵਲੋਂ 3 ਮਾਰਚ 2016 ਨੂੰ ਸੂਬਾ ਬਲੋਚਿਸਤਾਨ ਤੋਂ ਜਾਸੂਸੀ ਅਤੇ ਅੱਤਵਾਦੀ ਗਤੀਵਿਧੀਆਂ 'ਚ ਸ਼ਾਮਿਲ ਹੋਣ ਦੇ ਦੋਸ਼ 'ਚ ਉਸ ਨੂੰ ਗ੍ਰਿਫ਼ਤਾਰ ਕਰਕੇ ਮੌਤ ਦੀ ਸਜ਼ਾ ਸੁਣਾਈ ਗਈ। ਭਾਰਤ ਨੇ ਇਸ ਫ਼ੈਸਲੇ ਖ਼ਿਲਾਫ਼ ਆਈ. ਸੀ. ਜੇ. 'ਚ ਅਪੀਲ ਕੀਤੀ। ਅਦਾਲਤ ਨੇ ਭਾਰਤ ਦੇ ਹੱਕ 'ਚ ਫ਼ੈਸਲਾ ਸੁਣਾਉਂਦੇ ਹੋਏ ਜਾਧਵ ਦੀ ਮੌਤ ਦੀ ਸਜ਼ਾ 'ਤੇ ਰੋਕ ਲਗਾ ਦਿੱਤੀ ਤੇ ਪਾਕਿ ਨੂੰ ਮੁਕੱਦਮੇ ਦੀ ਸਮੀਖਿਆ ਕਰਨ ਅਤੇ ਭਾਰਤੀ ਨਾਗਰਿਕ ਨੂੰ ਕੌਂਸਲਰ ਪਹੁੰਚ ਦੇਣ ਦਾ ਹੁਕਮ ਦਿੱਤਾ।



# ਸੰਜੈ ਭੰਡਾਰੀ ਵਲੋਂ ਈ.ਡੀ. ਦੀ 'ਭਗੌੜਾ' ਐਲਾਨਣ ਵਾਲੀ ਪਟੀਸ਼ਨ ਦਾ ਵਿਰੋਧ

**ਨਵੀਂ ਦਿੱਲੀ:** ਹਥਿਆਰਾਂ ਦੇ ਡੀਲਰ ਸੰਜੈ ਭੰਡਾਰੀ ਨੇ ਦਿੱਲੀ ਦੀ ਅਦਾਲਤ 'ਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਦਾਇਰ ਪਟੀਸ਼ਨ ਦਾ ਵਿਰੋਧ ਕੀਤਾ ਹੈ। ਜਿਸ 'ਚ ਭੰਡਾਰੀ ਨੂੰ ਕਾਲੇ ਧਨ ਦੇ ਮਾਮਲੇ 'ਚ 'ਭਗੜਾ' ਐਲਾਨੇ ਜਾਣ ਦੀ ਮੰਗ ਕੀਤੀ ਗਈ ਹੈ। ਭੰਡਾਰੀ ਨੇ ਦਾਅਵਾ ਕੀਤਾ ਕਿ ਲੰਡਨ ਹਾਈ ਕੋਰਟ ਉਸ ਦੀ ਭਾਰਤ ਨੂੰ ਹਵਾਲਗੀ ਤੋਂ ਇਨਕਾਰ ਕਰ ਚੁੱਕੀ ਹੈ, ਲਿਹਾਜ਼ਾ ਯੂ.ਕੇ. 'ਚ ਉਸਦਾ ਰਹਿਣਾ ਕਾਨੂੰਨੀ ਤੌਰ 'ਤੇ ਵੈਧ ਹੈ। ਭੰਡਾਰੀ ਨੇ 19 ਅਪਰੈਲ ਨੂੰ ਆਪਣੇ ਵਕੀਲ ਰਾਹੀਂ ਅਦਾਲਤ 'ਚ ਦਿੱਤੀਆਂ ਦਲੀਲਾਂ 'ਚ ਦਾਅਵਾ ਕੀਤਾ ਕਿ ਈ.ਡੀ. ਦੀ ਅਰਜ਼ੀ 'ਅਸਪਸ਼ਟ, ਗਲਤ ਥਾਂ 'ਤੇ ਤੇ ਅਧਿਕਾਰ ਖੇਤਰ ਤੋਂ ਬਿਨਾਂ ਸੀ ਕਿਉਂਕਿ ਇਹ ਭਗੌੜਾ ਅਪਰਾਧੀ ਐਕਟ ਦੀਆਂ ਲੋੜਾਂ ਦੀ ਪਾਲਣਾ ਨਹੀਂ ਕਰਦੀ। ਲੰਡਨ ਹਾਈ ਕੋਰਟ ਨੇ ਫਰਵਰੀ 'ਚ ਭੰਡਾਰੀ ਦੀ ਭਾਰਤ ਹਵਾਲਗੀ ਵਿਰੁੱਧ ਅਪੀਲ ਨੂੰ ਮਨਜ਼ੂਰੀ ਦੇ ਦਿੱਤੀ ਸੀ।



ਪੰਜਾਬ ਟਾਈਮਜ਼

*26 ਅਪਰੈਲ, ਸ਼ਨਿਚਰਵਾਰ*

# ਸੁਪਰੀਮ ਕੋਰਟ ਦਾ ਸੁਪਰੀਮ ਫ਼ੈਸਲਾ

*ਸੁਪਰੀਮ ਕੋਰਟ ਵਲੋਂ, ਰਾਜਾਂ ਦੀਆਂ ਵਿਧਾਨ ਸਭਾਵਾਂ ਵਲੋਂ ਪਾਸ ਕੀਤੇ ਗਏ ਬਿੱਲਾਂ ਬਾਰੇ ਫ਼ੈਸਲਾ ਲੈਣ ਸੰਬੰਧੀ ਰਾਜਪਾਲਾਂ ਅਤੇ ਰਾਸ਼ਟਰਪਤੀ ਦੀਆਂ ਸ਼ਕਤੀਆਂ ਬਾਰੇ ਦਿੱਤੇ ਗਏ ਫ਼ੈਸਲੇ ਨਾਲ ਦੇਸ਼ ਦੇ ਸਿਆਸੀ ਹਲਕਿਆਂ ਵਿਚ ਵੱਡੀ ਚਰਚਾ ਛਿੜ ਗਈ ਹੈ। ਵਿਰੋਧੀ ਪਾਰਟੀਆਂ ਅਤੇ ਕਾਨੂੰਨ ਨੂੰ ਜਾਨਣ ਵਾਲੇ ਮਾਹਿਰਾਂ ਵਲੋਂ ਸੁਪਰੀਮ ਕੋਰਟ ਵਲੋਂ ਦਿੱਤੇ ਗਏ ਇਸ ਫ਼ੈਸਲੇ ਦਾ ਵੱਡੀ ਪੱਧਰ 'ਤੇ ਸਵਾਗਤ ਕੀਤਾ ਜਾ ਰਿਹਾ ਹੈ। ਜਦੋਂ ਕਿ ਭਾਜਪਾ ਨਾਲ ਸੰਬੰਧਿਤ ਕਈ ਕੇਂਦਰੀ ਮੰਤਰੀਆਂ ਅਤੇ ਖ਼ਾਸ ਕਰਕੇ ਉੱਪ ਰਾਸ਼ਟਰਪਤੀ ਜਗਦੀਪ ਧਨਖੜ ਵਲੋਂ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਤਿੱਖੀ ਆਲੋਚਨਾ ਕੀਤੀ ਗਈ ਹੈ। ਸਰਬਉੱਚ ਅਦਾਲਤ ਦਾ ਇਹ ਫ਼ੈਸਲਾ ਤਾਮਿਲਨਾਡੂ ਦੀ ਸਰਕਾਰ ਵਲੋਂ ਆਪਣੇ ਰਾਜ ਦੇ ਰਾਜਪਾਲ ਆਰ. ਐਨ. ਰਵੀ ਵਲੋਂ ਰਾਜ ਵਿਧਾਨ ਸਭਾ ਵਿੱਚ ਪਾਸ ਕੀਤੇ ਗਏ ਬਿੱਲਾਂ ਨੂੰ ਅਣਮਿੱਥੇ ਸਮੇਂ ਤੱਕ ਆਪਣੇ ਕੋਲ ਰੱਖਣ ਦੇ ਮਾਮਲੇ ਨੂੰ ਸਰਬਉੱਚ ਅਦਾਲਤ ਵਿਚ ਦਿੱਤੀ ਗਈ ਚੁਣੌਤੀ ਦੇ ਸੰਦਰਭ ਵਿਚ ਆਇਆ ਹੈ।*

*ਉੱਪ ਰਾਸ਼ਟਰਪਤੀ ਨੇ ਇਸ ਫੈਸਲੇ ਸੰਬੰਧੀ ਇਕ ਸਮਾਗਮ ਵਿਚ ਬੋਲਦਿਆਂ ਕਿਹਾ ਹੈ ਕਿ ਨਿਆਂਪਾਲਿਕਾ ਦਾ ਕੰਮ ਕਾਨੂੰਨਾਂ ਦੀ ਵਿਆਖਿਆ ਕਰਨਾ ਹੁੰਦਾ ਹੈ, ਉਹ ਆਪ ਕਾਨੂੰਨ ਨਹੀਂ ਬਣਾ ਸਕਦੀ। ਉਸ ਦਾ ਕਹਿਣਾ ਹੈ ਕਿ ਨਿਆਂਪਾਲਿਕਾ ਨੇ 'ਸੁਪਰ ਪਾਰਲੀਮੈਂਟ' ਬਣਨ ਦਾ ਯਤਨ ਕੀਤਾ ਹੈ, ਜੋ ਵਿਧਾਨਪਾਲਿਕਾ ਦੇ ਕੰਮ-ਕਾਜ ਵਿਚ ਦਖਲ-ਅੰਦਾਜ਼ੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਹੈ। ਕਿ ਸਰਬਉੱਚ ਅਦਾਲਤ ਨੂੰ ਧਾਰਾ 142 ਅਧੀਨ ਮਿਲੀਆਂ ਸ਼ਕਤੀਆਂ ਪ੍ਰਮਾਣੂ ਮਿਜ਼ਾਈਲ ਦੀ ਤਰ੍ਹਾਂ ਹਨ, ਜਿਸ ਦੀ ਉਹ ਜਮਹੂਰੀਅਤ ਵਿਰੁੱਧ ਵਰਤੋਂ ਕਰਦੀ ਹੈ। ਸ੍ਰੀ ਜਗਦੀਪ ਧਨਖੜ ਦੀਆਂ ਇਨ੍ਹਾਂ ਟਿੱਪਣੀਆਂ ਦੀ ਉੱਘੇ ਵਕੀਲ ਸ੍ਰੀ ਕਪਿਲ ਸਿੱਬਲ, ਕਾਂਗਰਸੀ ਆਗੂ ਰਣਦੀਪ ਸੂਰਜੇਵਾਲਾ ਅਤੇ ਸੀ.ਪੀ.ਆਈ. ਦੇ ਜਨਰਲ ਸਕੱਤਰ ਡੀ. ਰਾਜਾ ਨੇ ਸਖ਼ਤ ਆਲੋਚਨਾ ਕੀਤੀ ਹੈ ਅਤੇ ਕਿਹਾ ਹੈ ਕਿ ਉਨ੍ਹਾਂ ਨੂੰ ਉੱਪ ਰਾਸ਼ਟਰਪਤੀ ਵਰਗੇ ਸੰਵਿਧਾਨਕ ਅਹੁਦੇ 'ਤੇ ਬੈਠ ਕੇ ਨਿਆਂਪਾਲਿਕਾ ਵਿਰੁੱਧ ਇਹੋ ਜਿਹੀਆਂ ਟਿੱਪਣੀਆਂ ਕਰਨ ਦਾ ਅਧਿਕਾਰ ਨਹੀਂ ਹੈ। ਪਿਛਲੇ ਲੰਮੇ ਸਮੇਂ ਤੋਂ ਵੱਖ-ਵੱਖ ਢੰਗਾਂ ਨਾਲ ਤਾਮਿਲਨਾਡੂ ਦੇ ਗਵਰਨਰ ਆਰ. ਐਨ. ਰਵੀ ਤਾਮਿਲਨਾਡੂ ਦੀ ਸਰਕਾਰ ਦੇ ਕੰਮ-ਕਾਜ ਵਿਚ ਵਿਘਨ ਪਾਉਂਦੇ ਆ ਰਹੇ ਸਨ। ਇਸ ਕ੍ਰਮ ਵਿਚ ਹੀ ਉਨ੍ਹਾਂ ਨੇ ਰਾਜ ਵਿਧਾਨ ਸਭਾ ਵਲੋਂ ਪਾਸੇ ਕੀਤੇ ਗਏ ਬਿੱਲਾਂ ਨੂੰ ਲੰਮੇ ਸਮੇਂ ਤੱਕ ਮਨਜ਼ੂਰੀ ਦੇਣ ਤੋਂ ਰੋਕੀ ਰੱਖਿਆ ਸੀ ਅਤੇ ਜਦੋਂ ਉਨ੍ਹਾਂ ਨੂੰ ਵਿਧਾਨ ਸਭਾ ਨੇ ਦੁਬਾਰਾ ਪਾਸ ਕਰਕੇ ਵੀ ਭੇਜ ਦਿੱਤਾ, ਤਾਂ ਵੀ ਉਨ੍ਹਾਂ ਨੇ ਬਿੱਲਾਂ ਨੂੰ ਆਪਣੇ ਕੋਲ ਰੋਕੀ ਰੱਖਿਆ। ਜਦੋਂ ਤਾਮਿਲਨਾਡੂ ਸਰਕਾਰ ਨੇ ਰਾਜਪਾਲ ਦੇ ਇਸ ਵਤੀਰੇ ਵਿਰੁੱਧ ਸਰਬਉੱਚ ਅਦਾਲਤ ਦਾ ਦਰਵਾਜ਼ਾ ਖਟ-ਖਟਾਇਆ ਤਾਂ ਰਾਜਪਾਲ ਨੇ ਇਹ ਬਿੱਲ ਵਿਚਾਰਨ ਲਈ ਰਾਸ਼ਟਰਪਤੀ ਨੂੰ ਭੇਜ ਦਿੱਤੇ। ਅੱਗੋਂ ਰਾਸ਼ਰਪਤੀ ਨੇ ਰਾਜਪਾਲ ਦੀ ਤਰ੍ਹਾਂ ਹੀ ਇਨ੍ਹਾਂ ਬਿੱਲਾਂ ਨੂੰ ਆਪਣੇ ਕੋਲ ਰੱਖ ਲਿਆ। ਇਸ ਪਿਛੋਕੜ ਵਿਚ ਸਰਬਉੱਚ ਅਦਾਲਤ ਨੇ ਇਹ ਫ਼ੈਸਲਾ ਦਿੱਤਾ ਹੈ ਕਿ ਸੰਵਿਧਾਨ ਦੀ ਧਾਰਾ 200 ਰਾਜਪਾਲ ਨੂੰ ਇਹ ਅਧਿਕਾਰ ਦਿੰਦੀ ਹੈ ਕਿ ਜਿੰਨੀ ਛੇਤੀ ਹੋ ਸਕੇ ਉਹ ਰਾਜ ਵਿਧਾਨ ਸਭਾ ਵਲੋਂ ਪਾਸ ਕੀਤੇ ਗਏ ਕਿਸੇ ਵੀ ਬਿੱਲ ਨੂੰ ਪ੍ਰਵਾਨਗੀ ਦੇਵੇ ਜਾਂ ਆਪਣੇ ਸੁਝਾਅ ਦੇ ਕੇ ਵਿਧਾਨ ਸਭਾ ਨੂੰ ਮੁੜ ਵਿਚਾਰਨ ਲਈ ਵਾਪਿਸ ਭੇਜ ਦੇਵੇ। ਜੇਕਰ ਸੰਬੰਧਿਤ ਰਾਜ ਵਿਧਾਨ ਸਭਾ ਉਸ ਬਿੱਲ ਨੂੰ ਦੁਬਾਰਾ ਪਾਸ ਕਰਕੇ ਪ੍ਰਵਾਨਗੀ ਲਈ ਮੁੜ ਰਾਜਪਾਲ ਨੂੰ ਭੇਜਦੀ ਹੈ ਤਾਂ ਉਸ ਨੂੰ ਬਿੱਲ ਨੂੰ ਮਨਜ਼ੂਰੀ ਦੇਣੀ ਪਵੇਗੀ ਜਾਂ ਉਹ ਸੰਬੰਧਿਤ ਬਿੱਲ ਨੂੰ ਵਿਚਾਰਨ ਲਈ ਰਾਸ਼ਟਰਪਤੀ ਨੂੰ ਭੇਜ ਸਕਦਾ ਹੈ। ਪਰ ਕਿਸੇ ਵੀ ਸੂਰਤ ਵਿਚ ਰਾਜਪਾਲ ਬਿੱਲ ਨੂੰ ਅਣਮਿੱਥੇ ਸਮੇਂ ਲਈ ਆਪਣੇ ਕੋਲ ਨਹੀਂ ਰੱਖ ਸਕਦਾ। ਸਰਬਉੱਚ ਅਦਾਲਤ ਨੇ ਇਸ ਸੰਬੰਧੀ ਸਥਿਤੀ ਨੂੰ ਹੋਰ ਸਪੱਸ਼ਟ ਕਰਦਿਆਂ ਰਾਜਪਾਲਾਂ ਅਤੇ ਰਾਸ਼ਟਰਪਤੀ ਵਲੋਂ ਬਿੱਲਾਂ ਨੂੰ ਮਨਜ਼ੂਰੀ ਦੇਣ ਲਈ ਘੱਟ ਤੋਂ ਘੱਟ ਇਕ ਮਹੀਨੇ ਦਾ ਅਤੇ ਵੱਧ ਤੋਂ ਵੱਧ ਤਿੰਨ ਮਹੀਨਿਆਂ ਦਾ ਸਮਾਂ ਵੀ ਨਿਸ਼ਚਿਤ ਕਰ ਦਿੱਤਾ ਹੈ।*

*ਜਿਥੋਂ ਤੱਕ ਭਾਰਤ ਸਰਕਾਰ ਦਾ ਸੰਬੰਧ ਹੈ ਉਸ ਨੇ ਅਧਿਕਾਰਤ ਤੌਰ 'ਤੇ ਇਸ ਸੰਬੰਧੀ ਆਪਣਾ ਰੁਖ਼ ਸਪੱਸ਼ਟ ਨਹੀਂ ਕੀਤਾ, ਭਾਵੇਂ ਕਿ ਕਾਨੂੰਨ ਮੰਤਰੀ ਕਿਰਨ ਰਿਜੀਜੂ ਨੇ ਸਰਬਉੱਚ ਅਦਾਲਤ ਦੇ ਉੱਕਤ ਫ਼ੈਸਲੇ ਦੀ ਆਲੋਚਨਾ ਜ਼ਰੂਰ ਕੀਤੀ ਹੈ। ਪਰ ਸਰਕਾਰੀ ਸੂਤਰਾਂ ਦੇ ਹਵਾਲੇ ਨਾਲ ਇਹ ਖ਼ਬਰਾਂ ਜ਼ਰੂਰ ਆ ਰਹੀਆਂ ਹਨ ਕਿ ਕੇਂਦਰ ਸਰਕਾਰ ਸਰਬਉੱਚ ਅਦਾਲਤ ਵਿਚ ਇਸ ਸੰਬੰਧੀ ਰੀਵਿਊ ਪਟੀਸ਼ਨ ਦਾਖਲ ਕਰ ਸਕਦੀ ਹੈ।*

*ਇਕ ਜਮਹੂਰੀ ਦੇਸ਼ ਵਿਚ ਅਹਿਮ ਸੰਵਿਧਾਨਕ ਅਹੁਦਿਆਂ 'ਤੇ ਬੈਠੀਆਂ ਵੱਡੀਆਂ ਸ਼ਖ਼ਸੀਅਤਾਂ ਵੀ ਕਾਨੂੰਨ ਅਤੇ ਸੰਵਿਧਾਨ ਅੱਗੇ ਜਵਾਬਦੇਹ ਹੁੰਦੀਆਂ ਹਨ। ਉਨ੍ਹਾਂ ਨੂੰ ਵੀ ਅਸੀਮਿਤ ਅਧਿਕਾਰ ਪ੍ਰਾਪਤ ਨਹੀਂ ਹੁੰਦੇ। ਭਾਰਤੀ ਸੰਵਿਧਾਨ ਵਿਚ ਵਿਧਾਨ ਪਾਲਿਕਾ, ਕਾਰਜ ਪਾਲਿਕਾ ਅਤੇ ਨਿਆਂ ਪਾਲਿਕਾ ਦੇ ਅਧਿਕਾਰਾਂ ਦੀ ਸਪੱਸ਼ਟ ਰੂਪ ਵਿਚ ਵੰਡ ਕੀਤੀ ਗਈ ਹੈ। ਇਹ ਵਿਵਸਥਾ ਕਿਸੇ ਵੀ ਧਿਰ ਨੂੰ ਨਿਸਚਤ ਖੇਤਰ ਤੋਂ ਬਾਹਰ ਜਾਣ ਤੋਂ ਰੋਕਦੀ ਹੈ। ਨਿਆਂ ਪਾਲਿਕਾ ਨੂੰ ਰਾਜ ਵਿਧਾਨ ਸਭਾਵਾਂ ਅਤੇ ਪਾਰਲੀਮੈਂਟ ਵਲੋਂ ਪਾਸ ਕੀਤੇ ਗਏ ਕਾਨੂੰਨਾਂ ਦੀ ਸੰਵਿਧਾਨ ਦੀ ਰੌਸ਼ਨੀ ਵਿਚ ਵਿਆਖਿਆ ਕਰਨ ਦਾ ਅਧਿਕਾਰ ਹੈ, ਪਰ ਸੰਵਿਧਾਨ ਦੀ ਧਾਰਾ 142 ਅਧੀਨ ਕਿਸੇ ਵੀ ਧਿਰ ਨੂੰ ਮੁਕੰਮਲ ਨਿਆਂ ਦੇਣ ਲਈ ਉਹ ਵਿਸ਼ੇਸ਼ ਹਾਲਤਾਂ ਵਿਚ ਕਾਨੂੰਨ ਦੀ ਵਿਆਖਿਆ ਕਰਦਿਆਂ ਕਿਸੇ ਵਿਸ਼ੇ 'ਤੇ ਅਜਿਹਾ ਨਿਰਣਾ ਵੀ ਲੈ ਸਕਦੀ ਹੈ, ਜਿਸ ਸੰਬੰਧੀ ਪਾਰਲੀਮੈਂਟ ਨੇ ਕੋਈ ਕਾਨੂੰਨ ਨਾ ਬਣਾਇਆ ਹੋਵੇ ਜਾਂ ਸੰਵਿਧਾਨ ਵਿਚ ਉਸ ਸੰਬੰਧੀ ਸਥਿਤੀ ਬਹੁਤੀ ਸਪੱਸ਼ਟ ਨਾ ਹੋਵੇ। ਆਪਣੇ ਇਸੇ ਅਧਿਕਾਰ ਦੀ ਵਰਤੋਂ ਕਰਦਿਆਂ ਸਰਬਉੱਚ ਅਦਾਲਤ ਨੇ ਰਾਜਪਾਲਾਂ ਅਤੇ ਰਾਸ਼ਟਰਪਤੀ ਦੇ ਬਿੱਲਾਂ ਨੂੰ ਪ੍ਰਵਾਨਗੀ ਦੇਣ ਸੰਬੰਧੀ ਇਕ ਤੋਂ ਤਿੰਨ ਮਹੀਨੇ ਤੱਕ ਦਾ ਸਮਾਂ ਨਿਸ਼ਚਿਤ ਕੀਤਾ ਹੈ। ਸੁਪਰੀਮ ਕੋਰਟ ਦਾ ਇਹ ਫ਼ੈਸਲਾ ਵਿਧਾਨ ਪਾਲਿਕਾ ਨੂੰ ਮਜ਼ਬੂਤ ਕਰਨ ਵਾਲਾ ਹੈ। ਜਮਹੂਰੀ ਢੰਗ ਨਾਲ ਚੁਣੀਆਂ ਗਈਆਂ ਵਿਧਾਨ ਸਭਾਵਾਂ ਵਲੋਂ ਪਾਸ ਕੀਤੇ ਗਏ ਬਿੱਲਾਂ ਨੂੰ ਰਾਜਪਾਲਾਂ ਜਾਂ ਰਾਸ਼ਟਰਪਤੀ ਨੂੰ ਅਣਮਿੱਥੇ ਸਮੇਂ ਤੱਕ ਰੋਕੀ ਰੱਖਣ ਦਾ ਹੱਕ ਨਹੀਂ ਹੈ। ਸੰਘੀ ਢਾਂਚੇ ਅਤੇ ਜਮਹੂਰੀਅਤ ਨੂੰ ਮਜ਼ਬੂਤ ਕਰਨ ਵਾਲੇ ਇਸ ਫ਼ੈਸਲੇ ਦਾ ਸਭ ਧਿਰਾਂ ਵਲੋਂ ਸਵਾਗਤ ਹੀ ਕੀਤਾ ਜਾਣਾ ਚਾਹੀਦਾ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਮੀਟਿੰਗ ਤੋਂ ਗਰੀਟਿੰਗ ਤੱਕ!

*ਹੁੰਦਾ ਏ ਇਸ਼ਾਰਾ ਜਦੋਂ ਮਾਲਕਾਂ ਦਾ ਕਰੋ ਭਾਈ ਅੰਤਰਿੰਗ ਕਮੇਟੀ ਵਾ.ਲੇ ਰੱਖਦੇ 'ਮੀਟਿੰਗ' ਜੀ।*
*ਘੜੀ ਘੰਟਾ ਬੈਠ ਭੇੜ ਯਾਭਾਂ ਵਾ.ਲੇ ਕਰੀ ਜਾਂਦੇ ਆਏ ਹੋਏ ਹੁਕਮਾਂ ਦੀ ਕਰਦੇ 'ਰਪੀਟਿੰਗ' ਜੀ।*
*ਕੌਮ ਤਾਈਂ 'ਪਿੱਠ ਦੇ ਕੇ' ਭੁੱਲ ਕੇ ਵਿਰਾਸਤਾਂ ਨੂੰ ਸੁੱਤੀਆਂ ਜ਼ਮੀਰਾਂ ਕਰ ਦਿੰਦੀਆਂ ਚੀਟਿੰਗ ਜੀ।*
*ਗੁਰੂ ਘਰੋਂ ਆ ਜਾਂਦਾ ਏ ਲੰਗਰ 'ਸਵਾਦੀ' ਬਣ ਲਾ ਲਾ ਚਟਖਾਰੇ ਕਰ ਲੈਂਦੇ ਨੇ 'ਈਟਿੰਗ' ਜੀ।*
*ਦੇਸੀ ਘਿਉ ਦੇ ਹਲਵੇ 'ਚ ਪਾਏ ਹੁੰਦੇ ਸੁੱਕੇ ਮੇਵੇ ਘਿਉ ਦੀ ਘੂਕੀ ਨਾ.ਲ ਹੋ ਜਾਣ ਸਲੀਪਿੰਗ ਜੀ।*
*ਦੂਜੇ ਦਿਨ ਛਪੀ ਅਖਬਾਰਾਂ ਵਿਚ 'ਫੋਟੋ' ਦੇਖ ਫੋਨ ਉੱਤੇ ਦੇਣ ਇਕ ਦੂਜੇ ਨੂੰ 'ਗਰੀਟਿੰਗ' ਜੀ!*

# ਸੱਚਮੁੱਚ ਸਿੱਖਿਆ ਕ੍ਰਾਂਤੀ ਦੀ ਲੋੜ




ਅੱਜ ਜਿਵੇਂ ਸਿਆਸਤਦਾਨ ਇੱਕ-ਦੂਜੇ ਨਾਲ ਵਿਵਹਾਰ ਕਰਦੇ ਹਨ, ਇੱਕ-ਦੂਜੇ ਬਾਰੇ ਬੋਲਦੇ, ਤਾਹਨੇ-ਮਿਹਣੇ ਦਿੰਦੇ ਇੱਕ-ਦੂਜੇ ਦੇ ਪੋਤੜੇ ਫੋਲਦੇ, ਇੱਕ-ਦੂਜੇ 'ਤੇ ਊਜਾਂ ਲਾਉਂਦੇ ਹਨ, ਕੀ ਇਹ ਕਿਸੇ ਸਿੱਖਿਅਤ ਸ਼ਖ਼ਸੀਅਤ ਦਾ ਵਿਵਹਾਰ ਹੈ? ਲੋਕਾਂ ਦੇ ਮਸਲਿਆਂ ਨੂੰ ਨਾ ਸਮਝਣਾ, ਕੁਰਸੀ ਯੁੱਧ ਨੂੰ ਅਹਿਮੀਅਤ ਦੇਣੀ, ਨੈਤਿਕਤਾ ਦਾ ਪੱਲਾ ਹੱਥੋਂ ਛੱਡ ਦੇਣਾ, ਕਿਸ ਕਿਸਮ ਦੀ ਸਿਆਸਤ ਹੈ? ਪੰਜਾਬ ਦੇ ਪੜ੍ਹੇ-ਲਿਖੇ ਕਿੰਨੇ ਸਿਆਸਤਦਾਨ, ਲੋਕਾਂ ਦਾ ਦਰਦ ਪਛਾਣਦੇ ਹਨ, ਲੋਕਾਂ ਦੇ ਮਸਲਿਆਂ ਦਾ ਹੱਲ ਲੱਭਣ ਲਈ ਡੂੰਘਾਈ 'ਚ ਅਧਿਐਨ ਕਰਦੇ ਹਨ, ਆਪਣੇ ਸੂਬੇ ਦਾ ਕੇਸ ਉਪਰਲੀ ਅਦਾਲਤ, ਜਾਂ ਉਪਰਲੀ ਸਰਕਾਰ ਤੱਕ ਲੈ ਕੇ ਜਾਂਦੇ ਹਨ?

ਕੀ ਸਿਆਸਤਦਾਨ ਪੰਜਾਬ ਦੀ ਆਪਣੀ ਖੇਤੀ ਨੀਤੀ ਬਣਾ ਸਕੇ ਜਾਂ ਵਿਦਵਾਨਾਂ, ਪੜ੍ਹਾਕੂਆਂ, ਪਾਰਖੂਆਂ ਤੋਂ ਬਣਵਾ ਸਕੇ? ਕੀ ਪੰਜਾਬ ਦੀ ਸਿੱਖਿਆ ਨੀਤੀ ਬਣਵਾ



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਸਕੇ? ਜਿਸ ਦੀ ਲੋੜ ਅੱਜ ਦੇ ਸਮੇਂ 'ਚ ਵਧੇਰੇ ਹੈ ਪੰਜਾਬੀਆਂ ਨੂੰ। ਕੀ ਇਹ ਸਭ ਕੁਝ ਸਿੱਖਿਆ ਦੀ ਘਾਟ ਦਾ ਸਿੱਟਾ ਨਹੀਂ ਹੈ?

ਗੱਲ ਇਕੱਲੀ ਸਿਆਸਤਦਾਨਾਂ ਦੀ ਹੀ ਨਹੀਂ ਹੈ। ਗੱਲ ਧਾਰਮਿਕ ਸ਼ਖ਼ਸੀਅਤਾਂ ਅਤੇ ਸਮਾਜ ਸੇਵਕਾਂ ਨਾਲ ਵੀ ਜੁੜੀ ਹੋਈ ਹੈ। ਗੱਲ ਸੂਬੇ ਦੇ ਵਿਚਾਰਵਾਨਾਂ, ਲੇਖਕਾਂ, ਬੁੱਧੀਜੀਵੀਆਂ ਨਾਲ ਵੀ ਜੁੜੀ ਹੋਈ ਹੈ, ਜਿਹੜੇ ਆਪਣਾ ਬਣਦਾ-ਸਰਦਾ ਰੋਲ ਨਿਭਾਉਣ ਤੋਂ ਅੱਖਾਂ ਮੀਟ ਕੇ ਸਿਰਫ਼ ਆਪਣੇ 'ਰੋਟੀ-ਪਾਣੀ' ਦੇ ਚੱਕਰ 'ਚ ਅੱਖਾਂ ਮੀਟੀ ਬੈਠੇ ਰਹੇ? ਕਿੰਨੇ ਕੁ ਨੀਤੀਵਾਨ, ਵਿਚਾਰਵਾਨ ਇਹੋ ਜਿਹੇ ਹਨ, ਜਿਹੜੇ ਗਰਕ ਹੋ ਰਹੇ, ਉਜੜ ਰਹੇ ਪੰਜਾਬ ਦੀਆਂ ਸਮੱਸਿਆਵਾਂ ਦੇ ਕਾਰਨਾਂ ਨੂੰ ਲੋਕਾਂ ਸਾਹਵੇਂ ਲਿਆ ਰਹੇ ਹਨ? ਜਿਹੜਾ ਕਿ ਉਨ੍ਹਾਂ ਦਾ ਫ਼ਰਜ਼ ਹੈ। ਯੂਨੀਵਰਸਿਟੀਆਂ ਸੁੱਤੀਆਂ ਪਈਆਂ ਹਨ। ਹਜ਼ਾਰਾਂ ਲੋਕ ਸਿਰਫ਼ ਖੋਜ ਦੇ ਨਾਂ 'ਤੇ ਪੀ.ਐਚ.ਡੀ. ਕਰਦੇ ਹਨ, ਆਪਣਾ ਕਰੀਅਰ ਬਣਾਉਣ ਲਈ, ਪੈਸੇ ਕਮਾਉਣ ਲਈ ਅਤੇ ਬੱਸ ਸੁਰਖ਼ਰੂ ਹੋ ਜਾਂਦੇ ਹਨ। ਭੁੱਲ ਹੀ ਗਏ ਹਨ ਸਿੱਖਿਆ ਦੇ ਅਰਥ! ਭੁੱਲ ਹੀ ਗਏ ਹਨ ਕਿ ਵਿਦਵਾਨਾਂ, ਖੋਜੀਆਂ ਦਾ ਫਰਜ਼ ਲੋਕਾਂ ਨੂੰ ਚਾਨਣਾ ਦੇਣਾ ਹੈ, ਸਿਰਫ਼ ਵਾਹ-ਵਾਹ ਖੱਟਣਾ ਜਾਂ ਚੇਲਿਆਂ-ਬਾਲਕਿਆਂ ਤੋਂ ਵਾਹ-ਵਾਹ ਕਰਵਾਉਣਾ ਨਹੀਂ। ਆਜ਼ਾਦੀ ਉਪਰੰਤ ਪੰਜਾਬ ਦੋ ਹਿੱਸਿਆਂ 'ਚ ਵੰਡਿਆ ਗਿਆ। ਲੱਖਾਂ ਬੱਚੇ, ਸਕੂਲਾਂ ਤੋਂ ਵਾਂਝੇ ਹੋ ਗਏ। ਗਰਮ-ਸਰਦ ਸਮਿਆਂ 'ਚ ਪੰਜਾਬ ਦੀ ਸਿੱਖਿਆ ਮਧੋਲੀ ਗਈ। ਸਮਾਂ ਬੀਤਣ 'ਤੇ ਬੇਰੁਜ਼ਗਾਰੀ ਵਧੀ। ਪ੍ਰਵਾਸ ਵਧਿਆ। ਆਇਲੈਟਸ ਨੇ ਪੰਜਾਬ ਦੀ ਸਿੱਖਿਆ ਤੇ ਸਿੱਖਿਆ ਸੰਸਥਾਵਾਂ ਰੋਲ ਦਿੱਤੀਆਂ, ਬੰਦ ਕਰਵਾ ਦਿੱਤੀਆਂ। ਕਿਹੜੀ ਸਰਕਾਰ ਕਾਰਨ ਜਾਣ ਸਕੀ ਕਿ ਇਹ ਪ੍ਰਵਾਸ ਨੌਜਵਾਨਾਂ ਦੀ ਮਜਬੂਰੀ ਕਿਉਂ ਬਣ ਰਿਹਾ ਹੈ?

ਬੇਰੁਜ਼ਗਾਰੀ, ਨਸ਼ਿਆਂ ਦਾ ਵਗਦਾ ਦਰਿਆ, ਸਿੱਖਿਆ ਦੀ ਘਾਟ ਦਾ ਹੀ ਤਾਂ ਸਿੱਟਾ ਹੈ। ਸਿੱਖਿਆ ਹੋਏਗੀ, ਚੰਗੀ ਖੇਤੀ ਹੋਏਗੀ। ਸਿੱਖਿਆ ਹੋਏਗੀ ਰੁਜ਼ਗਾਰ ਹੋਏਗਾ, ਕਾਰੋਬਾਰ ਹੋਏਗਾ। ਪਰ ਜੇਕਰ ਸਿੱਖਿਆ ਦੇ ਮੁੱਢਲੇ ਅਧਿਕਾਰ ਨੂੰ ਸਰਕਾਰਾਂ ਭੁੱਲ ਕੇ ਪਬਲਿਕ ਸਕੂਲਾਂ ਰਾਹੀਂ ਲੋਕਾਂ ਤੋਂ ਪੈਸਾ ਬਟੋਰਨ ਦੇ ਚੱਕਰ 'ਚ ਆਪਣਾ ਫ਼ਰਜ਼ ਹੀ ਭੁੱਲ ਜਾਣਗੀਆਂ ਤਾਂ ਉਸ ਖਿੱਤੇ ਦੇ ਲੋਕਾਂ ਦਾ ਆਖ਼ਰ ਹਾਲ ਕੀ ਹੋ ਜਾਏਗਾ? ਉਹੋ ਹਾਲ ਹੋਏਗਾ, ਜੋ ਪੰਜਾਬ ਦੇ ਲੋਕਾਂ ਦਾ ਇਸ ਵੇਲੇ ਹੋਇਆ ਪਿਆ ਹੈ। ਲੱਖ ਸਰਕਾਰ ਇਹ ਕਹੇ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਦਾ ਢਾਂਚਾ ਸੁਧਾਰ ਦਿੱਤਾ ਹੈ, ਇਸਨੂੰ ਪਬਲਿਕ ਸਕੂਲਾਂ ਦੇ ਹਾਣ ਦਾ ਕਰ ਦਿੱਤਾ ਹੈ। ਕਹਿਣ ਨੂੰ ਇਹ ਸਿੱਖਿਆ ਕ੍ਰਾਂਤੀ ਹੈ ਪਰ ਅੱਜ ਵੀ ਸਰਕਾਰੀ ਸਕੂਲ ਆਮ ਆਦਮੀ ਦੀ ਆਖ਼ਰੀ ਮਜਬੂਰੀ ਬਣੇ ਹੋਏ ਹਨ, ਜਿਥੇ ਉਹ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਮਨੋ ਨਹੀਂ, ਬੇਬਸੀ 'ਚ ਭੇਜਦਾ ਹੈ। ਹਾਲ ਪਬਲਿਕ ਸਕੂਲਾਂ ਦਾ ਵੀ ਇਹੋ ਹੈ, ਜਿਥੇ ਸਿੱਖਿਆ ਦਿੱਤੀ ਨਹੀਂ ਜਾਂਦੀ, ਵੇਚੀ ਜਾਂਦੀ ਹੈ। ਹਾਲ ਪ੍ਰੋਫੈਸ਼ਨਲ ਪ੍ਰਾਈਵੇਟ ਯੂਨੀਵਰਸਿਟੀਆਂ ਤੇ ਪ੍ਰੋਫੈਸ਼ਨਲ ਕਾਲਜਾਂ ਦਾ ਵੀ ਇਹੋ ਹੈ। ਸਵਾਲ ਉੱਠਦਾ ਹੈ ਕਿ ਕੀ ਸਿੱਖਿਆ ਕੋਈ ਵੇਚਣ ਵਾਲੀ ਚੀਜ਼ ਹੈ?

ਪੰਜਾਬ 'ਚ 17 ਯੂਨੀਵਰਸਿਟੀਆਂ ਹਨ, ਜੋ ਸਰਕਾਰੀ ਜਾਂ ਸਰਕਾਰੀ ਸਹਾਇਤਾ ਪ੍ਰਾਪਤ ਹਨ। 14 ਪ੍ਰਾਈਵੇਟ ਪ੍ਰੋਫੈਸ਼ਨਲ ਯੂਨੀਵਰਸਿਟੀਆਂ ਹਨ। 8 ਮੈਡੀਕਲ ਕਾਲਜ ਹਨ। ਦਰਜਨਾਂ ਇੰਜੀਨੀਅਰਿੰਗ ਟੈਕਨਾਲੌਜੀ ਕਾਲਜ ਹਨ। ਆਰਟਸ ਕਾਲਜਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਪਬਲਿਕ ਮਾਡਲ ਸਕੂਲ ਥਾਂ-ਥਾਂ ਖੁਲ੍ਹੇ ਹੋਏ ਹਨ। ਪਰ ਇਨ੍ਹਾਂ ਸਾਰਿਆਂ ਤੋਂ ਵੱਧ ਮਨਜ਼ੂਰਸ਼ੁਦਾ ਅਤੇ ਗ਼ੈਰ-ਮਨਜ਼ੂਰਸ਼ੁਦਾ ਆਇਲੈਟਸ ਸੈਂਟਰ ਹਨ। ਪਰ ਬਹੁਤ ਹੀ ਘੱਟ ਗਿਣਤੀ 'ਚ ਪੀ.ਸੀ.ਐੱਸ., ਆਈ.ਏ.ਐੱਸ., ਆਈ.ਪੀ.ਐਸ., ਕੰਪੀਟੀਸ਼ਨ ਦੀ ਤਿਆਰੀ ਕਰਵਾਉਣ ਵਾਲੇ ਸੈਂਟਰ ਹਨ।

ਲਗਭਗ ਹਰ ਪਿੰਡ ਅਤੇ ਸ਼ਹਿਰ 'ਚ ਸਰਕਾਰੀ ਪ੍ਰਾਇਮਰੀ ਸਕੂਲ ਹੈ, ਤੇ ਵੱਡੀ ਗਿਣਤੀ 'ਚ ਮਿਡਲ, ਹਾਈ, ਹਾਇਰ ਸੈਕੰਡਰੀ ਸਕੂਲ ਹਨ। ਉਸ ਸੂਬੇ 'ਚ ਜਿਥੇ ਸਕੂਲਾਂ, ਕਾਲਜਾਂ, ਪ੍ਰੋਫੈਸ਼ਨਲ ਕਾਲਜਾਂ ਦੀ ਭਰਮਾਰ ਹੋਵੇ ਉਥੇ ਇਨ੍ਹਾਂ ਵਿਦਿਅਕ ਸੰਸਥਾਵਾਂ 'ਚ ਜਦੋਂ ਅਸਲ ਸਿੱਖਿਆ ਦੀ ਘਾਟ ਹੋਵੇ, ਤਾਂ ਸਵਾਲ ਚੁੱਕਣਾ ਤਾਂ ਬਣਦਾ ਹੀ ਹੈ ਕਿ ਇਹ ਸਿੱਖਿਆ ਅਦਾਰੇ ਆਖ਼ਰ ਖੋਲ੍ਹੇ ਹੀ ਕਿਉਂ ਗਏ ਹਨ? ਕੀ ਇਨ੍ਹਾਂ ਦੇ ਖੋਲ੍ਹਣ ਪਿੱਛੇ ਸੇਵਾ ਭਾਵਨਾ ਹੈ, ਜਾਂ ਕਾਰੋਬਾਰੀ ਭਾਵਨਾ? ਕਦੇ ਮਿਸ਼ਨਰੀ ਲੋਕਾਂ ਨੇ ਪੰਜਾਬ ਨੂੰ ਸਿੱਖਿਅਤ ਕਰਨ ਲਈ ਆਰੀਆ, ਖ਼ਾਲਸਾ, ਕ੍ਰਿਸਚੀਅਨ ਸਕੂਲ ਖੋਲ੍ਹੇ ਸਨ, ਪਰ ਸਰਕਾਰੀ ਨੀਤੀਆਂ ਨੇ ਇਨ੍ਹਾਂ ਸੰਸਥਾਵਾਂ ਨੂੰ ਨਿਹੱਥੇ ਕਰ ਦਿੱਤਾ। ਪਬਲਿਕ ਸਕੂਲਾਂ, ਪ੍ਰੋਫੈਸ਼ਨਲ ਪ੍ਰਾਈਵੇਟ ਯੂਨੀਵਰਸਿਟੀਆਂ ਨੇ ਇਨ੍ਹਾਂ ਸੰਸਥਾਵਾਂ ਨੂੰ ਪਿੱਛੇ ਧੱਕ ਕੇ, ਸਰਕਾਰੀ ਸਕੂਲਾਂ, ਕਾਲਜਾਂ ਦੀ ਫੱਟੀ-ਬਸਤਾ ਵੀ ਪੋਚ ਦਿੱਤਾ।

ਅੱਜ ਸੂਬੇ ਦੇ ਸਿੱਖਿਆ ਪੱਖੋਂ ਹਾਲਾਤ ਮਾੜੇ ਹਨ। ਬਾਵਜੂਦ ਇਸ ਸਭ ਕੁਝ ਦੇ ਕਿ ਸਰਕਾਰ ਸਿੱਖਿਆ ਕ੍ਰਾਂਤੀ ਦੀ ਗੱਲ ਕਰ ਰਹੀ ਹੈ। ਸਕੂਲਾਂ 'ਚ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਘਾਟ ਹੈ। ਬੁਨਿਆਦੀ ਢਾਂਚੇ ਦੀ ਕਮੀ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਸਕੂਲਾਂ ਵਿਚ ਕੱਚੇ, ਪੱਕੇ ਠੇਕੇ 'ਤੇ, ਕਮੇਟੀ ਵਾਲੇ ਟੀਚਰ ਪੜ੍ਹਾਈ ਕਰਵਾ ਰਹੇ ਹਨ। ਕਮੇਟੀ ਵਾਲੇ ਟੀਚਰਾਂ ਦੀ ਤਨਖ਼ਾਹ ਦੋ ਜਾਂ ਤਿੰਨ ਹਜ਼ਾਰ ਰੁਪਏ ਮਹੀਨਾ ਹੈ। ਇਹ ਕਿਸ ਕਿਸਮ ਦੀ ਪੜ੍ਹਾਈ ਪਰੋਸੀ ਜਾ ਰਹੀ ਹੈ? ਕਈ ਪ੍ਰਾਈਵੇਟ ਸਕੂਲ ਅਜਿਹੇ ਹਨ ਜਿਥੇ ਖਾਤਿਆਂ 'ਚ ਤਨਖ਼ਾਹਾਂ ਦੇਣ ਸਮੇਂ ਪੂਰਾ ਗ੍ਰੇਡ ਦਿੱਤਾ ਜਾ ਰਿਹਾ ਹੈ ਪਰ ਤਨਖ਼ਾਹਾਂ ਵਾਪਿਸ ਜਮ੍ਹਾਂ ਕਰਵਾਈਆਂ ਜਾ ਰਹੀਆਂ ਹਨ। ਅਜਿਹੇ ਅਧਿਆਪਕ ਕਿਹੋ ਜਿਹੀ ਸਿੱਖਿਆ ਦੇਣਗੇ? ਨਵੇਂ ਸਰਕਾਰੀ ਕਾਲਜ ਖੋਲ੍ਹੇ ਜਾ ਰਹੇ ਹਨ, ਟੀਚਰ ਇਥੇ ਵੀ ਠੇਕੇ 'ਤੇ ਹਨ।

ਪੰਜਾਬ ਦੇ ਪ੍ਰਾਇਮਰੀ, ਮਿਡਲ ਸਰਕਾਰੀ ਸਕੂਲਾਂ 'ਚ ਪੰਜ-ਪੰਜ ਕਲਾਸਾਂ ਲਈ ਇੱਕ ਅਧਿਆਪਕ ਹੈ। ਬੀਤੇ ਸਮਿਆਂ 'ਚ ਵਿਦਿਆਰਥੀ ਤੱਪੜ 'ਤੇ ਬੈਠਦੇ ਸੀ, ਚੰਗੇ ਗਿਆਨਵਾਨ ਟੀਚਰਾਂ ਤੋਂ ਪੜ੍ਹਦੇ ਸੀ। ਆਲੇ-ਦੁਆਲੇ ਨੂੰ ਵੇਖਦੇ ਸੀ, ਚੰਗੀ ਸੋਚ ਬਣਦੀ ਸੀ। ਹੁਣ ਸੋਚ ਉਤੇ ਪਰਦਾ ਪੈ ਗਿਆ ਹੈ। ਪਬਲਿਕ ਸਕੂਲ ਮਾਂ-ਬੋਲੀ ਪੰਜਾਬੀ ਤੋਂ ਪ੍ਰਹੇਜ਼ ਕਰਦੇ ਹਨ, ਮਾਪੇ ਬੱਚਿਆਂ ਨੂੰ ਬਾਰ੍ਹਵੀਂ ਪਾਸ ਕਰਨ ਤੋਂ ਬਾਅਦ ਸਿੱਧਾ ਆਇਲੈਟਸ ਕਰਵਾ ਕੇ ਬੇਗਾਨੇ ਮੁਲਕਾਂ 'ਚ ਭੇਜ ਰਹੇ ਹਨ। ਬਰੇਨ ਡਰੇਨ ਹੋ ਰਿਹਾ, ਧਨ ਦੀ ਇਥੋਂ ਨਿਕਾਸੀ ਹੋ ਰਹੀ ਹੈ। ਇਥੇ ਖੋਲ੍ਹੇ ਆਰਟਸ ਤੇ ਪ੍ਰੋਫੈਸ਼ਨਲ ਕਾਲਜ ਬੰਦ ਹੋ ਰਹੇ ਹਨ, ਸੀਟਾਂ ਨਹੀਂ ਭਰੀਆਂ ਜਾ ਰਹੀਆਂ। ਯੂਨੀਵਰਸਿਟੀਆਂ ਜਿਨ੍ਹਾਂ ਵਿਚਾਰਵਾਨ ਪੈਦਾ ਕਰਨੇ ਹਨ, ਪ੍ਰੋਫੈਸਰਾਂ, ਅਧਿਆਪਕਾਂ ਤੋਂ ਸੱਖਣੀਆਂ ਹਨ। ਸਰਕਾਰਾਂ ਨੇ, ਸਿੱਖਿਆ ਸਿਸਟਮ ਨੇ ਅਧਿਆਪਕਾਂ ਨੂੰ ਚੁੱਪ-ਚਾਪ ਦੁੱਖ ਸਹਿਣ ਵਾਲੇ ਮਜ਼ਦੂਰ ਬਣਾ ਦਿੱਤਾ ਹੈ।

ਪੰਜਾਬ ਨੂੰ ਸੱਚੀਂ-ਮੁੱਚੀ ਸਿੱਖਿਆ ਕ੍ਰਾਂਤੀ ਦੀ ਲੋੜ ਹੈ। ਪੰਜਾਬ 'ਸਿੱਖਿਆ ਦੇ ਖੇਤਰ' 'ਚ ਸੰਕਟ 'ਚ ਹੈ। ਉਸੇ ਕਿਸਮ ਦੇ ਸੰਕਟ 'ਚ ਜਿਵੇਂ ਦੇ ਸੰਕਟ 'ਚ ਪੰਜਾਬ ਦਾ ਸਭਿਆਚਾਰ ਹੈ। ਪੰਜਾਬ ਦੀ ਧਰਤੀ ਹੈ, ਜੋ ਪਾਣੀ ਦੀ ਥੁੜ੍ਹੋਂ ਮਾਰੂਥਲ ਹੋਣ ਵੱਲ ਵਧ ਰਹੀ ਹੈ। ਪੰਜਾਬੀ ਭਾਈਚਾਰੇ ਦਾ, ਪੰਜਾਬ ਦੀ ਧਰਤੀ ਦਾ ਮੂਲ ਸਿਧਾਂਤ ਪੰਚਾਇਤੀ ਸੱਥ ਟੁੱਟ ਚੁੱਕੀ ਹੈ। ਫ਼ੈਸਲੇ ਹੁਣ ਪਰਿਆ 'ਚ ਨਹੀਂ, ਅਦਾਲਤੀ, ਥਾਣਿਆਂ ਜਾਂ ਸਿਆਸੀ ਢੁੱਠਾ ਵਾਲੇ ਲੋਕਾਂ ਦੇ ਦਰਾਂ 'ਤੇ ਹੁੰਦੇ ਹਨ। ਆਪਸੀ ਵਿਚਾਰ-ਵਟਾਂਦਰਾ ਸੱਥਾਂ 'ਚੋਂ ਗਾਇਬ ਕਰ ਦਿੱਤਾ ਗਿਆ ਹੈ। ਤਾਕਤ ਪੈਸੇ ਵਾਲਿਆਂ ਹੱਥ ਫੜਾ ਦਿੱਤੀ ਗਈ ਹੈ।

ਸਿਆਸਤਦਾਨ ਦੀ ਤਰਜੀਹ ਹੁਣ ਜਨ ਕਲਿਆਣ ਜਾਂ ਲੋਕ ਸਰੋਕਾਰ ਨਹੀਂ, ਸਿਰਫ਼ ਚੋਣ ਸਮੀਕਰਨ ਰਹਿ ਗਈ ਹੈ। ਉਨ੍ਹਾਂ ਦੀ ਤਰਜੀਹ ਲੋਕਾਂ ਨੂੰ ਨਿਕੰਮੇ, ਅਸਿੱਖਿਅਤ ਰੱਖਣ ਵੱਲ ਵਧੇਰੇ ਹੈ ਤਾਂ ਕਿ ਕੋਈ ਸਵਾਲ ਹੀ ਨਾ ਉਠੇ ਪਰ ਸਿੱਖਿਆ ਸਵਾਲ ਉਠਾਉਂਦੀ ਹੈ, ਸਿੱਖਿਆ ਵਿਚਾਰ ਪੈਦਾ ਕਰਦੀ ਹੈ, ਸਿੱਖਿਆ ਅਤੇ ਕਿਤਾਬ ਮਨ ਅਤੇ ਤਨ ਨੂੰ ਤਾਕਤਵਰ ਕਰਦੀ ਹੈ।

ਪੰਜਾਬ ਦਾ ਵਿਰਸਾ, ਪੰਜਾਬ ਦੀ ਬੋਲੀ ਬਹੁਤ ਅਮੀਰ ਹੈ। ਪੰਜਾਬ ਦੇਸ਼ ਦਾ ਅੰਨ ਦਾਤਾ ਹੈ। ਪੰਜਾਬ ਪੂਰੇ ਦੇਸ਼ ਵਿਚ ਆਪਣੀ ਵੱਖਰੀ ਪਛਾਣ ਰੱਖਦਾ ਹੈ। ਪੰਜਾਬ ਕਦੇ ਪੰਜ ਦਰਿਆਵਾਂ ਦੀ ਧਰਤੀ ਸੀ। ਇਹ ਖਿੱਤੇ ਦਾ ਸਭ ਤੋਂ ਸਿਆਣਾ ਇਲਾਕਾ ਸੀ, ਜਿਥੇ ਸਿਆਣੇ ਲੋਕ ਵਸਦੇ ਸਨ, ਜਿਥੇ ਰੂਹਾਨੀ ਰੂਹਾਂ ਨੇ ਜਨਮ ਲਿਆ। ਲਿਖਣਾ-ਪੜ੍ਹਨਾ, ਵਿਚਾਰਨਾ ਜਿਨ੍ਹਾਂ ਦੇ ਲਹੂ 'ਚ ਸੀ ਅਤੇ ਲਹੂ 'ਚ ਸੀ ਆਪਣੀ ਅਣਖ ਲਈ ਖੜ੍ਹਨਾ, ਮਰਨਾ। ਚੰਗਾ ਵਾਤਾਵਰਨ, ਵਸਦੇ ਦਰਿਆ, ਜਰਖੇਜ਼ ਜ਼ਮੀਨ ਜਿਨ੍ਹਾਂ ਦਾ ਧਨ ਸੀ।

ਸਿਆਸੀ ਖੇਡਾਂ ਇਸਦਾ ਲੱਕ ਤੋੜਿਆ ਅਤੇ ਪੰਜਾਬ ਢਾਈ ਦਰਿਆਵਾਂ ਤੱਕ ਸੀਮਤ ਕਰ ਦਿੱਤਾ ਗਿਆ। ਵੱਢ-ਵਢਾਂਗਾ, ਭਾਈ-ਮਾਰ, ਸਾਜ਼ਿਸ਼ਾਂ, ਸਵਾਰਥੀ ਸੋਚ ਪਿੱਠ-ਛੁਰਾ ਇਨ੍ਹਾਂ ਦੇ ਪੱਲੇ ਪਾ ਦਿੱਤਾ ਗਿਆ। ਗਿਆਨ ਤੋਂ ਦੂਰ ਕਰ ਕੇ ਸਿਆਣਿਆਂ ਤੇ ਯੋਧਿਆਂ ਨੂੰ ਐਸਾ ਲਪੇਟਿਆ ਸੰਕੀਰਨ ਸੋਚ ਨਾਲ ਕਿ ਅੱਜ ਸੋਚੋ ਹਰਿਆ-ਭਰਿਆ ਪੰਜਾਬ, ਪੰਜਾਬ ਹੀ ਨਹੀਂ ਦਿਸਦਾ। ਸਿਉਂਕ ਨਾਲ ਭੰਨਿਆ, ਬੀਮਾਰੀਆਂ ਨਾਲ ਖਾਧਾ ਨਰਕੀ ਪੰਜਾਬ ਦਿਸਦਾ ਹੈ, ਜਿਥੇ ਨਸ਼ੇ ਹਨ। ਜਿਥੇ ਮਾਰ-ਧਾੜ ਹੈ। ਧਰਤੀ ਨਾਲੋਂ ਟੁਟਿਆ ਕੁਨਬਾ ਹੈ, ਜਿਹੜਾ ਆਪਣੀ ਧਰਤ ਛੱਡ ਬੇਗਾਨੀ ਧਰਤੀ ਦੀ ਬੁੱਕਲ ਲੱਭਦਾ ਹੈ।

ਕਾਰਨ ਇਕੋ ਨਹੀਂ, ਪਰ ਵੱਡਾ ਹੈ ਪੰਜਾਬੀਆਂ ਨੇ ਸਿੱਖਿਆ-ਸੋਚ ਨਾਲੋਂ ਮੋਹ ਤੋੜ ਲਿਆ ਹੈ। ਅਕਲ 'ਤੇ ਪੱਲਾ ਪਾ ਲਿਆ ਹੈ। ਸੋਚ ਨਿਰੀ-ਪੁਰੀ ਵਿਵਹਾਰਕ ਕਰ ਲਈ ਹੈ। ਜੰਮਦੇ ਹੀ, ਮਰਨ ਤੱਕ ਚੰਗੀ ਖੱਬੀ ਖਾਨ ਜ਼ਿੰਦਗੀ ਗੁਜ਼ਾਰਨ ਲਈ ਸਾਧਨ ਜੁਟਾਉਣ ਦੇ ਰਾਹ ਪੈ ਗਏ ਹਾਂ। ਬੱਚਿਆਂ ਨੂੰ ਇਹੋ ਜਿਹੇ ਸੰਸਕਾਰ ਦੇ ਰਹੇ ਹਾਂ, ਵੱਡਾ ਕਮਾਓ, ਮੌਜਾਂ ਕਰੋ। ਜੇਕਰ ਇਥੇ ਕੁਝ ਨਹੀਂ ਲੱਭਦਾ ਇਥੋਂ ਤੁਰ ਜਾਓ, ਪ੍ਰਵਾਸ ਦੇ ਰਾਹ ਪੈ ਜਾਓ, ਉਥੇ ਹਰ ਕਿਸਮ ਦੀ ਕਿਰਤ ਕਰੋ ਅਤੇ ਬੱਸ ਜ਼ਿੰਦਗੀ ਗੁਜ਼ਾਰ ਦਿਓ। ਪੰਜਾਬ ਦੀ ਸੋਚ ਕਿਥੇ ਗਈ? ਵਿਚਾਰ ਕਿਥੇ ਗਏ? ਨੈਤਿਕ ਕਦਰਾਂ-ਕੀਮਤਾਂ ਕਿਥੇ ਰਹਿ ਗਈਆਂ?

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਵਿਚਾਰ ਪ੍ਰਧਾਨ ਖਿੱਤੇ ਪੰਜਾਬ ਦੇ ਲੋਕ, ਹੋਰ ਹੀ ਵਹਿਣਾਂ 'ਚ ਰੁੜ੍ਹ ਗਏ। ਆਪਣੀ ਸਿੱਖਿਆ ਨੀਤੀ ਤੱਕ ਨਹੀਂ ਘੜ ਸਕੇ। ਸੂਬਾ 'ਦਾਨ-ਪੁੰਨ' ਕਰਨ ਵਾਲਾ ਹੈ। ਸੋਚ ਪੰਜਾਬੀਆਂ ਦੀ ਦਯਾ ਕਰਨ ਦੀ ਹੈ। ਧਾਰਮਿਕ ਸਥਾਨਾਂ, ਡੇਰਿਆਂ 'ਤੇ ਰੌਣਕਾਂ ਹਨ। ਸ਼ਰਧਾ ਹੈ, ਦਿਖਾਵਾ ਹੈ। ਸੁੰਦਰ ਸਥਾਨ ਹਨ, ਪਰ ਜਿਨ੍ਹਾਂ ਵਿਚਾਰਾਂ ਨੇ ਬੰਦੇ ਨੂੰ ਇਨਸਾਨ ਬਣਾਉਣਾ ਹੈ, ਉਹਦੀ ਕਮੀ ਹੈ। ਅਸੀਂ ਦਾਨ-ਪੁੰਨ ਕਰਦੇ ਹਾਂ। ਸਾਡੇ ਲਈ ਲੰਗਰ ਸੇਵਾ ਵੱਡੀ ਹੈ। ਪਰ ਪੰਜਾਬੀ ਭਾਈਚਾਰਾ ਕਿੰਨੇ ਕੁ ਸਕੂਲ, ਕਾਲਜ ਖੋਲ੍ਹਦਾ ਹੈ? ਇਸ ਲਈ ਕਿੰਨਾ ਕੁ ਦਾਨ ਦਿੰਦਾ ਹੈ? ਕਿੰਨਾ ਖਰਚਾ ਆਪਣੇ ਬੱਚਿਆਂ ਦੀ ਪੜ੍ਹਾਈ 'ਤੇ ਕਰਦਾ ਹੈ?

ਪੰਜਾਬੀ ਵਿਚਾਰਾਂ ਤੋਂ ਸੱਖਣਾ ਕਿਤਾਬ ਪੜ੍ਹਨ ਤੋਂ ਆਤੁਰ ਹੈ, ਨਸ਼ਾ ਤੇ ਹੋਰ ਵਸਤਾਂ ਖਰੀਦਦਾ ਹੈ, ਕਿਤਾਬ ਨਹੀਂ ਖਰੀਦਦਾ। ਪਿੰਡਾਂ, ਸ਼ਹਿਰਾਂ 'ਚ

***(ਬਾਕੀ ਅਗਲੇ ਸਫੇ 'ਤੇ)***

# ਵਕਫ਼ ਕਾਨੂੰਨ-2025: ਕਿਸ ਗੱਲ ਦੀ ਚਿੰਤਾ, ਕਿਸ ਗੱਲ ਦੀ ਲੜਾਈ?

***ਭਗਵਾ ਸਰਕਾਰ ਵੱਲੋਂ ਲਿਆਂਦੇ ਵਕਫ਼ ਸੋਧ ਬਿੱਲ ਵਿਰੁੱਧ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਹੁਣੇ ਜਹੇ ਭਾਰਤ ਦੀ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਸੰਜੀਵ ਖੰਨਾ ਦੀ ਅਗਵਾਈ ਹੇਠਲੇ ਬੈਂਚ ਵੱਲੋਂ ਵਕਫ਼ ਸੋਧ ਬਿੱਲ ਉੱਪਰ ਆਰਜ਼ੀ ਰੋਕ ਦਾ ਫ਼ੈਸਲਾ ਨਿਰਸੰਦੇਹ ਮੁਸਲਿਮ ਘੱਟਗਿਣਤੀ ਲਈ ਕੁਝ ਰਾਹਤ ਹੈ, ਪਰ ਇਹ ਰਾਹਤ ਆਰਜ਼ੀ ਹੈ, ਕਿਉਂਕਿ ਵਕਫ਼ ਦੇ ਹੱਕ ਦਾ ਭਵਿੱਖ ਸਿਖ਼ਰਲੀ ਅਦਾਲਤ ਦੇ ਅੰਤਿਮ ਫ਼ੈਸਲੇ 'ਤੇ ਨਿਰਭਰ ਕਰੇਗਾ। ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਸੰਸਦ ਵਿਚ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਨੇ ਲੱਖਾਂ ਪਟੀਸ਼ਨਾਂ, ਇਤਰਾਜ਼ਾਂ ਨੂੰ ਸੁਣਨ ਤੋਂ ਬਾਅਦ ਵਕਫ਼ ਸੋਧ ਕਾਨੂੰਨ ਪਾਸ ਕੀਤਾ ਹੈ। ਪਰ ਜਦੋਂ ਸੁਪਰੀਮ ਕੋਰਟ ਨੇ 24 ਘੰਟੇ 'ਚ ਸਵਾਲਾਂ ਦੇ ਜਵਾਬ ਦੇਣ ਲਈ ਕਿਹਾ ਤਾਂ ਸਰਕਾਰੀ ਵਕੀਲ ਨੇ ਲੰਮੀ ਮੁਹਲਤ ਲੈਣ ਲਈ ਦਲੀਲਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਸ ਤੋਂ ਸਪਸ਼ਟ ਹੋ ਗਿਆ ਕਿ ਭਗਵਾ ਸਰਕਾਰ ਧਾਰਮਿਕ ਘੱਟਗਿਣਤੀਆਂ ਅਤੇ ਹਾਸ਼ੀਏ 'ਤੇ ਧੱਕੇ ਹੋਰ ਮਜ਼ਲੂਮ ਹਿੱਸਿਆਂ ਉੱਪਰ ਆਪਣੇ ਰਾਜਨੀਤਕ ਏਜੰਡੇ ਥੋਪਣ ਲਈ ਭਾਰਤ ਦੇ ਲੋਕਾਂ ਨੂੰ ਮੂਰਖ਼ ਬਣਾਉਣ ਲਈ ਕਿਸੇ ਵੀ ਹੱਦ ਤੱਕ ਝੂਠ ਬੋਲ ਸਕਦੀ ਹੈ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਇਕ ਹਫ਼ਤੇ ਵਿਚ ਜਵਾਬ ਪੇਸ਼ ਕਰਨ ਲਈ ਕਿਹਾ ਹੈ। ਇਹ ਫ਼ੈਸਲਾ ਆਉਂਦੇ ਸਾਰ ਭਗਵਾ ਆਈ.ਟੀ.ਸੈੱਲ ਅਤੇ ਸਮੁੱਚਾ ਗੋਦੀ ਮੀਡੀਆ ਇਸ ਫ਼ੈਸਲੇ ਦਾ ਵਿਰੋਧ ਕਰਨ 'ਚ ਜੁੱਟ ਗਿਆ ਹੈ। ਹੁਣ ਦੇਖਣਾ ਇਹ ਹੈ ਕਿ ਸਰਕਾਰ ਅੱਗੇ ਕੀ ਕਰਦੀ ਹੈ। ਵਕਫ਼ ਕਾਨੂੰਨ ਵਿਚ ਹਾਲੀਆ ਬਦਲਾਅ ਦੇ ਵੱਖ-ਵੱਖ ਪਹਿਲੂਆਂ ਦੀ ਚਰਚਾ ਸੁਤੰਤਰ ਟਿੱਪਣੀਕਾਰ ਡਾ. ਅਸਲਾਮ ਅਰਸ਼ਦ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ, ਜਿਸਦੀ ਅਹਿਮੀਅਤ ਦੇ ਮੱਦੇਨਜ਼ਰ ਇਸਦਾ ਪੰਜਾਬੀ ਵਿਚ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।-ਸੰਪਾਦਕ***

ਭਾਰਤ ਵਿਚ ਵਕਫ਼ ਕਾਨੂੰਨ ਮਹਿਜ਼ ਕਾਨੂੰਨੀ ਢਾਂਚਾ ਨਹੀਂ, ਬਲਕਿ ਮੁਸਲਮਾਨਾਂ ਦੀ ਧਾਰਮਿਕ, ਸਮਾਜਿਕ ਅਤੇ ਸਿੱਖਿਆਤਮਕ ਜ਼ਿੰਦਗੀ ਦਾ ਅਹਿਮ ਹਿੱਸਾ ਹੈ। ਇਹ ਕਾਨੂੰਨ ਉਨ੍ਹਾਂ ਜਾਇਦਾਦਾਂ ਨੂੰ ਲੈ ਕੇ ਬਣਾਇਆ ਗਿਆ ਹੈ, ਜਿਨ੍ਹਾਂ ਨੂੰ ਮੁਸਲਮਾਨ ਅੱਲਾਹ ਦੇ ਰਾਹ ਵਿਚ ਵਕਫ਼ ਕਰ ਦਿੰਦੇ ਹਨ, ਯਾਨੀ ਹਮੇਸ਼ਾ ਲਈ ਦਾਨ ਕਰ ਦਿੰਦੇ ਹਨ, ਤਾਂ ਜੋ ਉਨ੍ਹਾਂ ਦੀ ਵਰਤੋਂ ਮਸਜਿਦ, ਮਦਰੱਸਾ, ਕਬਰਿਸਤਾਨ, ਹਸਪਤਾਲ ਜਾਂ ਕਿਸੇ ਵੀ ਕਿਸਮ ਦੇ ਲੋਕ-ਭਲਾਈ ਕੰਮ ਵਿਚ ਕੀਤੀ ਜਾ ਸਕੇ। ਅਜਿਹੀ ਜਾਇਦਾਦ ਹੁਣ ਕਿਸੇ ਵਿਅਕਤੀ ਦੀ ਨਿੱਜੀ ਮਲਕੀਅਤ ਨਹੀਂ ਰਹਿੰਦੀ, ਬਲਕਿ ਪੂਰੀ ਕੌਮ ਦੀ ਅਮਾਨਤ ਬਣ ਜਾਂਦੀ ਹੈ। ਭਾਰਤ ਵਿਚ ਇਸਦਾ ਇਤਿਹਾਸ ਅੰਗਰੇਜ਼ਾਂ ਦੇ ਜ਼ਮਾਨੇ 'ਤੋਂ ਸ਼ੁਰੂ ਹੁੰਦਾ ਹੈ, ਪਰ ਆਜ਼ਾਦੀ ਤੋਂ ਬਾਅਦ ਇਸਨੂੰ ਰਸਮੀਂ ਤੌਰ 'ਤੇ ਕਾਨੂੰਨ ਦਾ ਦਰਜਾ ਦਿੱਤਾ ਗਿਆ—ਪਹਿਲਾਂ 1954 ਵਿਚ ਅਤੇ ਫਿਰ 1995 ਵਿਚ, ਜਦੋਂ ਵਕਫ਼ ਐਕਟ ਨੂੰ ਨਵਾਂ ਢਾਂਚਾ ਮਿਲਿਆ।

ਇਸ ਤੋਂ ਬਾਅਦ 2013 ਵਿਚ ਕੁਝ ਅਹਿਮ ਸੋਧਾਂ ਕੀਤੀਆਂ ਗਈਆਂ, ਪਰ ਅਸਲੀ ਹੰਗਾਮਾ 2025 ਵਿਚ ਹੋਇਆ, ਜਦੋਂ ਮੋਦੀ ਸਰਕਾਰ ਨੇ

**ਡਾ. ਅਸਲਾਮ ਅਰਸ਼ਦ**
**ਅਨੁਵਾਦ: ਬੂਟਾ ਸਿੰਘ ਮਹਿਮਦੂਪੁਰ**






ਵਕਫ਼ (ਸੋਧ) ਐਕਟ ਲਾਗੂ ਕੀਤਾ। ਇਸ ਨਵੀਂ ਸੋਧ ਨੇ ਨਾ ਸਿਰਫ਼ ਮੁਸਲਿਮ ਸਮਾਜ ਨੂੰ ਬੇਚੈਨ ਕੀਤਾ, ਬਲਕਿ ਸਿਆਸੀ ਹਲਕਿਆਂ ਵਿਚ ਵੀ ਹਲਚਲ ਮਚਾ ਦਿੱਤੀ। ਲੋਕਾਂ ਨੇ ਇਸਨੂੰ ਸੰਵਿਧਾਨ ਦੇ ਖਿਲਾਫ਼ ਦੱਸਿਆ, ਧਾਰਮਿਕ ਮਾਮਲਿਆਂ ਵਿਚ ਦਖ਼ਲ ਮੰਨਿਆ, ਅਤੇ ਮਾਮਲਾ ਸੁਪਰੀਮ ਕੋਰਟ ਤੱਕ ਜਾ ਪਹੁੰਚਿਆ।

ਹੁਣ ਜੇਕਰ ਵਕਫ਼ ਕਾਨੂੰਨ ਦੀਆਂ ਬੁਨਿਆਦੀ ਗੱਲਾਂ ਦੀ ਗੱਲ ਕੀਤੀ ਜਾਵੇ, ਤਾਂ ਸਭ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਵਕਫ਼ ਕੀ ਹੁੰਦਾ ਹੈ। ਕੋਈ ਵੀ ਮੁਸਲਮਾਨ ਆਪਣੀ ਚਲ ਜਾਂ ਅਚਲ ਜਾਇਦਾਦ ਨੂੰ ਅੱਲਾਹ ਦੇ ਰਾਹ ਵਿਚ ਵਕਫ਼ ਕਰ ਸਕਦਾ ਹੈ, ਅਤੇ ਫਿਰ ਉਹ ਜਾਇਦਾਦ ਅੱਲਾਹ ਦੇ ਨਾਮ ਹੋ ਜਾਂਦੀ ਹੈ। ਇਸਦਾ ਮਤਲਬ ਇਹ ਹੈ ਕਿ ਨਾ ਤਾਂ ਉਹ ਵਿਅਕਤੀ ਅਤੇ ਨਾ ਹੀ ਉਸਦੇ ਵਾਰਿਸ ਉਸ ਜਾਇਦਾਦ ਨੂੰ ਵੇਚ ਸਕਦੇ ਹਨ, ਵੰਡ ਸਕਦੇ ਹਨ, ਜਾਂ ਨਿੱਜੀ ਫ਼ਾਇਦੇ ਵਿਚ ਲਿਆ ਸਕਦੇ ਹਨ। ਉਸ ਜਾਇਦਾਦ ਦੀ ਵਰਤੋਂ ਸਿਰਫ਼ ਉਹੀ ਹੋ ਸਕਦੀ ਹੈ, ਜੋ ਮਕਸਦ ਵਕਫ਼ ਕਰਦੇ ਵਕਤ ਦੱਸਿਆ ਗਿਆ ਹੋਵੇ—ਜਿਵੇਂ ਕਿ ਮਦਰੱਸਾ ਚਲਾਉਣਾ, ਅਨਾਥ ਬੱਚਿਆਂ ਦੀ ਪਰਵਰਿਸ਼ ਕਰਨਾ, ਜਾਂ ਹਸਪਤਾਲ ਬਣਾਉਣਾ। ਯਾਨੀ ਹੁਣ ਦੁਨੀਆ ਦਾ ਕੋਈ ਵੀ ਵਿਅਕਤੀ ਵਕਫ਼ ਕੀਤੀ ਗਈ ਜਾਇਦਾਦ ਦੇ ਮੂਲ ਸਰੂਪ ਨੂੰ ਬਦਲ ਨਹੀਂ ਸਕਦਾ।

ਵਕਫ਼ ਦੀ ਸਥਾਪਨਾ ਦੋ ਤਰੀਕਿਆਂ ਨਾਲ ਹੋ ਸਕਦੀ ਹੈ—ਇਕ ਲਿਖਤੀ ਦਸਤਾਵੇਜ਼, ਯਾਨੀ ਵਕਫ਼ਨਾਮੇ ਦੇ ਜ਼ਰੀਏ, ਅਤੇ ਦੂਜਾ ਮੌਖਿਕ (ਮੂੰਹ-ਜ਼ਬਾਨੀ) ਐਲਾਨ ਦੇ ਜ਼ਰੀਏ। ਪਰ ਦੋਵਾਂ ਹੀ ਸੂਰਤਾਂ ਵਿਚ ਇਹ ਸਾਫ਼ ਜ਼ਾਹਿਰ ਹੋਣਾ ਚਾਹੀਦਾ ਹੈ ਕਿ ਕਿਹੜੀ ਜਾਇਦਾਦ ਵਕਫ਼ ਕੀਤੀ ਜਾ ਰਹੀ ਹੈ ਅਤੇ ਉਸਦਾ ਮਕਸਦ ਕੀ ਹੈ। ਇਕ ਵਾਰ ਜੇਕਰ ਕੋਈ ਚੀਜ਼ ਵਕਫ਼ ਹੋ ਗਈ ਤਾਂ ਫਿਰ ਉਸਨੂੰ ਰੱਦ ਨਹੀਂ ਕੀਤਾ ਜਾ ਸਕਦਾ, ਸਿਰਫ਼ ਕੁਝ ਬਹੁਤ ਹੀ ਖ਼ਾਸ ਹਾਲਾਤ ਵਿਚ ਰੱਦ ਕੀਤੀ ਜਾ ਸਕਦੀ ਹੈ।

ਵਕਫ਼ ਜਾਇਦਾਦਾਂ ਦੇ ਇੰਤਜ਼ਾਮ ਲਈ ਦੋ ਸੰਸਥਾਵਾਂ ਹੁੰਦੀਆਂ ਹਨ—ਕੇਂਦਰੀ ਵਕਫ਼ ਪਰਿਸ਼ਦ ਅਤੇ ਰਾਜ ਵਕਫ਼ ਬੋਰਡ। ਕੇਂਦਰੀ ਵਕਫ਼ ਪਰਿਸ਼ਦ ਸਲਾਹ ਦਿੰਦੀ ਹੈ ਅਤੇ ਨੀਤੀਆਂ ਤੈਅ ਕਰਦੀ ਹੈ, ਜਦੋਂ ਕਿ ਰਾਜ ਵਕਫ਼ ਬੋਰਡ ਹਰ ਰਾਜ ਵਿਚ ਵਕਫ਼ ਜਾਇਦਾਦਾਂ ਦੀ ਰਜਿਸਟ੍ਰੇਸ਼ਨ, ਦੇਖਭਾਲ, ਸਰਵੇ, ਅਤੇ ਵਿਵਾਦਾਂ ਦਾ ਨਿਪਟਾਰਾ ਕਰਦਾ ਹੈ। ਵਕਫ਼ ਜਾਇਦਾਦ ਦੀ ਦੇਖਭਾਲ ਕਰਨ ਵਾਲੇ ਵਿਅਕਤੀ ਨੂੰ 'ਮੁਤਵੱਲੀ' ਕਿਹਾ ਜਾਂਦਾ ਹੈ।

ਹੁਣ ਕਾਨੂੰਨ ਵਿਚ ਇਕ ਅਹਿਮ ਗੱਲ ਇਹ ਹੈ ਕਿ ਵਕਫ਼ ਜਾਇਦਾਦਾਂ ਦਾ ਨਿਯਮਿਤ ਸਰਵੇ ਕੀਤਾ ਜਾਂਦਾ ਹੈ। 1995 ਦੇ ਐਕਟ ਦੀ ਧਾਰਾ 4 ਕਹਿੰਦੀ ਹੈ ਕਿ ਰਾਜ ਵਕਫ਼ ਬੋਰਡ ਦੇ ਜ਼ਰੀਏ ਸਰਵੇ ਕੀਤਾ ਜਾਵੇ ਅਤੇ ਹਰ ਜਾਇਦਾਦ ਦਾ ਰਿਕਾਰਡ ਰੱਖਿਆ ਜਾਵੇ। ਇਸੇ ਤਰ੍ਹਾਂ, ਧਾਰਾ 40 ਵਕਫ਼ ਬੋਰਡ ਨੂੰ ਇਹ ਤਾਕਤ ਦਿੰਦੀ ਸੀ ਕਿ ਉਹ ਕਿਸੇ ਜਾਇਦਾਦ ਨੂੰ ਵਕਫ਼ ਐਲਾਨ ਕਰ ਸਕੇ, ਜੇਕਰ ਉਸਨੂੰ ਲੱਗੇ ਕਿ ਉਹ ਵਾਕਈ ਵਕਫ਼ ਕੀਤੀ ਗਈ ਹੈ।

ਵਕਫ਼ ਨਾਲ ਜੁੜੇ ਕਾਨੂੰਨੀ ਝਗੜਿਆਂ ਦਾ ਨਿਬੇੜਾ ਵਕਫ਼ ਟ੍ਰਿਬਿਊਨਲ ਕਰਦਾ ਹੈ, ਅਤੇ ਧਾਰਾ 85 ਦੇ ਮੁਤਾਬਿਕ, ਆਮ ਅਦਾਲਤਾਂ ਨੂੰ ਵਕਫ਼ ਮਾਮਲਿਆਂ ਵਿਚ ਦਖ਼ਲ ਦੇਣ ਦਾ ਹੱਕ ਨਹੀਂ ਹੈ। ਸਿਰਫ਼ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿਚ ਅਪੀਲ ਹੋ ਸਕਦੀ ਹੈ।

ਵਕਫ਼ ਜਾਇਦਾਦਾਂ ਦੀ ਇਕ ਖ਼ਾਸ ਗੱਲ ਇਹ ਹੈ ਕਿ ਉਨ੍ਹਾਂ 'ਤੇ ਕਬਜ਼ੇ ਦੇ ਮਾਮਲਿਆਂ ਵਿਚ ਲਿਮੀਟੇਸ਼ਨ ਐਕਟ ਦੀ ਧਾਰਾ 107 ਲਾਗੂ ਹੁੰਦੀ ਹੈ, ਯਾਨੀ ਜੇਕਰ ਕਿਸੇ ਨੇ ਵਕਫ਼ ਦੀ ਜ਼ਮੀਨ 'ਤੇ ਕਬਜ਼ਾ ਕਰ ਵੀ ਲਿਆ ਹੈ, ਤਾਂ ਸਮੇਂ ਦੀ ਕੋਈ ਪਾਬੰਦੀ ਨਹੀਂ ਹੈ—ਕਦੇ ਵੀ ਉਸਨੂੰ ਹਟਾਇਆ ਜਾ ਸਕਦਾ ਹੈ।

ਹੁਣ ਗੱਲ ਕਰੀਏ 2025 ਦੇ ਵਕਫ਼ ਸੋਧ ਕਾਨੂੰਨ ਦੀ, ਤਾਂ ਇਹ ਸਭ ਤੋਂ ਵਿਵਾਦਿਤ ਬਦਲਾਅ ਲੈ ਕੇ ਆਇਆ ਹੈ। ਇਸਨੂੰ 8 ਅਪ੍ਰੈਲ 2025 'ਤੋਂ ਲਾਗੂ ਕੀਤਾ ਗਿਆ, ਅਤੇ ਸਰਕਾਰ ਦਾ ਦਾਅਵਾ ਹੈ ਕਿ ਇਹ ਪਾਰਦਰਸ਼ਤਾ, ਜਵਾਬਦੇਹੀ, ਅਤੇ ਬਿਹਤਰ ਇੰਤਜ਼ਾਮ ਲਈ ਹੈ। ਪਰ ਮੁਸਲਿਮ ਸਮਾਜ ਦਾ ਕਹਿਣਾ ਹੈ ਕਿ ਇਸਦੇ ਪਿੱਛੇ ਇਕ ਸਿਆਸੀ ਏਜੰਡਾ ਹੈ— ਉਹ ਹੈ ਵਕਫ਼ ਜਾਇਦਾਦਾਂ ਨੂੰ ਕਮਜ਼ੋਰ ਕਰਨਾ ਅਤੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੇਣਾ।

ਇਸ ਨਵੇਂ ਕਾਨੂੰਨ ਦੁਆਰਾ ਕਈ ਬਦਲਾਅ ਕੀਤੇ ਗਏ ਹਨ। ਮਿਸਾਲ ਵਜੋਂ, ਵਕਫ਼ ਬੋਰਡ ਅਤੇ ਕੇਂਦਰੀ ਵਕਫ਼ ਪਰਿਸ਼ਦ ਵਿਚ ਹੁਣ ਗੈਰ-ਮੁਸਲਮਾਨਾਂ ਅਤੇ ਔਰਤਾਂ ਨੂੰ ਵੀ ਜਗ੍ਹਾ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਇਹ ਵਾਕ ਮੀਡੀਆ ਤੋਂ ਲਿਆ ਗਿਆ ਹੈ; ਪਿਛਲੇ ਵਾਕ ਵਿਚ 'ਵੀ' ਇਕ ਛਲਾਵਾ ਹੈ। ਅਸਲ ਵਿਚ, ਪਹਿਲਾਂ ਵੀ ਵਕਫ਼ ਬੋਰਡ ਵਿਚ ਘੱਟ ਤੋਂ ਘੱਟ ਦੋ ਔਰਤਾਂ ਨੂੰ ਸ਼ਾਮਿਲ ਕਰਨ ਦੀ ਵਿਵਸਥਾ ਸੀ, ਹੁਣ ਵੱਧ ਤੋਂ ਵੱਧ ਦੋ ਔਰਤਾਂ ਸ਼ਾਮਿਲ ਹੋ ਸਕਦੀਆਂ ਹਨ। ਇਸ ਸਪੱਸ਼ਟੀਕਰਨ ਦੀ ਲੋੜ ਇਸ ਲਈ ਹੈ, ਤਾਂ ਜੋ ਤੁਸੀਂ ਜਾਣ ਸਕੋ ਕਿ ਮੁੱਖਧਾਰਾ ਦਾ ਮੀਡੀਆ ਕਿਵੇਂ ਭਾਸ਼ਾ ਰਾਹੀਂ ਇਕ ਵਿਸ਼ੇਸ਼ ਪਾਰਟੀ ਦੇ ਪੱਖ ਵਿਚ ਹੇਰਾ-ਫੇਰੀ ਕਰਦਾ ਹੈ।

ਪਹਿਲਾਂ ਇਹ ਸ਼ਰਤ ਸੀ ਕਿ ਵਕਫ਼ ਪਰਿਸ਼ਦ ਦਾ ਹਰ ਮੈਂਬਰ (ਮੰਤਰੀ ਨੂੰ ਛੱਡ ਕੇ) ਮੁਸਲਮਾਨ ਹੋਣਾ ਚਾਹੀਦਾ ਸੀ, ਪਰ ਹੁਣ ਸੰਸਦ ਮੈਂਬਰ, ਜੱਜ, ਜਾਂ ਨਾਮਵਰ ਲੋਕ, ਭਾਵੇਂ ਉਹ ਕਿਸੇ ਵੀ ਧਰਮ ਦੇ ਹੋਣ, ਇਸ ਵਿਚ ਸ਼ਾਮਿਲ ਹੋ ਸਕਦੇ ਹਨ। ਇੱਥੇ ਇਹ ਧਿਆਨ ਰੱਖਣਾ ਹੋਵੇਗਾ ਕਿ ਹਿੰਦੂਆਂ ਦੇ ਧਰਮਾਰਥ ਟਰੱਸਟਾਂ ਵਿਚ ਮੁਸਲਮਾਨ ਤਾਂ ਛੱਡੋ, ਸਾਰੇ ਵਰਗਾਂ ਦੇ ਹਿੰਦੂ ਵੀ ਸ਼ਾਮਿਲ ਨਹੀਂ ਹੋ ਸਕਦੇ। ਹੁਣ ਇਹ ਸਵਾਲ ਚਰਚਾ ਵਿਚ ਹੈ ਕਿ ਸਰਕਾਰ ਵਕਫ਼ ਬੋਰਡ, ਜੋ ਮੁਸਲਿਮ ਦਾਨੀਆਂ ਦੀ ਜਾਇਦਾਦ ਦੇ ਇੰਤਜ਼ਾਮ ਲਈ ਬਣਾਇਆ ਗਿਆ ਹੈ, ਵਿਚ ਹਿੰਦੂਆਂ ਨੂੰ ਸ਼ਾਮਿਲ ਕਰਨਾ ਕਿਉਂ ਚਾਹੁੰਦੀ ਹੈ।

ਦੂਜਾ ਵੱਡਾ ਬਦਲਾਅ ਸਰਵੇ ਪ੍ਰਕਿਰਿਆ ਵਿਚ ਹੋਇਆ ਹੈ। ਹੁਣ ਵਕਫ਼ ਜਾਇਦਾਦਾਂ ਦਾ ਸਰਵੇ ਜ਼ਿਲ੍ਹਾ ਕਲੈਕਟਰ ਕਰੇਗਾ, ਨਾ ਕਿ ਸਰਵੇਖਣ ਅਧਿਕਾਰੀ। ਯਾਨੀ ਕਿਹੜੀ ਜਾਇਦਾਦ ਵਕਫ਼ ਹੈ ਜਾਂ ਨਹੀਂ, ਹੁਣ ਇਸ ਨੂੰ ਤੈਅ ਸਰਕਾਰੀ ਅਧਿਕਾਰੀ ਕਰੇਗਾ।

ਤੀਜਾ ਵੱਡਾ ਮੁੱਦਾ ਧਾਰਾ 40 ਨੂੰ ਹਟਾਉਣ ਦਾ ਹੈ। ਪਹਿਲਾਂ ਵਕਫ਼ ਬੋਰਡ ਕੋਲ ਇਹ ਤਾਕਤ ਸੀ ਕਿ ਉਹ ਕਿਸੇ ਵੀ ਜਾਇਦਾਦ ਨੂੰ ਵਕਫ਼ ਐਲਾਨ ਕਰ ਸਕਦਾ ਸੀ, ਪਰ ਹੁਣ ਇਹ ਅਧਿਕਾਰ ਰਾਜ ਸਰਕਾਰ ਦੇ ਕਿਸੇ ਨਾਮਜ਼ਦ ਅਧਿਕਾਰੀ ਨੂੰ ਦੇ ਦਿੱਤਾ ਗਿਆ ਹੈ। ਇਸਦਾ ਮਤਲਬ ਇਹ ਹੈ ਕਿ ਹੁਣ ਸਰਕਾਰ ਦੀ ਮਨਜ਼ੂਰੀ ਤੋਂ ਬਗੈਰ ਕੋਈ ਜਾਇਦਾਦ ਵਕਫ਼ ਨਹੀਂ ਹੋ ਸਕੇਗੀ। ਇਹ ਅੰਸ਼ ਵੀ ਮੈਂ ਮੀਡੀਆ ਤੋਂ ਲਿਆ ਹੈ।

ਹਕੀਕਤ ਇਹ ਹੈ ਕਿ ਅੱਜ ਵੀ ਸਾਲਾਂ ਪੁਰਾਣੀਆਂ ਬਹੁਤ ਸਾਰੀਆਂ ਵਕਫ਼ ਜਾਇਦਾਦਾਂ ਵਕਫ਼ ਦੇ ਤਹਿਤ ਰਜਿਸਟਰਡ ਨਹੀਂ ਹਨ, ਪਰ ਉਨ੍ਹਾਂ ਦੀ ਵਰਤੋਂ ਕਿਸੇ ਨਾ ਕਿਸੇ ਰੂਪ ਵਿਚ ਵਕਫ਼ ਜਾਇਦਾਦ ਵਜੋਂ ਹੋ ਰਹੀ ਹੈ। ਉੱਪਰਲੇ ਪੈਰੇ ਵਿਚ ਇਸੇ ਤਰ੍ਹਾਂ ਦੀਆਂ ਜਾਇਦਾਦਾਂ ਨੂੰ ਵਕਫ਼ ਐਲਾਨਣ ਦੀ ਗੱਲ ਕੀਤੀ ਜਾ ਰਹੀ ਹੈ। ਅਜਿਹਾ ਨਹੀਂ ਹੈ ਕਿ ਵਕਫ਼ ਦੇ ਲੋਕ ਕੱਲ੍ਹ ਨੀਂਦ ਤੋਂ ਉੱਠ ਕੇ ਕਹਿ ਦੇਣ ਕਿ ਸੰਸਦ ਤਾਂ ਵਕਫ਼ ਜਾਇਦਾਦ ਹੈ, ਅਤੇ ਸਾਨੂੰ ਸਾਡੀ ਸੰਸਦ ਤੋਂ ਹੱਥ ਧੋਣਾ ਪਵੇ। ਹਾਲਾਂਕਿ, ਨਫ਼ਰਤੀ ਸਿਆਸਤ ਦਾ ਪ੍ਰਚਾਰ ਇਹੀ ਕਰ ਰਿਹਾ ਹੈ।

ਇਸ ਤੋਂ ਇਲਾਵਾ, ਵਕਫ਼ ਜਾਇਦਾਦਾਂ ਦੇ ਡਿਜੀਟਲਾਈਜ਼ੇਸ਼ਨ, ਵਿੱਤੀ ਆਡਿਟ, ਕੇਂਦਰੀ ਪੋਰਟਲ, ਅਤੇ ਪਾਰਦਰਸ਼ੀ ਇੰਤਜ਼ਾਮ ਦੇ ਨਾਮ 'ਤੇ ਕਈ ਨਵੇਂ ਪ੍ਰਬੰਧ ਲਿਆਂਦੇ ਗਏ ਹਨ। ਪਰ ਜੋ ਗੱਲ ਸਭ ਤੋਂ ਵੱਧ ਚਿੰਤਾ ਦੀ ਵਜ੍ਹਾ ਬਣੀ, ਉਹ ਇਹ ਹੈ ਕਿ ਹੁਣ ਵਕਫ਼ ਟ੍ਰਿਬਿਊਨਲ ਵਿਚ ਮੁਸਲਮਾਨਾਂ ਨੂੰ ਕਾਨੂੰਨ ਦੀ ਸਮਝ ਰੱਖਣ ਵਾਲੇ ਮੈਂਬਰ ਦੀ ਜਗ੍ਹਾ ਇਕ ਜ਼ਿਲ੍ਹਾ ਜੱਜ ਅਤੇ ਇਕ ਸੰਯੁਕਤ ਸਕੱਤਰ ਰੈਂਕ ਦਾ ਅਧਿਕਾਰੀ ਨਿਯੁਕਤ ਕੀਤਾ ਜਾਵੇਗਾ। ਇਸ ਨਾਲ ਮੁਸਲਿਮ ਪਰਸਨਲ ਲਾਅ ਦੇ ਜਾਣਕਾਰਾਂ ਦੀ ਭੂਮਿਕਾ ਲੱਗਭੱਗ ਖ਼ਤਮ ਹੋ ਜਾਵੇਗੀ।

ਅਤੇ ਸ਼ਾਇਦ ਸਭ ਤੋਂ ਵੱਧ ਵਿਵਾਦ ਖੜ੍ਹਾ ਕਰਨ ਵਾਲਾ ਨਿਯਮ ਇਹ ਹੈ ਕਿ ਜੇਕਰ ਕੋਈ ਵਿਅਕਤੀ ਕਿਸੇ ਵਕਫ਼ ਜਾਇਦਾਦ 'ਤੇ 12 ਸਾਲ ਤੋਂ ਵੱਧ ਸਮੇਂ ਤੋਂ ਕਾਬਜ਼ ਹੈ, ਤਾਂ ਹੁਣ ਉਸਨੂੰ ਮਾਲਕਾਨਾ ਹੱਕ ਵੀ ਮਿਲ ਸਕਦਾ ਹੈ। ਇਸ ਪ੍ਰਬੰਧ ਨੂੰ ਮੁਸਲਮਾਨਾਂ ਨੇ ਸਿੱਧੇ ਤੌਰ 'ਤੇ ਵਕਫ਼ ਜਾਇਦਾਦਾਂ 'ਤੇ ਹਮਲੇ ਵਜੋਂ ਦੇਖਿਆ ਹੈ।

ਇਸ ਤੋਂ ਇਲਾਵਾ, ਵਕਫ਼ ਬੋਰਡ ਵਿਚ ਦੋ ਔਰਤਾਂ ਦੀ ਲਾਜ਼ਮੀ ਨਿਯੁਕਤੀ ਅਤੇ ਬੋਹਰਾ, ਆਗਾਖਾਨੀ ਵਰਗੇ ਹੋਰ ਸਮੁਦਾਇ ਲਈ ਵੱਖਰੇ ਵਕਫ਼ ਬੋਰਡ ਬਣਾਉਣ ਦਾ ਪ੍ਰਬੰਧ ਵੀ ਇਸ ਸੋਧ ਵਿਚ ਸ਼ਾਮਿਲ ਹੈ।

ਹੁਣ ਜਦੋਂ ਏਨਾ ਕੁਝ ਬਦਲ ਗਿਆ ਹੈ, ਤਾਂ ਸਵਾਲ ਉੱਠਦਾ ਹੈ—ਕੀ ਇਹ ਸਭ ਸੰਵਿਧਾਨ ਦੇ ਅਨੁਸਾਰ ਹੈ? ਕਈ ਪਟੀਸ਼ਨ-ਕਰਤਾਵਾਂ ਦਾ ਜਵਾਬ ਹੈ—ਨਹੀਂ। ਉਨ੍ਹਾਂ ਨੇ ਸੁਪਰੀਮ ਕੋਰਟ ਵਿਚ ਜਾ ਕੇ ਇਹ ਕਿਹਾ ਕਿ ਵਕਫ਼ ਸੋਧ ਕਾਨੂੰਨ, 2025 ਭਾਰਤ ਦੇ ਸੰਵਿਧਾਨ ਦੇ ਕਈ ਆਰਟੀਕਲ ਦੀ ਉਲੰਘਣਾ ਕਰਦਾ ਹੈ।

ਆਰਟੀਕਲ 14 ਦੇ ਤਹਿਤ ਹਰ ਨਾਗਰਿਕ ਨੂੰ ਸਮਾਨਤਾ ਦਾ ਹੱਕ ਹੈ। ਪਟੀਸ਼ਨ-ਕਰਤਾਵਾਂ ਦਾ ਕਹਿਣਾ ਹੈ ਕਿ ਜੇਕਰ ਹਿੰਦੂ ਮੰਦਰ ਟਰੱਸਟਾਂ ਜਾਂ ਚਰਚ ਬੋਰਡਾਂ ਵਿਚ ਇਸ ਤਰ੍ਹਾਂ ਦਾ ਕੋਈ ਬਦਲਾਅ ਨਹੀਂ ਹੋਇਆ, ਤਾਂ ਸਿਰਫ਼ ਵਕਫ਼ ਕਾਨੂੰਨ ਵਿਚ ਹੀ ਕਿਉਂ? ਕੀ ਇਹ ਮੁਸਲਮਾਨਾਂ ਨਾਲ ਵਿਤਕਰਾ ਨਹੀਂ ਹੈ?

ਆਰਟੀਕਲ 15 ਧਰਮ ਦੇ ਆਧਾਰ 'ਤੇ ਵਿਤਕਰੇ ਦੀ ਮਨਾਹੀ ਕਰਦਾ ਹੈ, ਪਰ ਇਹ ਸੋਧ ਸਿੱਧੇ ਤੌਰ 'ਤੇ ਮੁਸਲਮਾਨਾਂ ਦੀਆਂ ਧਾਰਮਿਕ ਜਾਇਦਾਦਾਂ ਨੂੰ ਨਿਸ਼ਾਨਾ ਬਣਾਉਂਦੀ ਹੈ। ਹੋਰ ਫਿਰਕਿਆਂ ਨੂੰ ਕੋਈ ਫਰਕ ਨਹੀਂ ਪਿਆ, ਸਿਰਫ਼ ਵਕਫ਼ ਜਾਇਦਾਦਾਂ ਹੀ ਨਿਸ਼ਾਨੇ 'ਤੇ ਹਨ।

ਆਰਟੀਕਲ 25 ਧਾਰਮਿਕ ਆਜ਼ਾਦੀ ਦਾ ਹੱਕ ਦਿੰਦਾ ਹੈ। ਪਰ ਜੇਕਰ ਵਕਫ਼ ਜਾਇਦਾਦਾਂ ਦੇ ਫ਼ੈਸਲੇ ਹੁਣ ਕੁਲੈਕਟਰ (ਡੀਸੀ) ਕਰੇਗਾ, ਤਾਂ ਕੀ ਇਹ ਧਾਰਮਿਕ ਮਾਮਲਿਆਂ ਵਿਚ ਸਰਕਾਰੀ ਦਖ਼ਲ ਨਹੀਂ ਹੋਵੇਗਾ?

ਆਰਟੀਕਲ 26 ਧਾਰਮਿਕ ਸੰਸਥਾਵਾਂ ਨੂੰ ਆਪਣੇ ਧਾਰਮਿਕ ਮਾਮਲਿਆਂ ਦਾ ਇੰਤਜ਼ਾਮ ਖ਼ੁਦ ਕਰਨ ਦਾ ਅਧਿਕਾਰ ਦਿੰਦਾ ਹੈ। ਪਰ ਜੇਕਰ ਗੈਰ-ਮੁਸਲਿਮ ਮੈਂਬਰਾਂ ਨੂੰ ਵਕਫ਼ ਬੋਰਡ ਵਿਚ ਸ਼ਾਮਿਲ ਕੀਤਾ ਜਾਵੇਗਾ, ਤਾਂ ਕੀ ਇਹ ਉਸ ਹੱਕ ਵਿਚ ਸਿੱਧਾ ਦਖ਼ਲ ਨਹੀਂ ਹੈ?

ਆਰਟੀਕਲ 29 ਘੱਟਗਿਣਤੀਆਂ ਨੂੰ ਆਪਣੀ ਸੱਭਿਆਚਾਰਕ ਅਤੇ ਧਾਰਮਿਕ ਪਛਾਣ ਬਣਾਈ ਰੱਖਣ ਦਾ ਅਧਿਕਾਰ ਦਿੰਦਾ ਹੈ। ਪਰ ਇਹ ਸੋਧ ਉਸ ਪਛਾਣ ਨੂੰ ਹੀ ਕਮਜ਼ੋਰ ਕਰਦੀ ਹੈ।

ਆਰਟੀਕਲ 300ਏ ਜਾਇਦਾਦ ਦੇ ਹੱਕ ਦੀ ਗੱਲ ਕਰਦਾ ਹੈ। ਪਰ ਜੇਕਰ ਕੋਈ 12 ਸਾਲ ਤੋਂ ਕਬਜ਼ਾ ਕਰਕੇ ਬੈਠਾ ਹੈ ਅਤੇ ਉਸਨੂੰ ਮਾਲਕਾਨਾ ਹੱਕ ਮਿਲ ਜਾਵੇ, ਤਾਂ ਇਹ ਵਕਫ਼ ਦੀ ਮਾਲਕੀਅਤ 'ਤੇ ਹਮਲਾ ਨਹੀਂ ਤਾਂ ਹੋਰ ਕੀ ਹੈ?

ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਹੁਣ ਸੁਪਰੀਮ ਕੋਰਟ ਵਿਚ ਲੱਭੇ ਜਾ ਰਹੇ ਹਨ। 15 ਅਪ੍ਰੈਲ 2025 ਨੂੰ ਸੁਪਰੀਮ ਕੋਰਟ ਨੇ ਇਨ੍ਹਾਂ ਪਟੀਸ਼ਨਾਂ 'ਤੇ ਸੁਣਵਾਈ ਸ਼ੁਰੂ ਕੀਤੀ ਅਤੇ ਕੁਝ ਅੰਤਰਿਮ ਫ਼ੈਸਲੇ ਵੀ ਦਿੱਤੇ। ਸਭ ਤੋਂ ਪਹਿਲੀ ਗੱਲ, ਅਦਾਲਤ ਨੇ ਗੈਰ-ਮੁਸਲਿਮ ਮੈਂਬਰਾਂ ਦੀ ਨਿਯੁਕਤੀ 'ਤੇ ਫਿਲਹਾਲ ਰੋਕ ਲਗਾ ਦਿੱਤੀ ਹੈ। ਦੂਜੀ ਅਹਿਮ ਗੱਲ ਇਹ ਕਿ ਅਦਾਲਤ ਨੇ ਵਕਫ਼ 'ਬਾਇ ਯੂਜ਼ਰ' ਦੀ ਪਰੰਪਰਾ ਨੂੰ ਕਾਇਮ ਰੱਖਿਆ—ਯਾਨੀ ਜੋ ਜ਼ਮੀਨਾਂ ਸਾਲਾਂ ਤੋਂ ਮਸਜਿਦ, ਮਦਰੱਸੇ, ਜਾਂ ਕਬਰਿਸਤਾਨ ਵਜੋਂ ਵਰਤੋਂ ਵਿਚ ਆ ਰਹੀਆਂ ਹਨ, ਉਨ੍ਹਾਂ ਨੂੰ ਵਕਫ਼ ਹੀ ਮੰਨਿਆ ਜਾਵੇਗਾ। ਤੀਜੀ ਗੱਲ, ਜਦੋਂ ਤੱਕ ਫ਼ੈਸਲਾ ਨਹੀਂ ਆਉਂਦਾ, ਓਦੋਂ ਤੱਕ ਕਿਸੇ ਵੀ ਵਕਫ਼ ਜਾਇਦਾਦ ਦੀ ਸਥਿਤੀ ਵਿਚ ਕੋਈ ਬਦਲਾਅ ਨਹੀਂ ਹੋਵੇਗਾ। ਅਤੇ ਅੰਤ ਵਿਚ, ਅਦਾਲਤ ਨੇ ਕੇਂਦਰ ਸਰਕਾਰ 'ਤੋਂ ਸਾਰੇ ਸੰਵਿਧਾਨਕ ਮੁੱਦਿਆਂ 'ਤੇ ਵਿਸਤਾਰਤ ਜਵਾਬ ਮੰਗੇ ਹਨ।

ਇਨ੍ਹਾਂ ਅੰਤਰਿਮ ਫ਼ੈਸਲਿਆਂ ਨਾਲ ਮੁਸਲਿਮ ਸਮਾਜ ਨੂੰ ਕੁਝ ਰਾਹਤ ਜ਼ਰੂਰ ਮਿਲੀ ਹੈ, ਪਰ ਲੜਾਈ ਅਜੇ ਬਾਕੀ ਹੈ। ਅਦਾਲਤ ਨੇ ਸਾਫ਼ ਕਿਹਾ ਹੈ ਕਿ ਉਹ ਕਾਹਲੀ ਵਿਚ ਕੋਈ ਫ਼ੈਸਲਾ ਨਹੀਂ ਲਵੇਗੀ, ਬਲਕਿ ਕੇਂਦਰ ਨੂੰ ਆਪਣੀਆਂ ਦਲੀਲਾਂ ਪੇਸ਼ ਕਰਨ ਦਾ ਪੂਰਾ ਮੌਕਾ ਦੇਵੇਗੀ।

ਹੁਣ ਜਦੋਂ ਇਹ ਮਾਮਲਾ ਸੁਪਰੀਮ ਕੋਰਟ ਵਿਚ ਹੈ, ਤਾਂ ਇਸਦਾ ਅਸਰ ਪੂਰੇ ਦੇਸ਼ ਦੀ ਸਿਆਸਤ 'ਤੇ ਵੀ ਪੈ ਰਿਹਾ ਹੈ। ਵਿਰੋਧੀ ਪਾਰਟੀਆਂ ਇਸ ਮੁੱਦੇ ਨੂੰ ਲੈ ਕੇ ਮੋਦੀ ਸਰਕਾਰ 'ਤੇ ਹਮਲਾਵਰ ਹਨ, ਅਤੇ ਮੁਸਲਿਮ ਜਥੇਬੰਦੀਆਂ ਇਸਨੂੰ ਆਪਣੇ ਧਾਰਮਿਕ ਹੱਕਾਂ 'ਤੇ ਹਮਲਾ ਮੰਨ ਰਹੀਆਂ ਹਨ। ਇਹ ਬਹਿਸ ਸਿਰਫ਼ ਇਕ ਕਾਨੂੰਨ ਦੀ ਨਹੀਂ, ਬਲਕਿ ਘੱਟਗਿਣਤੀਆਂ ਦੀ ਧਾਰਮਿਕ ਪਛਾਣ, ਉਨ੍ਹਾਂ ਦੀਆਂ ਜਾਇਦਾਦਾਂ ਦੀ ਹਿਫ਼ਾਜ਼ਤ, ਅਤੇ ਭਾਰਤ ਦੇ ਧਰਮ-ਨਿਰਪੱਖ ਢਾਂਚੇ ਦੀ ਅਸਲੀਅਤ ਦੀ ਵੀ ਹੈ।

ਜਿਸ ਤਰ੍ਹਾਂ ਨਾਲ ਵਕਫ਼ ਸੋਧ ਕਾਨੂੰਨ ਆਇਆ ਹੈ ਅਤੇ ਜਿਸ ਅੰਦਾਜ਼ ਵਿਚ ਇਸ ਦੀਆਂ ਵਿਵਸਥਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ, ਉਸ 'ਤੋਂ ਇਹੀ ਲੱਗਦਾ ਹੈ ਕਿ ਮਾਮਲਾ ਸਿਰਫ਼ ਸੁਧਾਰ ਜਾਂ ਪਾਰਦਰਸ਼ਤਾ ਦਾ ਨਹੀਂ ਹੈ। ਇਹ ਸੱਤਾ ਦੀ ਉਸ ਸੋਚ ਨੂੰ ਵੀ ਜ਼ਾਹਿਰ ਕਰਦਾ ਹੈ, ਜੋ ਧਾਰਮਿਕ ਆਜ਼ਾਦੀ ਅਤੇ ਸੱਭਿਆਚਾਰਕ ਅਧਿਕਾਰਾਂ ਨੂੰ 'ਪ੍ਰਸ਼ਾਸਨਿਕ ਸੁਧਾਰ' ਦੇ ਨਾਮ 'ਤੇ ਸੀਮਿਤ ਕਰਨਾ ਚਾਹੁੰਦੀ ਹੈ।

ਪਰ ਕੀ ਭਾਰਤ ਵਰਗੇ ਵੰਨ-ਸੁਵੰਨਤਾ ਵਾਲੇ ਲੋਕਤੰਤਰ ਵਿਚ ਇਹ ਸੰਭਵ ਹੈ? ਕੀ ਅਦਾਲਤਾਂ ਅਤੇ ਆਵਾਮ ਇਸਨੂੰ ਚੁੱਪਚਾਪ ਸਵੀਕਾਰ ਕਰ ਲੈਣਗੇ? ਕੀ ਮੁਸਲਮਾਨ ਆਪਣੇ ਧਾਰਮਿਕ ਅਧਿਕਾਰਾਂ ਦੀ ਸੁਰੱਖਿਆ ਕਰ ਸਕਣਗੇ, ਜਾਂ ਇਹ ਵੀ ਇਕ ਲੰਮੀ ਅਦਾਲਤੀ ਲੜਾਈ ਵਿਚ ਦੱਬ ਜਾਵੇਗਾ?

ਸਵਾਲ ਬਹੁਤ ਹਨ, ਜਵਾਬ ਹੌਲੀ-ਹੌਲੀ ਸਾਹਮਣੇ ਆਉਣਗੇ—ਪਰ ਇਹ ਤੈਅ ਹੈ ਕਿ ਵਕਫ਼ ਕਾਨੂੰਨ 'ਤੇ ਇਹ ਬਹਿਸ ਭਾਰਤ ਦੇ ਸੰਵਿਧਾਨ, ਧਰਮ ਨਿਰਪੱਖਤਾ, ਅਤੇ ਘੱਟਗਿਣਤੀਆਂ ਦੇ ਅਧਿਕਾਰਾਂ ਲਈ ਇਕ ਕਸੌਟੀ ਬਣ ਚੁੱਕੀ ਹੈ।

— — — — — — — — — —

***(ਪਿਛਲੇ ਸਫੇ ਦਾ ਬਾਕੀ)***

ਲਾਇਬ੍ਰੇਰੀਆਂ ਨਹੀਂ ਬਣਾਉਂਦਾ। ਪੀਰਾਂ, ਫ਼ਕੀਰਾਂ, ਬਾਬਿਆਂ ਨੂੰ ਪੂਜੀ ਜਾਂਦਾ ਹੈ। ਸਮਾਂ ਨਸ਼ਟ ਕਰੀ ਜਾਂਦਾ ਹੈ। ਸਰਕਾਰਾਂ ਵੀ ਇਸੇ ਰਸਤੇ ਤੁਰੀਆਂ ਹੋਈਆਂ ਹਨ। ਸਿੱਖਿਆ ਕ੍ਰਾਂਤੀ ਦੇ ਨਾਂਅ 'ਤੇ ਪੰਜਾਬ ਇਸ ਵੇਲੇ 'ਪ੍ਰਚਾਰੀ ਚਰਚਾ' 'ਚ ਹੈ। ਇਸ ਨਾਲ ਲੋਕਾਂ ਨੂੰ ਕੀ ਪ੍ਰਾਪਤ ਹੋਏਗਾ?

ਕੀ ਸਿਰਫ਼ ਬਣਾਏ ਜਾ ਰਹੇ ਕਮਰੇ, ਪਖ਼ਾਨੇ ਵਿਦਿਆਰਥੀਆਂ ਦੀ ਬੌਧਿਕ ਲੋੜ ਪੂਰੀ ਕਰ ਸਕਣਗੇ? ਕੀ ਅਮੈਰੀਟਸ ਸਕੂਲ, ਵਿਦਿਆਰਥੀ ਦੇ ਸਰਬ-ਪੱਖੀ ਵਿਕਾਸ ਦੇ ਹਾਣ ਦੇ ਹਨ? ਕੀ ਇਹ ਸਕੂਲ ਅਤੇ ਸਧਾਰਨ ਪੇਂਡੂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਦੇ ਪੱਧਰ ਦਾ ਪਾੜਾ ਵੱਡਾ ਨਹੀਂ ਹੋ ਰਿਹਾ?

ਇਸ ਸਭ ਕੁਝ ਦਾ ਅਰਥ ਇਹ ਵੀ ਨਹੀਂ ਕਿ ਪੰਜਾਬੀ ਵਿਚਾਰਵਾਨਾਂ ਦੀ ਕਮੀ ਹੈ। ਦੇਸ਼-ਵਿਦੇਸ਼ 'ਚ ਸਿਆਣੇ ਪੰਜਾਬੀਆਂ ਦਾ ਬੋਲ ਬਾਲਾ ਹੈ, ਜਿਥੇ ਵਿਦੇਸ਼ਾਂ 'ਚ ਚੰਗੇ ਕਾਰੋਬਾਰੀ ਹਨ, ਸਾਇੰਸਦਾਨ ਹਨ, ਸਿੱਖਿਆ ਸ਼ਾਸਤਰੀ ਹਨ, ਉਥੇ ਪੰਜਾਬੀ ਦਾਨੀ ਪੁਰਖਾਂ ਦੀ ਵੀ ਕਮੀ ਨਹੀਂ ਹੈ।

ਲੋੜ ਹੈ ਪੰਜਾਬੀ ਲੋਕ ਬਾਕੀ ਦਿਖਾਵੇ ਛੱਡ ਕੇ ਸਿੱਖਿਆ ਖੇਤਰ 'ਚ ਪੁਲਾਘਾਂ ਭਰਨ। ਧਾਰਮਿਕ ਸਥਾਨਾਂ ਦੀ ਥਾਂ ਯੂਨੀਵਰਸਿਟੀਆਂ, ਸਕੂਲ, ਕਾਲਜ, ਲਾਇਬ੍ਰੇਰੀਆਂ ਖੋਲ੍ਹਣ, ਬੱਚਿਆਂ ਨੂੰ ਪੜ੍ਹਾਉਣ ਵੱਲ ਲੈ ਕੇ ਜਾਣ। ਇਹੀ ਅਸਲ ਅਰਥਾਂ 'ਚ ਸਿੱਖਿਆ ਕ੍ਰਾਂਤੀ ਦੀ ਨੀਂਹ ਹੋ ਸਕੇਗੀ।

## ਨਿਰਵਿਘਨ ਪ੍ਰਕਾਸ਼ਨ ਦੇ 26ਵੇਂ ਸਾਲ 'ਚ (ਪਹਿਲੀ ਜਨਵਰੀ 2000-2025)

## ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿੱਲੋਂ, ਗੁਰਿੰਦਰ ਗਿੱਲ, ਅਯੋਧਿਆ ਸਲਵਾਨ ਅਤੇ ਸ. ਰਾਜਿੰਦਰ ਸਿੰਘ ਬੈਂਸ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 26ਵੀਂ ਵਰ੍ਹੇਗੰਢ

# 'ਪੰਜਾਬ ਟਾਈਮਜ਼ ਨਾਈਟ'

## 17 ਮਈ 2025 ਸ਼ਨਿਚਰਵਾਰ ਸ਼ਾਮੀ 6:00 ਵਜੇ

**Atlantis Banquets**
1273 N. Rand Road,
Arlington Heights, IL 60004

### ਗੈਸਟ ਆਫ ਆਨਰ


ਅਮਰਜੀਤ ਢੀਂਡਸਾ


ਗੁਰਬਖਸ਼ ਸਿੰਘ ਰਾਹੀ



ਹਰਮਨ ਥਿੰਦ

ਯਾਦ ਸਲਾਮਤ ਰਹੇ...


ਸ. ਅਮੋਲਕ ਸਿੰਘ ਜੰਮੂ

### ਗੈਸਟ ਆਫ ਆਨਰ


ਲਖਵੀਰ ਢੀਂਡਸਾ


ਪਾਲਾ ਸ਼ੇਰਮਾਰ


ਲਵ ਮਿਨਹਾਸ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਦਰਸ਼ਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਹਰਦਿਆਲ ਸਿੰਘ ਦਿਓਲ


ਡਾ. ਗੁਰਦਿਆਲ ਸਿੰਘ ਬਸਰਾਨ


ਜੈਦੇਵ ਸਿੰਘ ਭੱਠਲ


ਜਗਦੀਸ਼ਰ ਸਿੰਘ ਕਲੇਰ



ਗੁਰਚਰਨ ਸਿੰਘ ਗਰੇਵਾਲ



ਹਰਜੀਤ ਸਿੰਘ ਸਾਹੀ


ਦਰਸ਼ਨ ਸਿੰਘ ਦਰੜ


ਮਨਦੀਪ ਸਿੰਘ ਭੂਰਾ


ਰਘਬੀਰ ਸਿੰਘ ਚੁੰਨ


ਪਰਮਿੰਦਰ ਸਿੰਘ ਵਾਲੀਆ


ਅਮਰੀਕ ਸਿੰਘ (ਅਮਰ ਕਾਰਪੈਟ)


ਜਸਕਰਨ ਸਿੰਘ ਧਾਲੀਵਾਲ


ਡਾ. ਤੇਜਿੰਦਰ ਸਿੰਘ ਮੰਡੇਰ


ਅਵਤਾਰ ਸਿੰਘ ਸਪਰਿੰਗਫੀਲਡ


ਗੁਲਜ਼ਾਰ ਸਿੰਘ ਮੁਲਤਾਨੀ



ਭੁਪਿੰਦਰ ਸਿੰਘ ਧਾਲੀਵਾਲ


ਗੁਰਦੇਵ ਸਿੰਘ ਜੌੜਾ



ਅੰਮ੍ਰਿਤਪਾਲ ਸਿੰਘ ਸੰਘਾ


ਆਗਿਆਪਾਲ ਸਿੰਘ ਬਾਠ


ਜਸਵੀਰ ਕੌਰ ਢਿਲੋਂ


ਡਾ. ਇਨਕਲਾਬੀ ਥਾਂਦੀ


ਡਾ. ਨਵਦੀਪ ਕੌਰ ਸੰਧੂ



ਬਲਵਿੰਦਰ ਕੌਰ (ਨਿੱਕੀ) ਸੇਖੋਂ



ਹਰਵਿੰਦਰ ਪਾਲ ਸਿੰਘ ਲੈਲ


ਜਗਜੀਤ ਸਿੰਘ ਢੀਂਡਸਾ


ਸਰਵਣ ਸਿੰਘ ਟਿਵਾਣਾ


ਸੁਖਮੇਲ ਸਿੰਘ ਅਟਵਾਲ


ਸ. ਹੈਪੀ ਸਿੰਘ ਹੀਰ


ਅਮੋਲਕ ਸਿੰਘ ਗਾਖਲ


ਜੱਸੀ ਗਿੱਲ

# PUNJAB TIMES NIGHT 2025

## ਵਿਸ਼ੇਸ਼ ਮਹਿਮਾਨ



ਦਰਸ਼ਨ ਸਿੰਘ ਧਾਲੀਵਾਲ (ਚੀਫ਼ ਗੈਸਟ) | ਡਾ. ਹਰਜਿੰਦਰ ਸਿੰਘ ਦਿਲਗੀਰ (ਸਿੱਖ ਹਿਸਟੋਰੀਅਨ) | ਇਕਬਾਲ ਮਾਹਲ (ਟੀ.ਵੀ. ਪ੍ਰਸਨੈਲਿਟੀ) | ਪ੍ਰੋ. ਸੁਹਿੰਦਰ ਬੀਰ | ਦਵਿੰਦਰ ਕੌਰ ਗੁਰਾਇਆ | ਦਵੀ ਦਵਿੰਦਰ (ਸੰਪਾਦਕ: ਸਪੋਕਸਮੈਨ) | ਕੁਲਦੀਪ ਕੌਰ (ਮੁਖੀ ਪੱਤਰਕਾਰੀ ਵਿਭਾਗ)

## ਸਾਡੇ ਸਪਾਂਸਰ



ਗੁਰਚਰਨ ਸਿੰਘ ਝੱਜ | ਜਸਮੀਰ ਸਿੰਘ | ਮੱਖਣ ਬੈਂਸ | ਰਜਿੰਦਰ ਟਾਂਡਾ | ਗੁਰਚਰਨ ਮਾਨ | ਸੈਮ ਚਾਹਲ | ਕੁਲਵਿੰਦਰ | ਜਗਜੀਤ ਨੌਸ਼ਹਿਰਵੀ | ਡਾ. ਦਲਬੀਰ ਪੰਨੂ | ਹਰਵਿੰਦਰ ਵਾਲੀਆ | ਗੁਰਮੇਲ ਕੰਗ




ਭਾਈ ਮਹਿੰਦਰ ਸਿੰਘ | ਜੈਰਾਮ ਸਿੰਘ ਕਾਹਲੋਂ | ਰਾਜਵੀਰ ਬੋਪਾਰਾਏ | ਲਖਵੀਰ ਜੌਹਲ | ਮਨਜੀਤ ਨਾਗਰਾ | ਹਰਜਿੰਦਰ ਜਿੰਦੀ | ਜਰਨੈਲ ਸਿੰਘ ਮਿਆਣੀ | ਪਰਮਿੰਦਰ ਗੋਲਡੀ | ਡਾ. ਵਿਕਰਮ ਗਿੱਲ | ਦਵਿੰਦਰ ਸਿੰਘ ਰੰਗੀ | ਜਗਪਾਲ ਗਰੇਵਾਲ



ਲੱਕੀ ਸਹੋਤਾ | ਡਾ. ਹਰਜਿੰਦਰ ਖਹਿਰਾ | ਅਜੈਬ ਲੱਖਣ | ਜਸਪਾਲ ਘੋਤੜਾ | ਡਾ. ਰਛਪਾਲ ਸਿੰਘ ਬਾਜਵਾ | ਰਘਵਿੰਦਰ ਸਿੰਘ ਮਾਹਲ | ਠਾਕਰ ਬਸਾਤੀ | ਸਨੀ ਕੁਲਾਰ | ਰੋਨੀ ਕੁਲਾਰ | ਪ੍ਰਦੀਪ ਕਾਹਲੋਂ | ਜੱਸੀ ਸਿੰਘ | ਰਾਣਾ ਸਿੰਘ ਵਿਰਕ | ਧਰਮਿੰਦਰ ਖਟੜਾ | ਯਾਦਵਿੰਦਰ ਖਟੜਾ



ਲਖਬੀਰ ਸਿੰਘ ਸੰਧੂ | ਜਗਦੀਸ਼ ਸਿੰਘ ਸੰਧੂ | ਜਸਬੀਰ ਸਿੰਘ | ਕੁਲਬੀਰ ਸਿੰਘ | ਸ਼ਿਵਇੰਦਰ ਸਿੰਘ | ਮੱਖਣ ਸਿੰਘ ਕਲੇਰ | ਸਤਨਾਮ ਸਿੰਘ ਔਲਖ | ਨਵਤੇਜ ਸੋਹੀ | ਕਮਲਜੀਤ ਘੁਮਾਣ | ਬਲਜੀਤ ਟਿਵਾਣਾ | ਜਸਵਿੰਦਰ ਗਿੱਲ | ਪਿੰਦੀ ਛੀਨਾ | ਪਾਲ ਖਲੀਲ



ਜਸਬੀਰ ਪਲੀਆ | ਸੁਰਿੰਦਰ ਪਲੀਆ | ਅਮਰਦੇਵ ਬਦੇਸ਼ਾ | ਪ੍ਰਦੀਪ ਸਲਵਾਨ | ਰਜਿੰਦਰ ਦਿਆਲ | ਸੰਤੋਖ ਸਿੰਘ ਡੀ ਸੀ | ਨਰਿੰਦਰ ਸਿੰਘ ਸਰਾਂ | ਰਾਣਾ ਸੇਖੋਂ | ਗੁਰਮੁਖ ਸਿੰਘ ਭੁੱਲਰ | ਪਾਲ ਧਾਲੀਵਾਲ | ਸੁਖਪਾਲ ਗਿੱਲ | ਬਲਬੀਰ ਬੈਦਵਾਨ

**ਪੰਜਾਬ ਟਾਈਮਜ਼ ਦੀ 26ਵੀਂ ਵਰ੍ਹੇਗੰਢ ਮੌਕੇ 17 ਮਈ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਸ਼ਾਇਰ, ਸਾਹਿਤਕਾਰ, ਗੀਤਕਾਰ ਅਤੇ ਗਾਇਕ ਤੁਹਾਡਾ ਮਨੋਰੰਜਨ ਕਰਨਗੇ।**

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਅਮੈਰੀਕਨ ਆਰਗੇਨਾਈਜ਼ੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਪੰਜਾਬੀ ਹੈਰੀਟੇਜ ਆਰਗੇਨਾਈਜ਼ੇਸ਼ਨ (ਪੀ ਐਚ ਓ), ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ, ਇੰਡੀਆਨਾ; ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ, ਸਵੇਰਾ ਇੰਕ।

ਮੀਡੀਆ ਪਾਰਟਨਰ: ਰੇਡੀਓ ਚੰਨ ਪ੍ਰਦੇਸੀ, ਦੇਸੀ ਜੰਕਸ਼ਨ, ਢੋਲ ਰੇਡੀਓ, ਪੀ.ਟੀ.ਸੀ।

## ਗੁਲਫ਼ਿਸ਼ਾਂ ਫ਼ਾਤਿਮਾ ਦੀ ਕੈਦ ਦੇ 5 ਸਾਲ

# ਤਿਹਾੜ ਦੀਆਂ ਸੀਖ਼ਾਂ ਦੇ ਪਿੱਛੇ ਬੰਦ ਮੁਸਲਮਾਨ ਕੁੜੀ ਦੀ ਦਾਸਤਾਨ

***ਪਿਛਲੇ ਪੰਜ ਸਾਲਾਂ ਤੋਂ ਦਿੱਲੀ ਦੀ ਤਿਹਾੜ ਜੇਲ ਦੀਆਂ ਸੀਖ਼ਾਂ ਪਿੱਛੇ ਇਕ 31 ਸਾਲਾ ਮੁਸਲਮਾਨ ਕੁੜੀ, ਗੁਲਫ਼ਿਸ਼ਾਂ ਫ਼ਾਤਿਮਾ ਕੈਦ ਹੈ। ਨਾਗਰਿਕਤਾ ਸੋਧ ਕਾਨੂੰਨ (CAA) ਦੇ ਖਿਲਾਫ਼ ਆਪਣੀ ਅਸਹਿਮਤੀ ਦਰਸਾਉਣ ਦਾ ਮੁੱਲ ਉਸਨੂੰ ਇਸ ਲੰਮੀ ਕੈਦ ਦੇ ਰੂਪ ਵਿਚ ਤਾਰਨਾ ਪਿਆ ਹੈ। ਜੇਲ੍ਹ ਵਿਚ ਸਿਰਫ਼ ਗੁਲਫ਼ਿਸ਼ਾਂ ਹੀ ਬੰਦ ਨਹੀਂ ਹੈ — ਉਸ ਦੇ ਨਾਲ ਇਸ ਹੋਣਹਾਰ ਧੀ ਦੇ ਖ਼ਵਾਬ, ਉਸ ਦੀਆਂ ਉਮੀਦਾਂ, ਉਸ ਦੇ ਬੁੱਢੇ ਮਾਂ-ਪਿਓ ਦੀਆਂ ਰਿਹਾਈ ਉਡੀਕਦੀਆਂ ਅੱਖਾਂ, ਵਿਤਕਰੇ ਦੇ ਖਿਲਾਫ਼ ਖੜ੍ਹੇ ਹੋਣ ਦਾ ਸਵੈਵਿਸ਼ਵਾਸ ਵੀ ਕੈਦ ਹੈ। ਇਨ੍ਹਾਂ ਪੱਖਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ। -ਸੰਪਾਦਕ***



ਦਸੰਬਰ 2019 'ਚ ਭਾਜਪਾ ਸਰਕਾਰ ਵੱਲੋਂ ਪਾਸ ਕੀਤੇ 'ਨਾਗਰਿਕਤਾ ਸੋਧ ਕਾਨੂੰਨ' ਵਿਰੁੱਧ ਘੱਟਗਿਣਤੀ ਮੁਸਲਮਾਨ ਫਿਰਕੇ ਦੇ ਲੋਕਾਂ ਨੂੰ ਆਪਣਾ ਨਾਗਰਿਕਤਾ ਦਾ ਹੱਕ ਬਚਾਉਣ ਲਈ ਸੜਕਾਂ 'ਤੇ ਆਉਣਾ ਪਿਆ ਸੀ। ਦਿੱਲੀ ਵਿਚ ਸ਼ਾਹੀਨ ਬਾਗ਼ ਅਤੇ ਪੂਰੇ ਮੁਲਕ ਦੇ ਵੱਖ-ਵੱਖ ਸ਼ਹਿਰਾਂ ਵਿਚ ਇਸੇ ਤਰਜ਼ ਦੇ ਪੱਕੇ ਮੋਰਚਿਆਂ ਦੀ ਦ੍ਰਿੜ ਆਵਾਜ਼ ਤੋਂ ਭੈਭੀਤ ਹੋਈ ਭਗਵਾ ਹਕੂਮਤ ਐਨੀ ਜ਼ਿਆਦਾ ਬੌਖਲਾ ਗਈ ਕਿ ਸ਼ਾਂਤਮਈ ਅੰਦੋਲਨ ਨੂੰ ਖਦੇੜਨ ਲਈ ਪੁਲਿਸ ਅਤੇ ਭਗਵਾ ਦਹਿਸ਼ਤੀ ਗਰੋਹਾਂ ਦੇ ਕਟਕ ਚਾੜ੍ਹ ਦਿੱਤੇ ਗਏ। 23 ਫਰਵਰੀ 2020 ਨੂੰ ਮੁਸਲਮਾਨਾਂ ਨੂੰ ਖ਼ਾਸ ਨਿਸ਼ਾਨਾ ਬਣਾ ਕੇ ਹਿੰਸਾ ਕੀਤੀ ਗਈ ਅਤੇ ਪੂਰੇ ਤਿੰਨ ਦਿਨ ਪੂਰਬ-ਉੱਤਰੀ ਦਿੱਲੀ ਵਿਚ ਸਾੜ-ਫੂਕ, ਵੱਢ-ਟੁੱਕ ਅਤੇ ਕਤਲਾਂ ਦਾ ਨੰਗਾ ਨਾਚ ਨੱਚਿਆ ਗਿਆ। ਕਪਿਲ ਮਿਸ਼ਰੇ ਵਰਗੇ ਭਾਜਪਾ ਆਗੂ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ 'ਚ

**ਬੂਟਾ ਸਿੰਘ ਮਹਿਮੂਦਪੁਰ**

ਫਿਰਕੂ ਹਜੂਮ ਨੂੰ ਮੁਸਲਮਾਨਾਂ ਉੱਪਰ ਹਮਲੇ ਕਰਨ ਲਈ ਉਕਸਾਉਂਦੇ ਦੇਖੇ ਗਏ। ਇਹ ਸਭ ਮੀਡੀਆ ਕੈਮਰਿਆਂ ਨੇ ਪ੍ਰਸਾਰਿਤ ਵੀ ਕੀਤਾ। ਇਨ੍ਹਾਂ ਹਮਲਿਆਂ ਵਿਚ 53 ਲੋਕ ਮਾਰੇ ਗਏ ਜਦਕਿ 700 ਫੱਟੜ ਹੋਏ। ਇਹ ਮੁੱਖ ਤੌਰ 'ਤੇ ਮੁਸਲਮਾਨ ਸਨ। ਬਹੁਤ ਸਾਰੀਆਂ ਲਾਸ਼ਾਂ ਨਾਲਿਆਂ, ਡਰੇਨਾਂ ਵਿਚੋਂ ਮਿਲੀਆਂ। ਮਜ਼ਲੂਮ ਮੁਸਲਮਾਨ ਘੱਟਗਿਣਤੀ ਦੇ ਘਰ, ਦੁਕਾਨਾਂ ਤੇ ਹੋਰ ਕਾਰੋਬਾਰ ਤੋੜ ਦਿੱਤੇ ਗਏ। ਮਸਜਿਦਾਂ ਨੂੰ ਤੋੜਨਾ ਅਤੇ ਅੱਗਾਂ ਲਾਉਣਾ ਇਸ ਹਮਲੇ ਦਾ ਖ਼ਾਸ ਟੀਚਾ ਸੀ।

ਫਿਰ ਹਮਲੇ ਦਾ ਦੂਜਾ ਪੜਾਅ ਸ਼ੁਰੂ ਹੋ ਗਿਆ। ਮੁਜਰਿਮ ਹੀ ਹੁਕਮਰਾਨ ਸਨ। ਉਨ੍ਹਾਂ ਦੀ ਆਪਣੀ ਹਕੂਮਤ ਹੋਣ ਕਾਰਨ ਅਤੇ ਮੁੱਖਧਾਰਾ ਮੀਡੀਆ ਆਰ.ਐੱਸ.ਐੱਸ.-ਭਾਜਪਾ ਦੀ ਸੇਵਾ 'ਚ ਹਾਜ਼ਰ ਹੋਣ ਕਾਰਨ ਉਨ੍ਹਾਂ ਲਈ ਕੋਈ ਵੀ ਝੂਠਾ ਬਿਰਤਾਂਤ ਪ੍ਰਚਾਰਨ ਅਤੇ ਮਜ਼ਲੂਮ ਘੱਟਗਿਣਤੀ ਨੂੰ ਹੀ ਦੋਸ਼ੀ ਕਰਾਰ ਦੇਣ 'ਚ ਕੋਈ ਰੁਕਾਵਟ ਨਹੀਂ ਸੀ। ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਦਿੱਲੀ ਪੁਲਿਸ ਨੇ ਮੁਸਲਮਾਨਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ 'ਚ ਡੱਕਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ। ਇਹ ਪ੍ਰਚਾਰਿਆ ਗਿਆ ਕਿ ਇਹ ਹਿੰਸਾ 'ਟਰੰਪ ਦੀ ਫੇਰੀ ਮੌਕੇ (22-23 ਫਰਵਰੀ) ਗੜਬੜ ਫੈਲਾ ਕੇ ਸਰਕਾਰ ਦੀਆਂ ਗੋਡਣੀਆਂ ਲਵਾਉਣ ਅਤੇ ਭਾਰਤ ਨੂੰ ਬਦਨਾਮ ਕਰਨ' ਦੀ ਡੂੰਘੀ ਸਾਜ਼ਿਸ਼ ਤਹਿਤ ਕਰਵਾਈ ਗਈ ਹੈ। 'ਸਾਜ਼ਿਸ਼' ਦੀ ਜਾਂਚ ਦੀ ਜ਼ਿੰਮੇਵਾਰੀ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੂੰ ਸੌਂਪੀ ਗਈ ਜਿਸ ਦੀ ਦਹਿਸ਼ਤਵਾਦ ਕਾਂਡਾਂ ਦੇ ਝੂਠੇ ਕੇਸ ਬਣਾ ਕੇ ਬੇਕਸੂਰ ਮੁਸਲਮਾਨਾਂ ਨੂੰ ਦਸ-ਪੰਦਰਾਂ ਸਾਲ ਬਿਨਾਂ ਜ਼ਮਾਨਤ ਜੇਲ੍ਹਾਂ ਵਿਚ ਸਾੜਨ ਦੀ ਖ਼ਾਸ ਮੁਹਾਰਤ ਹੈ।

'ਟਾਈਮਜ਼ ਆਫ਼ ਇੰਡੀਆ' ਦੀ ਰਿਪੋਰਟ ਅਨੁਸਾਰ ਉਪਰੋਕਤ ਹਿੰਸਾ ਦੇ ਕੇਸਾਂ ਵਿਚ 2617 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਸਪੈਸ਼ਲ ਸੈੱਲ ਨੇ ਕਾਰਕੁਨ ਵਿਦਿਆਰਥੀ ਸ਼ਰਜੀਲ ਇਮਾਮ, ਗੁਲਫ਼ਿਸ਼ਾਂ ਫਾਤਿਮਾ, ਦੇਵਾਂਗਨਾ ਕਲੀਤਾ, ਨਤਾਸ਼ਾ ਨਰਵਾਲ, ਸਫ਼ੂਰਾ ਜ਼ਰਗਰ, ਕਾਰਕੁਨ ਉਮਰ ਖ਼ਾਲਿਦ, ਸਲੀਮ ਮਲਿਕ ਸਮੇਤ 21 ਵਿਅਕਤੀਆਂ ਨੂੰ ਇਸ ਸਾਜ਼ਿਸ਼ ਦੇ ਦੋਸ਼ੀ ਦੱਸਿਆ। ਇਨ੍ਹਾਂ ਸਾਰਿਆਂ ਨੇ ਸ਼ਾਂਤਮਈ ਧਰਨਿਆਂ-ਮੁਜ਼ਾਹਰਿਆਂ ਰਾਹੀਂ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਅੰਦੋਲਨ ਵਿਚ ਸਰਗਰਮ ਭੂਮਿਕਾ ਨਿਭਾਈ ਸੀ। ਪੜ੍ਹੇ-ਲਿਖੇ ਮੁਸਲਮਾਨ ਮੁੰਡੇ-ਕੁੜੀਆਂ ਨੂੰ ਖ਼ਾਸ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ ਅਤੇ ਉਨ੍ਹਾਂ ਨੂੰ ਸਬਕ ਸਿਖਾਉਣ ਲਈ ਯੂਏਪੀਏ ਲਗਾ ਕੇ ਅਣਮਿੱਥੇ ਸਮੇਂ ਲਈ ਬਿਨਾਂ ਜ਼ਮਾਨਤ ਜੇਲ੍ਹਾਂ ਵਿਚ ਸਾੜਿਆ ਜਾ ਰਿਹਾ ਹੈ। ਆਰ.ਐੱਸ.ਐੱਸ.-ਭਾਜਪਾ ਤਾਂ ਆਪਣੇ 'ਹਿੰਦੂ ਰਾਸ਼ਟਰ' ਦੇ ਰਾਜਨੀਤਕ ਪ੍ਰੋਜੈਕਟ ਤਹਿਤ ਮੁਸਲਮਾਨਾਂ ਨੂੰ ਦੋਇਮ ਦਰਜੇ ਦੇ ਨਾਗਰਿਕ ਹੋਣ ਦਾ ਅਹਿਸਾਸ ਕਰਾਉਣ ਲਈ ਕਾਨੂੰਨੀ-ਗ਼ੈਰਕਾਨੂੰਨੀ ਹਰ ਹਰਬਾ ਵਰਤ ਰਹੀ ਹੈ, ਫਿਰ ਉਹ ਕਿਵੇਂ ਬਰਦਾਸ਼ਤ ਕਰ ਸਕਦੇ ਹਨ ਕਿ ਮੁਸਲਮਾਨ ਔਰਤਾਂ ਹਕੂਮਤ ਦੇ ਕਾਨੂੰਨਾਂ ਨੂੰ ਸੜਕਾਂ ਉੱਪਰ ਬੈਠ ਕੇ ਚੁਣੌਤੀ ਦੇਣ।

ਇਹ ਜੱਗ ਜ਼ਾਹਿਰ ਹੈ ਕਿ ਉਹ ਉਪਰੋਕਤ ਫਿਰਕੂ ਕਾਨੂੰਨ ਵਿਰੁੱਧ ਆਵਾਜ਼ ਉਠਾਉਣ ਲਈ ਆਪਣੇ ਸੰਵਿਧਾਨਕ ਹੱਕ ਤਹਿਤ ਸ਼ਾਂਤਮਈ





ਪ੍ਰਦਰਸ਼ਨ ਕਰ ਰਹੇ ਸਨ। ਦਿੱਲੀ ਪੁਲਿਸ ਨੇ ਉਚੇਚਾ ਤਰੱਦਦ ਕਰਕੇ 25000 ਪੰਨਿਆਂ ਦੀਆਂ ਪੰਜ ਚਾਰਜਸ਼ੀਟਾਂ ਪੇਸ਼ ਕੀਤੀਆਂ ਹਨ ਤਾਂ ਜੋ ਇਹ ਸਾਬਤ ਕੀਤਾ ਜਾ ਸਕੇ ਕਿ ਬਹੁਤ ਵੱਡੀ ਦੇਸ਼-ਧਰੋਹੀ ਸਾਜ਼ਿਸ਼ ਹੋਣ ਕਾਰਨ ਇਨ੍ਹਾਂ ਵਿਰੁੱਧ ਦਹਿਸ਼ਤਵਾਦ ਵਿਰੋਧੀ ਵਿਸ਼ੇਸ਼ ਕਾਨੂੰਨ, ਯੂਏਪੀਏ, ਅਤੇ ਹੋਰ ਸਖ਼ਤ ਕਾਨੂੰਨੀ ਧਾਰਾਵਾਂ ਲਗਾ ਕੇ ਇਨ੍ਹਾਂ ਨੂੰ ਬਿਨਾਂ ਜ਼ਮਾਨਤ ਜੇਲ੍ਹ ਵਿਚ ਰੱਖਣਾ ਇਕਦਮ ਸਹੀ ਹੈ। ਚਾਰਜਸ਼ੀਟ ਕੀਤੇ 18 ਵਿਚੋਂ 16 ਮੁਸਲਮਾਨ ਹਨ। ਪੁਲਿਸ ਦੀ ਕਹਾਣੀ ਅਨੁਸਾਰ ਸੜਕ ਜਾਮ ਕਰਨਾ ਅਤੇ ਉਨ੍ਹਾਂ ਕੋਲੋਂ ਮਿਰਚਾਂ ਦਾ ਪਾਊਡਰ ਮਿਲਣਾ ਵੱਡੀ ਸਾਜ਼ਿਸ਼ ਦਾ ਸਬੂਤ ਹੈ!

ਇਸੇ ਸਿੱਕੇ ਦਾ ਦੂਜਾ ਪਾਸਾ ਇਹ ਹੈ ਕਿ ਹਿੰਸਾ ਦੇ ਇਕ ਮੁੱਖ ਸਰਗਣੇ ਕਪਿਲ ਮਿਸ਼ਰੇ ਵਿਰੁੱਧ ਦਿੱਲੀ ਪੁਲਿਸ ਨੇ ਭੜਕਾਊ ਭਾਸ਼ਣ ਦੀ ਰਿਕਾਰਡਿੰਗ ਸਮੇਤ ਸਾਰੇ ਸਬੂਤ ਹੋਣ ਅਤੇ ਚਸ਼ਮਦੀਦ ਗਵਾਹਾਂ ਵੱਲੋਂ ਸ਼ਿਕਾਇਤ ਕਰਨ ਦੇ ਬਾਵਜੂਦ ਕੇਸ ਦਰਜ ਨਹੀਂ ਕੀਤਾ। ਦਲੀਲ ਇਹ ਦਿੱਤੀ ਗਈ ਕਿ ਸ਼ਿਕਾਇਤਕਰਤਾਵਾਂ ਦਾ ਇਸ ਪਿੱਛੇ ਲੁਕਵਾਂ ਏਜੰਡਾ ਹੈ ਅਤੇ ਇਸੇ ਤਹਿਤ ਉਸ ਨੂੰ ਫਸਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਮਾਰਚ 2025 'ਚ ਇਕ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਨੇ ਪੁਲਿਸ ਨੂੰ ਉਸ ਵਿਰੁੱਧ ਐੱਫ.ਆਈ.ਆਰ. ਦਰਜ ਕਰਨ ਦਾ ਹੁਕਮ ਦਿੱਤਾ ਹੈ ਅਤੇ ਜ਼ਾਹਿਰ ਹੈ ਕਿ ਪੁਲਿਸ ਉੱਚ ਅਦਾਲਤ ਵਿਚ ਜਾ ਕੇ ਇਸ ਹੁਕਮ ਵਿਰੁੱਧ ਸਟੇਅ ਲੈ ਲਵੇਗੀ। ਹੁਣ ਤਾਂ ਉਸ ਵਿਰੁੱਧ ਕਾਰਵਾਈ ਦਾ ਸਵਾਲ ਹੀ ਨਹੀਂ ਹੈ ਕਿਉਂਕਿ ਉਹ ਤਰੱਕੀ ਕਰਕੇ ਦਿੱਲੀ ਸਰਕਾਰ ਵਿਚ ਮੰਤਰੀ ਬਣ ਗਿਆ ਹੈ!

ਹੁਣ ਤਾਂ ਪੂਰੀ ਦੁਨੀਆ ਬਖ਼ੂਬੀ ਜਾਣਦੀ ਹੈ ਕਿ ਭਾਰਤੀ ਹੁਕਮਰਾਨਾਂ ਵੱਲੋਂ ਇਸ ਕਾਨੂੰਨ ਦਾ ਖ਼ਾਸ ਨਿਸ਼ਾਨਾ ਉਨ੍ਹਾਂ ਪੱਤਰਕਾਰਾਂ, ਚਿੰਤਕਾਂ, ਕਾਰਕੁਨਾਂ ਅਤੇ ਸੱਤਾ ਨੂੰ ਸਵਾਲ ਕਰਨ ਨੂੰ ਬਣਾਇਆ ਜਾਂਦਾ ਹੈ ਤਾਂ ਜੋ ਬਾਕੀ ਸਮਾਜ ਸੱਤਾ ਦੀ ਕਰੂਰਤਾ ਤੋਂ ਖ਼ੌਫ਼ਜ਼ਦਾ ਹੋ ਕੇ ਵਿਰੋਧ ਕਰਨ ਦੀ ਹਿੰਮਤ ਨਾ ਕਰੇ। ਦਿੱਲੀ ਪੁਲਿਸ ਦੀਆਂ ਪੂਰੀ ਤਰ੍ਹਾਂ ਝੂਠੀਆਂ ਕਹਾਣੀਆਂ ਪ੍ਰਤੀ ਅੱਖਾਂ ਮੀਟ ਕੇ ਅਦਾਲਤਾਂ ਵਾਰ-ਵਾਰ ਉਨ੍ਹਾਂ ਦੀਆਂ ਜ਼ਮਾਨਤ ਦੀਆਂ ਅਰਜ਼ੀਆਂ ਰੱਦ ਕਰ ਰਹੀਆਂ ਹਨ।

ਇਨ੍ਹਾਂ 21 'ਯੋਜਨਾ ਘਾੜਿਆਂ' ਵਿਚ ਇਕ ਨਾਮ ਗੁਲਫ਼ਿਸ਼ਾਂ ਫਾਤਿਮਾ ਹੈ। ਸਧਾਰਨ ਕਿਰਤੀ ਪਰਿਵਾਰ ਨਾਲ ਸੰਬੰਧਤ ਇਹ ਬੇਹੱਦ ਸੰਵੇਦਨਸ਼ੀਲ ਹੋਣਹਾਰ ਲੜਕੀ ਹੈ। ਉਸਨੇ ਆਪਣੇ ਸਮਾਜ ਦੇ ਭਵਿੱਖ ਲਈ ਉਪਰੋਕਤ ਫਿਰਕੂ ਕਾਨੂੰਨ 'ਚੋਂ ਸਮੋਏ ਖ਼ਤਰਿਆਂ ਨੂੰ ਸਮਝਿਆ ਅਤੇ ਇਸਦਾ ਵਿਰੋਧ ਕਰਨ ਲਈ ਆਪਣੇ ਸੰਵਿਧਾਨਕ ਹੱਕ ਵਰਤਣ ਦਾ ਰਾਹ ਚੁਣਿਆ। ਉਸਦਾ ਪਰਿਵਾਰ, ਸੰਗੀ-ਸਾਥੀ ਤੇ ਹੋਰ ਜਾਣਕਾਰ ਕਹਿੰਦੇ ਹਨ ਕਿ ਉਹ ਦੂਜਿਆਂ ਨੂੰ ਹੌਸਲਾ ਦੇਣ ਵਾਲੀ ਬਹੁਤ ਹੀ ਬਹਾਦਰ ਕੁੜੀ ਹੈ ਅਤੇ ਮੁਸ਼ਕਿਲ ਤੋਂ ਮੁਸ਼ਕਿਲ ਹਾਲਾਤ ਵਿਚ ਵੀ ਹਮੇਸ਼ਾ ਸਾਰਥਕ ਸੋਚਣ ਲਈ ਪ੍ਰੇਰਦੀ ਹੈ।

ਹੋਰ ਕਾਰਕੁਨਾਂ ਵਾਂਗ ਗੁਲਫ਼ਿਸ਼ਾਂ ਉੱਪਰ ਵੀ ਪੂਰਬ-ਉੱਤਰੀ ਦਿੱਲੀ ਵਿਚ ਹੋਈ 'ਹਿੰਸਾ' ਵਿਚ ਸ਼ਾਮਲ ਹੋਣ ਦਾ ਇਲਜ਼ਾਮ ਲਗਾਇਆ ਗਿਆ। ਉਸ ਨੂੰ 9 ਅਪ੍ਰੈਲ 2020 ਵਿਚ 'ਗ਼ੈਰਕਾਨੂੰਨੀ ਕਾਰਵਾਈਆਂ (ਰੋਕੂ) ਕਾਨੂੰਨ' ਅਧੀਨ ਗ੍ਰਿਫ਼ਤਾਰ ਕੀਤਾ ਗਿਆ। ਉਸ ਸਮੇਂ ਗੁਲਫ਼ਿਸ਼ਾਂ ਸਿਰਫ਼ 26 ਸਾਲ ਦੀ ਸੀ। ਓਦੋਂ ਉਸਨੇ ਅਜੇ ਐਮ.ਬੀ.ਏ. ਦੀ ਪੜ੍ਹਾਈ ਪੂਰੀ ਕੀਤੀ ਸੀ ਅਤੇ ਅੱਗੇ ਪੀ.ਐਚ.ਡੀ ਕਰਨਾ ਚਾਹੁੰਦੀ ਸੀ। ਉਸਦੇ ਆਪਣੀ ਜ਼ਿੰਦਗੀ, ਆਪਣੇ ਮਾਂ-ਪਿਓ ਤੇ ਪਰਿਵਾਰ ਲਈ ਜੋ ਖ਼ਵਾਬ ਸਨ ਉਹ ਉਸਦੇ ਨਾਲ ਹੀ ਜੇਲ੍ਹ ਵਿਚ ਬੰਦ ਹੋ ਗਏ।

ਗੁਲਫ਼ਿਸ਼ਾਂ ਨੂੰ ਕਿਤਾਬਾਂ ਨਾਲ ਬਹੁਤ ਪਿਆਰ ਹੈ। ਜੇਲ੍ਹ ਵਿਚ ਵੀ ਉਹ ਆਪਣੀ ਚਟਾਈ 'ਤੇ ਬੈਠੀ ਹਮੇਸ਼ਾ ਕੁਝ ਨਾ ਕੁਝ ਪੜ੍ਹਦੀ ਜਾਂ ਲਿਖਦੀ ਰਹਿੰਦੀ ਹੈ। ਜਦੋਂ ਵੀ ਉਸ ਨਾਲ ਮੁਲਾਕਾਤ ਕਰਨ ਵਾਲਾ ਉਸ ਨੂੰ ਪੁੱਛਦਾ ਹੈ ਕਿ ਤੇਰੇ ਲਈ ਕੀ ਲਿਆਈਏ ਤਾਂ ਉਹ ਸਿਰਫ਼ ਕਿਤਾਬਾਂ ਦੀ ਮੰਗ ਕਰਦੀ ਹੈ।

ਉਸ ਨੂੰ ਲਿਖਣਾ ਬਹੁਤ ਪਸੰਦ ਹੈ। ਜੇਲ੍ਹ ਵਿਚ ਰਹਿੰਦਿਆਂ ਲਿਖੀਆਂ ਕਵਿਤਾਵਾਂ, ਉਸ ਦੀਆਂ ਬਣਾਈਆਂ ਪੇਂਟਿੰਗ, ਅਤੇ ਜੋ ਚਿੱਠੀਆਂ ਉਹ ਜੇਲ੍ਹ 'ਚੋਂ ਲਿਖਦੀ ਹੈ, ਉਹ ਉਸਦੀ ਸੰਵੇਦਨਸ਼ੀਲਤਾ ਦਾ ਮੂੰਹ-ਬੋਲਦਾ ਸਬੂਤ ਹਨ। ਧਰਨੇ ਵਿਚ ਵੀ ਉਹ ਔਰਤਾਂ ਅਤੇ ਬੱਚਿਆਂ ਨੂੰ ਪੜ੍ਹਾਉਣ ਦਾ ਕੋਈ ਮੌਕਾ ਨਹੀਂ ਗਵਾਉਂਦੀ ਸੀ।

ਗੁਲਫ਼ਿਸ਼ਾਂ ਦੀ ਜ਼ਮਾਨਤ ਦੀ ਅਪੀਲ ਤਿੰਨ ਸਾਲ ਤੋਂ ਦਿੱਲੀ ਹਾਈਕੋਰਟ ਵਿਚ ਲਟਕੀ ਹੋਈ ਹੈ। ਜੱਜਾਂ ਦੇ ਬੈਂਚ ਬਦਲਦੇ ਗਏ। ਹਾਈਕੋਰਟ ਦੇ ਤਿੰਨ ਬੈਂਚਾਂ ਨੂੰ ਚਾਰ-ਚਾਰ ਸਾਲ ਤੋਂ ਜੇਲ੍ਹਾਂ 'ਚ ਸੜ ਰਹੇ ਇਨ੍ਹਾਂ ਕਾਰਕੁਨਾਂ ਦੀਆਂ ਅਪੀਲਾਂ ਦੀ ਸੁਣਵਾਈ ਕਰਨ ਦਾ ਸਮਾਂ ਨਹੀਂ ਮਿਲਿਆ! ਉਸਦਾ ਪਰਿਵਾਰ ਅਤੇ ਹੋਰ ਹਿਤੈਸ਼ੀ ਜਾਣਦੇ ਹਨ ਕਿ ਉਸ ਉੱਪਰ ਲਗਾਏ ਸੰਗੀਨ ਦੋਸ਼ ਪੂਰੀ ਤਰ੍ਹਾਂ ਝੂਠੇ ਹਨ ਅਤੇ ਇਕ ਦਿਨ ਉਸਨੇ ਜੇਲ੍ਹ ਦੀਆਂ ਸੀਖ਼ਾਂ ਤੋਂ ਆਜ਼ਾਦ ਹੋਣਾ ਹੀ ਹੈ। ਪਰ ਇਹ ਉਮੀਦ ਨਿਆਂ ਦੀ ਉਮੀਦ ਨਹੀਂ ਹੈ ਕਿਉਂਕਿ ਹਕੂਮਤ ਨੇ ਅਦਾਲਤੀ ਪ੍ਰਣਾਲੀ ਨੂੰ ਤਰੱਕੀਆਂ ਦੇ ਲਾਲਚ,

**(ਬਾਕੀ ਅਗਲੇ ਸਫੇ 'ਤੇ)**

## 'ਮੈਂ ਆਜ਼ਾਦੀ ਲਈ ਤਾਂਘ ਰਹੀ ਹਾਂ'

***ਗੁਲਫ਼ਿਸ਼ਾਂ ਫ਼ਾਤਿਮਾ ਪਿਛਲੇ ਪੰਜ ਸਾਲਾਂ ਤੋਂ ਤਿਹਾੜ ਜੇਲ੍ਹ ਵਿਚ ਹੈ। ਹੇਠਾਂ ਉਹ ਖ਼ਤ ਹੈ ਜੋ ਉਸਨੇ ਹਾਲ ਹੀ ਵਿਚ ਜੇਲ੍ਹ ਵਿਚੋਂ ਆਪਣੇ ਦੋਸਤਾਂ ਨੂੰ ਲਿਖਿਆ, ਜਿਸ ਵਿਚ ਉਸਨੇ ਆਪਣਾ ਪੰਜ ਸਾਲ ਦਾ ਅਨੁਭਵ ਸਾਂਝਾ ਕੀਤਾ ਹੈ। ਇਸਦਾ ਅਨੁਵਾਦ ਸਾਡੇ ਕਾਲਮ ਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

ਨਮਸਤੇ,

ਰਾਤ ਨੂੰ ਮੈਂ ਟੀਵੀ 'ਤੇ ਖ਼ਬਰਾਂ ਅਤੇ ਬਹਿਸਾਂ ਦੇਖਦੀ ਹਾਂ। ਇਹ ਸਿਰਫ਼ ਦਿਖਾਈ ਨਹੀਂ ਦਿੰਦਾ, ਬਲਕਿ ਕਿਸੇ ਵੀ ਸਮਝਦਾਰ ਵਿਅਕਤੀ ਨੂੰ ਇਹ ਸਪੱਸ਼ਟ ਹੈ ਕਿ ਚੀਕਣ ਵਾਲਾ ਮੁੱਖ ਧਾਰਾ ਮੀਡੀਆ ਜਨਤਾ ਨੂੰ ਇਹ ਅਹਿਸਾਸ ਦਿਵਾਉਣ 'ਤੇ ਤੁਲਿਆ ਹੈ ਕਿ ਤੁਹਾਨੂੰ ਕਿਸੇ ਖ਼ਾਸ ਫਿਰਕੇ ਦੁਆਰਾ ਸ਼ੋਸ਼ਿਤ ਕੀਤਾ, ਅਪਮਾਨਿਤ ਕੀਤਾ ਅਤੇ ਦਬਾਇਆ ਗਿਆ ਹੈ, ਨਾ ਕਿ ਕਿਸੇ ਤਾਨਾਸ਼ਾਹੀ ਰਾਜਨੀਤਿਕ ਵਿਵਸਥਾ ਦੁਆਰਾ। ਪੱਖਪਾਤੀ ਮੀਡੀਆ ਇਹ ਦਿਖਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਤੁਹਾਡੇ ਨਾਲ ਅੱਜ ਵੀ ਜੋ ਕੁਝ ਬੁਰਾ ਹੁੰਦਾ ਹੈ, ਉਸਦਾ ਇਕੋ ਕਾਰਨ ਇੱਕ ਖ਼ਾਸ ਫਿਰਕਾ ਹੈ। ਹਰ ਘੱਟਗਿਣਤੀ ਨੂੰ ਇਸ ਤਰ੍ਹਾਂ ਖੁੱਲ੍ਹਮ-ਖੁੱਲ੍ਹਾ ਬਦਨਾਮ ਨਹੀਂ ਕੀਤਾ ਜਾਂਦਾ ਜਿਵੇਂ 'ਇੱਕ ਖ਼ਾਸ ਫਿਰਕੇ' ਨੂੰ।

ਇਸ ਸਭ ਦੇ ਬਾਵਜੂਦ, ਮੈਨੂੰ ਪੂਰਾ ਯਕੀਨ ਹੈ ਕਿ ਭਾਰਤ ਦੀ ਜਨਤਾ ਅੰਦਰੋਂ ਨਾ ਤਾਂ ਅਸਹਿਣਸ਼ੀਲ ਹੈ ਅਤੇ ਨਾ ਹੀ ਹਿੰਸਕ। ਮੈਂ ਸੁੱਖ ਦਾ ਸਾਹ ਲੈਂਦੀ ਹਾਂ ਜਦੋਂ ਦੇਖਦੀ ਹਾਂ ਕਿ ਇਸ ਐਨੀ ਜ਼ਿਆਦਾ ਧਰੁਵੀਕ੍ਰਿਤ ਹੁੰਦੀ ਜਾ ਰਹੀ ਦੁਨੀਆ ਵਿਚ ਲੋਕ ਏਕਤਾ ਅਤੇ ਸਥਿਰਤਾ ਲਈ ਜੂਝ ਰਹੇ ਹਨ। ਇੱਕ ਹੋਰ ਗੱਲ ਜੋ ਮੈਂ ਮਹਿਸੂਸ ਕੀਤੀ ਹੈ, ਉਹ ਇਹ ਹੈ ਕਿ ਧਰਮ ਅਤੇ ਰਾਜਨੀਤੀ ਹਮੇਸ਼ਾ ਨਾਲੋ-ਨਾਲ ਚਲਦੇ ਹਨ।

ਪਿਛਲੀ ਵਾਰ ਕੋਰਟਰੂਮ ਵਿਚ, ਮੈਂ ਆਪਣੇ ਪਾਪਾ ਨੂੰ ਹਕਲਾਉਂਦੇ ਹੋਏ ਦੇਖ ਕੇ ਪੁੱਛਿਆ, 'ਤੁਹਾਨੂੰ ਇਹ ਤਕਲੀਫ਼ ਕਦੋਂ 'ਤੋਂ ਹੋਣ ਲੱਗੀ ਹੈ?' ਤਾਂ ਉਨ੍ਹਾਂ ਨੇ ਬਹੁਤ ਧੀਮੀ ਆਵਾਜ਼ 'ਚ ਕਿਹਾ, 'ਹਮੇਸ਼ਾ ਡਰ ਦਾ ਅਹਿਸਾਸ ਹੁੰਦਾ ਰਹਿੰਦਾ ਹੈ ਜਿਵੇਂ ਹੁਣੇ ਕੁਝ ਮਾੜਾ ਹੋਣ ਵਾਲਾ ਹੈ, ਇਸ ਲਈ ਬੋਲਦੇ-ਬੋਲਦੇ ਅਟਕ ਜਾਂਦਾ ਹਾਂ।' ਉਨ੍ਹਾਂ ਦੇ ਇਹ ਸ਼ਬਦ, ਜੋ ਕਿ ਸੱਚ ਹਨ, ਮੇਰੇ ਦਿਮਾਗ ਵਿਚ ਵਸ ਗਏ ਹਨ ਅਤੇ ਵਾਰ-ਵਾਰ ਘੁੰਮਦੇ ਰਹਿੰਦੇ ਹਨ।

ਜਦੋਂ ਮੇਰੇ ਮਾਤਾ-ਪਿਤਾ ਨੂੰ ਸਾਡੇ ਸੰਘਰਸ਼ ਦੀ ਹਮਾਇਤ ਵਿਚ ਜਾਂ ਕਿਸੇ ਸੈਮੀਨਾਰ ਜਾਂ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਬੁਲਾਇਆ ਜਾਂਦਾ ਹੈ, ਤਾਂ ਉਹ ਦੇਖਦੇ ਹਨ ਕਿ ਲੋਕ ਅਜੇ ਵੀ ਏਕਤਾ, ਸ਼ਾਂਤੀ, ਨਿਆਂ ਲਈ ਅਤੇ ਜਬਰ, ਅਨਿਆਂ ਦੇ ਖਿਲਾਫ਼ ਬੋਲਣ ਦੀ ਹਿੰਮਤ ਕਰਦੇ ਹਨ। ਇਸ ਨਾਲ ਉਨ੍ਹਾਂ ਨੂੰ ਥੋੜ੍ਹੀ ਰਾਹਤ ਮਿਲਦੀ ਹੈ, ਚਾਹੇ ਕੁਝ ਸਮੇਂ ਲਈ ਹੀ ਸਹੀ। ਉਨ੍ਹਾਂ ਦੀ ਹਮਾਇਤ ਦਾ ਸਭ ਤੋਂ ਕਾਬਲੇ-ਤਾਰੀਫ਼ ਪਹਿਲੂ ਇਹ ਹੈ ਕਿ ਉਨ੍ਹਾਂ ਨੇ ਸਾਨੂੰ ਕਦੇ ਨਹੀਂ ਦੇਖਿਆ, ਨਾ ਹੀ ਨਿੱਜੀ ਤੌਰ 'ਤੇ ਸਾਨੂੰ ਜਾਣਦੇ ਹਨ। ਫਿਰ ਵੀ, ਇੱਕ ਸਾਂਝੇ ਮਕਸਦ ਲਈ ਸਾਡੇ ਨਾਲ ਖੜ੍ਹੇ ਹਨ। ਸੱਚ ਕਹਾਂ ਤਾਂ, ਵੱਖ-ਵੱਖ ਵਿਚਾਰਧਾਰਾਵਾਂ, ਧਾਰਮਿਕ ਵਿਸ਼ਵਾਸਾਂ ਵਾਲੇ ਲੋਕਾਂ ਤੋਂ ਇਹ ਨਿਰਸਵਾਰਥ ਪਿਆਰ ਦੇਖ ਕੇ ਮੈਂ ਭਾਵੁਕ ਹੋ ਜਾਂਦੀ ਹਾਂ।

ਕੁਝ ਲੋਕ ਅਜਿਹੇ ਵੀ ਹਨ ਜੋ ਮਨੁੱਖਤਾ ਅਤੇ ਇੱਕਜੁਟ ਭਾਰਤ ਦੇ ਹਿੱਤ ਵਿਚ ਮਤਭੇਦਾਂ ਨੂੰ ਵਿਵਾਦ ਵਿਚ ਨਹੀਂ ਬਦਲਣ ਦਿੰਦੇ। ਉਹ 'ਇੱਕ ਖ਼ਾਸ ਫਿਰਕੇ' ਦੇ ਵਿਸ਼ੇਸ਼ ਸਨੇਹ ਅਤੇ ਸਨਮਾਨ ਦੇ ਹੱਕਦਾਰ ਹਨ।

ਆਉਣ ਵਾਲੀ ਈਦ-ਉਲ-ਫਿਤਰ ਮੇਰੀ 6ਵੀਂ ਈਦ ਹੋਵੇਗੀ ਜੋ ਮੈਂ ਇੱਥੇ (ਜੇਲ੍ਹ ਵਿਚ) ਮਨਾਵਾਂਗੀ। ਉਸ ਦਿਨ ਲਈ ਮੈਂ ਸਿਲਾਈ ਸੈਂਟਰ 'ਤੋਂ ਕੁਝ ਗਹਿਣੇ ਅਤੇ ਕਾਜਲ ਖ਼ਰੀਦ ਲਏ ਹਨ। ਮੈਂ ਕੋਈ ਵੀ ਤਿਉਹਾਰ ਮਨਾਉਣ ਦਾ ਮੌਕਾ ਹੱਥੋਂ ਨਹੀਂ ਜਾਣ ਦਿੰਦੀ, ਚਾਹੇ ਇਹ ਰੱਖੜੀ ਹੋਵੇ, ਮਹਿਲਾ ਦਿਵਸ, ਹੋਲੀ, ਈਸਟਰ, ਵਗੈਰਾ। ਜਦੋਂ ਮੈਂ ਰੱਖੜੀ ਬੰਨ੍ਹਦੀ ਹਾਂ, ਤਾਂ ਮੈਂ ਆਪਣੀਆਂ ਸਹਿ-ਕੈਦਣਾਂ ਨੂੰ ਕਹਿੰਦੀ ਹਾਂ ਕਿ ਇਸ ਰੱਖੜੀ ਦੇ ਬਦਲੇ ਮੈਨੂੰ.......ਤੋਂ ਬਚਾ"। ਹੇਹੇਹੇ...ਦਰਅਸਲ, ਮੈਂ ਹਰ ਮੌਕੇ ਨੂੰ ਭਰਪੂਰ ਜੀਣ ਦੀ ਕੋਸ਼ਿਸ਼ ਕਰਦੀ ਹਾਂ। ਕਿਉਂਕਿ ਮੈਂ ਹਕੀਕਤ ਨੂੰ ਪੂਰੀ ਤਰ੍ਹਾਂ ਸਵੀਕਾਰ ਕਰਨ ਵਿਚ ਵਿਸ਼ਵਾਸ ਰੱਖਦੀ ਹਾਂ, ਫਿਰ ਬਹੁਤ ਚਿੰਤਾ ਕਿਉਂ ਕੀਤੀ ਜਾਵੇ? 'ਜੇਕਰ ਮੈਂ ਬਾਹਰ ਹੁੰਦੀ ਤਾਂ ਮੈਂ ਇਹ ਕਰਦੀ, ਉਹ ਕਰਦੀ।' ਸੋਚਣ ਦਾ ਕੀ ਫ਼ਾਇਦਾ। ਹਕੀਕਤ ਇਹ ਹੈ ਕਿ ਮੈਂ ਜੇਲ੍ਹ ਵਿਚ ਹਾਂ। ਹੁਣ ਇਹ ਪੂਰੀ ਤਰ੍ਹਾਂ ਮੇਰੀ ਜ਼ਿੰਮੇਵਾਰੀ ਹੈ ਕਿ ਮੈਂ ਆਪਣੇ ਮਨ ਅਤੇ ਰੂਹ ਨੂੰ ਕਿਸ ਦਿਸ਼ਾ 'ਚ ਲੈ ਕੇ ਜਾਣਾ ਹੈ। ਕਈ ਵਾਰ, ਮੈਂ ਆਪਣੇ ਆਪ ਨੂੰ ਦਾਰਸ਼ਨਿਕ ਲੱਗਦੀ ਹਾਂ, ਪਰ ਅਨਜਾਣੇ ਹੀ ਇਹ ਸੱਚ ਹੈ ਕਿ ਕੈਦ ਨੇ ਮੈਨੂੰ ਹੋਰ ਵੀ ਅਧਿਆਤਮਕ ਬਣਾ ਦਿੱਤਾ ਹੈ। ਮੈਂ ਚਾਹੁੰਦੀ ਹਾਂ ਕਿ ਜੋ ਲੋਕ ਆਪਣੇ ਆਪ ਨੂੰ ਧਾਰਮਿਕ ਮੰਨਦੇ ਹਨ, ਉਹ ਵੀ ਆਪਣੀ ਆਤਮਾ ਨੂੰ ਅਧਿਆਤਮਕਤਾ ਦੇ ਰਸਤੇ 'ਤੇ ਚੱਲਣ ਦਾ ਮੌਕਾ ਦੇਣ। ਅਧਿਆਤਮਕ ਤੌਰ 'ਤੇ ਜਾਗਰੂਕ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਦੁੱਖ, ਨਿਰਾਸ਼ਾ, ਜਾਂ ਭਟਕਣ ਦਾ ਅਨੁਭਵ ਬੰਦ ਹੋ ਜਾਂਦਾ ਹੈ। ਇਹ ਸਭ ਤਾਂ ਹੁੰਦਾ ਹੈ। ਮੈਂ ਆਜ਼ਾਦੀ ਲਈ ਤੜਫਦੀ ਹਾਂ ਅਤੇ ਰਿਹਾਈ ਦੀ ਅਨੰਤ ਅਨਿਸ਼ਚਿਤਤਾ ਬਹੁਤ ਡੂੰਘੀ ਲੱਗਦੀ ਹਾਂ। ਪਰ ਇਸ ਨੇ ਮੈਨੂੰ ਜੀਵਨ ਦੀ ਨਾਜ਼ੁਕਤਾ ਦਾ ਅਹਿਸਾਸ ਕਰਾਇਆ ਹੈ।

ਪਿਛਲੇ ਮਹੀਨੇ ਮੈਂ ਹਿੰਦੀ ਵਿਚ ਵਿਵੇਕਾਨੰਦ ਸਾਹਿਤ ਪੜ੍ਹ ਰਹੀ ਸੀ। ਮੈਨੂੰ ਉਨ੍ਹਾਂ ਦੇ ਬਹੁਤ ਸਾਰੇ ਵਿਚਾਰ ਮਹਾਨ ਲੱਗੇ। ਸਾਨੂੰ ਉਨ੍ਹਾਂ ਦੇ ਨਜ਼ਰੀਏ ਨੂੰ ਵਿਸ਼ਾਲ ਪ੍ਰਸੰਗ ਵਿਚ ਸਮਝਣ ਦੀ ਲੋੜ ਹੈ, ਜੋ ਆਮ ਲੋਕਾਂ ਨੂੰ ਫ਼ਰਕਾਂ ਅਤੇ ਵੰਨ-ਸੁਵੰਨਤਾ ਦੀ ਖ਼ੂਬਸੂਰਤੀ ਬਾਰੇ ਸਮਝਾ ਸਕਦੇ ਹਨ।

ਅੰਤ ਵਿਚ, ਮੈਂ ਆਪਣੇ ਪਰਿਵਾਰ, ਦੋਸਤਾਂ, ਵਕੀਲਾਂ ਅਤੇ ਹਰ ਉਸ ਵਿਅਕਤੀ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ ਜਿਨ੍ਹਾਂ ਨੇ ਮੈਨੂੰ ਨਹੀਂ ਛੱਡਿਆ, ਬਲਕਿ ਪੰਜ ਸਾਲਾਂ ਦੀ ਇਸ ਬੇਵਜ੍ਹਾ ਕੈਦ ਦੌਰਾਨ ਮੇਰੇ ਸਾਥ ਨਾਲ ਡੱਟ ਕੇ ਖੜ੍ਹੇ ਰਹੇ।

# ਚਾਨਣ ਦਾ ਮੁੱਲ ਤਾਂ ਤਾਰਿਆ ਹੀ ਨਹੀਂ

ਸ਼ਬਦ ਜੋਤ



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਮੋਮਬੱਤੀਆਂ ਨੂੰ ਖ਼ਰੀਦ ਕੇ ਅਤੇ ਬਨੇਰਿਆਂ 'ਤੇ ਜਗਾ ਕੇ ਆਪਣੇ ਵਿਹੜੇ ਨੂੰ ਤਾਂ ਚਾਨਣ ਨਾਲ ਭਰ ਲਿਆ, ਪਰ ਅਸੀਂ ਚਾਨਣ ਦਾ ਮੁੱਲ ਤਾਂ ਤਾਰਿਆ ਹੀ ਨਹੀਂ।

ਦੀਵੇ ਜਗਾ ਕੇ ਆਲ਼ੇ ਵਿਚ ਧਰ ਕੇ ਸ਼ਾਮ ਨੂੰ ਚੌਂਕੇ ਵਿਚ ਲੋਅ ਤਾਂ ਕਰ ਲਈ, ਪਰ ਮਾਂਵਾਂ ਵੱਲੋਂ ਜਗਾਏ ਦੀਵਿਆਂ ਵੇਲੇ ਮੰਗੀਆਂ ਦੁਆਵਾਂ ਦਾ ਮੁੱਲ ਕਿੰਜ ਤਾਰੋਗੇ?

ਆਟਾ ਗੁੰਨ੍ਹਣ ਵਾਲੀਆਂ ਮਸ਼ੀਨਾਂ ਨਾਲ ਆਟਾ ਤਾਂ ਗੁੰਨ੍ਹ ਲਿਆ, ਪਰ ਮਾਵਾਂ ਵੱਲੋਂ ਪਰਾਤ ਵਿਚ ਆਟਾ ਗੁੰਨ੍ਹਣ ਵੇਲੇ ਵਾਹਿਗੁਰੂ ਦਾ ਨਾਮ ਲੈ ਕੇ ਪਾਏ ਪਾਣੀਆਂ ਵਿਚ ਘੁਲੀਆਂ ਦੁਆਵਾਂ ਦਾ ਮੁੱਲ ਕੀ ਪਾਵੋਂਗੇ?

ਟਰੈਕਟਰ ਨਾਲ ਅਸੀਂ ਖੇਤਾਂ ਦੇ ਖੇਤ ਬੜੀ ਛੇਤੀ ਵਾਹੁਣ ਜੋਗੇ ਤਾਂ ਹੋ ਗਏ, ਪਰ ਬਾਪ ਵੱਲੋਂ ਸਾਂਝਰੇ ਬਲਦਾਂ ਦੀ ਜੋੜੀ ਨੂੰ ਪੁਚਕਾਰਨਾ ਅਤੇ ਹੱਲ ਵਾਹੁੰਦਿਆਂ ਬੋਗੇ ਤੇ ਨਾਹਰੇ ਨਾਲ ਕੀਤੀਆਂ ਗੱਲਾਂ ਦੇ ਵਿਸਮਾਦ ਵਿਚ ਖ਼ੁਸ਼ ਹੋਏ ਧਰਤੀ ਦੇ ਕਣ ਕਣ ਵੱਲੋਂ ਕਿਸਾਨ ਦੀ ਝੋਲੀ ਵਿਚ ਪਾਈਆਂ ਜਾਣ ਵਾਲੀਆਂ ਬਰਕਤਾਂ ਦਾ ਮੁੱਲ ਭੁੱਲ ਹੀ ਗਏ।

ਬੋਤਲ-ਬੰਦ ਪਾਣੀ ਪੀਣ ਵਾਲਿਆਂ ਨੂੰ ਕੀ ਪਤਾ ਹੋਵੇਗਾ ਕਿ ਔਲੂ, ਝਲਾਰ ਜਾਂ ਟਿੰਡਾਂ ਵਿਚੋਂ ਬੁੱਕਾਂ ਨਾਲ ਪਾਣੀ ਪੀਣ ਜਾਂ ਦਰਿਆ ਦੇ ਕੰਢੇ ਸਿੰਮੇ ਹੋਏ ਪਾਣੀ ਨੂੰ ਝੀਕ ਲਾ ਕੇ ਪੀਣ ਵਿਚ ਕੇਹੀ ਅਮੀਰੀ ਹੁੰਦੀ?

ਆਪਣੀ ਪਿਆਸ ਮਿਟਾਉਣ ਲਈ ਅਸੀਂ ਕਦੇ ਪਾਣੀ, ਕਦੇ ਜੂਸ, ਲੱਸੀ ਜਾਂ ਹੋਰ ਤਰਲ ਪਦਾਰਥ ਤਾਂ ਪੀ ਲੈਂਦੇ ਹਾਂ, ਪਰ ਕਦੇ ਵੀ ਪਿਆਸ ਦਾ ਮੁੱਲ ਤਾਂ ਤਾਰਿਆ ਹੀ ਨਹੀਂ।

ਮਿੱਟੀ ਦਾ ਭਾਂਡਾ ਖ਼ਰੀਦਦਿਆਂ ਅਸੀਂ ਘੁਮਿਆਰ ਦੀ ਮਿਹਨਤ ਅਤੇ ਮਿੱਟੀ ਦਾ ਮੁੱਲ ਤਾਂ ਤਾਰ ਦਿੰਦੇ ਹਾਂ, ਪਰ ਚੱਕ ਤੇ ਭਾਂਡੇ ਨੂੰ ਬਣਾ ਰਹੇ ਘੁਮਿਆਰ ਦੀਆਂ ਸਹਿਜ-ਭਾਵੀ ਰੀਝਾਂ ਤੇ ਭਾਵਨਾਵਾਂ ਦਾ ਮੁੱਲ ਤਾਂ ਤਾਰਦੇ ਹੀ ਨਹੀਂ।

ਸੁੰਦਰ ਫੁਲਕਾਰੀ ਨੂੰ ਦੇਖ ਕੇ ਮਨਮਰਜ਼ੀ ਦੀ ਕੀਮਤ ਤਾਂ ਤਾਰ ਦਿੰਦੇ ਹਾਂ, ਪਰ ਫੁਲਕਾਰੀ ਦੇ ਹਰ ਤਰੋਪੇ ਨਾਲ ਪਰੋਈਆਂ ਜਾ ਰਹੀਆਂ ਸੂਖਮ ਅਤੇ ਰਾਂਗਲੇ ਚਾਵਾਂ ਦੀ ਕੀਮਤ ਕੌਣ ਤਾਰੇਗਾ?

ਪੁਰਾਣੇ ਘਰਾਂ, ਥਾਵਾਂ ਜਾਂ ਗਰਾਂਵਾਂ ਵਿਚ ਵਿਚਰਦਿਆਂ ਅਸੀਂ ਕੁਝ ਕੁ ਪੁਰਾਣੀਆਂ ਵਸਤਾਂ ਨੂੰ ਖ਼ਰੀਦ ਜਾਂ ਸੰਭਾਲ ਕੇ ਖ਼ੁਦ ਨੂੰ ਬੀਤੇ ਨਾਲ ਜੋੜਨ ਦੀ ਕੋਸ਼ਿਸ਼ ਤਾਂ ਕਰਦੇ ਹਾਂ, ਪਰ ਪੁਰਾਤਨ ਵਸਤਾਂ, ਘਰਾਂ ਅਤੇ ਕਮਰਿਆਂ ਨਾਲ ਜੁੜੀਆਂ ਯਾਦਾਂ ਦਾ ਮੁੱਲ ਕੌਣ ਲਾਵੇਗਾ?

ਆਪਣੇ ਬਜ਼ੁਰਗਾਂ ਦੀਆਂ ਚੀਜ਼ਾਂ ਅਸੀਂ ਉਨ੍ਹਾਂ ਦੇ ਜਾਣ ਤੋਂ ਬਾਅਦ ਕਬਾੜ ਸਮਝ ਕੇ ਘਰੋਂ ਬਾਹਰ ਸੁੱਟ ਦਿੰਦੇ ਹਾਂ, ਪਰ ਕਦੇ ਉਨ੍ਹਾਂ ਨਾਲ ਜੁੜੀਆਂ ਯਾਦਾਂ ਨੂੰ ਮੁੜ ਤੋਂ ਜਿਉਂਦਿਆਂ, ਉਨ੍ਹਾਂ ਦੀ ਕੀਮਤ ਦਾ ਅੰਦਾਜ਼ਾ ਤੁਹਾਨੂੰ ਹੈਰਾਨ ਕਰ ਦੇਵੇਗਾ। ਮੈਂ ਆਪਣੇ ਬਾਪ ਦੀ ਖੂੰਡੀ ਅਤੇ ਉਨ੍ਹਾਂ ਵੱਲੋਂ ਆਖ਼ਰੀ ਸਮੇਂ ਪਾਈ ਟੀ-ਸ਼ਰਟ ਹਾਲੇ ਤੀਕ ਸਾਂਭ ਕੇ ਰੱਖੀ ਹੋਈ ਹੈ । ਹੁਣ ਟੀ-ਸ਼ਰਟ ਪਾਉਂਦਿਆਂ ਹੀ ਅਹਿਸਾਸ ਹੁੰਦਾ ਜਿਵੇਂ ਬਾਪ ਦਾ ਨਿੱਘ ਮਾਣ ਰਿਹਾ ਹੋਵਾਂ। ਬਾਪ ਦੀ ਖੂੰਡੀ ਮੇਰੀ ਬਜ਼ੁਰਗੀ ਵੇਲੇ ਜ਼ਰੂਰ ਕੰਮ ਆ ਕੇ, ਮੇਰੇ ਬਾਪ ਦੀ ਬਜ਼ੁਰਗੀ ਅਵਸਥਾ ਮੈਨੂੰ ਚੇਤੇ ਕਰਵਾਏਗੀ।

ਬਜ਼ੁਰਗਾਂ ਦੇ ਤੀਲ੍ਹਾ ਤੀਲ੍ਹਾ ਜੋੜ ਕੇ ਬਣਾਏ ਘਰ ਨੂੰ ਵੇਚ ਕੇ ਪੈਸੇ ਤਾਂ ਵੱਟ ਲੈਂਦੇ ਹਾਂ, ਪਰ ਕੀ ਬਾਪ ਦੇ ਬਣਾਏ ਉਸ ਪੁਰਾਣੇ ਘਰ ਦੀਆਂ ਇੱਟਾਂ ਦੇ ਲਿਖੇ ਜੀਆਂ ਦੇ ਨਾਵਾਂ ਦੀ ਯਾਦ ਦਾ ਵੀ ਮੁੱਲ ਵੱਟਿਆ ਜਾ ਸਕਦਾ ਹੈ?

ਪੁਰਾਣੀਆਂ ਯਾਤਰਾਵਾਂ ਨੂੰ ਢਲਦੇ ਵੇਲਿਆਂ ਵਿਚ ਨਵਿਆਇਆ ਤਾਂ ਜਾ ਸਕਦਾ, ਪਰ ਚੜ੍ਹਦੀ ਜਵਾਨੀ ਵੇਲੇ ਉਨ੍ਹਾਂ ਥਾਵਾਂ ਤੇ ਬਿਤਾਏ ਰਾਂਗਲੇ ਅਤੇ ਹੁਸੀਨ ਪਲਾਂ ਦੀ ਯਾਦ ਦਾ ਸਰਮਾਇਆ ਪੈਸਿਆਂ ਨਾਲ ਕਦੇ ਖ਼ਰੀਦਿਆ ਨਹੀਂ ਜਾ ਸਕਦਾ।

ਨਵੀਆਂ ਯਾਰੀਆਂ ਅਤੇ ਦੋਸਤੀਆਂ ਦਾ ਲਾਣਾ ਤਾਂ 'ਕੱਠਾ ਕਰ ਸਕਦੇ ਹੋ, ਪਰ ਬਚਪਨੀ ਯਾਰੀਆਂ ਦਾ ਅਨੂਠਾ ਅਤੇ ਅਕਹਿ ਅਨੰਦ ਕਿਸੇ ਵੀ ਕੀਮਤ ਤੇ ਪਰਤਿਆਇਆ ਨਹੀਂ ਜਾ ਸਕਦਾ। ਕਿਸੇ ਵੀ ਕੀਮਤ ਤੇ ਨਹੀਂ ਮਿਲਦੀਆਂ ਪਾਕੀਜ਼ ਦੋਸਤੀਆਂ, ਸਾਹਾਂ ਵਰਗੀਆਂ ਯਾਰੀਆਂ ਅਤੇ ਮਨ ਦੇ ਕੋਰੇਪਣ ਤੇ ਲਿਖੀਆਂ ਮੁਹੱਬਤੀ ਇਬਾਦਤਾਂ ਦਾ ਸਿਰਨਾਵਾਂ। ਧਨ ਨਹੀਂ ਖ਼ਰੀਦ ਸਕਦਾ ਬੀਤੇ ਹੋਏ ਸੁਹੰਢਣੇ ਪਲਾਂ ਦੀ ਤਵਾਰੀਖ਼।

ਨਵੇਂ ਸਿਰਜੇ ਰਿਸ਼ਤਿਆਂ ਵਿਚੋਂ ਤੁਸੀਂ ਨਿੱਜੀ ਮੁਫ਼ਾਦ ਅਤੇ ਖ਼ੁਦ ਲਈ ਨਵੀਆਂ ਸੰਭਾਵਨਾਵਾਂ ਤਾਂ ਹਾਸਲ ਕਰ ਲਵੋਗੇ, ਪਰ ਖ਼ੂਨ ਦੇ ਰਿਸ਼ਤਿਆਂ ਦੀ ਅਮੁੱਲਤਾ ਆਪਣੇ ਮਨ-ਮਸਤਕ ਵਿਚੋਂ ਕਿਵੇਂ ਮਨਫ਼ੀ ਕਰੋਗੇ?



ਧਨ-ਦੌਲਤ ਨਾਲ ਬੰਦਾ ਹਰੇਕ ਸੁਪਨਈ ਸਹੂਲਤ ਦਾ ਸੱਚ ਤਾਂ ਸਿਰਜ ਰਿਹਾ ਏ, ਪਰ ਨੈਣਾਂ ਵਿਚ ਸੁਪਨਾ ਲੈਣ ਦੀ ਤਾਂਘ ਅਤੇ ਫਿਰ ਇਸ ਦੀ ਪੂਰਨਤਾ ਲਈ ਮਨ ਵਿਚ ਉਠੇ ਆਵੇਸ਼ ਨੂੰ ਕਿਹੜੇ ਭਾਅ ਖ਼ਰੀਦੋਗੇ?

ਵੱਡੇ ਵੱਡੇ ਮਕਾਨਾਂ ਅਤੇ ਮਹਿਲਾਂ ਵਿਚ ਜ਼ਿੰਦਗੀ ਦੇ ਹਰ ਸੁੱਖ-ਸਾਧਨਾਂ ਨੂੰ ਉਪਲਬਧ ਤਾਂ ਕਰਵਾ ਸਕਦੇ ਹੋ, ਪਰ ਮਕਾਨ ਨੂੰ ਘਰ ਬਣਾਉਣ ਲਈ ਘਰਦਿਆਂ ਦਾ ਮੁੱਲ ਪਾਉਣ ਤੋਂ ਹੀ ਉੱਕ ਗਏ। ਯਾਦ ਰਹੇ ਕਿ ਘਰ ਦੀ ਕੀਮਤ ਵੀ ਘਰਦਿਆਂ ਨਾਲ ਹੀ ਹੁੰਦੀ।

ਇੱਟਾਂ-ਪੱਥਰਾਂ ਦੇ ਅਜੋਕੇ ਮਕਾਨਾਂ ਵਿਚ ਅਸੀਂ ਹਰੇਕ ਦਾ ਬੈੱਡ-ਰੂਮ, ਲਿਵਿੰਗ ਰੂਮ, ਡਰਾਇੰਗ ਰੂਮ ਅਤੇ ਗੈਸਟ ਰੂਮ ਤਾਂ ਬਣਾ ਲਿਆ, ਪਰ ਘਰ ਕਿੱਥੇ ਗਿਆ? ਦਲਾਨ, ਕੋਠੜੀ ਤੇ ਸਬਾਤ ਦੀ ਗੁੰਮਸ਼ੁਦਗੀ ਦਾ ਕੀ ਬਣਿਆ?

ਮਨੁੱਖ ਫੇਸ ਬੁੱਕ, ਵੱਟਸਐਪ ਆਦਿ ਸੋਸ਼ਲ ਪਲੇਟਫਾਰਮਾਂ ਤੇ ਵੱਡੀਆਂ ਮਿੱਤਰ-ਮੰਡਲੀਆਂ ਦੇ ਦਾਅਵੇ ਤਾਂ ਕਰਦਾ ਏ, ਪਰ ਜਿਗਰੀ ਯਾਰਾਂ ਨਾਲ ਸੁਖਨ ਦੇ ਮਾਣੇ ਹੋਏ ਪਲਾਂ ਦੀ ਅਮੀਰੀ ਦੀ ਰੀਸ ਇਹ ਫੇਸ ਬੁੱਕੀ ਮਿੱਤਰ ਕਿੰਝ ਕਰਨਗੇ? ਹੁਣ ਵੀ ਯਾਰਾਂ ਨਾਲ ਗੱਲਾਂ ਕਰਦਿਆਂ, ਅਸੀਂ ਬਜ਼ੁਰਗਾਂ ਤੋਂ ਜਵਾਨ ਹੋ ਜਾਂਦੇ ਹਾਂ। ਅਜੇਹੇ ਮਾਣੇ ਅਮੁੱਲ ਪਲ ਸਾਰਾ ਦਿਨ ਸੋਸ਼ਲ ਮੀਡੀਆ ਤੇ ਰਹਿੰਦਿਆਂ ਕਦੋਂ ਮਿਲਦੇ ਨੇ?

ਆਪਣੀ ਕਾਰ ਵਿਚ 'ਕੱਲਿਆਂ ਜਾਣ ਦੀ ਜ਼ਿੱਦ ਵਿਚੋਂ ਆਪਣੀ ਹਉਮੈਂ ਨੂੰ ਹੀ ਪੱਠੇ ਪਾਉਂਦੇ ਹਾਂ, ਸੱਜਣ, ਮਿੱਤਰ-ਪਿਆਰੇ ਜਾਂ ਪਰਿਵਾਰਕ ਮੈਂਬਰ ਨਾਲ ਕੀਤੇ ਯਾਦਗਾਰੀ ਸਫ਼ਰ ਦਾ ਮੁੱਲ ਨਿੱਜਤਾ ਕੀ ਪਾਵੇਗੀ?

ਬਹੁਤ ਹੀ ਖ਼ੂਬਸੂਰਤ ਪੇਂਟਿੰਗ 'ਤੇ ਮਨ ਆ ਜਾਵੇ ਤਾਂ ਅਸੀਂ ਕੋਈ ਵੀ ਮੁੱਲ ਤਾਰ ਕੇ ਖ਼ਰੀਦ ਲੈਂਦੇ ਹਾਂ, ਪਰ ਪੇਂਟਿੰਗ ਨੂੰ ਬਣਾਉਣ ਵਾਲੇ ਕਲਾਕਾਰ ਦੀ ਸੰਵੇਦਨਾ ਅਤੇ ਉਸ ਦੇ ਮਨ ਵਿਚ ਆਏ ਉਤਰਾ-ਚੜ੍ਹਾਵਾਂ ਦਾ ਮੁੱਲ ਟਕਿਆਂ ਨਾਲ ਕਿਵੇਂ ਤਾਰਿਆ ਜਾ ਸਕਦਾ?

ਸੜਕ ਤੇ ਰੇਹੜੀ ਲਾ ਕੇ ਵੇਚਣ ਵਾਲੇ ਕੋਲੋਂ ਕੁਝ ਖ਼ਰੀਦ ਕੇ ਵਸਤ ਦਾ ਮੁੱਲ ਤਾਂ ਤਾਰ ਦਿੱਤਾ, ਪਰ ਇਸ ਵਟਤ ਨਾਲ ਉਸ ਦੇ ਘਰ ਵਿਚ ਤੀਸਰੇ ਦਿਨ ਪੱਕਣ ਵਾਲੀ ਰੋਟੀ ਦੀ ਜਾਗੀ ਆਸ ਨੂੰ ਪੈਸਿਆਂ ਨਾਲ ਕਿੰਜ ਤੋਲੋਗੇ?

ਕੋਰੇ ਵਰਕਿਆਂ 'ਤੇ ਲਿਖੀ ਹੋਈ ਕਿਰਤ ਦਾ ਮੁੱਲ ਤਾਂ ਪਾਠਕ ਤਾਰ ਹੀ ਦਿੰਦਾ। ਕਦੇ ਸੋਚਿਆ ਜੇ ਕਰ ਕਾਗਜ਼ ਹੀ ਨਾ ਹੁੰਦਾ ਤਾਂ ਇਸ ਲਿਖਤ ਨੇ ਕਿਵੇਂ ਉਘੜਨਾ ਸੀ? ਕੋਰੇ ਸਫ਼ੇ ਦਾ ਮੁੱਲ ਤਾਰਨ ਦਾ ਤਾਂ ਸਾਨੂੰ ਚੇਤਾ ਹੀ ਨਹੀਂ ਰਹਿੰਦਾ।

ਕਵਿਤਾ, ਕਹਾਣੀ ਜਾਂ ਕਲਮ-ਕੀਰਤੀ ਨੂੰ ਪੜ੍ਹਦਿਆਂ ਖ਼ੁਦ ਉਸ ਲਿਖਤ ਨਾਲ ਤਾਂ ਆਪਣੇ ਆਪ ਨੂੰ ਜੋੜ ਲੈਂਦੇ ਹਾਂ, ਪਰ ਇਸ ਰਾਹੀਂ ਤੁਹਾਨੂੰ ਮਿਲੇ ਵਿਸਮਾਦ ਅਤੇ ਸੁਨੇਹੇ ਦਾ ਮੁੱਲ ਤਾਰਨਾ ਤਾਂ ਸਾਨੂੰ ਯਾਦ ਹੀ ਨਹੀਂ ਰਹਿੰਦਾ।

ਬਿਮਾਰ ਵਿਅਕਤੀ ਡਾਕਟਰ ਕੋਲ ਜਾ ਕੇ ਆਪਣੀਆਂ ਅਲਾਮਤਾਂ ਤੋਂ ਛੁਟਕਾਰਾ ਪਾਉਣ ਦਾ ਮੁੱਲ ਤਾਂ ਤਾਰ ਦਿੰਦਾ, ਪਰ ਡਾਕਟਰ ਦੇ ਮਨ ਵਿਚ ਪੈਦਾ ਹੋਈ ਹਮਦਰਦੀ ਅਤੇ ਸੇਵਾ ਭਾਵਨਾ ਦੀ ਕੀਮਤ ਨੂੰ ਕਿਹੜੀ ਤੱਕੜੀ ਵਿਚ ਤੋਲੋਗੇ? ਬਜ਼ੁਰਗ ਤਾਂ ਕਿਹਾ ਕਰਦੇ ਸਨ ਕਿ ਡਾਕਟਰ ਰੱਬ ਦਾ ਰੂਪ ਹੁੰਦਾ।

ਮਾਂ, ਬੱਚੇ ਨੂੰ ਨੌਂ ਮਹੀਨੇ ਗਰਭ ਵਿਚ ਪਾਲਦੀ। ਉਸ ਦੇ ਜਨਮ ਤੋਂ ਸੁਰਤ ਸੰਭਾਲਣ ਤੀਕ ਉਸ ਦੀ ਹਰ ਖ਼ਾਹਿਸ਼ ਅਤੇ ਜ਼ਰੂਰਤ ਦੀ ਪੂਰਤੀ ਵਿਚੋਂ ਖ਼ੁਦ ਨੂੰ ਖ਼ੁਸ਼ ਕਰਦਿਆਂ, ਹਮੇਸ਼ਾ ਸ਼ੁਕਰਗੁਜ਼ਾਰੀ ਵਿਚ ਜਿਉਂਦੀ, ਪਰ ਬਜ਼ੁਰਗ ਮਾਂ ਨੂੰ ਦੋ ਡੰਗ ਦੀ ਰੋਟੀ ਦੇਣ ਜਾਂ ਸਿਰ ਦੀ ਛੱਤ ਦੇ ਕੇ ਅਹਿਸਾਸ ਕਰਵਾਉਣ ਵਾਲਿਆਂ ਨੂੰ ਮਾਂ ਦੀ ਦਰਿਆ-ਦਿਲੀ ਅਤੇ ਦੁਆਵਾਂ ਦਾ ਮੁੱਲ ਤਾਰਨ ਦਾ ਚੇਤਾ ਹੀ ਨਾ ਰਿਹਾ।

ਆਪਣੀ ਸਾਰੀ ਜ਼ਿੰਦਗੀ ਬੱਚਿਆਂ ਦੇ ਲੇਖੇ ਲਾਉਣ ਵਾਲੇ ਮਾਪਿਆਂ ਨੂੰ ਬਜ਼ੁਰਗ ਘਰਾਂ ਨੂੰ ਤੋਰ ਕੇ ਉਨ੍ਹਾਂ ਦਾ ਖ਼ਰਚਾ ਤਾਂ ਦੇ ਦਿਓਗੇ, ਪਰ ਮਮਤਾ ਅਤੇ ਬਜ਼ੁਰਗੀ ਅਪਣੱਤ ਦੀ ਅਮੁਲਤਾ ਦਾ ਅਦਬੀ ਮੁੱਲ ਪਾਉਣਾ ਤਾਂ ਭੁੱਲ ਹੀ ਗਿਆ।

ਸੰਗੀਤ ਨਾਲ ਰੂਹ ਨੂੰ ਸਰਸ਼ਾਰ ਕਰਨ ਵਾਲੇ ਕਿਸੇ ਸ਼ੋਅ ਦੀਆਂ ਟਿਕਟਾਂ ਖ਼ਰੀਦ ਕੇ ਮੁੱਲ ਤਾਰਨ ਦਾ ਭਰਮ ਪਾਲਦੇ ਨੇ, ਪਰ ਗਾਇਕ ਜਾਂ ਕਲਾਕਾਰ ਦੀ ਸ਼ਿੱਦਤ, ਸਾਧਨਾ, ਸੰਵੇਦਨਾ ਅਤੇ ਸਮਰਪਿਤਾ ਨੂੰ ਪੈਸੇ ਨਾਲ ਨਹੀਂ ਮਿਣਿਆ ਜਾ ਸਕਦਾ।

ਕਾਮੇ ਦੀ ਦਿਹਾੜੀ ਦਾ ਮੁੱਲ ਤਾਰ ਕੇ ਮਨ ਵਿਚ ਹੰਕਾਰ ਪੈਦਾ ਕਰ ਲੈਂਦੇ ਹਾਂ, ਪਰ ਕੰਮ ਕਰਦੇ ਕਾਮੇ ਦੀ ਪ੍ਰਤੀਬੱਧਤਾ, ਉਸ ਦੇ ਮਨ ਵਿਚ ਪੈਦਾ ਹੋ ਰਹੇ ਉਸਾਰੂ ਖ਼ਿਆਲਾਂ ਅਤੇ ਕੰਮਕਾਰ ਵਿਚਲੀ ਦਿਲਚਸਪੀ ਦਾ ਮੁੱਲ ਕਿਆਸਣ 'ਤੋਂ ਕੋਰੇ ਹੀ ਹੁੰਦੇ ਹਾਂ।

ਕਿਰਾਏ ਦੀ ਕੁੱਖ ਦਾ ਮੁੱਲ ਤਾਰ ਕੇ ਆਪਣੀ ਔਲਾਦ ਤਾਂ ਲੈ ਲਈ, ਦੱਸਣਾ! ਨੌਂ ਮਹੀਨੇ ਤੱਕ ਕੁੱਖ ਵਿਚ ਪਾਲਣ ਵਾਲੀ ਦੀ ਮਮਤਾ ਦਾ ਕੀ ਮੁੱਲ ਪਾਇਆ?

ਘਰ ਵਿਚ ਨੌਕਰ ਰੱਖ ਕੇ ਆਪਣੀ ਔਲਾਦ ਦਾ ਪਾਲਣ-ਪੋਸ਼ਣ ਤਾਂ ਲੋਕ ਕਰ ਲੈਂਦੇ, ਪਰ ਮਾਪਿਆਂ ਨਾਲ ਬੱਚਿਆਂ ਦੇ ਮਾਣੇ ਹੋਏ ਅਨਮੋਲ ਬਚਪਣੇ ਦਾ ਮਾਪਿਆਂ ਲਈ ਕੀ ਮੁੱਲ ਰਹਿ ਗਿਆ?

ਧਨ ਦੇ ਅੰਬਾਰ ਲਗਾ ਕੇ ਬੱਚਿਆਂ ਦੇ ਕਮਰਿਆਂ ਨੂੰ ਸਹੂਲਤਾਂ ਨਾਲ ਤਾਂ ਭਰ ਦਿੱਤਾ, ਪਰ ਬੱਚਿਆਂ ਸੰਗ ਬਿਤਾਉਣ ਤੋਂ ਖੁੰਝ ਚੁੱਕੇ ਸਮੇਂ ਦੀ ਸਿਸਕੀ ਨੂੰ ਕਿਵੇਂ ਵਰਾਓਗੇ?

ਨੌਕਰਾਂ ਦੇ ਆਸਰੇ ਆਪਣੀ ਔਲਾਦ ਨੂੰ ਵੱਡਾ ਕਰਨ ਲਈ ਅਸੀਂ ਖੁੱਲ੍ਹੇ ਪੈਸੇ ਤਾਂ ਖ਼ਰਚ ਦਿੱਤੇ, ਪਰ ਬੱਚੇ ਨੂੰ ਉਂਗਲ ਫੜਾ ਕੇ ਤੁਰਨ ਦੀ ਜਾਚ ਜਾਂ ਉਸ ਦੀ ਉਂਗਲ ਫੜ ਕੇ ਤੁਰਨ ਦੇ ਵਿਸਮਾਦ ਦਾ ਮੁੱਲ ਤਾਂ ਅਕਾਂਖਿਆ ਹੀ ਨਹੀਂ।

ਹੋਟਲ 'ਚ ਬਹਿ ਕੇ ਸਵਾਦਲੇ ਭੋਜਨ ਨਾਲ ਆਪਣੇ ਪੇਟ ਨੂੰ ਭਰਨ ਦਾ ਮੁੱਲ ਤਾਂ ਤਾਰ ਦਿੱਤਾ, ਪਰ ਭੋਜਨ ਵਿਚ ਕੁੱਕ ਵੱਲੋਂ ਭਰੀ ਲਜ਼ੀਜ਼ਤਾ ਦਾ ਮੁੱਲ ਤਾਰਨ ਤੋਂ ਬੰਦਾ ਉੱਕ ਹੀ ਜਾਂਦਾ।

ਬੀਚ ਤੇ ਜਾ ਕੇ ਛੁੱਟੀਆਂ ਮਨਾਉਣ ਦਾ ਮੁੱਲ ਤਾਂ ਸਾਰੇ ਹੱਸ ਕੇ ਤਾਰਦੇ ਹਨ, ਪਰ ਸਮੁੰਦਰੀ ਲਹਿਰਾਂ ਦੇ ਵਿਸਮਾਦੀ ਸੰਗੀਤ ਨੂੰ ਸੁਣਨ ਅਤੇ ਲਹਿਰਾਂ ਦਾ ਪੈਰਾਂ ਨੂੰ ਚੁੰਮਣ ਨਾਲ ਮਿਲੇ ਅਕਹਿ ਅਨੰਦ ਦਾ ਮੁੱਲ ਪਾਉਣ ਦਾ ਸਾਨੂੰ ਚੇਤੇ ਹੀ ਨਹੀਂ ਰਹਿੰਦਾ।

ਹਵਾ ਦੀ ਸਰਸਰਾਹਟ ਨਾਲ ਬੱਧੀ ਹੋਈ ਜੀਵਨ-ਡੋਰ ਦਾ ਤਾਂ ਕਦੇ-ਕਦਾਈਂ ਅਹਿਸਾਸ ਮੰਨ ਹੀ ਲੈਂਦੇ ਹਾਂ, ਪਰ ਅਸੀਂ ਕਦੇ ਵੀ ਹਵਾ ਦੀ ਅਹਿਮੀਅਤ ਨਹੀਂ ਸਮਝੀ ਕਿ ਹਵਾ ਸਾਡੇ ਪੁਰਖਿਆਂ ਦੇ ਦੇਸ਼ 'ਤੋਂ ਸੁਨੇਹੇ ਵੀ ਲਿਆਉਂਦੀ ਅਤੇ ਆਪਣੇ ਵਤਨ ਦੀ ਖ਼ੁਸ਼ਬੂ ਵੀ ਸਾਡੇ ਸਾਹਾਂ ਵਿਚ ਘੋਲਦੀ ਹੈ।

ਕੁਦਰਤ ਦੇ ਕੋਲ ਰਹਿਣ ਲਈ ਅਸੀਂ ਜ਼ਮੀਨ ਦਾ ਟੁਕੜਾ ਤਾਂ ਖ਼ਰੀਦ ਲੈਂਦੇ ਹਾਂ, ਪਰ ਕੁਦਰਤ ਦੀ ਇਕਸੁਰਤਾ ਵਿਚੋਂ ਸਾਹਾਂ ਨੂੰ ਮਿਲੀ ਸੰਜੀਵਨੀ ਅਤੇ ਜਿਊਣ ਦੇ ਵਰਦਾਨ ਦੀ ਕੀਮਤ ਤਾਂ ਲਗਾਉਣੀ ਹੀ ਭੁੱਲ ਜਾਂਦੇ।

ਫੁੱਲਾਂ ਦੇ ਗੁਲਦਸਤੇ ਦੀ ਕੀਮਤ ਤਾਂ ਅਸੀਂ ਹੱਸ ਕੇ ਤਾਰਦੇ, ਪਰ ਸਾਨੂੰ ਭੁੱਲ ਹੀ ਜਾਂਦਾ ਕਿ ਫੁੱਲ ਦੀ ਸੁਗੰਧ ਅਤੇ ਰੰਗਾਂ ਵਿਚੋਂ ਮਿਲੇ ਸੁਖਨ ਦਾ ਮੁੱਲ ਵੀ ਤਾਰਨਾ ਹੁੰਦਾ?

ਚੰਨ-ਚਾਨਣੀ ਵਿਚ ਟਹਿਲਦਿਆਂ ਅਸੀਂ ਆਪਣੀ ਨਿੱਜਤਾ ਨੂੰ ਹੀ ਪ੍ਰਮੁੱਖਤਾ ਦਿੰਦੇ, ਪਰ ਅਸੀਂ ਉਸ ਚਾਨਣੀ ਦੀ ਕੀਮਤ ਨੂੰ ਸਮਝਦੇ ਹੀ ਨਹੀਂ ਜਿਹੜੀ ਚਾਨਣੀ ਸਾਡੇ ਅੰਤਰੀਵ ਵਿਚ ਝਰਦੀ ਜਦ ਅਸੀਂ ਚਾਨਣੀਆਂ ਰਾਤਾਂ ਦੀ ਸੰਗਤ ਮਾਣਦੇ।

ਆਪਣੇ ਪਿਆਰੇ ਨਾਲ ਬੈਠ ਕੇ ਚਾਹ ਪੀਣ ਲਈ ਚਾਹ ਦੇ ਕੱਪ ਦਾ ਮੁੱਲ ਤਾਂ ਦੇਣ ਲਈ ਕਾਹਲੇ ਰਹਿੰਦੇ, ਪਰ ਕਦੇ ਚਾਹ ਪੀਣ ਦੇ ਬਹਾਨੇ ਸੱਜਣ ਨਾਲ ਕੀਤੀਆਂ ਰੂਹਦਾਰੀ ਦੀਆਂ ਗੱਲਾਂ ਅਤੇ ਇਕ ਦੂਜੇ ਵਿਚ ਪਿਘਲ ਜਾਣ ਦੇ ਅਹਿਸਾਸ ਦੀ ਕੀਮਤ ਦਾ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਹੀ ਨਹੀਂ ਕਰਦੇ।

ਪਹਾੜਾਂ ਦੀ ਸੈਰ ਕਰਨ ਲਈ ਅਸੀਂ ਬਿਲਕੁਲ ਕੰਜੂਸ ਨਹੀਂ, ਪਰ ਕਦੇ ਉਸ ਭਾਵਨਾ ਦਾ ਮੁੱਲ ਵੀ ਪਾਉਣਾ ਜਿਹੜੀ ਪਰਬਤ ਦੀ ਉਚਾਈ ਵੱਲ ਦੇ ਕੇ ਉੱਚੀਆਂ ਮੰਜ਼ਲਾਂ ਨੂੰ ਸਰ ਕਰਨ ਦੀ ਸੋਚ ਮਨ ਵਿਚ ਪੈਦਾ ਹੁੰਦੀ ਹੈ।

ਝੀਲ ਦੀ ਕੀਮਤ ਸਿਰਫ਼ ਇਸ ਦੇ ਪਾਣੀ ਦੀ ਹੀ ਨਹੀਂ ਹੁੰਦੀ, ਸਗੋਂ ਪਾਣੀ ਵਿਚ ਆਪਣਾ ਅਕਸ ਨਿਹਾਰਦਿਆਂ ਖ਼ੁਦ ਨੂੰ ਮਿਲਣ ਦੀ ਹੁੰਦੀ। ਕਦੇ ਝੀਲ ਦੇ ਕੰਢੇ ਤੁਰਦਿਆਂ ਆਪਣੇ ਪਰਛਾਵੇਂ ਨਾਲ ਕੀਤੀ ਗੁਫ਼ਤਗੂ ਨੂੰ ਯਾਦ ਕਰਨਾ, ਤੁਹਾਨੂੰ ਝੀਲ ਦੀ ਪਰਿਕਰਮਾ ਦੀ ਅਸਲੀ ਕੀਮਤ ਦਾ ਅੰਦਾਜ਼ਾ ਹੋ ਜਾਵੇਗਾ।

ਆਪਣੇ ਵਿਅਕਤੀਤਵ ਨੂੰ ਨਿਖਾਰਨ ਲਈ ਹਰ ਉੱਦਮ ਕਰਦਿਆਂ ਬਹੁਤ ਉਚੇਚ ਕਰਦੇ ਹਾਂ, ਪਰ ਇਹ ਅਹਿਸਾਸ ਹੀ ਨਹੀਂ ਹੁੰਦਾ ਕਿ ਸੁੱਚੀ ਵਿਅਕਤੀਤਵ ਇਕ ਅਜੇਹਾ ਪ੍ਰਭਾਵ ਹੁੰਦਾ ਜਿਸ ਦੀ ਕੋਈ ਕੀਮਤ ਨਹੀਂ ਤਾਰੀ ਜਾ ਸਕਦੀ।

ਅਕਸਰ ਹੀ ਕਿਸੇ ਦੀ ਪ੍ਰਾਪਤੀ ਨੂੰ ਆਪਣੇ ਕਿਆਸਿਆਂ ਨਾਲ ਹੀ ਚਿਤਾਰਦੇ, ਪਰ ਕੋਈ ਵੀ ਇਸ ਦਾ ਅੰਦਾਜ਼ਾ ਲਾਉਣ ਦੀ ਜ਼ਹਿਮਤ ਨਹੀਂ ਕਰਦਾ ਕਿ ਕਿਸੇ ਦੀ ਪ੍ਰਾਪਤੀ ਪਿੱਛੇ ਕਿੰਨੀ ਮਿਹਨਤ, ਧਨ, ਸਮਾਂ ਅਤੇ ਸਿਰੜ ਲੱਗਦਾ ਜਿਸ ਦੀ ਕੀਮਤ ਕੌਣ ਲਾਵੇਗਾ।

ਅਸੀਂ ਕਿਤਾਬ ਨੂੰ ਪੜ੍ਹਨ ਲਈ ਮੁੱਲ ਤਾਂ ਖ਼ਰੀਦ ਲੈਂਦੇ, ਪਰ ਕਦੇ ਕਲਮਕਾਰ ਦੀ ਭਾਵਨਾ ਦਾ ਵੀ ਮੁੱਲ ਤਾਰਿਆ ਕਿ ਉਸ ਨੇ ਕਿਸ ਆਵੇਗ ਅਤੇ ਅਦਲੀ ਰੰਗ ਨਾਲ ਅੱਖਰ ਕਾਰੀ ਵਿਚੋਂ ਨਵੀਂ ਸ਼ਬਦ ਕਾਰੀ ਨੂੰ ਜਨਮ ਦਿੱਤਾ।

ਅਸੀਂ ਤੋਹਫ਼ਾ ਲੈਣ ਲੱਗਿਆਂ ਸਿਰਫ਼ ਤੋਹਫ਼ੇ ਦੀ ਕੀਮਤ ਵੱਲ ਹੀ ਧਿਆਨ ਕੇਂਦਰਿਤ ਕਰਦੇ, ਕਦੇ ਤੋਹਫ਼ਾ ਦੇਣ ਵਾਲੇ ਦੀਆਂ ਅੱਖਾਂ ਵਿਚ ਝਾਕ ਕੇ, ਤੋਹਫ਼ਾ ਦੇਣ ਵਾਲੇ ਦੇ ਅਹਿਸਾਸਾਂ ਦੀ ਅਮੁੱਲਤਾ ਨੂੰ ਵੀ ਸਮਝਣ ਦੀ ਕੋਸ਼ਿਸ਼ ਕੀਤੀ ਆ?

ਅਸੀਂ ਕੁਝ ਲਿਖਣ ਲਈ ਪੈਨ, ਸਿਆਹੀ ਅਤੇ ਕਾਗਜ਼ ਦਾ ਮੁੱਲ ਤਾਰਦੇ, ਪਰ =ਅਸੀਂ ਉਨ੍ਹਾਂ ਸ਼ਬਦਾਂ ਦਾ ਮੁੱਲ ਵੀ ਕਿਆਸਿਆ ਜਿਹੜੇ ਕਲਮ ਅਤੇ ਸਿਆਹੀ ਨਾਲ ਕਾਗਜ਼ ਦੀ ਕੋਰੀ ਹਿੱਕੇ ਚੰਨ-ਤਾਰਿਆਂ ਵਾਂਗ ਚਮਕਦੇ ਨੇ?

ਮਿੱਤਰ ਪਿਆਰੇ ਨੂੰ ਮਿਲਣ ਲਈ ਅਸੀਂ ਕੀਮਤੀ ਸਮੇਂ ਦਾ ਅਹਿਸਾਸ ਤਾਂ ਕਰਵਾ ਦਿੰਦੇ, ਪਰ ਕਦੇ ਇਹ ਵੀ ਸੋਚਿਆ ਜੇ ਕਿ ਤੁਸੀਂ ਜਿਸ ਨੂੰ ਮਿਲਣ ਗਏ ਹੋ, ਤੁਹਾਡੀ ਮਿਲਣ ਦੀ ਤਾਂਘ ਵਿਚ ਉਸ ਦੀਆਂ ਭਾਵਨਾਵਾਂ ਤੇ ਕਿੰਨੀ ਕੀਮਤੀ ਰੰਗ ਚੜ੍ਹਿਆ ਸੀ?

ਹਰ ਦੇਖਣ ਵਾਲੀ ਅੱਖ ਪਹਿਨੇ ਲਿਬਾਸ ਦੀ ਕੀਮਤ ਤਾਂ ਲਾਉਣ ਲੱਗ ਪੈਂਦੀ, ਪਰ ਕਦੇ ਸਰੀਰ ਵਿਚ ਵੱਸਦੀ ਮਨੁੱਖੀ ਬਿਰਤੀ ਦੀ ਕੀਮਤ ਦਾ ਅੰਦਾਜ਼ਾ ਲਾਉਣ ਦੀ ਵੀ ਕੋਸ਼ਿਸ਼ ਕੀਤੀ ਆ?

ਮਨੁੱਖੀ ਬਿਰਤੀ ਵੀ ਕੇਹੀ ਕਿ ਉਹ ਮਨੁੱਖ ਨੂੰ ਬਜ਼ਾਰੀ ਵਸਤ ਸਮਝ ਕੇ ਮੁੱਲ ਪਾਉਂਦੀ, ਪਰ ਸੋਚ ਕੇ ਦੱਸਣਾ ਕਿ ਕਿਸੇ ਦੇ ਅਹਿਸਾਸਾਂ, ਮਨੋ-ਭਾਵਨਾਵਾਂ, ਸੰਵੇਦਨਾ, ਮਨ ਦੀ ਤਰੰਗਾਂ ਅਤੇ ਦਿਲ ਦੀਆਂ ਰਮਜ਼ਾਂ ਦਾ ਵੀ ਕਿਸੇ ਮੁੱਲ ਪਾਇਆ?

## ਗੁਲਫ਼ਿਸ਼ਾਂ ਫ਼ਾਤਿਮਾ ਦੀ ਕੈਦ ਦੇ 5 ਸਾਲ

(ਪਿਛਲੇ ਸਫੇ ਦਾ ਬਾਕੀ)

ਸੱਤਾ ਦੇ ਖ਼ੌਫ਼ ਅਤੇ ਵਿਚਾਰਧਾਰਕ-ਰਾਜਨੀਤਕ ਰਸੂਖ਼ ਨਾਲ ਇਸ ਕਦਰ ਕਾਬੂ ਕਰ ਲਿਆ ਹੈ ਕਿ ਕਿਸੇ ਵਿਰਲੀ-ਟਾਵੀਂ ਮਿਸਾਲ ਨੂੰ ਛੱਡ ਕੇ ਜ਼ਿਆਦਾਤਰ ਜੱਜਾਂ ਵਿਚ ਇਹ ਜੁਰਅਤ ਹੀ ਨਹੀਂ ਹੈ ਕਿ ਉਹ ਸੱਤਾ ਦੇ ਇਸ਼ਾਰੇ 'ਤੇ ਬਣਾਏ ਪੂਰੀ ਤਰ੍ਹਾਂ ਝੂਠੇ ਕੇਸਾਂ ਵਿਚ ਸਰਕਾਰੀ ਜਾਂਚ ਏਜੰਸੀਆਂ ਅਤੇ ਸੱਤਾ ਪੱਖ ਦੀਆਂ ਬੇਤੁਕੀਆਂ ਦਲੀਲਾਂ/ਕਹਾਣੀਆਂ ਨੂੰ ਰੱਦ ਕਰ ਸਕਣ। ਭੀਮਾ-ਕੋਰੇਗਾਓਂ ਅਤੇ ਦਿੱਲੀ ਸਾਜ਼ਿਸ਼ ਕੇਸ ਇਸ ਦੀਆਂ ਮੁੱਖ ਮਿਸਾਲਾਂ ਹਨ।

ਇਹ ਸਧਾਰਨ ਮੁਸਲਮਾਨ ਪਰਿਵਾਰ ਬਹੁਤ ਹੀ ਮੁਸ਼ਕਿਲ ਹਾਲਾਤ ਨਾਲ ਜੂਝ ਰਹੇ ਹਨ। ਹਿੰਦੂਤਵੀ ਪ੍ਰੋਜੈਕਟ ਕਾਰਨ ਮੁਸਲਮਾਨ ਆਵਾਮ ਤਾਂ ਪਹਿਲਾਂ ਹੀ ਆਪਣੇ ਹੀ ਮੁਲਕ ਵਿਚ ਬੇਗਾਨੇ ਬਣਾ ਦਿੱਤੇ ਜਾਣ ਦਾ ਸੰਤਾਪ ਝੱਲ ਰਹੇ ਹਨ। ਪੂਰੇ ਘੱਟਗਿਣਤੀ ਭਾਈਚਾਰੇ ਨੂੰ ਧੱਕ ਕੇ ਕੰਧ ਨਾਲ ਲਾ ਦਿੱਤਾ ਗਿਆ ਹੈ। ਹਿੰਸਕ ਹਮਲਿਆਂ ਕਾਰਨ ਉਨ੍ਹਾਂ ਦੇ ਕਾਰੋਬਾਰ ਤਬਾਹ ਹੋ ਗਏ ਹਨ ਜਾਂ ਅਜਿਹੇ ਕੇਸਾਂ ਕਾਰਨ ਠੱਪ ਹੋ ਗਏ ਹਨ। ਜੇਲ੍ਹਾਂ ਵਿਚ ਡੱਕੇ ਆਪਣੇ ਪਿਆਰੇ ਜੀਆਂ ਦੀ ਕਾਨੂੰਨੀ ਪੈਰਵੀ ਦਾ ਆਰਥਕ ਬੋਝ ਵੱਖਰਾ ਝੱਲਣਾ ਪੈਂਦਾ ਹੈ। ਇਹ ਲੜਾਈ ਬੇਹੱਦ ਔਖੀ ਹੈ। ਇਨ੍ਹਾਂ ਤਮਾਮ ਮੁਸੀਬਤਾਂ ਦੇ ਬਾਵਜੂਦ ਇਨ੍ਹਾਂ ਪਰਿਵਾਰਾਂ ਨੂੰ ਮਾਣ ਹੈ ਕਿ ਉਨ੍ਹਾਂ ਦੇ ਜਾਗਰੂਕ ਬੱਚਿਆਂ ਨੇ ਕੁਝ ਵੀ ਗ਼ਲਤ ਨਹੀਂ ਕੀਤਾ, ਉਨ੍ਹਾਂ ਨੇ ਤਾਂ ਆਪਣੇ ਵਤਨ ਲਈ ਪ੍ਰੇਮ ਵਿਚੋਂ ਅਨਿਆਂ ਵਿਰੁੱਧ ਆਵਾਜ਼ ਉਠਾਉਣ ਦਾ ਆਪਣਾ ਫਰਜ਼ ਨਿਭਾਇਆ ਹੈ। ਗੁਲਫ਼ਿਸ਼ਾਂ ਦੇ ਅੰਮੀ-ਅੱਬਾ ਕਹਿੰਦੇ ਹਨ ਕਿ 'ਕੀ ਸਾਡਾ ਇਹ ਫਰਜ਼ ਨਹੀਂ ਬਣਦਾ ਕਿ ਅਸੀਂ ਗ਼ਲਤ ਕੰਮਾਂ ਦੇ ਖ਼ਿਲਾਫ਼ ਖੜ੍ਹੇ ਹੋਈਏ? ਉਹ ਇਕ ਬਹਾਦਰ ਕੁੜੀ ਹੈ। ਸਾਨੂੰ ਉਸ 'ਤੇ ਫ਼ਖ਼ਰ ਹੈ।'

ਉਸਦੀ ਨਹੱਕੀ ਕੈਦ ਦੇ ਪੰਜ ਸਾਲ ਪੂਰੇ ਹੋਣ ਦੇ ਮੌਕੇ ਉਸਦੀ ਰਿਹਾਈ ਲਈ ਦੇਸ਼-ਬਦੇਸ਼ 'ਚੋਂ ਜ਼ੋਰਦਾਰ ਆਵਾਜ਼ ਉੱਠੀ ਹੈ। ਬਹੁਤ ਸਾਰੇ ਕਲਾਕਾਰਾਂ, ਲੇਖਕਾਂ, ਪੱਤਰਕਾਰਾਂ ਅਤੇ ਅਕਾਦਮਿਕਾਂ ਨੇ ਗੁਲਫ਼ਿਸ਼ਾਂ ਦੀ ਦਾਸਤਾਂ ਦੁਨੀਆ ਨੂੰ ਦੱਸਣ ਲਈ ਸੋਸ਼ਲ ਮੀਡੀਆ ਉੱਪਰ ਵਿਸ਼ੇਸ਼ ਮੁਹਿੰਮ ਚਲਾਈ ਹੈ। ਕਈਆਂ ਨੇ ਜੇਲ੍ਹ 'ਚ ਲਿਖੀਆਂ ਉਸਦੀਆਂ ਕਵਿਤਾਵਾਂ ਪੜ੍ਹ ਕੇ ਉਸ ਨਾਲ ਇਕਮੁੱਠਤਾ ਪ੍ਰਗਟਾਈ ਹੈ। ਨਸੀਰੁਦੀਨ ਸ਼ਾਹ, ਰਤਨਾ ਪਾਠਕ ਸ਼ਾਹ ਅਤੇ ਸਵਾਰਾ ਭਾਸਕਰ ਵਰਗੇ ਫਿਲਮੀ ਸਿਤਾਰੇ ਵੀ ਇਸ ਮੁਹਿੰਮ ਦਾ ਹਿੱਸਾ ਬਣੇ ਹਨ। ਨਸੀਰੁਦੀਨ ਕਹਿੰਦੇ ਹਨ, 'ਬਲਾਤਕਾਰੀਆਂ ਅਤੇ ਕਾਤਲਾਂ ਨੂੰ ਤਾਂ ਜ਼ਮਾਨਤਾਂ ਮਿਲ ਜਾਂਦੀਆਂ ਹਨ, ਗੁਲਫ਼ਿਸ਼ਾਂ ਅਤੇ ਉਮਰ ਖ਼ਾਲਿਦ ਵਰਗੇ ਕਾਰਕੁਨਾਂ ਨੂੰ ਜ਼ਮਾਨਤਾਂ ਦੇਣ ਤੋਂ ਲਗਾਤਾਰ ਇਨਕਾਰ ਕੀਤਾ ਜਾ ਰਿਹਾ ਹੈ।' ਗੁਲਫ਼ਿਸ਼ਾਂ ਦੀ ਕਵਿਤਾ ਪੜ੍ਹਦਿਆਂ ਸਵਾਰਾ ਭਾਸਕਰ ਨੇ ਕਿਹਾ, '2020 ਤੋਂ ਲੈ ਕੇ ਬਹੁਤ ਸਾਰੇ ਵਿਦਿਆਰਥੀ, ਕਾਰਕੁਨ ਅਤੇ ਬੁੱਧੀਮਾਨ ਲੋਕ ਸੀ.ਏ.ਏ.-ਐੱਨ.ਆਰ.ਸੀ. ਖ਼ਿਲਾਫ਼ ਸ਼ਾਂਤਮਈ ਵਿਰੋਧ-ਪ੍ਰਦਰਸ਼ਨ ਕਰਨ ਕਰਕੇ ਜੇਲ੍ਹਾਂ ਵਿਚ ਬੰਦ ਹਨ। ਬਹੁਤ ਸਾਰਿਆਂ ਨੂੰ ਸਿਰਫ਼ ਆਪਣੇ ਜਮਹੂਰੀ ਹੱਕ ਇਸਤੇਮਾਲ ਕਰਨ ਲਈ ਦਹਿਸ਼ਤੀ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗੁਲਫ਼ਿਸ਼ਾਂ ਉਨ੍ਹਾਂ ਵਿਚੋਂ ਇਕ ਹੈ। ਬਤੌਰ ਨਾਗਰਿਕ ਅਤੇ ਦੇਸ਼ਪ੍ਰੇਮੀ, ਸਾਨੂੰ ਇਸ ਅਨਿਆਂ ਵਿਰੁੱਧ ਆਪਣੀ ਆਵਾਜ਼ ਜ਼ਰੂਰ ਉਠਾਉਣੀ ਚਾਹੀਦੀ ਹੈ।'

# ਭਾਸ਼ਾ ਦਾ ਸਬੰਧ ਧਰਮ ਨਾਲ ਨਹੀਂ, ਸਭਿਆਚਾਰ ਨਾਲ ਹੈ: ਸੁਪਰੀਮ ਕੋਰਟ

ਦੇਸ਼ ਦੀ ਸਰਬਉੱਚ ਅਦਾਲਤ ਨੇ ਭਾਸ਼ਾ ਨੂੰ ਬੜੇ ਹੀ ਸਪਸ਼ਟ ਸ਼ਬਦਾਂ ਵਿਚ ਪ੍ਰਭਾਸ਼ਿਤ ਕੀਤਾ ਹੈ। 15 ਅਪ੍ਰੈਲ ਨੂੰ ਇਕ ਕੇਸ ਦੇ ਫੈਸਲੇ ਵਿਚ ਸੁਪਰੀਮ ਕੋਰਟ ਨੇ ਸਾਫ ਕਿਹੈ ਕਿ 'ਭਾਸ਼ਾ ਦਾ ਸਬੰਧ ਧਰਮ ਨਾਲ ਨਹੀਂ...ਸਭਿਆਚਾਰ ਨਾਲ ਹੈ'। ਨਾਲ ਹੀ ਸਿਖਰਲੀ ਅਦਾਲਤ ਨੇ ਉਰਦੂ ਨੂੰ ਕੋਈ ਪਰਾਈ ਜ਼ੁਬਾਨ ਨਹੀਂ ਸਗੋਂ ਦੇਸ਼ ਦੀਆਂ ਹੋਰ ਭਾਸ਼ਾਂਵਾਂ ਵਾਂਗ 'ਇੰਡੋ-ਆਰੀਅਨ' ਭਾਸ਼ਾਵਾਂ ਦਾ ਹਿਸਾ ਦਸਿਐ।

ਇਹ ਫੈਸਲਾ ਜਸਟਿਸ ਸੁਧਾਂਸ਼ੂ ਧੂਲੀਆ ਅਤੇ ਜਸਟਿਸ ਕੇ.ਵਿਨੋਦ ਚੰਦਰਨ 'ਤੇ ਅਧਾਰਤ ਬੈਂਚ ਨੇ ਸੁਣਾਇਆ। ਜਸਟਿਸ ਧੂਲੀਆ ਦੀ ਅਗਵਾਈ ਵਾਲਾ ਇਹ ਬੈਂਚ ਮਹਾਰਾਸ਼ਟਰਾ ਦੇ ਅਕੋਲਾ ਜ਼ਿਲੇ ਦੇ ਪਾਤੂਰ ਇਲਾਕੇ ਦੀ ਮਿਊਂਸਪਲ ਕੌਂਸਲ ਦੀ ਇਮਾਰਤ ਉਪਰ ਲਗੇ ਇਕ ਸਾਈਨ ਬੋਰਡ ਤੇ ਮਰਾਠੀ ਨਾਲ



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਉਰਦੂ ਭਾਸ਼ਾ ਦੀ ਵਰਤੋਂ ਕੀਤੇ ਜਾਣ ਨੂੰ ਇਕ ਸਾਬਕਾ ਕੌਂਸਲਰ ਵਰਸ਼ਾਤਾਈ ਸੰਜੇ ਬਾਗੜੇ ਵਲੋਂ ਦਿਤੀ ਚੁਣੌਤੀ ਸਬੰਧੀ ਪਟੀਸ਼ਨ ਉਪਰ ਸੁਣਵਾਈ ਕਰ ਰਿਹਾ ਸੀ। ਇਸ ਪਟੀਸ਼ਨ ਨੂੰ ਪਹਿਲਾਂ ਬੰਬੇ ਹਾਈ ਕੋਰਟ ਖਾਰਿਜ ਕਰ ਚੁਕੀ ਹੈ ਪਰ ਮਹਿਲਾ ਪਟੀਸ਼ਨਕਰਤਾ ਨੇ ਇਸ ਨੂੰ ਸੁਪਰੀਮ ਕੋਰਟ ਵਿਚ ਚੈਲੇਂਜ ਕਰ ਦਿਤਾ, ਜਿਸ ਨੇ ਹਾਈ ਕੋਰਟ ਦੇ ਫੈਸਲੇ ਨੂੰ ਉਲੱਦਣੋ ਇਨਕਾਰ ਕਰਦਿਆਂ ਪਟੀਸ਼ਨ ਰੱਦ ਕਰ ਦਿਤੀ।

ਬੈਂਚ ਨੇ ਭਾਸ਼ਾ ਬਾਰੇ ਬੜੀ ਮਹੱਤਵਪੂਰਨ ਟਿੱਪਣੀ ਕਰਦਿਆਂ ਕਿਹਾ, 'ਭਾਸ਼ਾ ਧਰਮ ਨਹੀਂ। ਭਾਸ਼ਾ ਧਰਮ ਦੀ ਨੁਮਾਇੰਦਗੀ ਵੀ ਨਹੀਂ ਕਰਦੀ। ਭਾਸ਼ਾ ਸਮੁਦਾਇ, ਖਿਤੇ, ਲੋਕਾਂ ਨਾਲ ਸਬੰਧਤ ਹੁੰਦੀ ਹੈ, ਨਾ ਕਿ ਧਰਮ ਨਾਲ। ਭਾਸ਼ਾ ਸਭਿਆਚਾਰ ਹੈ। ਇਹ ਇਕ ਸਮੁਦਾਇ ਅਤੇ ਇਸ ਦੇ ਲੋਕਾਂ ਦੀ ਸਭਿਅਤਾ ਨਾਲ ਸਬੰਧਤ ਸਫਰ ਨੂੰ ਮਾਪਣ ਦਾ ਇਕ ਪੈਮਾਨਾ ਹੈ। ਉਰਦੂ ਬਾਰੇ ਵੀ ਇਹ ਗੱਲ ਲਾਗੂ ਹੁੰਦੀ ਹੈ, ਜੋ ਕਿ 'ਗੰਗਾ-ਜਮੁਨੀ ਤਹਿਜ਼ੀਬ' ਜਾਂ 'ਹਿੰਦੁਸਤਾਨੀ ਤਹਿਜ਼ੀਬ' ਦਾ ਸਭ ਤੋਂ ਵਧੀਆ ਨਮੂਨਾ ਹੈ, ਜੋ ਉੱਤਰੀ ਅਤੇ ਕੇਂਦਰੀ ਭਾਰਤ ਦੇ ਮੈਦਾਨਾਂ ਦੀ ਸੰਯੁਕਤ ਸਭਿਆਚਾਰਕ ਸੁਭਾਵਕ ਵਿਸ਼ੇਸ਼ਤਾ ਹੈ। ਭਾਸ਼ਾ ਦਾ ਮੁਢਲਾ ਅਤੇ ਪਹਿਲਾ ਮੰਤਵ ਵਿਚਾਰਾਂ ਦਾ ਅਦਾਨ-ਪ੍ਰਦਾਨ ਹੈ, ਇਹ ਸਿਖਣ ਦਾ 'ਟੂਲ' (ਸੰਦ/ਸਾਧਨ) ਬਾਅਦ 'ਚ ਬਣੀ'।

ਇਸ ਪੱਖਪਾਤੀ ਧਾਰਨਾ ਦਾ ਹਵਾਲਾ ਦਿੰਦਿਆਂ ਕਿ ਉਰਦੂ ਬਦੇਸ਼ੀ ਭਾਸ਼ਾ ਹੈ, ਬੈਂਚ ਨੇ ਕਿਹਾ, 'ਉਰਦੂ ਵਿਰੁਧ ਇਹ ਪੱਖਪਾਤੀ ਧਾਰਨਾ ਇਸ ਕਰਕੇ ਹੈ ਕਿ ਉਰਦੂ ਬੇਗਾਨੀ ਬੋਲੀ ਹੈ। ਇਹ ਵਿਚਾਰ ਗਲਤ ਹੈ ਕਿਉਂਕਿ ਉਰਦੂ ਵੀ ਮਰਾਠੀ ਅਤੇ ਹਿੰਦੀ ਵਾਂਗ ਇਕ ਇੰਡੋ-ਆਰੀਅਨ ਭਾਸ਼ਾ ਹੈ। ਇਹ ਭਾਸ਼ਾ ਇਸੇ ਧਰਤੀ ਉਪਰ ਜਨਮੀ ਹੈ।...ਅੱਜ ਵੀ ਆਮ ਲੋਕਾਂ ਦੁਆਰਾ ਬੋਲੀ ਜਾਂਦੀ ਭਾਸ਼ਾ ਉਰਦੂ ਸ਼ਬਦਾਂ ਨਾਲ ਭਰਪੂਰ ਹੁੰਦੀ ਹੈ, ਭਾਵੇਂ ਕਿ ਨੂੰ ਇਸ ਬਾਰੇ ਨਾ ਪਤਾ ਹੋਵੇ।...ਹੋਰ ਤਾਂ ਹੋਰ, ਸ਼ਬਦ 'ਹਿੰਦੀ' ਵੀ ਪਰਸ਼ੀਅਨ ਦੇ 'ਹਿੰਦਵੀ' 'ਚੋਂ ਆਇਐ। ਸ਼ਬਦਾਵਲੀ ਦੇ ਇਸ ਆਦਾਨ-ਪ੍ਰਦਾਨ ਦਾ ਵਹਾ ਦੋਵੇਂ ਬੰਨੇ ਹੁੰਦੈ ਅਤੇ ਉਰਦੂ ਨੇ ਵੀ ਸੰਸਕ੍ਰਿਤ ਸਮੇਤ ਦੂਸਰੀਆਂ ਭਾਰਤੀ ਭਾਸ਼ਾਵਾਂ 'ਤੋਂ ਸ਼ਬਦ ਉਧਾਰੇ ਲਏ ਹਨ।'

ਹਿੰਦੀ ਅਤੇ ਮਰਾਠੀ ਵਾਂਗ ਉਰਦੂ ਵੀ ਸੰਵਿਧਾਨ ਦੀ 8ਵੀਂ ਸੂਚੀ ਵਿਚ ਦਰਜ 22 ਭਾਸ਼ਾਵਾਂ ਵਿਚ ਸ਼ਾਮਿਲ ਹੈ। ਇਹ ਕਈ ਪ੍ਰਾਂਤਾਂ ਵਿਚ ਹੋਰਨਾਂ ਭਾਸ਼ਾਵਾਂ ਨਾਲ ਵਰਤੀ ਜਾਣ ਵਾਲੀ ਇਕ ਭਾਸ਼ਾ ਵਜੋਂ ਵੀ ਸ਼ਾਮਿਲ ਹੈ।

ਕੋਰਟ ਨੇ ਕਾਨੂੰਨੀ ਭਾਸ਼ਾ (ਪਾਰਲੈਂਸ) ਵਿਚ ਵੀ ਉਰਦੂ ਦੀ ਵਰਤੋਂ ਦਾ ਹਵਾਲਾ ਦਿਤਾ। ਬੈਂਚ ਨੇ ਕਿਹਾ, 'ਉਰਦੂ ਸ਼ਬਦਾਂ ਦਾ ਕਾਨੂੰਨੀ 'ਪਾਰਲੈਂਸ' ਵਿਚ ਭਾਰੀ ਪ੍ਰਭਾਵ ਹੈ, ਫੌਜਦਾਰੀ 'ਚ ਵੀ ਅਤੇ ਸਿਵਿਲ ਮਾਮਲਿਆਂ 'ਚ ਵੀ। 'ਅਦਾਲਤ' ਤੇ 'ਹਲਫਨਾਮਾ' ਤੋਂ ਲੈ ਕੇ 'ਪੇਸ਼ੀ' ਸ਼ਬਦਾਂ ਤਕ ਭਾਰਤੀ ਅਦਾਲਤਾਂ ਅੰਦਰ ਉਰਦੂ ਦਾ ਪ੍ਰਭਾਵ ਕੰਧ ਉੱਪਰ ਲਿਖੇ ਵਾਂਗ ਸਾਫ ਦਿਸਦੈ। ਬੇਸ਼ਕ ਸੰਵਿਧਾਨ ਦੇ ਆਰਟੀਕਲ 348 ਤਹਿਤ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਦੀ ਆਫੀਸ਼ੀਅਲ ਭਾਸ਼ਾ ਅੰਗਰੇਜ਼ੀ ਹੈ, ਪਰ ਅੱਜ ਤਕ ਉਰਦੂ ਸ਼ਬਦ ਇਨ੍ਹਾਂ ਕੋਰਟਾਂ ਵਿਚ ਵਰਤੇ ਜਾ ਰਹੇ ਹਨ। ਇਨ੍ਹਾਂ ਵਿਚ 'ਵਕਾਲਤਨਾਮਾ', 'ਦਸਤੀ' ਆਦਿ ਸ਼ਬਦ ਸ਼ਾਮਿਲ ਹਨ।'

ਅਨੇਕਤਾ ਵਿਚ ਏਕਤਾ ਦੇ ਸਿਧਾਂਤ ਨੂੰ ਦ੍ਰਿੜ ਕਰਵਾਉਂਦਿਆਂ ਬੈਂਚ ਨੇ ਕਿਹਾ, 'ਭਾਸ਼ਾ ਨੂੰ ਲੋਕਾਂ ਦਰਮਿਆਨ ਵੰਡੀਆਂ ਪਾਉਣ ਲਈ ਨਹੀਂ ਵਰਤਣਾ ਚਾਹੀਦਾ।...ਸਾਡੇ ਰਾਸ਼ਟਰ ਦੀ ਵਾਸਤਵਿਕਤਾ ਇਸ ਦੀ ਮਹਾਨ ਵਿਭਿੰਨਤਾ 'ਚ ਹੈ: ਸਾਡੀ ਤਾਕਤ ਕਦੀ ਵੀ ਸਾਡੀ ਕਮਜ਼ੋਰੀ ਨਹੀਂ ਬਣ ਸਕਦੀ। ਆਓ ਉਰਦੂ ਸਣੇ ਹਰ ਭਾਸ਼ਾ ਨਾਲ ਮਿੱਤਰਤਾ ਬਣਾਈਏ।'


ਬੈਂਚ ਨੇ ਉਰਦੂ ਭਾਸ਼ਾ ਦੇ ਹੱਕ ਵਿਚ ਫੈਸਲਾ ਸੁਣਾਉਂਦਿਆਂ ਇਸ ਦੀ ਮੌਜੂਦਾ ਹਾਲਤ ਦਰਸਾਉਂਦੀ ਇਕ ਬਾ-ਕਮਾਲ ਨਜ਼ਮ ਕੋਟ ਕੀਤੀ-

'ਉਰਦੂ ਹੈ ਮੇਰਾ ਨਾਮ, ਮੈਂ ਖੁਸਰੋ ਕੀ ਪਹੇਲੀ
ਮੈਂ 'ਮੀਰ' ਕੀ ਹਮਰਾਜ਼ ਹੂੰ 'ਗਾਲਿਬ' ਕੀ ਸਹੇਲੀ।
ਕਿਉਂ ਮੁਝ ਕੋ ਬਨਾਤੇ ਹੋ ਤੁਅੱਸੁਬ ਕਾ ਨਿਸ਼ਾਨਾ
ਮੈਂਨੇ ਕਭੀ ਖੁਦ ਕੋ ਮੁਸਲਮਾਨ ਨਹੀਂ ਮਾਨਾ
ਦੇਖਾ ਥਾ ਕਭੀ ਮੈਂ ਨੇ ਭੀ ਖੁਸ਼ੀਓਂ ਕਾ ਜ਼ਮਾਨਾ
ਅਪਨੇ ਹੀ ਵਤਨ ਮੇਂ ਹੂੰ ਮਗਰ ਆਜ ਅਕੇਲੀ।
(ਇਕਬਾਲ ਅਜ਼ਹਰ)

ਬੈਂਚ ਨੇ ਕਿਹਾ, 'ਨਗਰ ਕੌਂਸਲ ਸਥਾਨਕ ਲੋਕਾਂ ਦੀਆਂ ਰੋਜ਼-ਮਰਾ ਦੀਆਂ ਲੋੜਾਂ ਦੀ ਪੂਰਤੀ ਲਈ ਸੇਵਾਵਾਂ ਹਿਤ ਹੁੰਦੀ ਹੈ। ਜੇ ਕੁਝ ਲੋਕ ਜਾਂ ਲੋਕਾਂ ਦਾ ਗਰੁਪ ਉਸ ਇਲਾਕੇ ਵਿਚ ਉਰਦੂ ਜਾਣਦੈ ਤਾਂ ਇਸ ਵਿਚ ਕਿਸੇ ਨੂੰ ਕੋਈ ਉਜਰ ਨਹੀਂ ਹੋਣਾ ਚਾਹੀਦਾ। ਜੇਕਰ ਸਰਕਾਰੀ ਭਾਸ਼ਾ ਮਰਾਠੀ ਦੇ ਨਾਲ ਉਰਦੂ ਵੀ ਵਰਤਿਆ ਜਾਂਦੈ, ਕਮ-ਜ਼-ਕਮ ਨਗਰ ਕੌਂਸਲ ਦੇ ਸਾਈਨਬੋਰਡ 'ਤੇ। ਭਾਸ਼ਾ ਵਿਚਾਰਾ ਦੇ ਆਦਾਨ-ਪ੍ਰਦਾਨ ਦਾ ਮਾਧਿਅਮ ਹੈ ਜੋ ਵਖ ਵਖ ਵਿਚਾਰਾਂ ਤੇ ਵਿਸ਼ਵਾਸਾਂ ਵਾਲੇ ਲੋਕਾਂ ਨੂੰ ਹੋਰ ਨੇੜੇ ਲਿਆਉਂਦੀ ਹੈ। ਇਸ ਨੂੰ ਉਨ੍ਹਾਂ 'ਚ ਵੰਡੀਆਂ ਪਾਉਣ ਦਾ ਕਾਰਨ ਨਹੀਂ ਬਣਨਾ ਚਾਹੀਦਾ।'

ਪਟੀਸ਼ਨਕਰਤਾ ਦੀ ਦਲੀਲ ਪਹਿਲਾਂ ਸਬੰਧਤ ਨਗਰ ਕੌਂਸਲ ਵਲੋਂ ਇਹ ਕਹਿ ਕੇ ਰਦ ਕਰ ਦਿਤੀ ਗਈ ਕਿ ਸਾਈਨ ਬੋਰਡ ਉਪਰ ਉਰਦੂ ਭਾਸ਼ਾ 1956 ਤੋਂ ਲਿਖੀ ਜਾ ਰਹੀ ਸੀ, ਫਿਰ ਉਸ ਦੇ ਰਾਜਭਾਸ਼ਾ ਮਰਾਠੀ ਨਾਲ ਸਬੰਧਤ 100 ਪ੍ਰਤੀਸ਼ਤ ਮਰਾਠੀ ਭਾਸ਼ਾ ਦੀ ਵਰਤੋਂ ਕਰਨ ਸਬੰਧੀ ਅਰਜ਼ੀ, ਫਿਰ ਅਮਰਾਵਤੀ ਦੇ ਡਿਵਿਜ਼ਨਲ ਕਮਸ਼ਿਨਰ ਅਤੇ ਫਿਰ ਬੰਬੇ ਹਾਈ ਕੋਰਟ ਵਲੋਂ ਕੇਸ ਖਾਰਿਜ ਕੀਤਾ ਗਿਆ। ਪਰ ਸਾਬਕਾ ਮਹਿਲਾ ਕੌਂਸਲਰ ਸੁਪਰੀਮ ਕੋਰਟ ਪੁਜ ਗਈ। ਇਨ੍ਹਾਂ ਵਖ-ਵਖ ਪੜਾਵਾਂ 'ਤੇ ਪੰਜ ਸਾਲ ਕੇਸ ਚਲਦਾ ਰਿਹਾ ਅਤੇ ਆਖਿਰ ਵਿਚ ਸੁਪਰੀਮ ਕੋਰਟ ਨੇ ਇਸ ਪਟੀਸ਼ਨ ਨੂੰ ਰੱਦ ਕਰ ਦਿਤਾ। ਅਜਿਹਾ ਕਰਕੇ ਸੁਪਰੀਮ ਕੋਰਟ ਨੇ ਧਰਮ ਅਤੇ ਭਾਸ਼ਾ ਦੇ ਅਧਾਰ 'ਤੇ ਲੋਕਾਂ ਵਿਚ ਵੰਡੀਆਂ ਪਾਉਣ ਵਾਲਿਆਂ ਦੇ ਮੂੰਹ 'ਤੇ ਕਰਾਰੀ ਚਪੇੜ ਮਾਰੀ ਹੈ। ਇਸ ਲਈ ਸੁਪਰੀਮ ਕੋਰਟ ਦਾ ਧੰਨਵਾਦ ਕਰਨਾ ਬਣਦਾ ਹੈ।

ਬੈਂਚ ਨੇ ਤਾਂ ਇਥੋਂ ਤਕ ਕਿਹਾ ਕਿ ਉਰਦੂ ਨੇ ਸਦੀਆਂ ਦੇ ਸਫਰ ਦੌਰਾਨ ਹੋਰ ਨਿਖਾਰ ਹਾਸਲ ਕੀਤੈ ਅਤੇ ਇਹ ਕਈ ਨਾਮੀ-ਕਰਾਮੀ ਕਵੀਆਂ ਦੀ ਮਨਪਸੰਦ ਭਾਸ਼ਾ ਬਣ ਗਈ ਹੈ।




ਬੈਂਚ ਦੀ ਇਸ ਗਲ 'ਤੋਂ ਸਾਨੂੰ ਖੁਦ 2016 ਵਿਚ ਤਤਕਾਲੀ ਮੁਖ ਨਿਆਇਧੀਸ਼ ਟੀ.ਐਸ.ਠਾਕੁਰ ਵਲੋਂ ਪ੍ਰਧਾਨ ਮੰਤਰੀ ਦੁਆਰਾ ਜੱਜਾਂ ਦੀ ਨਿਯੁਕਤੀ ਸਬੰਧੀ ਉਸ ਸਮੇਂ ਸਾਧੀ ਗਈ ਚੁੱਪੀ ਉਪਰ ਤਨਜ਼ ਕਸਦਿਆਂ ਕਿਹਾ ਗਿਆ ਸ਼ੇਅਰ ਯਾਦ ਆ ਗਿਐ-

'ਗੁਲ ਫੈਂਕੇ ਹੈ ਔਰੋਂ ਕੀ ਤਰਫ ਬਲਕਿ ਸਮਰ ਭੀ
ਐ ਖਾਨਾ-ਬਰ-ਅੰਦਾਜ਼-ਏ-ਚਮਨ ਕੁਛ ਤੋ ਇਧਰ ਭੀ।'

ਆਪਣੇ ਸਮੇਂ ਦੇ ਸਿਰਕੱਢ ਆਗੂ ਅਤੇ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਤਾਂ ਖੁਦ ਹੀ ਸ਼ਾਇਰ ਸਨ। ਉਹ ਆਪਣੇ ਮੰਤਰ-ਮੁਗਧ ਕਰਨ ਵਾਲੇ ਭਾਸ਼ਨ ਵਿਚ ਸ਼ੇਅਰਾਂ ਦੀ ਚਾਸ਼ਨੀ ਦੀ ਮਿਠਾਸ ਘੋਲਦੇ ਰਹਿੰਦੇ ਸਨ।

ਹੋਰ ਤਾਂ ਹੋਰ, ਬਹੁਤ ਚੁੱਪ ਰਹਿਣ ਵਾਲੇ ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਕੋਇਲਾ ਘੁਟਾਲੇ ਬਾਰੇ ਖਾਮੋਸ਼ ਰਹਿਣ ਦੀ ਆਪਣੀ ਹੁੰਦੀ ਅਲੋਚਨਾ ਸਬੰਧੀ ਬਹੁ-ਚਰਚਿਤ ਸ਼ੇਅਰ ਬੋਲਿਆ ਸੀ-

'ਹਜ਼ਾਰੋਂ ਜਵਾਬੋਂ ਸੇ ਅੱਛੀ ਹੈ ਮੇਰੀ ਖਾਮੋਸ਼ੀ
ਨ ਜਾਨੇ ਕਿਤਨੇ ਸਵਾਲੋਂ ਕੀ ਆਬਰੂ ਰਖੀ।'

ਸਭ ਨੂੰ ਪਤਾ ਹੈ ਕਿ ਆਪਣੇ ਸਮੇਂ ਦੀ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਸੰਸਕ੍ਰਿਤ ਸਮੇਤ ਕਈ ਭਾਸ਼ਾਵਾਂ ਦੀ ਮਾਹਿਰ ਸੀ। ਮਨਮੋਹਨ ਸਿੰਘ ਅਤੇ ਸੁਸ਼ਮਾ ਸਵਰਾਜ ਦਰਮਿਆਨ ਸੰਸਦ ਵਿਚ ਅਕਸਰ ਉਰਦੂ ਸ਼ੇਅਰ-ਓ-ਸ਼ਾਇਰੀ ਰਾਹੀਂ ਨੋਕ-ਝੋਕ ਚਲਦੀ ਰਹਿੰਦੀ ਸੀ। ਜਦ ਸੁਸ਼ਮਾ ਜੀ ਨੇ ਮਨਮੋਹਨ ਸਿੰਘ ਵਲ ਇਸ਼ਾਰਾ ਕਰਕੇ ਇਹ ਸ਼ੇਅਰ ਬੋਲਿਆ ਕਿ 'ਤੂ ਇਧਰ ਉਧਰ ਕੀ ਨ ਬਾਤ ਕਰ ਯੇ ਬਤਾ ਕਿ ਕਾਰਵਾਂ ਕੈਸੇ ਲੁਟਾ। ਹਮੇਂ ਰਾਹਜ਼ਨੋਂ ਸੇ ਗਰਜ਼ ਨਹੀਂ ਤੇਰੀ ਰਹਿਬਰੀ ਕਾ ਸਵਾਲ ਹੈ' ਤਾਂ ਮਨਮੋਹਨ ਸਿੰਘ ਜੀ ਦਾ ਜਬਾਬੀ ਸ਼ੇਅਰ ਸੁਣ ਕੇ ਮੈਡਮ ਸਵਰਾਜ ਵੀ ਮੁਸਕਾਏ ਬਿਨਾਂ ਨਾਂ ਰਹਿ ਸਕੀ- 'ਮਾਨਾ ਕਿ ਤੇਰੀ ਦੀਦ ਕੇ ਕਾਬਿਲ ਨਹੀਂ ਹੂੰ ਮੈਂ। ਤੂ ਮੇਰਾ ਸ਼ੌਕ ਦੇਖ ਮੇਰਾ ਇੰਤਜ਼ਾਰ ਦੇਖ।'

ਡਾ. ਮਨਮੋਹਨ ਸਿੰਘ ਅਲਾਮਾ ਇਕਬਾਲ ਨੂੰ ਬਹੁਤ ਕੋਟ ਕਰਦੇ ਸਨ। ਉਨ੍ਹਾਂ ਇਕ ਵਾਰ ਇਕਬਾਲ ਦੀਆਂ ਬਹੁਤ ਹੀ ਪ੍ਰਸਿਧ ਲਾਈਨਾਂ ਬੋਲੀਆਂ ਸਨ-

'ਯੂਨਾਨ-ਓ-ਮਿਸਰ-ਓ ਰੂਮਾ ਸਭ ਮਿਟ ਗਏ ਜਹਾਂ ਸੇ
ਅਬ ਤਕ ਮਗਰ ਹੈ ਬਾਕੀ ਨਾਮ-ਓ-ਨਿਸ਼ਾਂ ਹਮਾਰਾ।
ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ
ਸਦੀਓਂ ਰਹਾ ਹੈ ਦੁਸ਼ਮਨ ਦੌਰ-ਏ-ਜ਼ਮਾਂ ਹਮਾਰਾ।'

ਆਹ ਹੁਣੇ ਜਿਹੇ ਜਦ ਵਕਫ ਬਿੱਲ ਸੰਸਦ ਵਿਚ ਪੇਸ਼ ਕੀਤਾ ਗਿਆ ਤਾਂ ਕੇਂਦਰੀ ਮੰਤਰੀ ਕਿਰਨ ਰਿਜਿਜੂ, ਜੋ ਸ਼ੇਅਰ ਘਟ ਵਧ ਹੀ ਬੋਲਦੈ, ਨੇ ਵੀ 'ਕਿਸੀ ਕੀ ਬਾਤ ਕੋ ਕੋਈ ਬਦਗੁਮਾਂ ਨ ਸਮਝੇਗਾ/ਜ਼ਮੀਂ ਕਾ ਦਰਦ ਕਭੀ ਆਸਮਾਂ ਨ ਸਮਝੇਗਾ।'

ਪਰ ਸਭ ਤੋਂ ਵਧੇਰੇ ਸ਼ਾਇਰੀ ਬਿੱਲ ਦਾ ਵਿਰੋਧ ਪ੍ਰਸਿਧ ਵਕੀਲ ਅਤੇ ਰਾਜ ਸਭਾ ਦੇ ਮੈਂਬਰ ਅਭਿਸ਼ੇਕ ਸਿੰਘਵੀ ਨੇ ਕੀਤਾ। ਕੁਝ ਜੁ ਉਦਾਹਰਨਾਂ ਪੇਸ਼ ਹਨ-

-ਐ ਕਾਫਿਲੋ ਵਾਲੋ ਤੁਮ ਇਤਨਾ ਭੀ ਨਹੀਂ ਸਮਝੇ
ਲੂਟਾ ਹੈ ਤੁਮਹੇ ਰਹਿਜ਼ਨ ਨੇ ਰਹਿਬਰ ਕੇ ਇਸ਼ਾਰੇ ਪਰ'
-ਤੁਮ ਸੇ ਪਹਿਲੇ ਭੀ ਜੋ ਸ਼ਖਸ ਤਖਤ ਨਸ਼ੀਂ ਥਾ
ਉਸ ਕੋ ਭੀ ਅਪਨੇ ਖੁਦਾ ਹੋਨੇ ਕਾ ਇਤਨਾ ਯਕੀਂ ਥਾ।'

ਸਿੰਘਵੀ ਨੇ ਤਾਂ ਸੱਤਾਧਾਰੀਆਂ ਨੂੰ ਸਮਝਾਉਂਦਿਆਂ ਬਸ਼ੀਰ ਬਦਰ ਦਾ ਮਸ਼ਹੂਰ ਸ਼ੇਅਰ ਵੀ ਬੋਲਿਆ-

'ਸ਼ੁਹਰਤ ਕੀ ਬੁਲੰਦੀ ਭੀ ਪਲ ਭਰ ਕਾ ਤਮਾਸ਼ਾ ਹੈ
ਜਿਸ ਡਾਲ ਪੇ ਬੈਠੇ ਹੋ ਵੋ ਟੂਟ ਭੀ ਸਕਤੀ ਹੈ।

ਇਹ ਸਭ ਕੁਝ ਕਹਿਣ ਤੋਂ ਭਾਵ ਕਿ ਆਪਣੀ ਗੱਲ ਨੂੰ ਵਧੇਰੇ ਪ੍ਰਭਾਵਸ਼ਾਲੀ ਜਾਂ ਰੌਚਕ ਬਨਾਉਣ ਲਈ ਉਰਦੂ ਭਾਸ਼ਾ ਦੇ ਸ਼ੇਅਰ ਬੋਲਣ ਦਾ ਵਰਤਾਰਾ ਆਮ ਹੈ। ਸਾਡੇ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਹੁਤ ਲੱਛੇਦਾਰ ਭਾਸ਼ਨ ਕਰਨ ਦੇ ਮਾਹਿਰ ਹਨ ਪਰ ਉਹ ਉਰਦੂ ਸ਼ੇਅਰ ਘਟ ਹੀ ਬੋਲਦੇ ਹਨ। ਪਰ ਇਕ ਭਾਸ਼ਨ ਦੌਰਾਨ ਉਨ੍ਹਾਂ ਵੀ ਨਿਦਾ ਫਾਜ਼ਲੀ ਦਾ ਇਹ ਸ਼ੇਅਰ ਬੋਲਿਆ-

'ਸਫਰ ਮੇਂ ਧੂਪ ਤੋ ਹੋਗੀ ਜੋ ਚਲ ਸਕੋ ਤੋ ਚਲੋ।'

ਸੋ, ਭਾਸ਼ਾ ਦਾ ਸਬੰਧ ਧਰਮ ਨਾਲ ਬਿਲਕੁਲ ਨਹੀਂ। ਪੰਜਾਬੀ, ਹਿੰਦੀ ਜਾਂ ਉਰਦੂ ਸਿਰਫ ਸਿੱਖਾਂ, ਮੁਸਲਾਮਾਨਾਂ ਜਾਂ ਹਿੰਦੂਆਂ ਦੀਆਂ ਭਾਸ਼ਾਵਾਂ ਨਹੀਂ, ਬਲਕਿ ਸਾਡੇ ਦੇਸ਼ਵਾਸੀਆਂ/ਉਨ੍ਹਾਂ ਖਿਤਿਆਂ ਦੀਆਂ ਭਾਸ਼ਾਵਾਂ ਹਨ, ਜਿਥੇ ਉਹ ਬੋਲੀਆਂ/ਸਮਝੀਆਂ ਜਾਂਦੀਆਂ ਹਨ। ਭਲਾ ਕਿੰਨਿਆਂ ਕੁ ਨੂੰ ਪਤਾ ਹੈ ਕਿ ਅਜੋਕੇ ਹਰਦਿਲਅਜ਼ੀਜ਼ ਉਰਦੂ ਸ਼ਾਇਰ/ਗੀਤਕਾਰ ਗੁਲਜ਼ਾਰ ਦਾ ਅਸਲੀ ਨਾਮ ਸੰਪੂਰਨ ਸਿੰਘ ਕਾਲੜਾ ਹੈ ਅਤੇ ਉਹ ਪੰਜਾਬੀ ਹੈ? ਜਾਂ ਰਘੂਪਤੀ ਸਹਾਇ 'ਫਿਰਾਕ' ਅਨੇਕ ਹੋਰਨਾਂ ਵਾਂਗ, ਗੈਰ-ਮੁਸਲਿਮ ਸੀ ਪਰ ਨਾਮਵਰ ਉਰਦੂ ਸ਼ਾਇਰ ਸੀ।

ਹੋਰ ਭਾਸ਼ਾਵਾਂ ਵਾਂਗ ਪੰਜਾਬੀ ਵਿਚ ਤਾਂ ਅਨੇਕਾਂ ਸ਼ਬਦ ਅਰਬੀ, ਫਾਰਸੀ, ਉਰਦੂ, ਹਿੰਦੀ, ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਦੇ ਹਨ ਅਤੇ ਇਸ ਵਿਚ ਰਚ-ਮਿਚ ਗਏ ਹਨ। ਬਾਕੀ ਭਾਸ਼ਾਵਾਂ ਵੀ ਦੂਸਰੀਆਂ ਭਾਸ਼ਾਵਾਂ 'ਤੋਂ ਸ਼ਬਦ ਗ੍ਰਹਿਣ ਕਰਦੀਆਂ ਹਨ।

ਆਓ ਭਾਸ਼ਾਵਾਂ ਦੀ ਵਿਭਿੰਨਤਾ ਦਾ ਜਸ਼ਨ ਮਨਾਈਏ ਅਤੇ ਉਰਦੂ ਸਮੇਤ ਹਰ ਭਾਸ਼ਾ ਦਾ ਸਨਮਾਨ ਕਰੀਏ।

ਅਲਤਾਫ ਹੁਸੈਨ (ਮੌਲਾਨਾ) 'ਹਾਲੀ' ਨੇ ਬੜਾ ਖੁਬਸੂਰਤ ਕਿਹੈ-

'ਸ਼ਹਿਦ-ਵ-ਸ਼ਕਰ ਸੇ ਸ਼ੀਰੀਂ ਉਰਦੂ ਜ਼ੁਬਾਂ ਹਮਾਰੀ
ਹੋਤੀ ਹੈ ਜਿਸ ਕੇ ਬੋਲੇ ਮੀਠੀ ਜ਼ੁਬਾਂ ਹਮਾਰੀ!
ਦਾਗ ਦੇਹਲਵੀ ਨੇ ਤਾਂ ਸਿਰਾ ਈ ਲਾ'ਤਾ-
'ਉਰਦੂ ਹੈ ਜਿਸ ਕਾ ਨਾਮ ਹਮੀਂ ਜਾਨਤੇ ਹੈਂ 'ਦਾਗ',
ਹਿੰਦੋਸਤਾਂ ਮੇਂ ਧੂਮ ਹਮਾਰੀ ਜ਼ੁਬਾਂ ਕੀ ਹੈ!'

---

# ਚਿੱਠੀਆਂ

'ਚਿੱਠੀ' ਲਫ਼ਜ਼ ਪੜ੍ਹਦਿਆਂ, ਲਿਖਦਿਆਂ, ਸੁਣਦਿਆਂ ਮੇਰੇ ਸਾਹਮਣੇ ਦਾਦੀ ਆ ਖੜ੍ਹਦੀ ਹੈ। ਹੱਥ 'ਚ ਸੋਟੀ। ਸੋਟੀ ਉਹਦੇ ਤੁਰਨ ਦਾ ਸਹਾਰਾ ਬਣਦੀ। ਪਰ ਮੈਂ ਤਾਂ ਉਹਨੂੰ ਕਦੇ ਤੁਰਦੀ ਨੂੰ ਦੇਖਿਆ ਹੀ ਨਹੀਂ ਸੀ। ਉਹ ਸਦਾ ਮੰਜੇ 'ਤੇ ਪਈ ਹੁੰਦੀ, ਜੰਗਲੇ ਵਾਲੀ ਬਾਰੀ ਦੇ ਨਾਲ। ਮੈਨੂੰ ਹਾਕ ਮਾਰਦੀ- ਕੁੱਕੀ, ਪਾਣੀ ਦੇ ਕੇ ਜਾਈਂ। ਇਹ ਬੋਲ ਮੈਨੂੰ ਉਦੋਂ ਸੁਣਦੇ ਜਦੋਂ ਮੈਂ ਕਿਤਾਬਾਂ ਵਾਲੀ ਟਰੰਕੀ ਹੱਥ 'ਚ ਫੜੀ ਸਕੂਲ ਜਾਂਦਾ ਹੁੰਦਾ। ਮੈਨੂੰ ਪਤਾ ਹੁੰਦਾ। ਉਹਨੇ ਪਾਣੀ ਨਹੀਂ ਪੀਣਾ। ਉਹਨੇ ਤਾਂ ਮੈਨੂੰ ਦਸੀ ਪੰਜੀ ਦੇਣੀ ਹੁੰਦੀ। ਉਹ ਪਾਣੀ ਦਾ ਗਲਾਸ ਫੜਦੀ ਤੇ ਦੂਜੇ ਹੱਥ ਨਾਲ ਬੋਚ ਕੇ ਮੇਰੀ ਮੁੱਠੀ 'ਚ ਭਾਨ ਰੱਖ ਦਿੰਦੀ। ਮੈਂ ਹੈਰਾਨ ਹੁੰਦਾ, ਉਹ ਇਹ ਗੱਲ ਕਿਸ ਤੋਂ ਲੁਕਾਉਂਦੀ ਹੈ? ਕਿਉਂ ਲੁਕਾਉਂਦੀ ਹੈ? ਇਸ

ਗੁਰਪ੍ਰੀਤ
ਫੋਨ: 98723-75898

ਦਸੀ-ਪੰਜੀ ਨਾਲ ਮੇਰੀ ਅੱਧੀ ਛੁੱਟੀ ਮਿੱਠੀ ਹੋ ਜਾਂਦੀ। ਜਵਾਰ ਦੇ ਲੱਡੂ ਤੇ ਸੰਤਰਾ-ਗੋਲੀਆਂ ਮੈਂ ਸੁਆਦ ਲੈ ਲੈ ਖਾਂਦਾ। ਅੱਧੀ ਛੁੱਟੀ ਦਾਦੀ ਕਰਕੇ ਕਿੰਨੀ ਸੋਹਣੀ ਹੋ ਜਾਂਦੀ, ਮੇਰੀ ਦਾਦੀ ਜਿੰਨੀ ਸੋਹਣੀ। ਮੈਂ ਉਸ ਦਿਨ ਅੱਧੀ ਛੁੱਟੀ ਦੀ ਉਡੀਕ 'ਚ ਰਹਿੰਦਾ।

ਕਦੇ-ਕਦੇ ਸਕੂਲੋਂ ਮੁੜਦੇ ਨੂੰ ਹਾਕ ਪੈਂਦੀ, "ਕੁੱਕੀ, ਗੱਲ ਸੁਣ!"

ਮੈਨੂੰ ਪਤਾ ਹੁੰਦਾ, ਜਾਂ ਤਾਂ ਭੂਆ ਦੀ ਚਿੱਠੀ ਆਈ ਹੋਊ, ਜੋ ਮੈਂ ਪੜ੍ਹ ਕੇ ਸੁਣਾਉਣੀ ਹੈ ਜਾਂ ਫਿਰ ਭੂਆ ਨੂੰ ਚਿੱਠੀ ਲਿਖਣੀ ਹੋਊ।

ਪਿੱਤਲ ਦੀ ਥਾਲੀ ਅਤੇ ਨੀਲਾ ਲਿਫ਼ਾਫ਼ਾ ਦਾਦੀ ਦੇ ਸਿਰਹਾਣੇ ਪਿਆ ਹੁੰਦਾ। ਇਹ ਦੋਵੇਂ ਸ਼ੈਆਂ ਮੇਰੇ ਧੁਰ ਅੰਦਰ ਵਸ ਚੁੱਕੀਆਂ ਨੇ। ਪਿੱਤਲ ਦੀ ਚਮਕਦੀ ਥਾਲੀ ਮੈਨੂੰ ਬਹੁਤ ਭਾਉਂਦੀ। ਕੂ਼ਲੀ-ਕੂ਼ਲੀ। ਇਸੇ ਤਰ੍ਹਾਂ ਨੀਲਾ ਲਿਫ਼ਾਫ਼ਾ। ਹੁਣ ਵੀ ਕਦੇ-ਕਦੇ ਨੀਲਾ ਅੰਬਰ ਮੈਨੂੰ ਨੀਲਾ ਲਿਫ਼ਾਫ਼ਾ ਹੀ ਲੱਗਦਾ ਹੈ। ਇਨਲੈਂਡ ਲੈਟਰ। ਜਿਸ 'ਤੇ ਮੈਂ ਚਿੱਠੀ ਲਿਖ ਰਿਹਾ ਹੁੰਦਾ ਹਾਂ ਜਾਂ ਪੜ੍ਹ ਰਿਹਾ। ਥਾਲੀ 'ਤੇ ਪੱਤਰ ਰੱਖ ਮੈਂ ਲਿਖਣ ਲੱਗਦਾ:

॥ੴ ਸਤਿਗੁਰ ਪ੍ਰਸਾਦ॥

ਸਤਿਕਾਰਯੋਗ ਭੂਆ ਜੀ ਤੇ ਫੁੱਫੜ ਜੀ। ਸਤਿ ਸ੍ਰੀ ਅਕਾਲ! ਇੱਥੇ ਸਭ ਰਾਜ਼ੀ ਖ਼ੁਸ਼ੀ ਹੈ। ਆਪ ਜੀ ਦੀ ਰਾਜ਼ੀ ਖ਼ੁਸ਼ੀ ਪਰਮਾਤਮਾ ਪਾਸੋਂ ਸਦਾ ਨੇਕ ਚਾਹੁੰਦਾ ਹਾਂ। ਅੱਗੇ ਸਮਾਚਾਰ ਇਹ ਹੈ ਕਿ ...

ਇਹ ਲਿਖ ਮੈਂ ਦਾਦੀ ਨੂੰ ਪੁੱਛਦਾ ਕਿ ਦੱਸੋ ਕੀ ਲਿਖਣਾ ਹੈ? ਉਹ ਕਹਿੰਦੀ-ਪਹਿਲਾਂ ਪੜ੍ਹ ਕੇ ਸੁਣਾ, ਕੀ ਲਿਖਿਆ ਹੈ? ਮੈਂ ਲਿਖੇ ਹੋਏ ਨੂੰ ਪੜ੍ਹ ਕੇ ਸੁਣਾਉਂਦਾ ਤਾਂ ਉਹ ਅੱਗੇ ਲਿਖਣ ਲਈ ਦੱਸਦੀ। ਮੈਂ ਲਿਖਦਾ ਤੇ ਪੁੱਛਦਾ- ਹੋਰ ਦੱਸੋ। ਉਹ ਫਿਰ ਕਹਿੰਦੀ- ਪਹਿਲਾਂ ਪੜ੍ਹ ਕੇ ਸੁਣਾ। ਉਹ ਲਿਖੇ ਹੋਏ ਅੱਖਰਾਂ ਨੂੰ ਪੜ੍ਹਾ ਕੇ ਸੁਣਦੀ ਹੀ ਨਹੀਂ ਸੀ, ਦੇਖਦੀ ਵੀ। ਉਹਨੂੰ ਅੱਖਰ ਦੇਖਣੇ ਕਿਹੋ ਜਿਹੇ ਲਗਦੇ ਹੋਣਗੇ ? ਸ਼ਾਇਦ ਇਹ ਅੱਖਰ ਉਹਦੇ ਲਈ ਉਨ੍ਹਾਂ ਦੁੱਖਾਂ-ਸੁੱਖਾਂ ਦਾ ਹੀ ਕੋਈ ਰੂਪ ਹੁੰਦਾ ਹੋਵੇਗਾ, ਜਿਹੜਾ ਉਹ ਆਪਣੀ ਧੀ ਨਾਲ ਕਰਦੀ ਜਾਂ ਜਿਹੜਾ ਧੀ ਆਪਣੀ ਮਾਂ ਨਾਲ ਕਰਦੀ। ਚਾਲੀ ਸਾਲਾਂ ਬਾਅਦ ਕਵਿਤਾ ਦੀਆਂ ਤਿੰਨ ਸਤਰਾਂ ਨੇ ਇਹ ਭੇਤ ਖੋਲ੍ਹਿਆ:

ਧੀ ਲਿਖੇ/ ਮਾਂ ਨੂੰ ਚਿੱਠੀ/ ਅੱਖਰ ਸਿੱਲ੍ਹੇ...

ਚਿੱਠੀ ਦੇ ਅਖੀਰ 'ਚ ਇੱਕ-ਅੱਧ ਪੰਕਤੀ ਮੈਂ ਆਪਣੀ ਮਰਜ਼ੀ ਦੀ ਲਿਖਦਾ। ਇਸ ਸਤਰ 'ਚ ਮੈਂ ਭੂਆ ਤੋਂ ਕੁਝ ਨਾ ਕੁਝ ਮੰਗਵਾਉਣਾ ਹੁੰਦਾ। ਇਹ ਸਤਰ ਮੈਂ ਦਾਦੀ ਨੂੰ ਨਾ ਦੱਸਦਾ। ਸ਼ਾਇਦ ਇਹ ਗੱਲ ਉਹ ਮੇਰੇ ਦੱਸੇ ਬਿਨਾਂ ਹੀ ਜਾਣਦੀ ਹੋਵੇ। ਦਿੱਲੀ ਰਹਿੰਦੀ ਭੂਆ ਦੀ ਲਿਆਂਦੀ ਹਰ ਚੀਜ਼, ਮੇਰੇ ਆੜੀਆਂ ਦੀਆਂ ਚੀਜ਼ਾਂ ਤੋਂ ਵੱਖਰੀ ਹੁੰਦੀ- ਸੋਹਣੀ, ਮਜ਼ਬੂਤ ਤੇ ਵੱਧ ਹੰਢਣਸਾਰ। ਮੂੰਹ ਨਾਲ ਵਜਾਉਣ ਵਾਲਾ ਵਾਜਾ ਮੈਨੂੰ ਬਹੁਤ ਪਸੰਦ ਆਇਆ। ਜਿਹੜੀ ਲਾਲ ਡੱਬੀ ਵਿੱਚ ਉਹ ਬੰਦ ਸੀ, ਉਹ ਉਸ ਤੋਂ ਵੀ ਸੋਹਣੀ ਸੀ। ਡੱਬੀ ਮੈਨੂੰ ਅਜੇ ਵੀ ਯਾਦ ਹੈ। ਉਹਦੀ ਮਖਮਲੀ ਛੋਹ ਮੈਂ ਅੱਜ ਵੀ ਮਹਿਸੂਸ ਕਰ ਰਿਹਾ ਹਾਂ।

ਇਹ ਭੂਆ ਨੂੰ ਲਿਖੀਆਂ ਚਿੱਠੀਆਂ ਦੀ ਕਰਾਮਾਤ ਹੀ ਸੀ ਕਿ ਲਾਲ ਰੰਗ ਦੀ ਚਮਕਦੀ ਕੋਟੀ ਕਿੰਨੇ ਹੀ ਵਰ੍ਹੇ ਮੇਰੇ ਤੋਂ ਬਾਅਦ ਕਿੰਨੇ ਹੀ ਨਿਆਣਿਆਂ ਨੇ ਹੰਢਾਈ ਪਾਈ ਸੀ। ਯਾਦ ਆ ਰਹੀ ਹੈ ਤੋਤਿਆਂ ਦੇ ਪ੍ਰਿੰਟ ਵਾਲੀ ਕਮੀਜ਼। ਨਾਨਕੇ ਮੇਰੀ ਮਾਮੀ ਨੇ ਮੱਲੋ-ਮੱਲੀ ਮੇਰੇ ਪਾਈ ਹੋਈ ਲੁਹਾ ਕੇ ਧੋ ਦਿੱਤੀ ਸੀ। ਘਰਾਂ 'ਚੋਂ ਮੇਰੀ ਬੰਗਾਲਣ ਮਾਮੀ, ਸ਼ਾਇਦ ਇਹਨੂੰ ਛੂਹਣਾ ਚਾਹੁੰਦੀ ਸੀ। ਖਾਲ਼ 'ਤੇ ਕੱਪੜੇ ਧੋਣ ਦਾ ਉਹ ਦ੍ਰਿਸ਼ ਮੈਨੂੰ ਅਜੇ ਵੀ ਯਾਦ ਹੈ।

ਚਿੱਠੀਆਂ ਮੈਂ ਦੋਸਤਾਂ ਨੂੰ ਵੀ ਬਹੁਤ ਲਿਖੀਆਂ ਨੇ। ਦੋਸਤਾਂ ਦੀ ਆਉਂਦੀਆਂ ਵੀ ਬਹੁਤ ਸੀ। ਕੰਮ ਤੋਂ ਘਰੇ ਆਉਂਦਿਆਂ ਮੈਂ ਪਹਿਲੀ ਗੱਲ ਇਹੋ ਪੁੱਛਦਾ- ਚਿੱਠੀ ਨ੍ਹੀਂ ਆਈ ਕੋਈ? ਤੇ ਆਪਣੇ ਮੇਜ਼ 'ਤੇ ਨਿਗ੍ਹਾ ਮਾਰਦਾ। ਲਿਖਣ ਪੜ੍ਹਨ ਵਾਲਿਆਂ ਦੀਆਂ ਕਈ ਚਿੱਠੀਆਂ ਆਈਆਂ ਹੁੰਦੀਆਂ। ਪਾਣੀ ਪੀਣ ਤੋਂ ਪਹਿਲਾਂ ਮੈਂ ਇਹ ਪੜ੍ਹਦਾ। ਚਿੱਠੀਆਂ ਲਿਖਣ ਲਈ ਮੈਂ ਲੈਟਰ-ਪੈਡ ਛਪਵਾਈ ਹੋਈ ਸੀ। ਉਹਦੇ ਇੱਕ ਪਾਸੇ ਆਪਣੀ ਕਵਿਤਾ ਦੀਆਂ ਕੁਝ ਪੰਕਤੀਆਂ ਮੈਂ ਲਿਖੀਆਂ ਹੋਈਆਂ ਸਨ:


ਸਾਹਾਂ ਦਾ ਕੀ ਐ/ ਇਹ ਤਾਂ ਆਉਂਦੇ ਹੀ ਰਹਿਣੇ ਨੇ/ ਜਿਉਣ ਲਈ ਬਹੁਤ ਹੀ ਲਾਜ਼ਮ ਹੈ/ ਦੋਸਤਾਂ ਨੂੰ ਖ਼ਤ ਲਿਖਣੇ...

ਖ਼ਤਾਂ ਦੀ ਇਹ ਬਾਤ ਕਦੋਂ ਦੀ ਮੁੱਕ ਚੁੱਕੀ ਹੈ। ਰੰਗ-ਢੰਗ ਬਦਲ ਗਏ ਹਨ ਤੇ ਬਦਲਣੇ ਹੀ ਚਾਹੀਦੇ ਹਨ। ਹੁਣ ਪ਼ਲੋ-ਪ਼ਲੀ ਸੁਨੇਹੇ ਇੱਕ ਦੂਜੇ ਕੋਲ ਪਹੁੰਚ ਜਾਂਦੇ ਨੇ, ਇਹਦੀ ਆਪਣੀ ਮੌਜ ਹੈ ਤੇ ਸੌਖ ਵੀ। ਪਰ ਮਨੁੱਖ ਸਭ ਤੋਂ ਵੱਧ ਆਪਣੀਆਂ ਸਮ੍ਰਿਤੀਆਂ-ਯਾਦਾਂ 'ਚ ਜਿਊਂਦਾ ਮਰਦਾ ਹੈ। ਯਾਦਾਂ ਦੀ ਇਹ ਖੇਡ ਕਮਾਲ ਹੈ। ਮੇਰੇ ਬਚਪਨ ਤੇ ਜੁਆਨੀ ਦਾ ਬਹੁਤਾ ਹਿੱਸਾ ਇਨ੍ਹਾਂ ਚਿੱਠੀਆਂ ਵਿੱਚ ਹੀ ਬਣਿਆ-ਮਿਟਿਆ ਹੈ। ਦੋ ਮਹੀਨੇ ਪਹਿਲਾਂ ਮੈਂ ਨੱਬਿਆਂ ਦੇ ਨੇੜੇ ਢੁੱਕੀ ਆਪਣੀ ਭੂਆ ਨੂੰ ਫੋਨ ਕੀਤਾ। ਉਹ ਅੱਜ ਮੰਜੇ 'ਤੇ ਹੀ ਹੈ। ਹਾਲ-ਚਾਲ ਪੁੱਛਣ ਤੋਂ ਬਾਅਦ ਮੈਂ ਆਪਣੇ ਬਚਪਨ ਦੀ ਗੱਲ ਛੇੜਦਿਆਂ ਚਿੱਠੀਆਂ ਦਾ ਜ਼ਿਕਰ ਕਰਦਿਆਂ ਪੁੱਛਿਆ, "ਭੂਆ ਜੀ, ਮੇਰੀ ਲਿਖੀ ਕੋਈ ਚਿੱਠੀ ਤਾਂ ਨਾ ਪਈ, ਕਿਸੇ ਟਰੰਕ-ਪੇਟੀ 'ਚ?" ਭੂਆ ਨੇ ਲੰਮਾ ਹਾਉਕਾ ਭਰਦਿਆਂ ਕਿਹਾ, "ਹੁਣ ਤਾਂ ਆਪਣਾ ਆਪ ਵੀ ਨ੍ਹੀਂ ਪਤਾ ਕਿੱਥੇ ਪਿਆ, ਚਿੱਠੀਆਂ ਦਾ ਕੀ ਪਤੈ!" ਸਹੀ ਪਤੇ 'ਤੇ ਪਾਈਆਂ ਚਿੱਠੀਆਂ ਦੇ ਪਤੇ ਹੁਣ ਕਿਧਰੇ ਗੁੰਮ-ਗੁਆਚ ਗਏ ਨੇ। ਭੂਆ ਵੀ ਨਹੀਂ ਰਹੀ ਹੁਣ ਤਾਂ...

ਚਿੱਠੀ ਬਹਾਨੇ ਮੈਂ ਆਪਣੀ ਦਾਦੀ ਕੋਲ ਫਿਰ ਪਰਤ ਆਇਆ ਹਾਂ। ਉਹ ਮੈਥੋਂ ਹੀ ਚਿੱਠੀ ਲਿਖਵਾਉਂਦੀ/ ਪੜ੍ਹਾਉਂਦੀ ਸੀ? ਇਹ ਖਿਆ਼ਲ ਮੈਨੂੰ ਉਦੋਂ ਨ੍ਹੀਂ ਸੀ ਆਉਂਦਾ। ਨਿਆਣਾ ਤਾਂ ਸੀ। ਤੀਜੀ-ਚੌਥੀ 'ਚ ਪੜ੍ਹਦਾ। ਮੈਨੂੰ ਉਦੋਂ ਕਦੋਂ ਸਮਝ ਸੀ ਕਿ ਦਾਦੀ ਕੀ ਲਿਖਵਾਉਂਦੀ ਹੈ ਤੇ ਭੂਆ ਚਿੱਠੀ 'ਚ ਕੀ ਲਿਖ ਕੇ ਭੇਜਦੀ ਹੈ। ਮੈਨੂੰ ਤਾਂ ਸਿਰਫ਼ ਸ਼ਬਦ ਹੀ ਪੜ੍ਹਨੇ ਆਉਂਦੇ ਸਨ। ਇਹ ਗੱਲ ਤਾਂ ਕਿਤੇ ਬਾਅਦ 'ਚ ਸਮਝ ਪਈ ਕਿ ਦਾਦੀ ਚਾਚੇ ਤੇ ਛੋਟੀ ਭੂਆ ਤੋਂ ਚਿੱਠੀ ਕਿਉਂ ਨ੍ਹੀਂ ਸੀ ਲਿਖਵਾਉਂਦੀ। ਮਾਵਾਂ ਧੀਆਂ ਦੇ ਸੌ ਪਰਦੇ ਹੁੰਦੇ ਨੇ। ਚਿੱਠੀਆਂ ਨੇ ਇਹ ਪਰਦੇ ਆਪਣੇ ਧੁਰ ਅੰਦਰ ਸਾਂਭੇ ਹੁੰਦੇ ਨੇ। ਚਿੱਠੀਆਂ ਦੇ ਜਿਗਰੇ ਕਿੰਨੇ ਵੱਡੇ ਹੁੰਦੇ ਸੀ।

# ਪਨਾਮਾ ਨਹਿਰ ਤੇ ਗਰੀਨਲੈਂਡ ’ਤੇ ਕਿਉਂ ਕਬਜ਼ਾ ਕਰਨਾ ਚਾਹੁੰਦੈ ਟਰੰਪ?

ਪਿਛਲੇ ਕੁਝ ਸਮੇਂ ਤੋਂ ਡੋਨਾਲਡ ਟਰੰਪ ਲਗਾਤਾਰ ਪਨਾਮਾ ਨਹਿਰ ਅਤੇ ਗਰੀਨਲੈਂਡ ‘ਤੇ ਕਬਜ਼ਾ ਕਰਨ ਦੀਆਂ ਧਮਕੀਆਂ ਦੇ ਰਿਹਾ ਹੈ। ਪਨਾਮਾ ਨਹਿਰ, ਪਨਾਮਾ ਦੇਸ਼ ਦੇ ਤਕਰੀਬਨ ਮੱਧ ਵਿਚ ਬਣਾਈ ਗਈ ਇੱਕ ਨਹਿਰ ਹੈ ਜੋ ਐਟਲਾਂਟਿਕ ਅਤੇ ਪ੍ਰਸ਼ਾਂਤ ਸਾਗਰ ਨੂੰ ਆਪਸ ਵਿਚ ਜੋੜਦੀ ਹੈ। ਇੱਕ ਜਨਵਰੀ 1881 ਨੂੰ ਇਸ ਦੀ ਖੁਦਾਈ ਸ਼ੁਰੂ ਹੋਈ ਸੀ ਜੋ 15 ਅਗਸਤ 1914 ਨੂੰ ਮੁਕੰਮਲ ਹੋਈ ਤੇ ਇਸ ਦੀ ਕੁੱਲ ਲੰਬਾਈ 82 ਕਿ.ਮੀ. ਹੈ। ਸਵੇਜ਼ ਨਹਿਰ ਤੋਂ ਬਾਅਦ ਇਹ ਦੁਨੀਆਂ ਦਾ ਸਭ ਤੋਂ ਵੱਧ ਰੁੱਝਿਆ ਹੋਇਆ ਸਮੁੰਦਰੀ ਵਪਾਰਿਕ ਜਲ ਰਸਤਾ ਹੈ। ਇਸ ਦੀ ਖੁਦਾਈ



**ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)**
**ਫੋਨ:95011-00062**


ਫਰਾਂਸ ਨੇ ਸ਼ੁਰੂ ਕੀਤੀ ਸੀ ਪਰ ਭਾਰੀ ਖਰਚੇ ਕਾਰਨ ਉਸ ਨੇ ਹੱਥ ਖੜੇ ਕਰ ਦਿੱਤੇ ਤਾਂ ਅਮਰੀਕਾ ਨੇ 1904 ਵਿਚ ਇਹ ਕੰਮ ਆਪਣੇ ਹੱਥ ਵਿਚ ਲੈ ਲਿਆ ਤੇ 1914 ਵਿਚ ਇਸ ਨੂੰ ਮੁਕੰਮਲ ਕਰ ਦਿੱਤਾ। ਸ਼ੁਰੂ ਵਿਚ ਇਸ ਦਾ ਸਾਰਾ ਕੰਟਰੋਲ ਅਮਰੀਕਾ ਕੋਲ ਸੀ ਪਰ 1977 ਵਿਚ ਹੋਈ ਇੱਕ ਸੰਧੀ ਮੁਤਾਬਕ ਇਹ ਪਨਾਮਾ ਸਰਕਾਰ ਨੂੰ ਸੌਂਪ ਦਿੱਤੀ ਗਈ। ਇਸ ਦੀ ਉਸਾਰੀ ਕਾਰਨ ਹਜ਼ਾਰਾਂ ਕਿ.ਮੀ. ਦੇ ਸਮੁੰਦਰੀ ਸਫਰ ਦੀ ਬੱਚਤ ਹੁੰਦੀ ਹੈ। ਮਿਸਾਲ ਦੇ ਤੌਰ ‘ਤੇ ਜੇ ਕਿਸੇ ਜਹਾਜ਼ ਨੇ ਅਮਰੀਕਾ ਦੇ ਪੂਰਬੀ ਕੰਢੇ ‘ਤੇ ਸਥਿੱਤ ਕਿਸੇ ਬੰਦਰਗਾਹ ‘ਤੋਂ ਪੱਛਮੀ ਕੰਢੇ ‘ਤੇ ਸਥਿੱਤ ਕੈਲੀਫੋਰਨੀਆ ਦੀ ਕਿਸੇ ਬੰਦਰਗਾਹ ‘ਤੇ ਜਾਣਾ ਹੋਵੇ ਤਾਂ ਪਨਾਮਾ ਨਹਿਰ ਕਾਰਨ 16000 ਕਿ.ਮੀ. ਦੇ ਕਰੀਬ ਸਫਰ ਘੱਟ ਕਰਨਾ ਪੈਂਦਾ ਹੈ। ਪਹਿਲਾਂ ਇਹ ਸਫਰ ਕਰਨ ਲਈ ਸਾਰੇ ਦੱਖਣੀ ਅਮਰੀਕਾ ਦਾ ਚੱਕਰ ਲਾਉਣਾ ਪੈਂਦਾ ਸੀ ਜਿਸ ਦੌਰਾਨ ਪੂਰਾ ਇੱਕ ਮਹੀਨਾ ਲੱਗ ਜਾਂਦਾ ਸੀ।

ਇਹ ਨਹਿਰ ਅਮਰੀਕੀ ਨੇਵੀ ਵਾਸਤੇ ਵੀ ਬਹੁਤ ਮਹੱਤਵਪੂਰਨ ਹੈ। ਅਮਰੀਕਾ ਦੇ ਯੂ.ਐਸ.ਐਸ. ਸਾਂਤਾ ਫੇ ਅਤੇ ਯੂ.ਐਸ.ਐਸ. ਮਿਨੀਸੋਟਾ (ਦੋਵੇਂ ਐਟਮੀ ਪਣਡੁੱਬੀਆਂ), ਯੂ.ਐਸ.ਐਸ. ਜ਼ੂਮਵਾਲਟ (ਸਭ ਤੋਂ ਨਵਾਂ ਅਤੇ ਆਧੁਨਿਕ ਜੰਗੀ ਜਹਾਜ਼), ਯੂ.ਐਸ.ਐਸ. ਉਮਾਹਾ ਅਤੇ ਯੂ.ਐਸ.ਐਸ. ਜੈਕਸਨ (ਐਂਟੀ ਪਣਡੁੱਬੀ ਜਹਾਜ਼) ਆਦਿ ਵਰਗੇ ਸਭ ਤੋਂ ਆਧੁਨਿਕ ਅਤੇ ਖਤਰਨਾਕ ਜੰਗੀ ਜਹਾਜ਼ ਅਤੇ ਪਣਡੁੱਬੀਆਂ ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿਚ ਜਾਣ ਲਈ ਇਸ ਵਿਚੋਂ ਆਮ ਹੀ ਗੁਜ਼ਰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਅਮਰੀਕਾ ਦਾ ਯੂਰਪ, ਏਸ਼ੀਆ, ਆਸਟਰੇਲੀਆ ਅਤੇ ਅਫਰੀਕਾ ਨਾਲ ਹੋਣ ਵਾਲਾ 60% ਵਪਾਰ ਇਸ ਰਸਤੇ ਰਾਹੀਂ ਹੁੰਦਾ ਹੈ। ਇਸ ਕਾਰਨ ਇਹ ਅਮਰੀਕਾ ਦੇ ਆਰਥਿਕ ਅਤੇ ਸੈਨਿਕ ਹਿੱਤਾਂ ਵਾਸਤੇ ਅਤਿਅੰਤ ਮਹੱਤਵਪੂਰਣ ਹੈ। ਕਿਸੇ ਯੁੱਧ ਜਾਂ ਹੋਰ ਆਪਾਤ ਕਾਲ ਸਮੇਂ ਦੁਸ਼ਮਣ ਵੱਲੋਂ ਇਸ ਨਹਿਰ ਨੂੰ ਜਾਮ ਜਾਂ ਤਬਾਹ ਕਰ ਦੇਣਾ ਅਮਰੀਕਾ ਵਾਸਤੇ ਕਿਆਮਤ ਵਰਗਾ ਸਾਬਤ ਹੋ ਸਕਦਾ ਹੈ।

ਇਸ ਦਾ ਇੱਕ ਹੋਰ ਵੱਡਾ ਕਾਰਨ ਇਹ ਹੈ ਕਿ ਪਨਾਮਾ ਦੇਸ਼ ਆਪਣੇ ਸੀਮਤ ਸਾਧਨਾਂ ਕਾਰਨ ਇਸ ਨੂੰ ਚਲਾਉਣ ਦੀ ਸਥਿੱਤੀ ਵਿਚ ਨਹੀਂ ਹੈ। ਉਸ ਨੇ ਕਰੋੜਾਂ ਡਾਲਰ ਬਦਲੇ ਇਸ ਦਾ ਸੰਚਾਲਨ ਚੀਨ ਨੂੰ ਸੌਂਪਿਆ ਹੋਇਆ ਹੈ ਜੋ ਇਸ ਦੀ ਵਰਤੋਂ ਕਰਨ ਵਾਲੇ ਜਹਾਜ਼ਾਂ ਤੋਂ (ਅਮਰੀਕਾ ਸਮੇਤ) ਮੋਟਾ ਕਿਰਾਇਆ ਵਸੂਲਦਾ ਹੈ। ਟਰੰਪ ਨੇ ਕਿਹਾ ਹੈ ਕਿ ਅਸੀਂ ਪਨਾਮਾ ਨਹਿਰ ਪਨਾਮਾ ਨੂੰ ਸੌਂਪੀ ਸੀ, ਚੀਨ ਨੂੰ ਨਹੀਂ। ਸਾਨੂੰ ਇਹ ਮੰਨਜ਼ੂਰ ਨਹੀਂ ਕਿ ਚੀਨ ਇਸ ਦਾ ਮਾਲਕ ਬਣ ਜਾਵੇ, ਇਸ ਲਈ ਅਸੀਂ ਇਸ ਨੂੰ ਹਰ ਹਾਲਤ ਵਿਚ ਕੂਟਨੀਤਕ ਸਮਝੌਤੇ ਜਾਂ ਤਾਕਤ ਨਾਲ ਵਾਪਸ ਲਵਾਂਗੇ। ਪਨਾਮਾ ਦੇ ਰਾਸ਼ਟਰਪਤੀ ਜੋਸ ਰਾਊਲ ਮੁਲੀਨੋ ਨੇ ਟਰੰਪ ਦੇ ਚੀਨ ਸਬੰਧੀ ਦਿੱਤੇ ਬਿਆਨ ਨੂੰ ਝੂਠ ਦਾ ਪੁਲੰਦਾ ਕਰਾਰ ਦਿੱਤਾ ਹੈ। ਉਸ ਨੇ ਕਿਹਾ ਹੈ ਕਿ ਪਨਾਮਾ ਨਹਿਰ ਦਾ ਸੰਚਾਲਨ 10,000 ਵਰਕਰਾਂ ਵਾਲੀ ਇੱਕ ਖੁਦਮੁਖਤਿਆਰ ਸੰਸਥਾ ਪਨਾਮਾ ਕੈਨਾਲ ਅਥਾਰਟੀ ਚਲਾਉਂਦੀ ਹੈ ਜਿਸ ਵਿਚ ਚੀਨ ਦੇ ਵੀ ਕੁਝ ਇੰਜੀਨੀਅਰ ਕੰਮ ਕਰਦੇ ਹਨ। ਇਹ ਅਥਾਰਟੀ ਆਪਣੇ ਕੰਮ ਕਾਜ ਵਿਚ ਤਕਰੀਬਨ ਅਜ਼ਾਦ ਹੈ।

ਟਰੰਪ ਦੇ ਚੀਨ ਸਬੰਧੀ ਇਲਜ਼ਾਮ ਪੂਰੀ ਤਰ੍ਹਾਂ ਗਲਤ ਨਹੀਂ ਹਨ। ਅਸਲ ਵਿਚ ਇਸ ਨਹਿਰ ਦੇ ਆਦਿ ਅਤੇ ਅੰਤ ‘ਤੇ ਬਲਬੋਆ ਅਤੇ ਕਰਿਸਟੋਬਾਲ ਬੰਦਰਗਾਹਾਂ ਬਣੀਆਂ ਹੋਈਆਂ ਹਨ, ਜਿੰਨ੍ਹਾਂ ਦੀ ਦੇਖ-ਭਾਲ, ਵਿਕਾਸ ਅਤੇ ਸੰਚਾਲਣ ਦਾ ਠੇਕਾ 1997 ‘ਤੋਂ ਹੀ ਚੀਨ (ਹਾਂਗਕਾਂਗ) ਦੀ ਹੁੱਚੀਸਨ ਪੋਰਟ ਹੋਲਡਿੰਗ ਨਾਮਕ ਇੱਕ ਕੰਪਨੀ ਦੇ ਹੱਥ ਵਿਚ ਹੈ ਤੇ ਇਹ ਠੇਕਾ 2021 ਵਿਚ 25 ਸਾਲਾਂ ਲਈ ਹੋਰ ਵਧਾ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਚੀਨ ਦੀ ਇੱਕ ਸਰਕਾਰੀ ਕੰਪਨੀ ਚਾਈਨਾ ਹਾਰਬਰ ਇੰਜੀਨੀਅਰਿੰਗ ਕੰਪਨੀ ਨੇ 2018 ਵਿਚ ਪਨਾਮਾ ਨਹਿਰ ‘ਤੇ ਬਣਨ ਵਾਲੇ ਚੌਥੇ ਪੁਲ ਦਾ ਠੇਕਾ ਹਾਸਲ ਕਰ ਲਿਆ ਸੀ। ਟਰੰਪ ਅਨੁਸਾਰ ਚੀਨ ਨੂੰ ਇਸ ਪੁਲ ਦਾ ਠੇਕਾ ਦੇਣਾ ਅਮਰੀਕਾ ਤੇ ਪਨਾਮਾ ਦਰਮਿਆਨ 1977 ਵਿਚ ਹੋਏ ਸਮਝੌਤੇ ਦੀ ਉਲੰਘਣਾ ਹੈ ਜਿਸ ਅਨੁਸਾਰ ਅਮਰੀਕਾ ਦੀ ਸਹਿਮਤੀ ਤੋਂ ਬਿਨਾ ਕਿਸੇ ਤੀਸਰੇ ਦੇਸ਼ ਨੂੰ ਪਨਾਮਾ ਨਹਿਰ ਦੀ ਸਾਂਭ-ਸੰਭਾਲ ਜਾਂ ਸੰਚਾਲਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਚੀਨ ਦੀ ਇਸ ਦਖਲਅੰਦਾਜ਼ੀ ਬਾਰੇ ਅਮਰੀਕੀ ਸੈਨੇਟ ਵਿਚ 28 ਜਨਵਰੀ 2025 ਵਾਲੇ ਦਿਨ ਬਹਿਸ ਹੋਈ ਸੀ।

ਇਸ ਝਗੜੇ ਕਾਰਨ ਹੀ ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਉ ਨੇ ਆਪਣਾ ਪਹਿਲਾ ਵਿਦੇਸ਼ੀ ਦੌਰਾ ਪਨਾਮਾ ਦਾ ਕੀਤਾ ਤੇ ਇਸ ਸਬੰਧੀ ਪਨਾਮਾ ਦੇ ਰਾਸ਼ਟਰਪਤੀ ਨਾਲ ਵਿਸਥਾਰਤ ਗੱਲ-ਬਾਤ ਕੀਤੀ। ਇਸ ਤੋਂ ਬਾਅਦ ਪਨਾਮਾ ਦੇ ਰਾਸ਼ਟਰਪਤੀ ਨੇ ਇੱਕ ਪ੍ਰੈੱਸ ਕਾਨਫਰੰਸ ਵਿਚ ਦੱਸਿਆ ਕਿ




ਪਨਾਮਾ ਨਹਿਰ ਬਾਰੇ ਅਮਰੀਕਾ ਨਾਲ ਹੋਈ ਸੰਧੀ ਨੂੰ ਕੋਈ ਖਤਰਾ ਨਹੀਂ ਹੈ ਤੇ ਅਮਰੀਕਾ ਫੌਜੀ ਤਾਕਤ ਦੀ ਵਰਤੋਂ ਨਹੀਂ ਕਰੇਗਾ। ਪਨਾਮਾ ਅਮਰੀਕਾ ਦੀ ਗੈਰ ਕਾਨੂੰਨੀ ਪ੍ਰਵਾਸੀਆਂ ਅਤੇ ਨਸ਼ਿਆਂ ਦੇ ਸੰਗਠਿਤ ਅਪਰਾਧ ਦੇ ਖਿਲਾਫ ਪੂਰੀ ਮਦਦ ਕਰੇਗਾ। ਇਸ ਦੇ ਨਾਲ ਹੀ ਅਮਰੀਕਾ ਨੂੰ ਖੁਸ਼ ਕਰਨ ਲਈ ਪਨਾਮਾ ਨੇ ਚੀਨ ਦੇ ਬੈਲਟ ਐਂਡ ਰੋਡ ਪ੍ਰੋਗਰਾਮ ਦੀ ਮੈਂਬਰੀ ਛੱਡ ਦਿੱਤੀ ਹੈ ਤੇ ਹੁੱਚੀਸਨ ਪੋਰਟ ਹੋਲਡਿੰਗ ਅਤੇ ਚਾਈਨਾ ਹਾਰਬਰ ਇੰਜੀਨੀਅਰਿੰਗ ਕੰਪਨੀ ‘ਤੇ ਕੁਝ ਪਾਬੰਦੀਆਂ ਲਗਾਉਣ ਸਮੇਤ ਉਸ ਦੇ ਹਿਸਾਬ-ਕਿਤਾਬ ਦੀ ਆਡੀਟਿੰਗ ਵੀ ਸ਼ੁਰੂ ਕਰ ਦਿੱਤੀ ਹੈ। ਪਰ ਟਰੰਪ ਦਾ ਕੁਝ ਪਤਾ ਨਹੀਂ ਕਿ ਉਹ ਕਿਸ ਵੇਲੇ ਕੀ ਕਰ ਦੇਵੇ। ਜਿਸ ਤਰ੍ਹਾਂ ਉਹ ਕੈਨੇਡਾ ਤੇ ਮੈਕਸੀਕੋ ਵਰਗੇ ਆਪਣੇ ਮਿੱਤਰ ਦੇਸ਼ਾਂ ‘ਤੇ ਵਪਾਰਿਕ ਟੈਰਿਫ ਵਧਾ ਰਿਹਾ ਹੈ, ਉਹ ਪਨਾਮਾ ਨਹਿਰ ‘ਤੇ ਵੀ ਕਬਜ਼ਾ ਕਰ ਸਕਦਾ ਹੈ।

ਪਨਾਮਾ ਨਹਿਰ ‘ਤੋਂ ਇਲਾਵਾ ਟਰੰਪ ਗਰੀਨਲੈਂਡ ‘ਤੇ ਵੀ ਕਬਜ਼ਾ ਕਰਨਾ ਚਾਹੁੰਦਾ ਹੈ। ਗਰੀਨਲੈਂਡ ਦੁਨੀਆਂ ਦਾ ਸਭ ਤੋਂ ਵੱਡਾ ਟਾਪੂ ਹੈ ਜਿਸ ਦਾ ਖੇਤਰਫਲ ਤਕਰੀਬਨ 2166086 ਕਿ.ਮੀ. ਹੈ ਤੇ ਰਾਜਧਾਨੀ ਨੂਨਾ ਹੈ। ਐਨਾ ਵੱਡਾ ਇਲਾਕਾ ਹੋਣ ਦੇ ਬਾਵਜੂਦ ਇਸ ਦੀ ਅਬਾਦੀ ਸਿਰਫ 56000 ਦੇ ਕਰੀਬ ਹੈ। ਇਸ ਦਾ 80% ਇਲਾਕਾ ਸਾਰਾ ਸਾਲ ਬਰਫ ਜੰਮੇ ਰਹਿਣ ਕਾਰਨ ਤਕਰੀਬਨ ਸਾਰੀ ਅਬਾਦੀ ਦੱਖਣ ਪੱਛਮ ਵੱਲ ਸਥਿੱਤ ਰਾਜਧਾਨੀ ਨੂਕ ਦੇ ਆਸ-ਪਾਸ ਵੱਸਦੀ ਹੈ। ਭੂਗੋਲਿਕ ਤੌਰ ‘ਤੇ ਇਹ ਉੱਤਰੀ ਅਮਰੀਕਾ ਮਹਾਂਦੀਪ ਦਾ ਹਿੱਸਾ ਹੈ ਪਰ ਕਰੀਬ 300 ਸਾਲਾਂ ‘ਤੋਂ ਇਥੇ ਡੈਨਮਾਰਕ ਦਾ ਕਬਜ਼ਾ ਹੈ ਕਿਉਂਕਿ ਇਸ ਦੀ ਖੋਜ ਡੈਨਮਾਰਕ ਦੇ ਵਾਈਕਿੰਗ ਸਮੁੰਦਰੀ ਲੁਟੇਰਿਆਂ ਨੇ ਕੀਤੀ ਸੀ। ਸੈਂਕੜੇ ਸਾਲਾਂ ਤੱਕ ਇਸ ਨਾਲ ਗੁਲਾਮਾਂ ਵਰਗਾ ਵਿਹਾਰ ਕੀਤਾ ਗਿਆ, ਜਿਸ ਕਾਰਨ ਇਹ ਗਰੀਬ ਹੀ ਰਿਹਾ। ਪਰ 1953 ਵਿਚ ਇਸ ਨੂੰ ਡੈਨਮਾਰਕ ਦਾ ਹਿੱਸਾ ਬਣਾ ਲਿਆ ਗਿਆ ਤੇ ਸਾਰੇ ਗਰੀਨਲੈਂਡਰ ਡੈਨਮਾਰਕ ਦੇ ਸ਼ਹਿਰੀ ਬਣ ਗਏ। 1979 ਵਿਚ ਇੱਕ ਰੈਫਰੈਂਡਮ ‘ਤੋਂ ਬਾਅਦ ਇਸ ਨੂੰ ਇੱਕ ਤਰ੍ਹਾਂ ਨਾਲ ਅਜ਼ਾਦ ਕਰ ਦਿੱਤਾ ਗਿਆ ਤੇ ਸਿਰਫ ਵਿਦੇਸ਼ ਨੀਤੀ ਅਤੇ ਸੁਰੱਖਿਆ ‘ਤੇ ਡੈਨਮਾਰਕ ਨੇ ਆਪਣਾ ਕੰਟਰੋਲ ਰੱਖਿਆ। ਇਥੋਂ ਦੇ ਲੋਕਾਂ ਦੀ ਆਮਦਨ ਦਾ ਮੁੱਖ ਸਾਧਨ ਡੈਨਮਾਰਕ ਵੱਲੋਂ ਦਿੱਤੀ ਜਾਂਦੀ ਆਰਥਿਕ ਮਦਦ ਅਤੇ ਮੱਛੀਆਂ ਦਾ ਸ਼ਿਕਾਰ ਹੈ। ਗਰੀਨਲੈਂਡ ਦੀ ਦੂਰੀ ਡੈਨਮਾਰਕ ਤੋਂ 3600 ਕਿ.ਮੀ. ਅਤੇ ਅਮਰੀਕਾ ਤੋਂ 3134 ਕਿ.ਮੀ. ਦੇ ਕਰੀਬ ਹੈ ਤੇ ਇਹ ਉੱਤਰੀ ਧਰੁਵ ਦੇ ਨਜ਼ਦੀਕ ਹੈ।

ਟਰੰਪ ਦੀ ਗਰੀਨਲੈਂਡ ਨੂੰ ਹਾਸਲ ਕਰਨ ਦੀ ਇੱਛਾ ਦੇ ਕਈ ਕਾਰਨ ਹਨ। ਦੂਸਰੇ ਸੰਸਾਰ ਯੁੱਧ ਸਮੇਂ ਅਮਰੀਕਾ ਨੇ ਗਰੀਨਲੈਂਡ ਦੇ ਕੁਝ ਹਿੱਸੇ ‘ਤੇ ਕਬਜ਼ਾ ਕਰ ਕੇ ਇਥੇ ਇੱਕ ਵੱਡਾ ਫੌਜੀ ਅੱਡਾ ਬਣਾ ਲਿਆ ਸੀ। ਹੁਣ ਅਮਰੀਕਾ ਉਸ ਫੌਜੀ ਅੱਡੇ ਦਾ ਵਿਸਥਾਰ ਕਰ ਕੇ ਐਂਟੀ ਮਿਜ਼ਾਈਲ ਸਿਸਟਮ ਸਥਾਪਤ ਕਰਨਾ ਚਾਹੁੰਦਾ ਹੈ। ਕਿਉਂਕਿ ਜੇ ਕਦੇ ਰੂਸ ਨੇ ਅਮਰੀਕਾ ‘ਤੇ ਪ੍ਰਮਾਣੂ ਹਮਲਾ ਕੀਤਾ ਤਾਂ ਉਸ ਦੀਆਂ ਮਿਜ਼ਾਈਲਾਂ ਗਰੀਨਲੈਂਡ ਦੇ ਉੱਪਰ ਦੀ ਜਾਣਗੀਆਂ। ਇਸ ‘ਤੋਂ ਇਲਾਵਾ ਗਲੋਬਲ ਵਾਰਮਿੰਗ ਕਾਰਨ ਗਰੀਨਲੈਂਡ ਦਾ ਤਾਪਮਾਨ ਵੀ ਵਧ ਰਿਹਾ ਹੈ ਤੇ ਬਰਫ ਪਿਘਲ ਰਹੀ ਹੈ ਜਿਸ ਕਾਰਨ ਇਥੇ ਅਣਮੋਲ ਖਣਿਜਾਂ ਦੀ ਖੁਦਾਈ ਵਾਸਤੇ ਹਾਲਾਤ ਸਾਜ਼ਗਾਰ ਬਣਦੇ ਜਾ ਰਹੇ ਹਨ। ਟਰੰਪ ਪਹਿਲਾ ਅਮਰੀਕੀ ਰਾਸ਼ਟਰਪਤੀ ਨਹੀਂ ਹੈ, ਜੋ ਗਰੀਨਲੈਂਡ ‘ਤੇ ਕਬਜ਼ਾ ਕਰਨਾ ਚਾਹੁੰਦਾ ਹੈ, ਇਸ ‘ਤੋਂ ਪਹਿਲਾਂ ਵੀ ਅਜਿਹੀਆਂ ਕਈ ਕੋਸ਼ਿਸ਼ਾਂ ਹੋ ਚੁੱਕੀਆਂ ਹਨ। 1867 ਵਿਚ ਜਦੋਂ ਅਮਰੀਕਾ ਨੇ ਅਲਾਸਕਾ ਨੂੰ ਰੂਸ ਤੋਂ ਖਰੀਦਿਆ ਸੀ ਤਾਂ ਉਸ ਸਮੇਂ ਦੇ ਅਮਰੀਕੀ ਵਿਦੇਸ਼ ਮੰਤਰੀ ਵਿਲੀਅਮ ਸੀਵਾਰਡ ਨੇ ਡੈਨਮਾਰਕ ਕੋਲੋਂ ਗਰੀਨਲੈਂਡ ਖਰੀਦਣ ਦੀ ਕੋਸ਼ਿਸ਼ ਕੀਤੀ ਸੀ ਪਰ ਗੱਲ ਬਾਤ ਅਸਫਲ ਰਹੀ ਸੀ। 1946 ਵਿਚ ਅਮਰੀਕਾ ਨੇ ਦੁਬਾਰਾ ਡੈਨਮਾਰਕ ਨੂੰ 10 ਕਰੋੜ ਡਾਲਰ ਦੇਣ ਦੀ ਪੇਸ਼ਕਸ਼ ਕੀਤੀ ਸੀ। ਪਰ ਇਸ ਵਾਰ ਗਰੀਨਲੈਂਡਰਾਂ ਦੇ ਦਿਲਾਂ ਵਿਚ ਰਾਸ਼ਟਰਵਾਦ ਜ਼ੋਰਾਂ ‘ਤੇ ਹੈ ਤੇ ਪ੍ਰਧਾਨ ਮੰਤਰੀ ਤੋਂ ਲੈ ਕੇ ਆਮ ਜਨਤਾ ਤੱਕ ਕਹਿ ਰਹੀ ਹੈ ਕਿ ‘ਗਰੀਨਲੈਂਡ ਇਜ਼ ਨਾਟ ਫੌਰ ਸੇਲ।’

# ਰੂਹਾਨੀ ਭਾਵਨਾਵਾਂ ਦੇ ਪਤਾਲ ਵਿਚੋਂ ਉਪਜੀ ਕਿਰਤ – ‘ਮੌਨ ਦਾ ਅਨੁਵਾਦ’

ਕਵਿਤਾ ਸਿਰਜਣਾ ਜਣੇ-ਖਣੇ ਦੇ ਵੱਸ ਦਾ ਰੋਗ ਨਹੀਂ, ਕਵਿਤਾ ਲਿਖਣ ਲਈ ਉੱਚ ਅੰਤਰ-ਵਿਅਕਤੀਗਤ ਬੁੱਧੀ ਦੀ ਜ਼ਰੂਰਤ ਹੁੰਦੀ ਹੈ। ਕਾਵਿ-ਰਸ ਪ੍ਰੇਮੀ ਵੱਖ-ਵੱਖ ਕਾਰਨਾਂ ਕਰ ਕੇ ਕਵਿਤਾ ਦਾ ਆਨੰਦ ਮਾਣਦੇ ਹਨ, ਜੋ ਅਕਸਰ ਨਿੱਜੀ ਅਨੁਭਵਾਂ ਅਤੇ ਕਈ ਵਾਰ ਸਮਾਜਿਕ ਪ੍ਰਸਥਿਤੀਆਂ ਜਾਂ ਮੁਹੱਬਤ ਪੱਖੋਂ ਹਾਰੇ ਪਿਛੋਕੜ ਤੋਂ ਪ੍ਰਭਾਵਿਤ ਹੁੰਦੇ ਹਨ। ਕਵਿਤਾ ਨੂੰ ਇਸ ਦੀ ਸੰਖੇਪਤਾ, ਭਾਵਨਾਤਮਕ ਡੂੰਘਾਈ, ਤਾਲ ਅਤੇ ਗੁੰਝਲਦਾਰ ਵਿਚਾਰਾਂ ਨੂੰ ਕੁਝ ਸ਼ਬਦਾਂ ਵਿਚ ਵਿਅਕਤ ਕਰਨ ਦੀ ਯੋਗਤਾ ਲਈ ਪ੍ਰਸ਼ੰਸਾ ਕੀਤੀ ਜਾਂਦੀ ਹੈ, ਜਿਸ ਦੀ ਅਕਸਰ ਪਹੇਲੀਆਂ ਜਾਂ ਸੰਗੀਤ ਦੇ ਸੁਰ-ਤਾਲ ਨਾਲ ਵੀ ਤੁਲਨਾ ਹੁੰਦੀ ਹੈ। ਇਸ ਲਈ ਮੈਨੂੰ ਰੂਪ ਦਵਿੰਦਰ ਦੀ ਇਹ ਪੁਸਤਕ ਕਦੇ ਰੀਝਾਂ ਭਰੀ ਬਾਂਸੁਰੀ



**ਸ਼ਿਵਚਰਨ ਜੱਗੀ ਕੁੱਸਾ**
E-mail: jaggikussa@yahoo. de

ਦੀ ਲੈਅ ਜਾਪਦੀ ਹੈ, ਅਤੇ ਕਦੇ ਬਗ਼ਾਵਤ ਦਾ ਬਿਗਲ ਵਜਾਉਂਦੀ ਲੱਗਦੀ ਹੈ। ਕਦੇ ਉਹ, ‘ਵੇ ਲੈ ਦੇ ਮੈਨੂੰ ਮਖ਼ਮਲ ਦੀ, ਪੱਖੀ ਘੁੰਗਰੂਆਂ ਵਾਲੀ’ ਵਰਗੇ ਗੀਤ ਗਾਉਂਦੀ ਪ੍ਰਤੀਤ ਹੁੰਦੀ ਹੈ, ਅਤੇ ਕਦੇ ਹੱਥ ਵਿਚ ਸ਼ਮਸ਼ੀਰ ਫ਼ੜੀ ਵਿਦਰੋਹੀ ਨਜ਼ਰ ਪੈਂਦੀ ਹੈ।

ਰੂਪ ਦਵਿੰਦਰ ਕੌਰ ਨਾਲ ਮੇਰੀ ਪਲੇਠੀ ਮਿਲਣੀ ਵੀਨਸ ਟੀ.ਵੀ. ਦੇ ਸਟੂਡੀਓ ਵਿਚ ਹੋਈ ਸੀ। ਉਸ ਤੋਂ ਬਾਅਦ ਦੂਜੀ ਵਾਰ ਅਸੀਂ ਓਦੋਂ ਮਿਲੇ, ਜਦ ਉਸ ਨੇ 2012 ਵਿਚ ਮੇਰੀ ਇੰਟਰਵਿਊ ਕੀਤੀ। ਉਸ ਤੋਂ ਬਾਅਦ ਮਿਲਣ ਦਾ ਸਿਲਸਲਾ ਗਾਹੇ-ਬਗਾਹੇ ਚੱਲਦਾ ਰਿਹਾ। ਓਦੋਂ ਰੂਪ ਦਵਿੰਦਰ ਦਾ ਪਲੇਠਾ ਕਾਵਿ-ਸੰਗ੍ਰਹਿ ‘ਯਾਦਾਂ ਦੀ ਮਹਿਕ’ ਮਾਰਕੀਟ ਵਿਚ ਘੁੰਮ ਰਿਹਾ ਸੀ। ਪਰ ਜਦ ਵੀ ਉਹ ਮੈਨੂੰ ਮਿਲਦੀ, ਹਰ ਵਾਰ ਮੈਨੂੰ ਉਸ ਅੰਦਰ ਕੋਈ ਸਿਰਜਣਾ ਬਿਰਤੀ ਧੜਕਦੀ ਜਾਪਦੀ। ਕੋਈ ਸਵੈ-ਚਿੰਤਨ ਥਰਕਦਾ ਲੱਗਦਾ। ਕਦੇ ਵਿਚਾਰਾਂ ਦਾ ਜਵਾਲਾ-ਮੁਖੀ ਕਰਵੱਟ ਲੈਂਦਾ ਮਹਿਸੂਸ ਹੁੰਦਾ। ਸਵੈ-ਚਿੰਤਨ ਤੋਂ ਬਗੈਰ ਸਿਰਜਣਾ ਨਹੀਂ ਹੋ ਸਕਦੀ, ਅਤੇ ਸਵੈ-ਚਿੰਤਨ ਲਈ ਤੁਹਾਨੂੰ ਸਮਾਂ ਕੱਢਣਾ ਪੈਂਦਾ ਹੈ। ਜਿਵੇਂ ਸਿਆਣੇ ਕਹਿੰਦੇ ਹਨ ਕਿ ਅਕਲ ਕਿਸੇ ਦੀ ਮਾਂ ਦੀ ਨਹੀਂ ਹੁੰਦੀ, ਅਕਲ ਦਾ ਭੰਡਾਰ ਇੱਕ ਅਨਮੋਲ ਖ਼ਜ਼ਾਨਾ ਅਤੇ ਰੱਬੀ ਬਖ਼ਸ਼ਿਸ਼ ਹੁੰਦੀ ਹੈ। ਸਿਰਫ਼ ਅਕਲ ਹੀ ਨਹੀਂ, ਲਿਖਣ ਵਾਸਤੇ ਰੂਪ ਦਵਿੰਦਰ ਕੋਲ਼ ਫ਼ੌਲਾਦੀ ਜਿਗਰਾ ਅਤੇ ਸਾਹਸ ਵੀ ਹੈ, ਜਿਸ ਨਾਲ ਉਹ ‘ਵੇ ਰੱਬਾ’ ਰਚਨਾ ਰਚਦੀ ‘ਰੱਬ’ ਦੇ ਵੀ ਗਲ਼ ਪੈਂਦੀ ਹੈ:

ਵੇ ਰੱਬਾ! ਤੇਰੇ ਘਰ ਵਿਚ,
ਹੈਵਾਨ ਕਰਦਾ ਤਾਂਡਵ ਨਾਚ,
ਵੇ ਤੂੰ ਜਾਗਿਆ ਨਾ?


ਉੱਭਰ ਰਹੀ ਖੋਜ ਤੋਂ ਪਤਾ ਚੱਲਦਾ ਹੈ ਕਿ ਕਵਿਤਾ ਸਾਨੂੰ ਵਧੇਰੇ ਖ਼ੁਸ਼, ਸਿਹਤਮੰਦ ਅਤੇ ਇੱਕ-ਦੂਜੇ ਨਾਲ ਜੁੜੇ ਰਹਿਣ ਵਿਚ ਸਹਾਇਕ ਹੋ ਸਕਦੀ ਹੈ। ਪਰ ਇੱਕ ਕਵੀ, ਜਾਂ ਕਵਿੱਤਰੀ ਪਹਿਲਾਂ ਖ਼ੁਦ ਮੋਮਬੱਤੀ ਵਾਂਗ ਪਿਘਲਦੀ ਹੈ, ਭੱਠੀ ਦੇ ਲੋਹੇ ਵਾਂਗ ਢਲਦੀ ਹੈ ਅਤੇ ਫ਼ਿਰ ‘ਕੀ ਮੈਂ ਵਿਚਾਰੀ ਹਾਂ?’ ਵਿਚ ਕਈ ਪਹਿਲੂ ਉਜਾਗਰ ਕਰਦੀ ਹੈ:

ਮੈਂ ਸਿਆਲਾਂ ਦੀ ਹੀਰ ਹਾਂ, ਮੈਂ ਚੰਡੀ ਸ਼ਮਸ਼ੀਰ ਹਾਂ
ਮੈਂ ਰੂਪ ਹਾਂ, ਅਨੂਪ ਹਾਂ, ਮਹਿਕਾਂ ਦਾ ਸਰੂਪ ਹਾਂ...
ਮੈਂ ਨਾਰੀ ਹਾਂ, ਪਰ...ਕੀ ਮੈਂ ਵਿਚਾਰੀ ਹਾਂ?

ਇਹ ਅਖੀਰਲੀ ਸਤਰ ਪੜ੍ਹ ਕੇ ਪਾਠਕ ਰੂਪ ਦਵਿੰਦਰ ਦੀ ਰਚਨਾ ਦਾ ਹੀ ਨਹੀਂ, ਉਸ ਦੀ ਬਾਗ਼ੀ ਸੋਚ ਅਤੇ ਕਾਵਿ-ਉਡਾਰੀ ਦਾ ਵੀ ਕਾਇਲ ਹੋ ਜਾਂਦਾ ਹੈ। ਕਵਿਤਾ ਇੱਕ ਪ੍ਰਾਪਤ ਹੁਨਰ ਜਾਂ ਜਨਮਜ਼ਾਤ ਪ੍ਰਤਿਭਾ ਹੋ ਸਕਦੀ ਹੈ। ਰਸਮੀ ਸਿੱਖਿਆ ਦੇ ਨਾਲ, ਲੱਗਭੱਗ ਕੋਈ ਵੀ ਸ਼ਬਦਾਂ, ਵਿਚਾਰਾਂ, ਅਤੇ ਭਾਵਨਾਵਾਂ ਨੂੰ ਕਵਿਤਾ ਵਿਚ ਵਿਵਸਥਿਤ ਕਰ ਸਕਦਾ ਹੈ। ਹਾਲਾਂਕਿ ਕੁਝ ਲੋਕ ਕੁਦਰਤੀ ਤੌਰ ‘ਤੇ ਬਿਨਾ ਕਿਸੇ ਸਿਖਲਾਈ ਦੇ ਵੀ, ਆਪਣੇ ਆਪ ਨੂੰ ਬਿਨਾ ਕਿਸੇ ਮੁਸ਼ਕਿਲ ਦੇ ਪ੍ਰਗਟ ਕਰ ਕੇ, ਕਲਾ ਦੇ ਗਤੀਸ਼ੀਲ ਕਾਵਿਕ ਤਨਜ਼ਾਂ ਨੂੰ ਪੈਦਾ ਕਰਨ ਦੇ ਯੋਗ ਹੁੰਦੇ ਹਨ। ਅਮਰੀਕਨ ਮਨੋਵਿਗਿਆਨੀ ਹਾਵਰਡ ਗਾਰਡਨਰ ਦੁਆਰਾ ਆਪਣੀ ‘ਥਿਊਰੀ ਆਫ਼ ਮਲਟੀਪਲ ਇੰਟੈਲੀਜੈਂਸ’ ਵਿਚ ਸੱਤ ਕਿਸਮਾਂ ਦੀ ਬੁੱਧੀ ਦੀ ਪਹਿਚਾਣ ਕੀਤੀ ਗਈ- ਸਥਾਨਕ, ਸਰੀਰਕ ਗਤੀ ਸਥਿਤੀ, ਸੰਗੀਤਕ, ਭਾਸ਼ਾਈ, ਤਰਕ ਗਣਿਤਿਕ, ਅੰਤਰ-ਵਿਅਕਤੀ ਅਤੇ ਕੁਦਰਤੀ...। ਸੱਤ ਕਿਸਮਾਂ ਦੀ ਬੁੱਧੀ ਵਿਚੋਂ, ‘ਅੰਤਰ-ਵਿਅਕਤੀਗਤ ਬੁੱਧੀ’ ਨੂੰ ਸਭ ਤੋਂ ਦੁਰਲੱਭ ਮੰਨਿਆਂ ਜਾਂਦਾ ਹੈ ਅਤੇ ਅੰਤਰ-ਵਿਅਕਤੀਗਤ ਬੁੱਧੀ ਬਿਨਾ ਕੋਈ ਵੀ ਰਚਨਾ ਭਾਵਹੀਣ ਅਤੇ ਬੇਸੁਆਦੀ ਹੋਵੇਗੀ। ਰੂਪ ਦਵਿੰਦਰ ਕੋਲ ਅੰਤਰ-ਵਿਅਕਤੀਗਤ ਬੁੱਧੀ ਤਾਂ ਹੈ ਹੀ, ਜਿਸ ਨੂੰ ਸੁਚੱਜੀ ਵਰਤੋਂ ਵਿਚ ਲਿਆ ਕੇ ਉਹ ਬਿੰਬਆਤਮਿਕ ਅਤੇ ਮਾਰਮਿਕ ਸਿਰਜਣਾ ਕਰਦੀ ਪਾਠਕ ਨੂੰ ਹੈਰਾਨ ਕਰ ਜਾਂਦੀ ਹੈ:

ਹਾਉਕਾ ਜਦੋਂ ਲੈਂਦੀ ਹੈ ਪ੍ਰਿਥਵੀ, ਆ ਜਾਣ ਸੁਨਾਮੀਆਂ
ਰੋ ਪੈਂਦੇ ਨੇ ਧਰਤੀ ਨਾਲ ਹੀ ਸੂਰਜ ਚੰਨ ਅਸਮਾਨਾਂ ਦੇ
ਖ਼ੰਜਰਾਂ ਤਲਵਾਰਾਂ ਦੇ ਜ਼ਖ਼ਮਾਂ ‘ਤੇ ਹੋ ਜਾਵਣ ਮੱਲ੍ਹਮ ਪੱਟੀਆਂ
ਦਵਾ-ਦਾਰੂ ਨਾਲ ਭਰਦੇ ਕਦੀ ਨਾ ਡੂੰਘੇ ਫੱਟ ਜ਼ੁਬਾਨਾਂ ਦੇ...

ਕਵਿਤਾ ਤਣਾਅ, ਸਦਮੇਂ ਅਤੇ ਸੋਗ ਦੇ ਸਮੇਂ ਦੌਰਾਨ ਦਿਲਾਸੇ, ਸੰਜਮ ਅਤੇ ਧਰਵਾਸ ਦੀ ਸਰਦਲ ਬਣ ਸਕਦੀ ਹੈ।




ਸ਼ਬਦਾਂ ਅਤੇ ਅਲੰਕਾਰਾਂ ਦੇ ਸ਼ਕਤੀਸ਼ਾਲੀ ਸੁਮੇਲ ਸਾਨੂੰ ਆਪਣੇ ਆਪ ਨੂੰ ਬਿਹਤਰ ਢੰਗ ਨਾਲ ਪ੍ਰਗਟ ਕਰਨ, ਅਤੇ ਇਸ ਵਿਚ ਸਾਡੀ ਸਥਿਤੀ ਨੂੰ ਸਮਝਣ ਵਿਚ ਸਹਾਇਕ ਬਣਦੇ ਹਨ। ਸ਼ਬਦਾਂ ਅਤੇ ਅਲੰਕਾਰਾਂ ਨੂੰ ਇੱਕ ਧਾਗੇ ਵਿਚ ਪਰੋਅ ਕੇ ਸਜਾਉਣਾ ਰੂਪ ਦਵਿੰਦਰ ਬਾਖ਼ੂਬੀ ਜਾਣਦੀ ਹੈ ਅਤੇ ਸ਼ਬਦਾਂ ਦੇ ਮੋਤੀ

**ਪੁਸਤਕ ਚਰਚਾ**

ਚੁਗਣ ਦੀ ਉਸ ਨੂੰ ਬਾ-ਕਮਾਲ ਮੁਹਾਰਤ ਹਾਸਲ ਹੈ। ਸੱਚ ਅਤੇ ਸਮਰੱਥ ਲਿਖਣਾ ਉਸ ਦੇ ਹਿੱਸੇ ਆਇਆ ਹੈ;

ਇਸ ਕਾਲ-ਕੋਠੜੀ ਅੰਦਰ, ਹਨ੍ਹੇਰਾ ਹੀ ਹਨ੍ਹੇਰਾ ਸੀ,
ਇਸ ਨੂੰ ਚਿੱਟੇ ਚਾਨਣ ਨਾਲ ਰੁਸ਼ਨਾ ਰਿਹਾ ਕੋਈ।
ਸੌਣਾ ਤੇ ਮਰ ਜਾਣਾ ਇੱਕ ਬਰਾਬਰ ਹੀ ਹੁੰਦਾ,
ਗੂੜ੍ਹੀਆਂ ਨੀਂਦਾਂ ‘ਚੋਂ ਹੁਣ ਉਠਾ ਰਿਹਾ ਕੋਈ...

ਇਸ ਵਿਧੀ ਵਿਚ ਆਪਣੇ ਆਪ ਨੂੰ ਬਿਆਨਬਾਜ਼ੀ, ਜਾਂ ਕਾਵਿਕ ਢੰਗ ਨਾਲ ਪ੍ਰਗਟ ਕਰਨ ਲਈ ਭਾਸ਼ਾ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕਰਨ ਦੀ ਯੋਗਤਾ ਰੂਪ ਦਵਿੰਦਰ ਦੀਆਂ ਲਿਖਤਾਂ ਵਿਚ ਪ੍ਰਤੱਖ ਝਲਕਦੀ ਹੈ ਅਤੇ ਇਸੇ ਵਿਧੀ-ਵਿਧਾਨ ਨੂੰ ਸਾਧਨ ਵਜੋਂ ਵਰਤਣ ਵਾਲੇ ਕਵੀਆਂ ਨੂੰ ਹਾਵਰਡ ਗਾਰਡਨਰ ਉੱਚ-ਭਾਸ਼ਾਈ ਬੁੱਧੀ ਵਾਲੇ ਕਵੀ ਮੰਨਦਾ ਹੈ। ਪਾਠਕਾਂ ਨੂੰ ਸੇਧ ਦੇਣ ਵਾਲੀਆਂ ਲਿਖਤਾਂ ਅਰਪਨ ਕਰਨ ਵਾਲੀਆਂ ਸ਼ਖ਼ਸ਼ੀਅਤਾਂ ਆਪਣੀ ਸੰਵੇਦਨਸ਼ੀਲਤਾ ਅਤੇ ਪ੍ਰਮਾਣਿਕਤਾ ਪ੍ਰਤੀ ਆਪਣੀ ਵਚਨਬੱਧਤਾ ਦੇ ਨਾਲ, ਇਸ ਸਖਸ਼ੀਅਤ ਕਿਸਮ ਵਾਲੇ ਲੋਕ ਰਚਨਾਤਮਕ ਸਵੈ-ਪ੍ਰਗਟਾਵੇ ਲਈ ਮੌਕਿਆਂ ਦੀ ਇੱਛਾ ਰੱਖਦੇ ਹਨ। ਰੂਪ ਦਵਿੰਦਰ ਕੌਰ ਵਰਗੀ ਉੱਚੀ-ਸੁੱਚੀ ਉਤਸੁਕਤਾ ਅਤੇ ਸਿੱਖਣ ਦੀ ਅਭਿਲਾਸ਼ੀ, ਰਚਨਾ ਦੇ ਹਾਣ ਅਨੁਸਾਰ ਉਸ ਦੀ ਅਨੁਕੂਲਤਾ ਅਤੇ ਲਚਕਤਾ, ਪ੍ਰਤੀਬਿੰਬਤ ਕਰਨ ਅਤੇ ਸਵੈ-ਆਲੋਚਨਾ ਕਰਨ ਦੀ ਹਿੰਮਤ ਅਤੇ ਯੋਗਤਾ, ਆਪਣਾ ਸਮਾਜ ਅਤੇ ਲੋਕਾਂ ਲਈ ਹਮਦਰਦੀ ਅਤੇ ਸਮਾਜਿਕ ਸੰਵੇਦਨਸ਼ੀਲਤਾ, ਹਰ ਸਮੱਸਿਆ ਨੂੰ ਹੱਲ ਕਰਨ ਦੇ ਮਜਬੂਤ ਇਰਾਦੇ ਅਤੇ ਹੁਨਰ, ਆਪਣਿਆਂ ਪ੍ਰਤੀ ਨਿਮਰਤਾ ਦੀ ਭਾਵਨਾ, ਉਸ ਦੇ ਦ੍ਰਿੜ ਇਰਾਦਿਆਂ ਦੀ ਇਬਾਰਤ ਅਤੇ ਇਬਾਦਤ, ਸੌੜੇ ਵਿਚਾਰ ਅਤੇ ਸੜਿਆ ਗਲਿਆ ਸਿਆਸਤੀ ਢਾਂਚਾ ਬਦਲਣ ਦੀ ਲਗਨ, ਨਿਮਰਤਾ ਅਤੇ ਕੁਝ ਕਰ ਗੁਜ਼ਰਨ ਦੀ ਭਾਵਨਾ ਉਸ ਦੇ ਰੌਸ਼ਨ ਦਿਮਾਗ, ਇਮਾਨਦਾਰੀ ਅਤੇ ਵਫ਼ਾਦਾਰੀ ਦੀ ਸ਼ਾਹਦੀ ਭਰਦੇ ਹਨ। ਮੈਂ ਰੂਪ ਦਵਿੰਦਰ ਕੌਰ ਦੀ ਹਥਲੀ ਪੁਸਤਕ ‘ਮੌਨ ਦਾ ਅਨੁਵਾਦ’ ਨੂੰ ਬਾਂਹਾਂ ਅੱਡ ਕੇ ‘ਜੀ ਆਇਆਂ’ ਆਖਦਾ ਹੋਇਆ ਹਾਰਦਿਕ ਵਧਾਈ ਪੇਸ਼ ਕਰਦਾ ਹਾਂ ਅਤੇ ਮੈਨੂੰ ਉਸ ਦੀਆਂ ਅਗਲੀਆਂ ਰਚਨਾਵਾਂ ਦੀ ਬੇਸਬਰੀ ਨਾਲ ਉਡੀਕ ਰਹੇਗੀ। ਆਮੀਨ!

# ਵੀਡੀਓ ਸੰਪਾਦਨ ਕਲਾ ਦਾ ਜਾਦੂਗਰ

# ਤਰਸੇਮ ਬੱਧਣ

ਸਤੀਸ਼ ਦਰਦੀ



ਪਿੰਡ ਪਤਾਰੇ ਦੇ ਜੰਮਪਲ ਤਰਸੇਮ ਬੱਧਣ ਨੇ ਕਦੇ ਸੋਚਿਆ ਨਹੀਂ ਸੀ ਕਿ ਮੁੰਬਈ ਫ਼ਿਲਮ ਨਗਰੀ 'ਚ ਏਨੀ ਪ੍ਰਸਿੱਧੀ ਪ੍ਰਾਪਤ ਕਰੇਗਾ। ਤਰਸੇਮ ਬੱਧਣ ਫ਼ਿਲਮ ਨਗਰੀ ਦਾ ਅਜਿਹਾ ਪਹਿਲਾ ਫ਼ਿਲਮ ਐਡੀਟਰ ਬਣਿਆ, ਜਿਸ ਨੇ ਦਸ ਭਾਸ਼ਾਵਾਂ ਦੀਆਂ ਫ਼ਿਲਮਾਂ ਐਡਿਟ ਕਰਕੇ ਰਿਕਾਰਡ ਬਣਾਇਆ। ਪਿੰਡ ਦੇ ਸਕੂਲ 'ਚੋਂ ਦਸਵੀਂ ਕਰਕੇ ਡੀ.ਏ.ਵੀ. ਕਾਲਜ ਜਲੰਧਰ ਤੋਂ ਬੀ.ਏ. ਫਿਰ ਗੌਰਮਿੰਟ ਟ੍ਰੇਨਿੰਗ ਕਾਲਜ 'ਚੋਂ ਪੜ੍ਹਾਈ ਕੀਤੀ। ਪੜ੍ਹਾਈ ਕਰਨ ਦੇ ਬਾਅਦ ਹੀ ਤਰਸੇਮ ਬੱਧਣ ਮੁੰਬਈ ਚਲੇ ਗਿਆ। ਕਾਲਜ ਪਾਸ ਕਰਨ ਦੇ ਬਾਅਦ ਤਰਸੇਮ ਪ੍ਰਸਿੱਧ ਅੰਤਰਰਾਸ਼ਟਰੀ ਲੇਖਕ ਦੀਪਕ ਜਲੰਧਰੀ ਦੇ ਦਫ਼ਤਰ 'ਚ ਲੱਗਾ, ਜਿੱਥੇ ਇਕਬਾਲ ਚਾਨਾ ਤੇ ਪ੍ਰਸਿੱਧ ਲੇਖਕ ਕੁਲਦੀਪ ਸਿੰਘ ਬੇਦੀ ਨਾਲ ਰਾਬਤਾ ਕਾਇਮ ਹੋਇਆ। ਉਸ ਦਾ ਮੁੰਬਈ ਦਾ ਸਫ਼ਰ ਸ਼ੁਰੂ ਕਰਵਾਉਣ ਵਾਲੇ ਪ੍ਰਸਿੱਧ ਲੇਖਕ ਤੇ ਨਿਰਦੇਸ਼ਕ ਇਕਬਾਲ ਚਾਨਾ ਤੇ ਕੁਲਦੀਪ ਸਿੰਘ ਬੇਦੀ ਹਨ।

ਮੁੰਬਈ 'ਚ ਠਹਿਰਣ ਦਾ ਇੰਤਜ਼ਾਮ ਵੀ ਚਾਨਾ ਜੀ ਤੇ ਬੇਦੀ ਸਾਹਿਬ ਨੇ ਬਾਬੂ ਸਿੰਘ ਮਾਨ ਦੇ ਫਲੈਟ 'ਚ ਕਰਵਾਇਆ। ਮੁੰਬਈ ਦੇ ਮਹਿੰਗੇ ਸ਼ਹਿਰ ਲਈ ਜੇਬ ਖਰਚ ਲਈ ਬੇਦੀ ਸਾਹਿਬ ਨੇ 'ਜੱਗਬਾਣੀ' 'ਚ ਕਾਲਮ 'ਫ਼ਿਲਮ ਦਰਪਣ' ਸ਼ੁਰੂ ਕਰਵਾਇਆ। ਮੁੰਬਈ 'ਚ ਪਹਿਲਾਂ ਐਡੀਟਰ ਅੰਮ੍ਰਿਤ ਰਾਣਾ ਜੀ ਨਾਲ ਸਹਾਇਕ ਬਣਿਆ ਪਰ ਇਨ੍ਹਾਂ ਦੇ ਦਿਹਾਂਤ ਦੇ ਬਾਅਦ ਪ੍ਰਸਿੱਧ ਫ਼ਿਲਮ ਐਡੀਟਰ ਓਮ ਪ੍ਰਕਾਸ਼ ਮੱਕੜ ਨਾਲ ਸਹਾਇਕ ਬਣਿਆ। ਓਮੀ ਜੀ ਉਸ ਸਮੇਂ ਫ਼ਿਲਮ 'ਐਲਾਨੇ ਜੰਗ' ਐਡਿਟ ਕਰ ਰਹੇ ਸਨ। ਤਰਸੇਮ ਬੱਧਣ ਇਸ ਫ਼ਿਲਮ 'ਚ ਚੌਥਾ ਸਹਾਇਕ ਸੀ ਪਰ ਜਿਸ ਸਮੇਂ ਇਹ ਫ਼ਿਲਮ ਰਿਲੀਜ਼ ਹੋਈ ਤਾਂ ਬੱਧਣ ਚੀਫ਼ ਅਸਿਸਟੈਂਟ ਸੀ। ਫਿਰ ਅਨਿਲ ਸ਼ਰਮਾ ਨਾਲ 'ਤਹਿਲਕਾ', 'ਫ਼ਰਿਸ਼ਤੇ' ਤੇ 'ਸ਼ਰਧਾਂਜਲੀ' ਫ਼ਿਲਮਾਂ ਕੀਤੀਆਂ। 'ਤਹਿਲਕਾ' ਫ਼ਿਲਮ ਦੇ ਇਲਾਵਾ ਹੋਰ ਵੀ ਬਹੁਤ ਸਾਰੀਆਂ ਫ਼ਿਲਮਾਂ 'ਚ ਬੱਧਣ ਮੁੱਖ ਸਹਾਇਕ ਸੀ। ਐਡੀਟਿੰਗ ਦੀਆਂ ਬਾਰੀਕੀਆਂ ਓਮ ਪ੍ਰਕਾਸ਼ ਮੱਕੜ ਪਾਸੋਂ ਹੀ ਸਿੱਖੀਆਂ। ਅਨਿਲ ਸ਼ਰਮਾ ਨਾਲ ਰਹਿ ਕੇ ਬਹੁਤ ਕੁਝ ਸਿੱਖਣ ਨੂੰ ਮਿਲਿਆ।ਅਨਿਲ ਸ਼ਰਮਾ ਬੱਧਣ ਨੂੰ ਵਧੀਆ ਟੈਕਨੀਸ਼ੀਅਨ ਮੰਨਦੇ ਸਨ। 'ਐਲਾਨ-ਏ-ਜੰਗ ਦੀ ਡਬਿੰਗ ਲਈ ਧਰਮਿੰਦਰ ਦੇ 'ਸੰਨੀ ਸੁਪਰ ਸਾਊਂਡ' ਵਿਚ ਜਾਣਾ ਪੈਂਦਾ ਸੀ, ਉਹ ਵੀ ਤੜਕੇ 4 ਵਜੇ ਕਈ ਦਿਨ ਅਨਿਲ ਸ਼ਰਮਾ ਦੇ ਸਹਾਇਕ ਸ਼ੀਤਲ ਨਾਲ ਜਾ ਕੇ ਡਬਿੰਗ ਮੁਕੰਮਲ ਕਰਵਾਈ।

ਨਿਰਦੇਸ਼ਕ ਸਈ ਪਰਾਂਜਪੇ ਦੀ ਫ਼ਿਲਮ 'ਦਿਸ਼ਾ' ਲਈ ਨਾਨਾ ਪਾਟੇਕਰ ਤੇ ਸ਼ਬਾਨਾ ਆਜ਼ਮੀ ਨੇ ਵਿਸ਼ੇਸ਼ ਸਨਮਾਨ ਕੀਤਾ। ਦਰਅਸਲ ਮੁੱਖ ਸੰਪਾਦਕ ਤਾਂ ਐਡਿਟ ਕਰ ਦਿੰਦਾ ਹੈ ਲੇਕਿਨ ਬਹੁਤ ਜ਼ਿਆਦਾ ਤਕਨੀਕੀ ਕੰਮ ਤਾਂ ਮੁੱਖ ਸਹਾਇਕ ਨੂੰ ਕਰਨੇ ਪੈਂਦੇ ਹਨ। ਸਈ ਪਰਾਂਜਪੇ ਤੇ ਉਨ੍ਹਾਂ ਦੀ ਟੀਮ ਬੱਧਣ ਤੋਂ ਕਾਫੀ ਖੁਸ਼ ਸੀ। 1993 ਤੋਂ ਪੰਜਾਬੀ ਫ਼ਿਲਮ 'ਕੁੜੀ ਕੈਨੇਡਾ ਦੀ' ਤੋਂ ਤਰਸੇਮ ਬੱਧਣ ਸੰਪਾਦਕ ਪੱਕੇ ਤੌਰ 'ਤੇ ਬਣ ਗਿਆ। ਇਸ ਫ਼ਿਲਮ ਦਾ ਨਿਰਦੇਸ਼ਨ ਮੋਹਣ ਸਿੰਘ ਕੰਗ ਨੇ ਕੀਤਾ।

ਡੀ ਡੀ ਵੰਨ, ਸ਼ਰਧਾ ਚੈਨਲ, ਸਾਧਨਾ ਤੇ ਹੋਰ ਵੱਖ-ਵੱਖ ਚੈਨਲਾਂ ਲਈ ਅੱਜ ਵੀ ਕਈ ਪ੍ਰੋਗਰਾਮ ਕਰ ਰਹੇ ਹਨ। ਤਰਸੇਮ ਬੱਧਣ ਦਾ ਕਹਿਣਾ ਹੈ ਕਿ ਜ਼ਿੰਦਗੀ 'ਚ ਕੁਝ ਵੀ ਕਰਨ ਲਈ ਇਕ ਉਦੇਸ਼ ਹੋਣਾ ਬਹੁਤ ਜ਼ਰੂਰੀ ਹੈ, ਜਿਸ ਲਈ ਸਹੀ ਦਿਸ਼ਾ 'ਚ ਮਿਹਨਤ ਬਹੁਤ ਜ਼ਰੂਰੀ ਹੈ। ਆਤਮ ਸਮਰਪਣ, ਸਿਹਤ, ਨੋ ਸ਼ਾਰਟਕੱਟ, ਸਮੇਂ ਦੇ ਪਾਬੰਦ, ਸਹੀ ਕਿੱਤਾ ਚੁਣਨਾ, ਆਪਣੇ ਕੰਮ 'ਤੇ ਫੋਕਸ, ਨਵਾਂ ਗਿਆਨ ਪ੍ਰਾਪਤ ਕਰਦੇ ਰਹਿਣਾ ਬਹੁਤ ਜ਼ਰੂਰੀ ਹੈ। ਇਨ੍ਹਾਂ ਗੱਲਾਂ ਦਾ ਧਿਆਨ ਰੱਖੋਗੇ ਤਾਂ ਜ਼ਰੂਰ ਹੀ ਸਫ਼ਲ ਹੋਵੋਗੇ।



ਤਰਸੇਮ ਬੱਧਣ ਨੇ ਲਗਭਗ 10 ਭਾਸ਼ਾਈ ਫ਼ਿਲਮਾਂ ਦੀ ਐਡੀਟਿੰਗ ਕੀਤੀ ਹੈ, ਜਿਸ ਵਿਚ ਹਿੰਦੀ, ਪੰਜਾਬੀ, ਅੰਗਰੇਜ਼ੀ, ਹਿਮਾਚਲੀ, ਕੰਨੜ, ਕਸ਼ਮੀਰੀ, ਮਰਾਠੀ, ਬੰਗਾਲੀ, ਭੋਜਪੁਰੀ, ਤਾਮਿਲ ਤੇ ਗਜਵਾਲੀ ਆਦਿ ਪ੍ਰਮੁੱਖ ਹਨ। ਬਾਲੀਵੁੱਡ ਫ਼ਿਲਮਾਂ 'ਤੇ ਵੀ ਕਿਤਾਬ ਤਿਆਰ ਹੈ, ਜਿਸ ਵਿਚ ਸਾਈਲੈਂਟ ਫ਼ਿਲਮਾਂ (ਬਿਨਾਂ ਆਵਾਜ਼ ਦੇ ਫ਼ਿਲਮਾਂ) ਤੋਂ ਲੈ ਕੇ ਅੱਜ ਤੱਕ ਦਾ ਸਫ਼ਰ ਹੈ। ਫ਼ਿਲਮੀ ਦੁਨੀਆ 'ਤੇ ਖੋਜ ਦਾ ਕੰਮ ਬੱਧਣ ਨੇ ਬਹੁਤ ਕੀਤਾ। ਜੱਗਬਾਣੀ ਦੇ ਬਾਅਦ ਤਰਸੇਮ ਬੱਧਣ 'ਰੋਜ਼ਾਨਾ ਅਜੀਤ' ਲਈ ਲਿਖਦੇ ਰਹੇ। ਅੱਜ ਵੀ ਅਜੀਤ' 'ਚ ਤਕਨੀਕੀ ਸੇਵਾਵਾਂ ਦੇ ਰਹੇ ਹਨ।

ਤਰਸੇਮ ਬੱਧਣ ਦੀਆਂ ਐਡਿਟ ਫ਼ਿਲਮਾਂ ਨੂੰ ਕਈ ਐਵਾਰਡ ਵੀ ਮਿਲ ਚੁੱਕੇ ਹਨ। ਪੰਜਾਬੀ ਫ਼ਿਲਮ 'ਮੈਂ ਮਾਂ ਪੰਜਾਬ ਦੀ' ਨੂੰ ਨੈਸ਼ਨਲ ਐਵਾਰਡ, ਸੁਨੀਬ ਬੱਬਰ ਦੀ ਅੰਗਰੇਜ਼ੀ ਫ਼ਿਲਮਾਂ 'ਐਂਟਸ' ਨੂੰ ਅਮਰੀਕਾ ਦੇ ''ਯੈਲੋ ਸਟੋਨ ਫ਼ਿਲਮ ਫੈਸਟੀਵਲ'' 'ਚੋਂ ਐਵਾਰਡ ਮਿਲ ਚੁੱਕਾ ਹੈ। ਰੇਡੀਓ, ਟੀ.ਵੀ., ਫ਼ਿਲਮਾਂ ਤੇ ਡਾਕੂਮੈਂਟਰੀ ਫ਼ਿਲਮਾਂ ਲਈ ਵੀ ਐਵਾਰਡ ਮਿਲ ਚੁੱਕੇ ਹਨ। ਬੀਤੇ ਦਿਨੀਂ ਢਾਹਾਂ ਕਲੇਰਾਂ ਹਸਪਤਾਲ 'ਤੇ ਬਣੀ ਡਾਕੂਮੈਂਟਰੀ ਨੂੰ ਕਾਫੀ ਪਸੰਦ ਕੀਤਾ ਗਿਆ, ਜੋ ਕਈ ਭਾਸ਼ਾਵਾਂ 'ਚ ਤਿਆਰ ਹੋ ਰਹੀ ਹੈ। 'ਢਾਹਾਂ ਕਲੇਰਾਂ ਹਸਪਤਾਲ' ਦੇ 40 ਸਾਲ ਪੂਰੇ ਹੋਣ 'ਤੇ ਤਰਸੇਮ ਬੱਧਣ ਨੇ ਇਸ ਡਾਕੂਮੈਂਟਰੀ ਨੂੰ ਤਿਆਰ ਕੀਤਾ। ਬਤੌਰ ਨਿਰਦੇਸ਼ਨ ਇਨ੍ਹਾਂ ਦੇ ਕੰਮ ਨੂੰ ਕਾਫੀ ਪਸੰਦ ਕੀਤਾ ਗਿਆ। ਡਾ. ਕੁਲਵਿੰਦਰ ਸਿੰਘ ਤੇ ਉਨ੍ਹਾਂ ਦੀ ਟੀਮ ਨੇ ਬੱਧਣ ਦਾ ਸਨਮਾਨ ਵੀ ਕੀਤਾ। ਮੁੰਬਈ ਸਖ਼ਤ ਮਿਹਨਤ ਦਾ ਸ਼ਹਿਰ ਹੈ। ਇਥੇ ਮਿਹਨਤ ਬਹੁਤ ਕਰਨੀ ਪੈਂਦੀ ਹੈ। ਪਰ ਬੁਲੰਦ ਹੌਸਲੇ ਨਾਲ ਮਿਹਨਤ ਕਰਦੇ ਜਾਓ ਸਫਲਤਾ ਆਪਣੇ-ਆਪ ਹੀ ਮਿਲਦੀ ਹੈ। ਇਸ ਲਈ ਜਨੂੰਨ, ਲਗਨ ਚਾਹੀਦੀ ਹੈ। ਫ਼ਿਲਮੀ ਦੁਨੀਆ 'ਚ ਐਕਟਰ ਹੀ ਨਹੀਂ ਬਣਿਆ ਜਾਂਦਾ,ਸਗੋਂ ਹੋਰ ਵੀ ਬਹੁਤ ਸਾਰੇ ਵਿਭਾਗ ਹਨ, ਜਿਨ੍ਹਾਂ ਵਿਚ ਸਾਡੇ ਨੌਜਵਾਨ ਕਿਸਮਤ ਅਜ਼ਮਾ ਸਕਦੇ ਹਨ। ਅੱਜ ਦੇ ਡਿਜੀਟਲ ਯੁੱਗ 'ਚ ਮੁੰਬਈ 'ਚ ਬਹੁਤ ਕੰਮ ਹੈ। ਬਸ ਜਨੂੰਨ ਚਾਹੀਦਾ ਹੈ। ਸਫਲਤਾ ਜ਼ਰੂਰ ਮਿਲਦੀ ਹੈ, ਬੇਸ਼ੱਕ ਲੇਟ ਮਿਲੇ। ਤਰਸੇਮ ਬੱਧਣ ਦੀ ਤਿਆਰ ਡਾਕੂਮੈਂਟਰੀ 'ਫ਼ਿਲਮੋਂ ਮੇਂ ਕੈਸੇ ਆਏਂ ਵੀ ਆ ਰਹੀ ਹੈ, ਜੋ ਭਾਰਤ ਦੀ ਪਹਿਲੀ ਅਜਿਹੀ ਡਾਕੂਮੈਂਟਰੀ ਹੈ ਜੋ ਫ਼ਿਲਮ ਮੇਕਿੰਗ 'ਤੇ ਹੈ। ਇਸ ਡਾਕੂਮੈਂਟਰੀ 'ਚ ਐਕਟਿੰਗ, ਨਿਰਦੇਸ਼ਨ, ਨਿਰਮਾਤਾ, ਗੀਤ-ਸੰਗੀਤ, ਤੇ ਫ਼ਿਲਮੀ ਦੁਨੀਆ ਦੇ ਹਰ ਡਿਪਾਰਟਮੈਂਟ ਬਾਰੇ ਡਿਟੇਲ 'ਚ ਦੱਸਿਆ ਗਿਆ ਹੈ। ਇਸ ਵਿਚ ਹਰੇਕ ਡਿਪਾਰਟਮੈਂਟ ਬਾਰੇ ਵੱਖ-ਵੱਖ ਫ਼ਿਲਮ ਕਲਾਕਾਰਾਂ ਦੀਆਂ ਮੁਲਾਕਾਤਾਂ ਵੀ ਹਨ। ਤਰਸੇਮ ਬੱਧਣ ਦਾ ਕਹਿਣਾ ਹੈ ਕਿ ਪੜ੍ਹਿਆ-ਲਿਖਿਆ ਤਕਨੀਕੀ ਬੰਦਾ ਮੁੰਬਈ 'ਚ ਕਦੇ ਭੁੱਖਾ ਨਹੀਂ ਮਰਦਾ। ਇਥੇ ਜ਼ਿਆਦਾਤਰ ਲੋਕ ਸੁਪਨਿਆਂ ਦੇ ਮਹੱਲਾਂ 'ਚ ਰਹਿ ਕੇ ਫ਼ਿਲਮ ਫੈਸਟੀਵਲਾਂ 'ਚ ਜਾ ਕੇ ਦੂਜਿਆਂ ਦੀਆਂ ਫ਼ਿਲਮਾਂ ਦੀ ਨੁਕਤਾਚੀਨੀ ਕਰਦੇ ਹਨ। ਇਹ ਉਨ੍ਹਾਂ ਫ਼ਿਲਮਾਂ ਦੀ ਨੁਕਤਾਚੀਨੀ ਕਰਦੇ ਹਨ, ਜਿਨ੍ਹਾਂ ਨੇ ਵਿਸ਼ਵ ਪੱਧਰ 'ਤੇ ਐਵਾਰਡ ਜਿੱਤੇ ਹੁੰਦੇ ਹਨ।

ਕਲਾ ਪਰਿਕਰਮਾ

ਮੁੰਬਈ ਫ਼ਿਲਮ ਯਾਤਰਾ ਦੌਰਾਨ ਜਿੱਥੇ ਪਰਿਵਾਰ ਦਾ ਸਹਿਯੋਗ ਰਿਹਾ, ਉੱਥੇ ਖਾਸ ਦੋਸਤਾਂ ਸਵਾਮੀ ਸਿਕੰਦਰ, ਗੁਰਦੀਪ, ਪ੍ਰੇਮ ਕੁਮਾਰ ਚੁੰਬਰ ਤੇ ਸਭ ਤੋਂ ਵੱਡਾ ਸਹਿਯੋਗ ਡਾ.ਬਰਜਿੰਦਰ ਸਿੰਘ ਹਮਦਰਦ ਤੇ ਗੁਰਜੋਤ ਕੌਰ ਦਾ, ਜੋ ਅੱਜ ਵੀ ਸਹਿਯੋਗ ਕਰ ਰਹੇ ਹਨ। ਆਪਣੇ ਪਰਿਵਾਰ, ਆਪਣੇ ਦੋਸਤਾਂ ਤੇ ਹਰੇਕ ਨਾਲ ਖਿੜੇ ਮੱਥੇ ਮਿਲੋ ਤਾਂ ਜ਼ਿੰਦਗੀ ਸਵਰਗ ਹੈ। ਪਰਿਵਾਰ 'ਚ ਉਸ ਦੀ ਪਤਨੀ ਸ੍ਰੀਮਤੀ ਆਸ਼ਾ ਬੱਧਣ ਤੇ ਦੋਵੇਂ ਬੇਟਿਆਂ ਮਹੇਸ਼ ਤੇ ਦੇਵਾਂਸ਼ ਦਾ ਅੱਜ ਵੀ ਸਹਿਯੋਗ ਹੈ।

*-99153-85801*



## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 3 ਮਈ 2025 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-688



*ਚੱਲੀਆਂ ਕੰਬਾਈਨਾਂ ਘਰੇ ਦਾਣੇ ਆ ਗਏ*
*ਪਿੰਡਾਂ ਵਿੱਚ ਟੈਂਪੂ ਭਰ ਸਿਆਣੇ ਆ ਗਏ*
*ਆਪ ਭਾਵੇਂ ਡਿੱਗ ਟੁੱਟ ਜਾਏ ਲੱਤ ਜੀ*
*ਦਾਣਿਆਂ ਦੀ ਡੁੱਲ ਨਾ ਜਾਵੇ ਲੱਪ ਜੀ।*

### ਕੈਪਸ਼ਨ ਮੁਕਾਬਲਾ-686



ਸਿਰ ਧਰ ਪੰਡਾਂ ਭਰ ਕੇ ਲਿਆਉਣਾ।
ਅੱਧਾ ਗ੍ਰਹਿਸਤ ਦਾ ਭਾਰ ਵੰਡਾਉਣਾ।
ਚੁੱਲ੍ਹਾ ਚੌਂਕਾ ਭੀ ਸਾਂਭ ਸੰਭਾਲਣਾ।
ਬਾਲ-ਬੱਚਿਆਂ ਨੂੰ ਵੀ ਪਾਲਣਾ।
ਮਾਲ ਡੰਗਰਾਂ ਨੂੰ ਕੱਖ ਪਾਉਣੇ।
ਸੰਝ-ਸਵੇਰੇ ਧਾਰਾਂ ਦੁੱਧ ਚੋਣੇ।
ਚੱਕੀਆਂ ਦੇ ਵਿਚ ਦਾਣੇ ਪੀਹਣੇ।
ਭੀ ਉਖਲੀਂ ਮਿਲ ਚੌਲ ਕੁੱਟਣੇ।
ਭੱਤਾ ਲੈ ਚਾਈਂ ਖੇਤ ਨੂੰ ਜਾਣਾ।
ਭਤਾਰ ਪਿਆਰੇ ਲਈ ਮੁਸਕਾਣਾ।
ਵਾਹ! ਪੰਜਾਬਣਾਂ ਪੰਜਾਬ ਦੀਆਂ ਜਾਈਆਂ।
ਸਾਈਂ ਆਪਣੇ ਨਾਲ ਕਰਨ ਕਮਾਈਆਂ।
ਫੇਰ ਵੀ ਕਦੇ ਨਾ ਆਪ ਜਣਾਇਆ।
ਢੋਲ ਮਾਹੀ ਬਸ ਅੱਗੇ ਰਖਾਇਆ।
ਕੁਰਬਾਨੀ ਦੀ ਸੀ ਮੂਰਤ ਦਿਸਦੀ।
ਸੀ ਸੁੰਦਰ ਸੀਰਤ ਸੂਰਤ ਜਿਸਦੀ।
ਨਜ਼ਰ ਨਾ ਆਵਣ ਜੇ ਲੱਭਣ ਜਾਵਾਂ।
ਕਿੱਧਰ ਗਈਆਂ ਉਹ ਭੈਣਾਂ ਮਾਵਾਂ।
ਸਮੇਟ 'ਨਾਕਾਮ' ਤੂੰ ਆਪਣਾ ਚੁੱਲ੍ਹਾ।
ਤੰਗ-ਦਿਲੀ, ਕੋਈ ਰਿਹਾ ਨਾ ਖੁੱਲ੍ਹਾ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਸਿ਼ਲਾ ਚੁਗ ਕੇ ਪੰਡਾਂ ਬੰਨ੍ਹੀਆਂ
ਸਿਰਾਂ ਦੇ ਉੱਪਰ ਟਿਕਾਈਆਂ।
'ਕਬੀਲਦਾਰੀ ਨੂੰ ਹੰਦਾ ਲੱਗੂ'
ਸੋਚਦੀਆਂ ਘਰ ਮੁੜ ਆਈਆਂ।
'ਜਿਉਂਦਾ ਰਹੇ ਕਿਸਾਨ ਵਿਚਾਰਾ'
ਅਸੀਸ ਦੀਆਂ ਝੜੀਆਂ ਲਾਈਆਂ।
'ਵੋਟਾਂ ਵਾਲਿਆਂ ਦੇ ਦੀਦੇ ਫੁੱਟ ਗਏ
ਹੁਣ ਅਸੀਂ ਨਜ਼ਰ ਨਾ ਆਈਆਂ।'
***-ਜਗਮੀਤ ਸਿੰਘ ਪੰਧੇਰ***

---

ਇਹ ਜ਼ਿੰਮੇਵਾਰੀ ਦੀਆਂ ਪੰਡਾਂ,
ਮਾਵਾਂ ਚੁੱਕ ਸਿਰ ਉਠਾਈਆਂ,
ਪਹਿਲੇ ਚੁਗੀ ਕਪਾਹ ਖੇਤ 'ਚੋਂ,
ਫਿਰ ਪੱਠੇ ਵੱਢ ਲਿਆਈਆਂ।
ਲਾ ਦਿਹਾੜੀ ਫੁੱਟ ਫੁੱਟ ਚੁਗ ਕੇ,
ਮਸਾਂ ਕੀਤੀਆਂ ਕਮਾਈਆਂ,
ਘਰ ਆ ਕੇ ਸਾਰਾ ਚੌਂਕਾ ਚੁੱਲ੍ਹਾ,
ਸਭ ਇਨ੍ਹਾਂ ਸਿਰ ਪਾਈਆਂ।
***-ਸੇਵਾ ਸਿੰਘ ਨੂਰਪੁਰੀ***

---

ਔਰਤ ਹੁੰਦੀ ਪਰਿਵਾਰ ਦੀ ਨਾਜ਼ੁਕ ਕੜੀ
ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਬੜੀ।
ਬੱਚਿਆਂ ਖਾਤਰ ਕਬੀਲਦਾਰੀ ਦੀਆਂ
ਪੰਡਾਂ ਚੁੱਕੇ ਭਾਰੀ
ਮਰਦ ਭਾਵੇਂ ਕਈ ਵਾਰੀ
ਹੋ ਜਾਵੇ ਇਨਕਾਰੀ।
ਕਿਸੇ ਕੰਮ ਤੋਂ ਨਾ ਕਰੇ ਆਨਾਕਾਨੀ
ਝਾਂਸੀ ਦੀ ਰਾਣੀ ਵਾਂਗੂੰ ਡਟੇ
ਬਣ ਜਾਵੇ ਮਰਦਾਨੀ।
ਬਾਬੇ ਨਾਨਕ ਕਿਹਾ,
ਸੋ ਕਿਉ ਮੰਦਾ ਆਖੀਏ ਜਿਤੁ ਜੰਮਹਿ ਰਾਜਾਨ
ਔਰਤ ਦੇ ਸਹਿਯੋਗ ਨਾਲ ਬੰਦੇ ਬਣਨ ਮਹਾਨ।
***-ਅਮਰਜੀਤ ਸਿੰਘ ਤੂਰ***

---

ਸਾਰੀ ਦਿਹਾੜੀ ਕੰਮ ਕਰਾਂ ਖੇਤਾਂ 'ਚ
ਲਿਜਾਣ ਦਿੱਤੀ ਇਕ ਪੰਡ
ਖੋਤੀ, ਵੱਢੀ ਤੁੰਨ ਤੁੰਨ ਭਰੀ
ਚਹੁੰ ਲੜਾਂ 'ਚ ਚੁੱਕ ਭਾਰ ਸਿਰ 'ਤੇ
ਲੜਖੜਾਉਂਦੀ ਪਹੁੰਚੀ ਘਰ
ਨਿੱਕੇ ਨਿੱਕੇ ਬਾਲ ਤੱਕ ਰਹੇ ਸੀ ਰਾਹ
ਘੁੱਟ ਮਾਂ ਨੂੰ ਗਲਵੱਕੜੀ ਪਾਈ
ਸਾਰਾਂ ਥਕੇਵਾਂ ਲਹਿ ਗਿਆ
ਇਹੀ ਹੈ ਗਰੀਬਾਂ ਦੀ ਜ਼ਿੰਦਗੀ।
***-ਦਰਸ਼ਨ ਪਾਲ ਦੋਸਾਂਝ***

# ਸੁਖਬੀਰ ਸਿੰਘ ਬਾਦਲ ਅਕਾਲੀ ਦਲ ਦੇ ਮੁੜ ਪ੍ਰਧਾਨ, ਸਿੱਖ ਸੰਸਥਾਵਾਂ ਦਾ ਭਵਿੱਖ?

ਅਕਾਲੀ ਦਲ ਬਾਦਲ ਧੜੇ ਦੇ ਅੰਮ੍ਰਿਤਸਰ ਵਿਖੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਏ ਡੈਲੀਗੇਟ ਇਜਲਾਸ ਵਿਚ ਸੁਖਬੀਰ ਸਿੰਘ ਬਾਦਲ ਸਰਬਸੰਮਤੀ ਨਾਲ ਮੁੜ ਪ੍ਰਧਾਨ ਚੁਣੇ ਗਏ ਹਨ, ਪ੍ਰੰਤੂ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸਥਾਪਤ ਹੋਣ ਦਾ ਪਤਾ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਚੋਣ ਨਤੀਜਿਆਂ ਤੋਂ ਬਾਅਦ ਲੱਗੇਗਾ, ਅਕਾਲੀ ਦਲ ਦਾ ਕਿਹੜਾ ਧੜਾ ਪੰਜਾਬ ਦੇ ਲੋਕਾਂ ਨੇ ਪ੍ਰਵਾਨ ਕੀਤਾ। ਅਕਾਲੀ ਦਲ ਦੇ ਤਾਂ ਪਹਿਲਾਂ ਹੀ ਅਨੇਕ ਧੜੇ ਹਨ, ਜਿਨ੍ਹਾਂ ਵਿਚ ਹੁਣੇ-ਹੁਣੇ ਬਣਿਆ 'ਵਾਰਿਸ ਪੰਜਾਬ ਦੇ' ਸ਼ਾਮਲ ਹੋਇਆ। ਇੱਕ ਕਹਾਵਤ 'ਕੁੰਡੀਆਂ ਦੇ ਸਿੰਗ ਫਸ'ਗੇ ਕੋਈ ਨਿਤਰੂ ਵੜੇਵੇਂ ਖਾਣੀ' ਭਾਵ ਅਸਲ ਸ਼੍ਰੋਮਣੀ ਅਕਾਲੀ ਦਲ ਦਾ ਫ਼ੈਸਲਾ ਪੰਜਾਬ ਦੇ ਲੋਕ



ਉਜਾਗਰ ਸਿੰਘ
ਫੋਨ: 94178 13072

ਕਰਨਗੇ। ਲੋਕ ਸਭਾ ਦੀਆਂ ਚੋਣਾਂ ਵਿਚ ਜਦੋਂ ਅਕਾਲੀ ਇੱਕਮੁੱਠ ਸੀ ਤਾਂ 11 ਲੋਕ ਸਭਾ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਸਨ ਪ੍ਰੰਤੂ ਹੁਣ ਤਾਂ ਸੁਧਾਰ ਲਹਿਰ ਵਾਲੇ ਜਿਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਹੈ, ਉਹ ਬਾਹਰ ਰਹਿ ਗਏ ਹਨ ਤਾਂ 2027 ਦੀਆਂ ਵਿਧਾਨ ਸਭਾ ਚੋਣਾਂ ਕਿਹੜੀ ਜਾਦੂ ਦੀ ਛੜੀ ਨਾਲ ਜਿੱਤੀਆਂ ਜਾ ਸਕਣਗੀਆਂ? ਬਾਦਲ ਧੜਾ 27 ਲੱਖ ਮੈਂਬਰਸ਼ਿਪ ਦੀ ਗੱਲ ਕਰਦਾ ਹੈ, ਇੰਨੀਆਂ ਵੋਟਾਂ ਨਾ ਤਾਂ 2022 ਦੀਆਂ ਵਿਧਾਨ ਸਭਾ ਵਿਚ ਅਤੇ ਨਾ ਹੀ ਲੋਕ ਸਭਾ ਵਿਚ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਪਈਆਂ ਸਨ। 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ 'ਤੇ ਪੰਜ ਸਿੰਘ ਸਾਹਿਬਾਨਾਂ ਵੱਲੋਂ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ, ਜਿਹੜੀ ਦੋ ਧੜਿਆਂ ਦਾਗ਼ੀ ਅਤੇ ਬਾਗ਼ੀ ਵਿਚ ਵੰਡੀ ਗਈ ਸੀ, ਨੂੰ ਤਨਖ਼ਾਹ ਲਗਾਈ ਗਈ ਸੀ। ਉਸ ਸਮੇਂ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਲੀਡਰਸ਼ਿਪ ਨੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿਚ ਸਰਕਾਰ ਦੇ ਹੁੰਦਿਆਂ ਹੋਏ ਬਜ਼ਰ ਗੁਨਾਹਾਂ ਨੂੰ ਪ੍ਰਵਾਨ ਕੀਤਾ ਸੀ, ਜਿਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਰਘਬੀਰ ਸਿੰਘ ਨੇ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਲੀਡਰਸ਼ਿਪ ਨੂੰ ਕਿਹਾ ਸੀ ਕਿ ਉਨ੍ਹਾਂ ਦੇ ਬਜ਼ਰ ਗੁਨਾਹਾਂ ਕਾਰਨ ਉਹ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਕਰਨ ਦੇ ਯੋਗ ਨਹੀਂ ਹਨ, ਇਸ ਕਰਕੇ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਨਵੇਂ ਸਿਰੇ ਤੋਂ ਕਰ ਕੇ ਨਵਾਂ ਪ੍ਰਧਾਨ ਚੁਣਿਆ ਜਾਵੇ। ਉਸ ਨਵੀਂ ਭਰਤੀ ਲਈ ਵੀ ਕੁਝ ਨਿਯਮਾਂ ਦਾ ਐਲਾਨ ਕੀਤਾ ਗਿਆ ਸੀ। ਇਹ ਵੀ ਕਿਹਾ ਗਿਆ ਸੀ ਕਿ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਸਤੀਫ਼ਾ ਦੇ ਦੇਵੇ ਅਤੇ ਹੋਰ ਸਾਰੇ ਦਾਗ਼ੀ ਤੇ ਬਾਗ਼ੀ ਵੀ ਆਪਣੇ ਅਹੁਦਿਆਂ ਤੋਂ ਅਸਤੀਫ਼ੇ ਦੇ ਦੇਣ ਤੇ ਫਿਰ ਇਹ ਸਾਰਿਆਂ ਦਾ ਇੱਕੋ ਅਕਾਲੀ ਦਲ ਨਵੀਂ ਭਰਤੀ ਨਾਲ ਬਣਾਇਆ ਜਾਵੇ। ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਦੀ ਨਿਗਰਾਨੀ ਲਈ ਸੱਤ ਮੈਂਬਰੀ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਬਣਾਈ ਗਈ। ਸੁਖਬੀਰ ਸਿੰਘ ਬਾਦਲ ਉਦੋਂ ਵੀ ਅਸਤੀਫਾ ਦੇਣ ਲਈ ਆਨਾਕਾਨੀ ਕਰਦਾ ਰਿਹਾ ਸੀ। ਸੁਖਬੀਰ ਸਿੰਘ ਬਾਦਲ ਦਾ ਸੱਤ ਮੈਂਬਰੀ ਕਮੇਟੀ ਦੀ ਭਰਤੀ ਤੋਂ ਬਿਨਾ ਹੀ ਅਕਾਲੀ ਦਲ ਦਾ ਪ੍ਰਧਾਨ ਆਪਣੇ ਧੜੇ ਵੱਲੋਂ ਬਣਾਏ ਗਏ ਡੈਲੀਗੇਟਾਂ ਰਾਹੀਂ ਬਣਨਾ ਸਿੱਖ ਕੌਮ ਲਈ ਹੈਰਾਨੀਜਨਕ ਤੇ ਸ਼ਰਮਨਾਕ ਗੱਲ ਹੈ। ਇੱਕ ਕਿਸਮ ਨਾਲ ਸੁਖਬੀਰ ਸਿੰਘ ਬਾਦਲ ਨੇ ਪੰਥਕ ਸੋਚ ਨੂੰ ਅਲਵਿਦਾ ਕਹਿ ਦਿੱਤਾ ਹੈ, ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਮੰਤਵ ਹੀ ਪੰਥਕ ਸੋਚ 'ਤੇ ਪਹਿਰਾ ਦੇਣਾ ਹੈ।

ਇੱਕ ਪਾਸੇ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਕਹਿੰਦੇ ਹਨ ਕਿ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਟੀਮ ਹੀ ਪੰਥ ਦੀ ਅਗਵਾਈ ਕਰਨ ਦੇ ਯੋਗ ਨਹੀਂ, ਦੂਜੇ ਪਾਸੇ ਸੁਖਬੀਰ ਸਿੰਘ ਬਾਦਲ ਦਾ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ ਦੀ ਅਵੱਗਿਆ ਕਰ ਕੇ ਆਪਣੇ-ਆਪ ਹੀ ਆਪਣੇ ਧੜੇ ਵੱਲੋਂ ਪ੍ਰਧਾਨ ਚੁਣੇ ਜਾਣਾ, ਇੱਕ ਕਿਸਮ ਨਾਲ ਸ੍ਰੀ ਅਕਾਲ ਤਖ਼ਤ ਨੂੰ ਵੰਗਾਰਨਾ ਹੈ, ਜਿਸਨੂੰ ਸਮੁੱਚੇ ਸੰਸਾਰ ਵਿਚ ਵਸਦੇ ਪੰਥਕ ਸੋਚ ਵਾਲੇ ਸਿੱਖਾਂ ਨੇ ਬੁਰਾ ਮਨਾਇਆ ਹੈ। ਇਸ ਡੈਲੀਗੇਟ ਇਜਲਾਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ 2 ਦਸੰਬਰ ਨੂੰ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਫ਼ਖ਼ਰ-ਏ-ਕੌਮ ਦੇ ਖ਼ਿਤਾਬ ਨੂੰ ਰੱਦ ਕਰਨ ਦੇ ਫ਼ੈਸਲੇ ਦੀ ਸਮੀਖਿਆ ਕਰਨ ਦੀ ਅਪੀਲ ਕੀਤੀ ਗਈ। ਇਸ ਅਪੀਲ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਫ਼ਖ਼ਰ-ਏ-ਕੌਮ ਖ਼ਿਤਾਬ ਵਾਪਸ ਲੈਣ ਦਾ ਫ਼ੈਸਲਾ ਵੀ ਰੱਦ ਕੀਤਾ ਜਾਵੇਗਾ। ਸਿੱਖ ਕੌਮ ਖਾਸ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਤ੍ਰਾਸਦੀ ਰਹੀ ਹੈ ਕਿ



ਉਹ ਹਮੇਸ਼ਾ ਆਪਸ ਵਿਚ ਉਲਝ ਕੇ ਹੀ ਸਿੱਖ ਕੌਮ ਤੇ ਪੰਥ ਦਾ ਨੁਕਸਾਨ ਕਰਦੇ ਆ ਰਹੇ ਹਨ। ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਏਕਤਾ ਦਾ ਰਾਹ ਸਾਫ਼ ਕੀਤਾ ਸੀ ਤਾਂ ਇਹ ਛੋਟੇ-ਛੋਟੇ ਅਹੁਦਿਆਂ ਕਰਕੇ ਪੰਥ ਦੀ ਬੇੜੀ ਵਿਚ ਵੱਟੇ ਪਾ ਰਹੇ ਹਨ। ਦੋਹਾਂ ਧੜਿਆਂ ਦੀ ਇਸ ਆਪਸੀ ਲੜਾਈ ਨੇ ਸਿੱਖ ਪੰਥ ਦਾ ਵਕਾਰ ਸਮੁੱਚੇ ਸੰਸਾਰ ਵਿਚ ਡਾਵਾਂਡੋਲ ਕਰ ਦਿੱਤਾ ਹੈ। ਇੱਕ ਪਾਸੇ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਰਵੋਤਮ ਤੇ ਸਾਰੀ ਕੌਮ ਦਾ ਰਹਿਨੁਮਾ ਕਹਿੰਦੇ ਹਨ, ਜਿਸ 'ਤੇ ਦੇਸ਼ ਦਾ ਕੋਈ ਕਾਨੂੰਨ ਲਾਗੂ ਹੀ ਨਹੀਂ ਹੁੰਦਾ, ਦੂਜੇ ਪਾਸੇ ਆਪ ਹੀ ਉਸਨੂੰ ਵੰਗਾਰ ਰਹੇ ਹਨ। ਜੇਕਰ ਅਕਾਲੀ ਦਲ ਦੇ ਦੋਵੇਂ ਧੜੇ ਦਾਗ਼ੀ ਤੇ ਬਾਗ਼ੀ ਇਸੇ ਤਰ੍ਹਾਂ ਲੜਦੇ ਰਹੇ ਤਾਂ 2027 ਵਿਚ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਅਕਾਲੀ ਦਾ ਅਜਿਹਾ ਨੁਕਸਾਨ ਹੋ ਜਾਵੇਗਾ, ਜਿਸਦੀ ਭਰਪਾਈ ਨਹੀਂ ਕੀਤੀ ਜਾ ਸਕਦੀ। ਹੋ ਸਕਦਾ ਤੀਜਾ ਧੜਾ ਬਾਜ਼ੀ ਮਾਰ ਜਾਵੇ। ਦੋਵੇਂ ਧੜੇ ਅੰਦਰਖਾਤੇ ਇਕ ਦੂਜੇ ਨੂੰ ਭਾਰਤੀ ਜਨਤਾ ਪਾਰਟੀ ਦੀ ਸਪੋਰਟ ਦਾ ਇਲਜ਼ਾਮ ਲਗਾ ਰਹੇ ਹਨ। ਹਾਲਾਂ ਕਿ ਅਕਾਲੀ ਦਲ ਨੂੰ ਪਤਾ ਹੈ ਕਿ ਉਹ ਪੰਜਾਬ ਵਿਚ ਕਿਸੇ ਦੂਜੀ ਧਿਰ ਦੀ ਸਪੋਰਟ ਤੋਂ ਬਿਨਾ ਸਰਕਾਰ ਨਹੀਂ ਬਣਾ ਸਕਦੇ, ਫਿਰ ਵੀ ਇਕ ਦੂਜੇ ਨੂੰ ਕੋਸੀ ਜਾ ਰਹੇ ਹਨ। ਹਰਜਿੰਦਰ ਸਿੰਘ ਧਾਮੀ, ਸੁਖਬੀਰ ਸਿੰਘ ਬਾਦਲ ਨੂੰ ਵਧਾਈ ਦੇ ਕੇ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ ਤੋਂ ਮੁਨਕਰ ਹੋ ਗਏ ਹਨ।

ਸੁਖਬੀਰ ਸਿੰਘ ਬਾਦਲ ਨੂੰ ਪਹਿਲੀ ਵਾਰ ਆਪਣੇ ਪਿਤਾ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੀ ਛਤਰ-ਛਾਇਆ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ 2007 ਵਿਚ ਬਣੀ ਸਾਂਝੀ ਸਰਕਾਰ ਤੋਂ ਤੁਰੰਤ ਬਾਅਦ ਐਕਟਿੰਗ ਪ੍ਰਧਾਨ ਬਣਾਇਆ ਗਿਆ ਸੀ। ਉਦੋਂ ਪ੍ਰਕਾਸ਼ ਸਿੰਘ ਬਾਦਲ ਨੇ ਉਸਨੂੰ ਐਕਟਿੰਗ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਬਣਾ ਕੇ ਇੱਕ ਕਿਸਮ ਨਾਲ ਆਪਣਾ ਰਾਜਨੀਤਕ ਵਾਰਸ ਬਣਾਉਣ ਦਾ ਐਲਾਨ ਕਰ ਦਿੱਤਾ ਸੀ, ਕਿਉਂਕਿ ਪ੍ਰਕਾਸ਼ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਬਣ ਗਏ ਸਨ। ਉਸ ਸਮੇਂ ਡੈਲੀਗੇਟ ਇਜਲਾਸ ਵਿਚ ਸੁਖਬੀਰ ਸਿੰਘ ਬਾਦਲ ਦੇ ਨਾਮ ਦੀ ਤਜਵੀਜ਼ ਸ਼੍ਰੋਮਣੀ ਅਕਾਲੀ ਦਲ ਦੇ ਉਪ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਤੇ ਇਸਦੀ ਤਾਈਦ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਨੇ ਕੀਤੀ ਸੀ। ਇਸ ਤੋਂ ਬਾਅਦ 30 ਜਨਵਰੀ 2008 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਅੰਮ੍ਰਿਤਸਰ ਵਿਚ ਹੋਏ ਇਜਲਾਸ ਵਿਚ ਸੁਖਬੀਰ ਸਿੰਘ ਬਾਦਲ ਨੂੰ ਰੈਗੂਲਰ ਪ੍ਰਧਾਨ ਚੁਣ ਲਿਆ ਗਿਆ ਸੀ। ਸੁਖਬੀਰ ਸਿੰਘ ਬਾਦਲ ਦੇ ਪ੍ਰਧਾਨ ਹੁੰਦਿਆਂ ਸ਼੍ਰੋਮਣੀ ਅਕਾਲੀ ਦਲ ਵਿਚ ਬੜੇ ਉਤਰਾਅ-ਚੜ੍ਹਾਅ ਆਏ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੀ ਬਣੀ ਅਤੇ ਸਭ ਤੋਂ ਨੀਵੇਂ ਪੱਧਰ ਤੱਕ ਵੀ ਸ਼੍ਰੋਮਣੀ ਅਕਾਲੀ ਦਲ ਪਹੁੰਚ ਗਿਆ, ਜਦੋਂ ਉਸਦੇ ਲੋਕ ਸਭਾ ਦੇ 11 ਉਮੀਦਵਾਰਾਂ ਦੀਆਂ ਜ਼ਮਾਨਤਾਂ ਹੀ ਜ਼ਬਤ ਹੋ ਗਈਆਂ ਸਨ। ਵਿਧਾਨ ਸਭਾ ਵਿਚ ਵੀ ਤਿੰਨ ਹੀ ਵਿਧਾਨਕਾਰ ਜਿੱਤੇ ਸਨ। ਸੁਖਬੀਰ ਸਿੰਘ ਬਾਦਲ ਸ. ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵਿਚ ਡਿਪਟੀ ਮੁੱਖ ਮੰਤਰੀ ਤੇ ਗ੍ਰਹਿ ਵਿਭਾਗ ਦੇ ਮੰਤਰੀ ਵੀ ਰਹੇ। ਉਨ੍ਹਾਂ ਦੇ ਗ੍ਰਹਿ ਮੰਤਰੀ ਹੁੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਹੋਈਆਂ, ਸਿਰਸਾ ਡੇਰਾ ਦੇ ਮੁਖੀ ਰਾਮ ਰਹੀਮ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗੇ ਬਸਤਰ ਪਹਿਨ ਕੇ ਅੰਮ੍ਰਿਤ ਛਕਾਉਣ ਦੇ ਇਲਜ਼ਾਮ ਦੀ ਮੁਆਫੀ ਦੇ ਕੇ ਮੁੜ ਪੰਥ ਵਿਚ ਸ਼ਾਮਲ ਕਰ ਲਿਆ ਸੀ। ਰਾਮ ਰਹੀਮ ਵਿਰੁੱਧ ਕੇਸ ਬਾਦਲ ਸਰਕਾਰ ਨੇ ਬਠਿੰਡਾ ਦੀ ਕਚਹਿਰੀ ਵਿਚੋਂ ਵਾਪਸ ਲੈ ਲਿਆ। ਜਿਸਦਾ ਸਮੁੱਚੇ ਪੰਜਾਬ ਨੇ ਵਿਰੋਧ ਕੀਤਾ, ਅਤੇ ਅਕਾਲੀ ਦਲ ਦੇ ਵਜ਼ੀਰਾਂ ਅਤੇ ਹੋਰ ਅਹੁਦੇਦਾਰਾਂ ਦਾ ਪਿੰਡਾਂ ਵਿਚ ਵੜਨਾ ਅਸੰਭਵ ਹੋ ਗਿਆ। ਫਿਰ ਉਸ ਹੁਕਮਨਾਮੇ ਨੂੰ ਸਹੀ ਸਾਬਤ ਕਰਨ ਲਈ 90 ਲੱਖ ਦੇ ਇਸ਼ਤਿਹਾਰ ਅਖ਼ਬਾਰਾਂ ਨੂੰ ਦਿਤੇ ਗਏ। ਇਸ ਸਮੇਂ ਬਹਿਬਲ ਕਲਾਂ ਵਿਖੇ ਪੁਲਿਸ ਵੱਲੋਂ ਦੋ ਸਿੰਘ ਧਰਨਾ ਦਿੰਦੇ ਸ਼ਹੀਦ ਕਰ ਦਿੱਤੇ ਗਏ। ਕਹਿਣ ਤੋਂ ਭਾਵ ਪੰਥਕ ਸਰਕਾਰ ਨੇ ਗ਼ੈਰ-ਪੰਥਕ ਕੰਮ ਕੀਤੇ। ਸੁਖਬੀਰ ਸਿੰਘ ਬਾਦਲ ਨੇ ਮੁੜ ਪ੍ਰਧਾਨ ਬਣਨ ਲਈ ਬੜੇ ਪਾਪੜ ਵੇਲੇ ਹਨ। ਜਿਹੜੇ ਜਥੇਦਾਰਾਂ ਨੇ ਸੁਖਬੀਰ ਬਾਦਲ ਨੂੰ ਸਜ਼ਾ ਲਗਾਈ ਅਤੇ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦਾ ਫ਼ਖ਼ਰ-ਏ-ਕੌਮ ਵਾਪਸ ਲਿਆ ਸੀ, ਉਨ੍ਹਾਂ ਨੂੰ ਪੜਾਅਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿਮ ਕਮੇਟੀ ਦੇ ਅਹੁਦਿਆਂ ਤੋਂ ਹਟਾ ਦਿੱਤਾ ਗਿਆ ਤਾਂ ਜੋ ਉਹ ਮੁੜ ਪ੍ਰਧਾਨ ਬਣ ਸਕੇ ਅਤੇ ਫ਼ਖ਼ਰ-ਏ-ਕੌਮ ਦਾ ਫ਼ੈਸਲਾ ਰੱਦ ਕੀਤਾ ਜਾ ਸਕੇ। ਇਨ੍ਹਾਂ ਸਾਰੀਆਂ ਘਟਨਾਵਾਂ ਤੋਂ ਸਾਫ਼ ਜ਼ਾਹਰ ਹੋ ਗਿਆ ਹੈ ਕਿ ਅਕਾਲੀ ਦਲ ਦਾ ਭਵਿੱਖ ਅਤਿਅੰਤ ਖ਼ਤਰੇ ਵਿਚ ਹੈ। ਇਹ ਵੀ ਸਪੱਸ਼ਟ ਹੋ ਗਿਆ ਹੈ ਕਿ ਸੁਖਬੀਰ ਸਿੰਘ ਬਾਦਲ ਸਿਆਸੀ ਤਾਕਤ ਤੋਂ ਬਿਨਾ ਰਹਿਣ ਲਈ ਅਜਿਹੇ ਬਜ਼ਰ ਗੁਨਾਹ ਦੁਬਾਰਾ ਕਰਨ ਲਈ ਮਜਬੂਰ ਹੋ ਰਿਹਾ ਹੈ। ਹੁਣ ਤਾਂ ਅਕਾਲੀ ਦਲ ਅਤੇ ਪੰਥ ਦਾ ਵਾਹਿਗੁਰੂ ਹੀ ਰਾਖਾ ਹੈ ਪ੍ਰੰਤੂ ਸਿੱਖਾਂ ਨੇ ਉਸਨੂੰ ਖ਼ਤਮ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ।

---

## ਪੁਰਾਣਾ ਸ਼ਹਿਦ

*ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ*

# ਜਦੋਂ ਮੈਂ ਨਵਾਂ ਨਵਾਂ ਸਿੱਖ ਬਣਿਆ

ਨਾਨਕ ਸਿੰਘ

ਮੈਂ ਇੱਕ 'ਘਟਨਾ' ਦਾ ਜ਼ਿਕਰ ਕਰ ਰਿਹਾ ਹਾਂ। ਉਦੋਂ ਮੈਂ ਨਵਾਂ-ਨਵਾਂ ਸਿੱਖ ਬਣਿਆ ਸਾਂ। ਮਜ਼੍ਹਬ ਦੀ ਤਬਦੀਲੀ ਨੇ ਮੇਰੇ ਅੰਦਰ ਅੰਨ੍ਹਾ ਅਤੇ ਬੇਪਨਾਹ ਜੋਸ਼ ਭਰ ਦਿੱਤਾ ਸੀ ਅਤੇ ਇਸ ਜੋਸ਼ ਦੇ ਪ੍ਰਗਟਾਓ ਲਈ ਮੈਂ ਆਪਣੀ ਇੱਕ ਜੋਸ਼ੀਲੀ ਪਾਰਟੀ ਦਾ ਮੋਢੀ ਬਣ ਗਿਆ ਸਾਂ।

ਜਿਸ ਮਹਾਂਪੁਰਸ਼ ਦੇ ਪ੍ਰਭਾਵ ਨੇ ਮੇਰੇ ਅੰਦਰ ਸਭ ਤੋਂ ਪਹਿਲਾਂ ਸਿੱਖ ਧਰਮ ਲਈ ਪਿਆਰ ਜਾਗਇਆ ਸੀ, ਉਸ ਪਾਸੋਂ ਮੈਂ ਇਨ੍ਹੀਂ ਦਿਨੀਂ ਲਗਦੀ ਵਾਹ ਦੂਰ-ਦੂਰ ਰਹਿਣ ਦੀ ਕੋਸ਼ਿਸ਼ ਕਰਦਾ ਸਾਂ। ਸ਼ਾਇਦ ਇਸ ਲਈ ਕਿ ਉਸ ਬਜ਼ੁਰਗ ਵਿਚ ਮੈਨੂੰ ਸਿੱਖ ਸਪਿਰਟ ਦੀ ਘਾਟ ਜਾਪਣ ਲੱਗ ਪਈ ਸੀ। ਮੈਂ ਤੇ ਮੇਰੇ ਸਾਥੀ, ਜਿਨ੍ਹਾਂ ਕੰਮਾਂ ਵਿਚ ਸਰਗਰਮ ਹਿੱਸਾ ਲੈ ਰਹੇ ਸਾਂ, ਉਹ ਕੰਮ ਉਸ ਨੂੰ ਪਸੰਦ ਨਹੀਂ ਸਨ, ਜਿਨ੍ਹਾਂ ਬਾਰੇ ਕਦੀ-ਕਦੀ ਸਾਨੂੰ ਉਹ ਰੋਕਣ ਵਰਜਣ ਦੇ ਯਤਨ ਵੀ ਕਰਦਾ ਰਹਿੰਦਾ ਸੀ।

ਘਟਨਾ ਇੰਜ ਹੋਈ, ਕਿ ਸਿਆਲ ਦੇ ਇੱਕ ਰਾਤੀਂ, ਜਦੋਂ ਮੈਂ ਕੁਝ ਸਾਥੀਆਂ ਸਮੇਤ ਆਪਣੇ ਮਕਾਨ 'ਤੇ ਬੈਠਾ ਕਿਸੇ ਵਿਸ਼ੇਸ਼ ਗੋਸ਼ਟੀ ਵਿਚ ਰੁੱਝਾ ਹੋਇਆ ਸਾਂ, ਤਾਂ ਅਚਾਨਕ ਸਾਡਾ ਸਭਨਾਂ ਦਾ ਧਿਆਨ ਇੱਕ ਹੋਰ ਪਾਸੇ ਖਿੱਚਿਆ ਗਿਆ।

ਰਾਤ ਹਨੇਰੀ ਸੀ, ਬਾਰਾਂ ਸਾਢੇ ਬਾਰਾਂ ਦਾ ਵਕਤ ਹੋਵੇਗਾ। ਮੀਂਹ ਵਰ੍ਹ ਰਿਹਾ ਸੀ, ਤੇ ਸਰਦੀ ਖ਼ੂਬ ਕੜਾਕੇ ਦੀ ਪੈ ਰਹੀ ਸੀ। ਅਸੀਂ ਸੱਭੋ ਪੰਜ ਛੇ ਬੰਦੇ ਅੱਗ ਸੇਕਦੇ ਹੋਏ ਆਪਣੇ ਕਿਸੇ ਪ੍ਰੋਗਰਾਮ ਦੀ ਵੰਡ ਵੇਤਰ ਵਿਚ ਲੱਗੇ ਹੋਏ ਸਾਂ, ਕਿ ਸਾਹਮਣੀ ਸੜਕ 'ਤੇ ਇੱਕ ਹਿੰਦੂ ਨੌਜਵਾਨ ਤੁਰਿਆ ਜਾਂਦਾ ਸਾਡੀ ਨਜ਼ਰੀਂ ਪੈ ਗਿਆ, ਇੱਕ ਛੋਟਾ ਜਿਹਾ ਬਿਸਤਰਾ ਉਸ ਕੱਛੇ ਮਾਰਿਆ ਹੋਇਆ ਸੀ-ਸ਼ਾਇਦ ਉਹ ਸਾਢੇ ਗਿਆਰਾਂ ਗੱਡੀ ਤੋਂ ਉੱਤਰਿਆ ਸੀ ਅਤੇ ਰਸਤਾ ਭੁੱਲ ਕੇ ਏਧਰ ਆ ਨਿਕਲਿਆ ਸੀ।

ਮੇਰੀ ਬੈਠਕ ਅੱਗੇ ਉਹ ਗੱਭਰੂ ਰੁਕਿਆ, ਤੇ ਸਾਨੂੰ ਸੰਬੋਧਨ ਕਰ ਕੇ ਉਸ ਨੇ ਕਿਸੇ ਬਾਜ਼ਾਰ ਜਾਂ ਮੁਹੱਲੇ ਦਾ ਪਤਾ ਪੁੱਛਿਆ। ਤੇ ਬਜਾਇ ਇਸ ਦੇ ਕਿ ਸਾਡੇ ਵਿਚੋਂ ਕੋਈ ਉਸ ਨੂੰ ਰਾਹੇ ਪਾਣ ਦਾ ਯਤਨ ਕਰਦਾ, ਅਸੀਂ ਸਾਰੇ ਦੇ ਸਾਰੇ ਉਸ 'ਤੇ ਟੁੱਟ ਕੇ ਪੈ ਗਏ। ਸਾਡੇ ਵਿਚੋਂ ਇੱਕ ਪਾਸ ਛਤਰੀ ਸੀ, ਤੇ ਇੱਕ ਹੋਰ ਪਾਸ ਮੋਟੀ ਸਾਰੀ ਸੋਟੀ। ਮੈਨੂੰ ਜਦ ਹੋਰ ਕੁਝ ਨਾ ਲੱਭਾ ਤਾਂ ਨੁੱਕਰ ਵਿਚ ਪਿਆ ਲੋਹੇ ਦਾ ਸਰੀਆ ਹੀ ਚੁੱਕ ਲਿਆ।

ਸਾਰਾ ਕੰਮ ਇਤਨੀ ਫ਼ੁਰਤੀ ਨਾਲ ਹੋਇਆ ਕਿ ਪੰਜਾਂ ਹੀ ਮਿੰਟਾਂ ਬਾਅਦ ਅਸੀਂ ਉਸ ਗੱਭਰੂ ਨੂੰ ਲਹੂ ਵਿਚ ਲੱਥ ਪੱਥ ਵੇਖਿਆ, ਜਿਹੜਾ ਸੜਕ ਦੇ ਵਿਚਕਾਰ ਚੁਫ਼ਾਲ ਡਿੱਗਾ ਪਿਆ ਸੀ। ਫੜੇ ਜਾਣ ਦੇ ਡਰੋਂ ਅਸਾਂ ਸਭਨਾਂ ਨੇ ਉਸ ਨੂੰ ਘਸੀਟ ਕੇ ਪਿਛਵਾੜੇ ਦੇ ਇੱਕ ਖੋਲੇ ਵਿਚ ਜਾ ਸੁੱਟਿਆ। ਏਸ ਕੰਮੋਂ ਵਿਹਲੇ ਹੋ ਕੇ ਅਸੀਂ ਸਾਰੇ ਖਿੰਡ ਪੁੰਡ ਗਏ।

ਮੈਂ ਆਪਣੇ ਇਸ 'ਕਾਰਨਾਮੇ' ਉੱਤੇ ਗਰਵ ਕਰਦਾ ਹੋਇਆ ਅੰਦਰ ਜਾ ਕੇ ਬਿਸਤਰੇ ਵਿਚ ਲੇਟ ਗਿਆ। ਪ੍ਰਭਾਤ ਵੇਲੇ ਮਸਾਂ ਕਿਤੇ ਜਾ ਕੇ ਮੇਰੀ ਅੱਖ ਲੱਗੀ।

ਅਜੇ ਝਪਕੀ ਆਈ ਹੀ ਸੀ ਕਿ ਬਾਹਰੋਂ ਕਿਸੇ ਨੇ ਬੂਹਾ ਖੜਕਾਇਆ। ਡਰ ਨਾਲ ਮੇਰੇ ਸੋਤਰ ਸੁੱਕਣ ਲੱਗੇ-ਭਾਵੇਂ ਪੁਲਸ ਆ ਗਈ ਹੋਵੇ। ਪਰ ਬੂਹਾ ਖੋਲ੍ਹਣ 'ਤੇ ਮੇਰਾ ਡਰ ਦੂਰ ਹੋ ਗਿਆ, ਜਦ ਸਾਹਮਣੇ ਮੈਂ ਗੁਰਦੁਆਰੇ ਦੇ ਗ੍ਰੰਥੀ- ਓਸੇ ਮਹਾਂਪੁਰਸ਼ ਦੇ ਸੇਵਾਦਾਰ ਨੂੰ ਖੜ੍ਹਾ ਤੱਕਿਆ, ਜਿਹੜਾ ਸਖ਼ਤ ਘਬਰਾਇਆ ਹੋਇਆ, ਤੇ ਬੜੀ ਕਾਹਲੀ ਵਿਚ ਜਾਪਦਾ ਸੀ।

'ਬਾਬਾ ਜੀ ਨੇ ਕਿਹਾ ਹੈ, ਛੇਤੀ ਨਾਲ ਜਾ ਕੇ ਕਿਸੇ ਡਾਕਟਰ ਨੂੰ ਸੱਦ ਲਿਆਵੋ। ਕਹਿਣਾ, ਮਲ੍ਹਮ ਪੱਟੀ ਦਾ ਸਮਾਨ ਨਾਲ ਲੈ ਕੇ ਆਵੇ।' ਇਨਾ ਕਹਿੰਦਾ ਹੋਇਆ ਉਹ ਸੱਜਣ ਪਿਛਲੇ ਪੈਰੀਂ ਮੁੜ ਗਿਆ, ਕੁਝ ਪੁੱਛਣ-ਗਿੱਛਣ ਦਾ ਉਸ ਮੈਨੂੰ ਮੌਕਾ ਹੀ ਨਾ ਦਿੱਤਾ। ਮੈਂ ਸੋਚੀਂ ਪੈ ਗਿਆ, 'ਕੀ ਬਾਬਾ ਜੀ ਕਿਤੇ ਡਿੱਗ-ਢੱਠ ਪਏ ਨੇ?'

ਨਿੱਘੀ ਰਜਾਈ 'ਚੋਂ ਉੱਠ ਕੇ ਏਡੀ ਸਰਦੀ ਤੇ ਮੀਂਹ ਵਿਚ ਬਾਹਰ ਨਿਕਲਣਾ ਬੜਾ ਮੁਸ਼ਕਲ ਸੀ, ਪਰ ਬਾਬਾ ਜੀ ਦਾ ਹੁਕਮ ਵੀ ਤਾਂ ਟਾਲਿਆ ਨਹੀਂ ਸੀ ਜਾ ਸਕਦਾ। ਮੰਨਿਆਂ ਕਿ ਪਿਛਲੇ ਕੁਝ ਚਿਰ ਤੋਂ ਮੈਂ ਉਨ੍ਹਾਂ ਨਾਲ ਕਾਫ਼ੀ ਵੱਟਿਆ ਹੋਇਆਂ ਸਾਂ, ਪਰ ਉਹ ਇੱਕ ਤਾਂ 'ਅਸੂਲੀ' ਮੱਤ-ਭੇਦ ਸੀ ਨਾ। ਕੀ ਏਡਾ ਅਕ੍ਰਿਤਘਣ ਵੀ ਹੋ ਸਕਦਾ ਸਾਂ ਕਿ ਕਿਸੇ 'ਮਤਭੇਦ' ਬਦਲੇ ਉਨ੍ਹਾਂ ਦੇ ਉਪਕਾਰਾਂ ਨੂੰ ਵਿਸਾਰ ਦੇਂਦਾ ਜਿਹੜੇ ਉਨ੍ਹਾਂ ਮੇਰੇ ਉੱਤੇ ਕੀਤੇ ਸਨ?

ਕੱਪੜਾ ਲੱਤਾ ਪਹਿਨ ਕੇ, ਤੇ ਛੱਤਰੀ ਤਾਣ ਕੇ ਮੈਂ ਘਰੋਂ ਨਿਕਲਿਆ। 'ਡਾਕਟਰ ਵੱਲ ਜਾਣ ਤੋਂ ਪਹਿਲਾਂ ਇੱਕ ਵਾਰੀ ਬਾਬਾ ਜੀ ਨੂੰ ਵੇਖਦਾ ਚੱਲਾਂ', ਸੋਚ ਕੇ ਮੈਂ ਗੁਰਦੁਆਰੇ ਵੱਲ ਰੁਖ਼ ਕੀਤਾ। ਕੋਲ ਹੀ ਤਾਂ ਗੁਰਦੁਆਰਾ ਸੀ, ਕੁੱਲ ਪੰਦਰਾਂ ਵੀਹਾਂ ਕਦਮਾਂ ਦੀ ਵਾਟ 'ਤੇ।

ਸੋਚਦਾ ਜਾਂਦਾ ਸਾਂ, ਪਤਾ ਨਹੀਂ ਕਿਤੇ ਤਿਲਕ ਪਏ ਹੋਣ, ਜਾਂ ਹਨੇਰੇ ਵਿਚ ਚੜ੍ਹਦਿਆਂ-ਉੱਤਰਦਿਆਂ ਪੌੜੀਆਂ ਤੋਂ ਡਿੱਗ ਪਏ ਹੋਣ। ਸੱਟਾਂ ਜ਼ਿਆਦਾ ਹੀ ਲੱਗੀਆਂ ਹੋਣਗੀਆਂ। ਮਾੜੀ ਮੋਟੀ ਮਲ੍ਹਮ ਪੱਟੀ ਤਾਂ ਉਹ ਆਪ ਵੀ ਕਰ ਸਕਦੇ ਸਨ।

ਪਰ ਓਥੇ ਜਾ ਕੇ ਮੈਂ ਜੋ ਕੁਝ ਤੱਕਿਆ, ਮੇਰੇ ਅਸਚਰਜ ਦਾ ਕੋਈ ਠਿਕਾਣਾ ਨਾ ਰਿਹਾ। ਓਹੀ ਹਿੰਦੂ ਗੱਭਰੂ, ਜਿਸ ਨੂੰ ਮੈਂ ਤੇ ਮੇਰੇ ਸਾਥੀ ਫੇਹ ਕੇ ਖੋਲੇ ਵਿਚ ਸੁੱਟ ਆਏ ਸਾਂ, ਮੰਜੇ 'ਤੇ ਫੈਲਿਆ ਹੋਇਆ ਸੀ, ਬੇ-ਮਲੂੰਮੀ ਜਿਹੀ ਹੋਸ਼ ਸੀ ਉਸ ਨੂੰ। ਕਈਆਂ ਅੰਗਾਂ 'ਤੇ ਪੱਟੀਆਂ ਬੰਨ੍ਹੀਆਂ ਹੋਈਆਂ ਤੇ ਉਨ੍ਹਾਂ ਦੇ ਉੱਤੋਂ ਲਹੂ ਸਿਮ ਰਿਹਾ ਸੀ, ਖ਼ਾਸ ਕਰ ਕੇ ਮੱਥੇ ਦੀ ਪੱਟੀ ਤੋਂ।

'ਆਇਆ ਡਾਕਟਰ?' ਬਾਬਾ ਜੀ ਨੇ ਬੜਾ ਕਾਹਲਾ ਅਤੇ ਬੇਸਬਰ ਸਵਾਲ ਕੀਤਾ ਮੇਰੇ ਉੱਤੇ। ਤੇ 'ਹੁਣੇ ਲਿਆਇਆ ਜੀ' ਕਹਿ ਕੇ ਮੈਂ ਪਿਛਲੇ ਪੈਰੀਂ ਦੌੜਿਆ ਗਿਆ ਡਾਕਟਰ ਵੱਲ।

ਇਸ ਤੋਂ ਅਗਲੀ ਵਾਰਤਾ ਕੋਈ ਮਹੱਤਵ ਭਰੀ ਨਹੀਂ, ਸਾਧਾਰਣ ਹੀ ਸਮਝੋ। ਡਾਕਟਰ ਆਇਆ, ਮਲ੍ਹਮ ਪੱਟੀ ਨਵੇਂ ਸਿਰੇ ਹੋਈ, ਪੀਣ ਨੂੰ ਤਾਕਤ ਦੀ ਦਵਾਈ ਦਿੱਤੀ ਗਈ (ਟੀਕੇ ਦਾ ਰਿਵਾਜ ਓਦੋਂ ਨਹੀਂ ਸੀ), ਥੋੜ੍ਹੀ ਕੁ ਮਰੀਜ਼ ਨੂੰ ਹੋਸ਼ ਆ ਗਈ, ਤੇ ਉਸ ਤੋਂ ਬਾਅਦ ਕੁਝ ਦਿਨਾਂ ਤੀਕ ਇਹੋ ਦੁਆ-ਦਾਰੂ ਤੇ ਮਲ੍ਹਮ-ਪੱਟੀ ਦਾ ਕ੍ਰਮ ਜਾਰੀ ਰਿਹਾ। ਛੇਕੜ ਮਰੀਜ਼ ਤੰਦਰੁਸਤ ਹੋ ਕੇ ਆਪੇ ਚਲਾ ਗਿਆ, ਜਾਂ ਉਸ ਦਾ ਕੋਈ ਸੰਬੰਧੀ ਆ ਕੇ ਉਸ ਨੂੰ ਲੈ ਗਿਆ? ਇਹ ਮੈਨੂੰ ਯਾਦ ਨਹੀਂ।

ਸਾਧਾਰਣ ਨਜ਼ਰੇ ਦੇਖਿਆਂ ਇਸ ਵਿਚ 'ਘਟਨਾ' ਵਾਲੀ ਐਸੀ ਕੋਈ ਵੀ ਗੱਲ ਨਹੀਂ ਜਾਪੇਗੀ। ਫ਼ਿਰ ਮੇਰੇ ਲਈ, ਜਿਸ ਨੇ ਆਪ ਹੀ ਇਹ ਕਾਰਾ ਕੀਤਾ ਹੋਵੇ। ਪਰ ਜਿਹੜੀ ਗੱਲ ਨੇ ਮੇਰੇ ਲਈ ਇਸ ਨੂੰ 'ਘਟਨਾ' ਦਾ ਦਰਜਾ ਦੇ ਦਿੱਤਾ, ਉਹ ਇਕ ਹੋਰ ਹੀ ਸੀ।

ਮੇਰੇ ਪਹੁੰਚਣ 'ਤੇ ਜਿਸ ਵੇਲੇ ਬਾਬਾ ਜੀ ਨੇ ਮਰੀਜ਼ ਵੱਲੋਂ ਧਿਆਨ ਮੋੜ ਕੇ ਮੇਰੇ ਵੱਲ ਤੱਕਦਿਆਂ ਪੁੱਛਿਆ ਸੀ, 'ਆਇਆ ਡਾਕਟਰ?' ਉਸ ਵੇਲੇ ਮੇਰੀ ਨਜ਼ਰ ਉਨ੍ਹਾਂ ਦੀਆਂ ਅੱਖਾਂ 'ਤੇ ਸੀ, ਜਿਨ੍ਹਾਂ ਵਿਚੋਂ ਉਸ ਤੋਂ ਪਹਿਲਾਂ ਕਦੀ ਵੀ ਮੈਂ ਨਮੀ ਨਹੀਂ ਸੀ ਤੱਕੀ। ਬਲਕਿ ਇੱਥੋਂ ਤੱਕ ਕਿ ਕੁਝ ਸਾਲ ਪਹਿਲਾਂ ਜਦ ਮੇਰੀ ਸਭ ਤੋਂ ਪਿਆਰੀ ਚੀਜ਼ ਇਸ ਦੁਨੀਆਂ ਤੋਂ ਚਲੀ ਗਈ ਸੀ-ਮੇਰੀ ਮਾਂ। ਤੇ ਜਦ ਮੈਂ ਏਸੇ ਬਿਰਧ ਦੇ ਸਾਹਮਣੇ ਬੈਠਾ ਭੁੱਬੀਂ ਰੋ ਰਿਹਾ ਸਾਂ, ਤਾਂ ਉਨ੍ਹਾਂ ਇਹ ਆਖ ਕੇ ਮੈਨੂੰ ਧਰਵਾਸ ਦੇਣ ਦਾ ਯਤਨ ਕੀਤਾ ਸੀ-'ਹਿਸ਼! ਏਡੇ ਸਿਆਣੇ ਹੋ ਕੇ ਅੱਥਰੂ? ਮੇਰੇ ਅਣਗਿਣਤ ਰਿਸ਼ਤੇਦਾਰ ਚਲੇ ਗਏ-ਪੁੱਤਰ ਤੱਕ ਵੀ, ਪਰ ਮੈਂ ਕਦੀ ਨਹੀਂ ਰੋਇਆ।' ਇਤਿਆਦਿ। ਪਰ ਉਸ ਵੇਲੇ ਮੈਂ ਓਸ ਬਾਬੇ ਨੂੰ, ਅੱਖਾਂ ਵਿਚੋਂ ਗੰਗਾ-ਜਮਨਾ ਵਹਾਂਦਿਆਂ ਤੱਕਿਆ।

ਬਸ ਇਹੋ ਸਨ ਖਾਰੇ ਪਾਣੀ ਦੇ ਕੁਝ ਤੁਪਕੇ, ਜਿਨ੍ਹਾਂ ਨੇ ਓਸ ਵਾਕੇ ਨੂੰ ਮੇਰੇ ਲਈ 'ਘਟਨਾ' ਬਣਾ ਦਿੱਤਾ। ਕੀਕਰ ਕਰਾਂ ਓਸ ਅਸਰ ਦੀ ਵਿਆਖਿਆ, ਜਿਹੜਾ ਓਸ ਵੇਲੇ ਮੇਰੇ ਉੱਤੇ ਹੋਇਆ। ਕੋਈ ਸ਼ਿਕਵਾ ਕਰਦੇ, ਮੇਰੀ ਹਿਮਾਕਤ ਤੋਂ ਨਾਰਾਜ਼ ਹੋ ਕੇ ਕੁਝ ਕੌੜੀਆਂ ਕਸੈਲੀਆਂ ਸੁਣਾ ਦੇਂਦੇ, ਅਥਵਾ ਮੇਰੇ ਮੂੰਹ 'ਤੇ ਦੋ ਚਾਰ ਚਪੇੜਾਂ ਜੜ ਦੇਂਦੇ, ਤਾਂ ਸ਼ਾਇਦ ਮੇਰਾ ਮਨ ਇਤਨਾ ਦ੍ਰਵੀਭੂਤ ਨਾ ਹੁੰਦਾ। ਪਰ ਉਨ੍ਹਾਂ ਮੈਨੂੰ ਇਸ ਮਾਮਲੇ ਬਾਰੇ ਅਲਫੋਂ-ਬੇ ਤੱਕ ਨਾ ਕਿਹਾ...ਛੁੱਟ ਇੱਕ ਕਰੁਣਾ ਭਰੀ ਤੱਕਣੀ ਤੋਂ, ਤੇ ਛੁੱਟ ਉਨ੍ਹਾਂ ਅੱਥਰੂਆਂ ਤੋਂ ਜਿਹੜੇ ਮੈਂ ਜਾਣਦਾ ਸਾਂ ਕੇਵਲ ਮੇਰੀ ਹੀ ਕਾਲੀ ਕਰਤੂਤ ਨੇ ਉਨ੍ਹਾਂ ਦੀਆਂ ਅੱਖਾਂ ਵਿਚ ਲਿਆਂਦੇ ਸਨ...ਉਨ੍ਹਾਂ ਅੱਖਾਂ ਵਿਚ, ਜਿਹੜੀਆਂ ਪੁੱਤਰ ਦੀ ਮੌਤ ਵੇਲੇ ਵੀ ਨਹੀਂ ਸਨ ਭਿੱਜੀਆਂ।


# ਗਿਆਨਵਾਨ ਚੂਹੇ ਦਾ ਹਸ਼ਰ

ਚੂਹਾ ਬਹੁਤਾ ਪੜ੍ਹਿਆ-ਲਿਖਿਆ ਨਹੀਂ ਸੀ। ਪਰਿਵਾਰ ਤਾਂ ਫਿਰ ਵੀ ਪਾਲਣਾ ਹੀ ਪੈਣਾ ਸੀ। ਇਸ ਲਈ ਰੁਜ਼ਗਾਰ ਦੀ ਭਾਲ ਵਿੱਚ ਮਾਰਿਆ ਮਾਰਿਆ ਫਿਰਦਾ ਸੀ। ਇੱਕ ਦਿਨ ਉਸ ਨੂੰ ਕਿਸੇ ਨੇ ਦੱਸਿਆ ਕਿ ਫਲਾਣੇ ਦਫ਼ਤਰ ਵਾਲਿਆਂ ਨੇ ਨੌਕਰੀ ਲਈ ਅਰਜ਼ੀਆਂ ਮੰਗੀਆਂ ਹਨ। ਚੂਹੇ ਨੂੰ ਇਹ ਗੱਲ ਹਨੇਰੀ ਗੁਫ਼ਾ ਵਿੱਚ ਰੌਸ਼ਨੀ ਦੀ ਕਿਰਨ ਜਿਹੀ ਜਾਪੀ। ਭੁੱਖਣ ਭਾਣਾ ਹੋਣ ਦੇ ਬਾਵਜੂਦ ਉਹ ਵਧੀਆ ਤਿਆਰ ਹੋਇਆ ਅਤੇ ਉਸ ਦਫ਼ਤਰ ਜਾ ਪਹੁੰਚਿਆ ਜਿੱਥੇ ਆਸਾਮੀਆਂ ਨਿਕਲੀਆਂ ਸਨ। ਜਦੋਂ ਉਸ ਨੇ ਇੱਕ ਕਰਮਚਾਰੀ ਨੂੰ ਆਪਣੇ ਆਉਣ ਦਾ ਕਾਰਨ ਦੱਸਿਆ ਤਾਂ ਆਪਣਾ ਹਾਸਾ ਰੋਕ ਕੇ ਕਰਮਚਾਰੀ ਨੇ ਸ਼ਰਾਰਤ ਵੱਸ ਉਸ ਨੂੰ ਦਫ਼ਤਰ ਮੁਖੀ ਕੋਲ ਭੇਜ ਦਿੱਤਾ। ਚੂਹਾ ਇਜਾਜ਼ਤ ਲੈ ਕੇ ਦਫ਼ਤਰ ਮੁਖੀ ਦੇ ਕਮਰੇ ਵਿੱਚ ਗਿਆ ਤਾਂ ਮੁਖੀ ਉਸ ਦੇ ਸਲੀਕੇ ਤੋਂ ਪ੍ਰਭਾਵਿਤ ਹੋਇਆ ਤੇ ਉਸ ਨੂੰ ਕੁਰਸੀ 'ਤੇ ਬੈਠਣ ਲਈ ਕਿਹਾ। ਮੁਖੀ ਨੇ ਚੂਹੇ ਨੂੰ ਪੁੱਛਿਆ, ''ਹਾਂ ਬਈ, ਕਿਵੇਂ ਆਉਣਾ

ਰਵਨੀਤ ਕੌਰ

ਹੋਇਆ?'' ਉਸ ਨੇ ਰੁਜ਼ਗਾਰ ਲਈ ਆਉਣ ਦੀ ਗੱਲ ਆਖੀ। ਇਹ ਸੁਣ ਕੇ ਮੁਖੀ ਵੀ ਮਨ ਹੀ ਮਨ ਹੱਸਿਆ ਤੇ ਸੋਚਣ ਲੱਗਿਆ ਕਿ ਹੁਣ ਇਹ ਇਨਸਾਨਾਂ ਨਾਲ ਕੰਮ ਕਰੇਗਾ! ਫਿਰ ਵੀ ਉਸ ਨੇ ਪੁੱਛਿਆ, ''ਕਿੰਨਾ ਕੁ ਪੜ੍ਹਿਆ ਏਂ?'' ਚੂਹੇ ਨੇ ਆਜਜ਼ੀ ਜਿਹੀ ਨਾਲ ਕਿਹਾ, ''ਜੀ, ਬਸ ਦਸ ਕੁ ਜਮਾਤਾਂ ਪਾਸ ਹਾਂ?'' ਮੁਖੀ ਨੇ ਅਗਲੇ ਸਵਾਲ ਵਿੱਚ ਅੰਗਰੇਜ਼ੀ ਦੇ ਅੰਕ ਪੁੱਛੇ। ਇਹ ਸਵਾਲ ਸੁਣ ਕੇ ਕੰਨ ਜਿਹਾ ਖੁਰਕਦਾ ਉਹ ਬੋਲਿਆ, ''ਜੀ, 100 'ਚੋਂ 40 ਅੰਕ ਸਨ।'' ਮੁਖੀ ਨੇ ਅਗਲਾ ਸਵਾਲ ਦਾਗਿਆ, ''ਤੇ ਹਿਸਾਬ 'ਚੋਂ?'' ਚੂਹੇ ਨੂੰ ਸ਼ਬਦ ਆਪਣੇ ਸੰਘ 'ਚ ਅਟਕ ਗਏ ਜਾਪੇ ਤੇ ਮਸਾਂ ਹੀ ਆਖ ਸਕਿਆ, ''ਜੀ, 100 ਵਿੱਚੋਂ 33 ਨੰਬਰ ਲੈ ਕੇ ਬਸ ਪਾਸ ਹੀ ਹੋ ਸਕਿਆ ਹਾਂ।'' ਦਫ਼ਤਰ ਮੁਖੀ ਨੂੰ ਬਹਾਨਾ ਮਿਲ ਗਿਆ। ਉਸ ਨੇ ਕਿਹਾ, ''ਨਾ ਬਈ, ਤੇਰੀ ਵਿਦਿਅਕ ਯੋਗਤਾ ਇਸ ਆਸਾਮੀ ਮੁਤਾਬਿਕ ਨਹੀਂ।'' ਇਹ ਸੁਣ ਕੇ ਚੂਹੇ ਨੂੰ ਇਹ ਉਮੀਦ ਵੀ ਦਮ ਤੋੜਦੀ ਜਾਪੀ। ਉਸ ਨੇ ਬੇਨਤੀ ਕੀਤੀ, ''ਜੀ, ਬਸ ਇੱਕ ਮੌਕਾ ਦੇ ਦਿਉ, ਮੈਂ ਪੂਰਾ ਮਨ ਲਾ ਕੇ ਕੰਮ ਕਰਾਂਗਾ।'' ਮੁਖੀ ਨੇ ਕਿਹਾ, ''ਤੈਨੂੰ ਕਹਿ ਤਾਂ ਦਿੱਤਾ ਕਿ ਤੇਰੀ ਵਿਦਿਅਕ ਯੋਗਤਾ ਪੂਰੀ ਨਹੀਂ।'' ਚੂਹਾ ਤਰਲੇ ਲੈਣ ਲੱਗਾ। ਮੁਖੀ 'ਤੇ ਅਸਰ ਨਾ ਹੋਇਆ। ਚੂਹਾ ਰਾਤ ਦਾ ਭੁੱਖਾ ਤਾਂ ਸੀ ਹੀ, ਉਮੀਦ ਟੁੱਟਣ ਕਾਰਨ ਬੇਹੋਸ਼ ਹੋਣ ਵਾਲਾ ਹੋ ਗਿਆ। ਉਸ ਦੀ ਹਾਲਤ ਦੇਖ ਕੇ ਮੁਖੀ ਨੂੰ ਤਰਸ ਆ ਗਿਆ। ਉਸ ਨੇ ਦਿਲਾਸਾ ਦੇਣ ਲਈ ਕਿਹਾ, ''ਖ਼ੈਰ, ਇਸ ਵੇਲੇ ਤਾਂ ਮੈਂ ਤੇਰੀ ਮਦਦ ਨਹੀਂ ਕਰ ਸਕਦਾ। ਤੂੰ ਇਉਂ ਕਰ, ਗਾਹੇ-ਬਗਾਹੇ ਦਫ਼ਤਰ ਗੇੜਾ ਮਾਰਦਾ ਰਹੀਂ। ਕੀ ਪਤਾ ਕਦੇ ਤੇਰਾ ਕੰਮ ਬਣ ਜਾਵੇ!'' ਚੂਹੇ ਨੂੰ ਮੁਖੀ ਦੇ ਕਮਰੇ ਅੰਦਰ ਲੈ ਕੇ ਆਇਆ ਸੇਵਾਦਾਰ ਸਾਰਾ ਸਮਾਂ ਉੱਥੇ ਹੀ ਖੜ੍ਹਾ ਰਿਹਾ ਸੀ ਤੇ ਉਸ ਨੂੰ ਚੂਹੇ ਦੇ ਭੁੱਖਣ ਭਾਣਾ ਹੋਣ ਦਾ ਪਤਾ ਸੀ। ਉਸ ਨੇ ਮੁਖੀ ਨੂੰ ਕੰਨ ਵਿੱਚ ਇਹ ਗੱਲ ਦੱਸੀ ਤਾਂ ਮੁਖੀ ਨੇ ਉਸ ਨੂੰ ਕੁਝ ਖਾਣ ਲਈ ਦੇ ਦਿੱਤਾ। ਬੇਹੋਸ਼ ਹੋਣ ਕੰਢੇ ਪੁੱਜੇ ਚੂਹੇ ਨੇ ਢਿੱਡ ਭਰਨ ਲਈ ਕੁਝ ਮਿਲਣ 'ਤੇ ਦਫ਼ਤਰ ਮੁਖੀ ਦਾ ਸ਼ੁਕਰਾਨਾ ਕੀਤਾ ਅਤੇ ਆਪਣੇ ਘਰ ਪਰਤ ਗਿਆ। ਫਿਰ ਉਹ ਥੋੜ੍ਹੇ-ਥੋੜ੍ਹੇ ਦਿਨਾਂ ਬਾਅਦ ਉਸ ਦਫ਼ਤਰ ਦਾ ਗੇੜਾ ਮਾਰਨ ਆਉਂਦਾ ਕਿ ਖੌਰੇ ਝੋਲੀ ਖ਼ੈਰ ਪੈ ਹੀ ਜਾਵੇ। ਇੰਨੀ ਵਾਰ ਆਉਣ ਕਾਰਨ ਮੁਖੀ ਨੂੰ ਤੰਗੀਆਂ-ਤੁਰਸ਼ੀਆਂ ਵਿੱਚ ਔਧ ਹੰਢਾ ਰਹੇ ਚੂਹੇ ਅਤੇ ਉਸ ਦੇ ਪਰਿਵਾਰ ਬਾਰੇ ਪਤਾ ਲੱਗ ਗਿਆ। ਨੌਕਰੀ ਤਾਂ ਉਸ ਨੂੰ ਮਿਲ ਨਹੀਂ ਸੀ ਸਕਦੀ ਪਰ ਮੁਖੀ ਖਾਣ ਲਈ ਉਸ ਨੂੰ ਜ਼ਰੂਰ ਕੁਝ ਨਾ ਕੁਝ ਦੇ ਦਿੰਦਾ। ਸਾਲ ਲੰਘਦੇ ਗਏ ਅਤੇ ਨੌਕਰੀ ਲਈ ''ਵਰਏਜ ਹੋਣ ਮਗਰੋਂ ਉਹ ਚੂਹਾ ਬੁੱਢਾ ਵੀ ਹੋ ਗਿਆ। ਇੱਕ ਆਸ ਹਾਲੇ ਵੀ ਬਾਕੀ ਸੀ ਕਿਉਂਕਿ ਉਸ ਨੇ ਛੋਟੇ ਮੋਟੇ ਕੰਮ ਕਰਕੇ ਸਮਰੱਥਾ ਮੁਤਾਬਿਕ ਆਪਣੇ ਪੁੱਤਰ ਨੂੰ ਪੜ੍ਹਾ ਲਿਖਾ ਦਿੱਤਾ ਸੀ। ਇੱਕ ਦਿਨ ਉਸੇ ਦਫ਼ਤਰ ਜਾ ਕੇ ਚੂਹੇ ਨੇ ਆਪਣੇ ਪੁੱਤਰ ਲਈ ਨੌਕਰੀ ਦੀ ਗੱਲ ਤੋਰੀ, ਜਿੱਥੇ ਗੇੜੇ ਲਾਉਂਦਿਆਂ ਉਸ ਦੀ ਸਾਰੀ ਉਮਰ ਲੰਘ ਗਈ ਸੀ। ਮੁਖੀ ਚੰਗਾ ਬੰਦਾ ਸੀ। ਉਸ ਨੇ ਚੂਹੇ ਨੂੰ ਕੁਝ ਦਿਨਾਂ ਬਾਅਦ ਪੁੱਤਰ ਨੂੰ ਲਿਆਉਣ ਲਈ ਕਿਹਾ।

ਬੁੱਢਾ ਚੂਹਾ ਆਪਣੇ ਪੜ੍ਹੇ-ਲਿਖੇ ਪੁੱਤਰ ਨੂੰ ਨਾਲ ਲੈ ਕੇ ਚਾਈਂ ਚਾਈਂ ਦਫ਼ਤਰ ਜਾ ਪੁੱਜਾ। ਜਿਉਂ ਹੀ ਉਹ ਮੁਖੀ ਦੇ ਕਮਰੇ ਅੰਦਰ ਪੁੱਜੇ ਤਾਂ ਬੁੱਢੇ ਚੂਹੇ ਨੂੰ ਜਿਵੇਂ ਕੋਈ ਝਟਕਾ ਲੱਗਾ ਹੋਵੇ। ਦਰਅਸਲ, ਪੁਰਾਣੇ ਮੁਖੀ ਦੀ ਥਾਂ ਕੋਈ ਹੋਰ ਬੰਦਾ ਕੁਰਸੀ 'ਤੇ ਬੈਠਾ ਸੀ। ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਨਵਾਂ ਮੁਖੀ ਹੈ। ਬੁੱਢੇ ਚੂਹੇ ਨੇ ਪੁਰਾਣੇ ਮੁਖੀ ਨਾਲ ਹੋਈ ਗੱਲਬਾਤ ਦਾ ਹਵਾਲਾ ਦਿੰਦਿਆਂ ਆਉਣ ਦਾ ਮਕਸਦ ਦੱਸਿਆ। ਪੁਰਾਣੇ ਮੁਖੀ ਨੇ ਇਸ



ਬਾਬਤ ਉਸ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ। ਉਂਜ ਵੀ ਨਵਾਂ ਮੁਖੀ ਦਾਨਾ ਬੰਦਾ ਸੀ। ਉਹ ਦੋਵੇਂ ਪਿਉ ਪੁੱਤ ਨਾਲ ਬੜੀ ਚੰਗੀ ਤਰ੍ਹਾਂ ਪੇਸ਼ ਆਇਆ ਅਤੇ ਠਰ੍ਹੰਮੇ ਨਾਲ ਉਨ੍ਹਾਂ ਦੀ ਗੱਲ ਸੁਣੀ। ਇਸ ਵਾਰ ਦਫ਼ਤਰ ਵਿੱਚ ਆਸਾਮੀ ਖਾਲੀ ਨਹੀਂ ਸੀ। ਫਿਰ ਵੀ ਮੁਖੀ ਨੇ ਲੋੜ ਪੈਣ ਉੱਤੇ ਉਸ ਨੂੰ ਬੁਲਾਉਣ ਦੀ ਗੱਲ ਆਖੀ। ਫਿਰ ਉਹੀ ਸਿਲਸਿਲਾ ਸ਼ੁਰੂ ਹੋ ਗਿਆ। ਇਹ ਮੁਖੀ ਵੀ ਹਰ ਵਾਰ ਆਏ ਨੌਜਵਾਨ ਚੂਹੇ ਨੂੰ ਕੁਝ ਨਾ ਕੁਝ ਖਾਣ ਲਈ ਦੇ ਦਿੰਦਾ। ਦਰਅਸਲ, ਇਹ ਮੁਖੀ ਆਪ ਤੋਂ ਛੋਟੇ ਹਰ ਇੱਕ, ਚਾਹੇ ਇਨਸਾਨ ਹੋਵੇ ਜਾਂ ਜਾਨਵਰ, ਨਾਲ ਪਿਆਰ ਨਾਲ ਪੇਸ਼ ਆਉਂਦਾ ਸੀ। ਉਸ ਨੇ ਤਾਂ ਆਪਣੇ ਘਰ ਰਹਿੰਦੀ ਕਾਟੋ ਤੱਕ ਦਾ ਵੀ ਨਾਂ ਰੱਖਿਆ ਹੋਇਆ ਸੀ ਅਤੇ ਉਸ ਨੂੰ ਖਾਣਾ ਆਪਣੇ ਹੱਥੀਂ ਖੁਆਉਂਦਾ ਸੀ। ਰੁਜ਼ਗਾਰ ਦਾ ਮਸਲਾ ਤਾਂ ਹੱਲ ਨਾ ਹੋਇਆ, ਪਰ ਫਿਰ ਵੀ ਚੂਹੇ ਨੇ ਹੌਸਲਾ ਨਾ ਹਾਰਿਆ। ਫਿਰ ਇੱਕ ਦਿਨ ਇਹ ਮੁਖੀ ਵੀ ਸੇਵਾਮੁਕਤ ਹੋ ਗਿਆ।

ਉਸ ਦੀ ਥਾਂ ਨਵਾਂ ਮੁਖੀ ਆ ਬਿਰਾਜਿਆ। ਅਗਲਾ ਮੁਖੀ ਬਸ ਪੜ੍ਹਨ-ਲਿਖਣ ਵਾਲਾ ਬੰਦਾ ਸੀ। ਉਸ ਦੇ ਆਲੇ-ਦੁਆਲੇ ਤਾਂ ਜਿਵੇਂ ਕਿਤਾਬਾਂ ਦੀਆਂ ਕੰਧਾਂ ਹੀ ਉਸਰੀਆਂ ਹੋਈਆਂ ਸਨ। ਇੱਥੋਂ ਤੱਕ ਕਿ ਕਮਰਿਆਂ ਦੀਆਂ ਬਾਰੀਆਂ ਅਤੇ ਰੌਸ਼ਨਦਾਨਾਂ ਅੱਗੇ ਵੀ ਕਿਤਾਬਾਂ ਦੇ ਢੇਰ ਲੱਗ ਗਏ। ਨਵੇਂ ਮੁਖੀ ਕੋਲ ਆ ਕੇ ਚੂਹੇ ਨੇ ਬੇਨਤੀ ਕੀਤੀ ਤਾਂ ਉਸ ਨੂੰ ਵਿਦਿਅਕ ਯੋਗਤਾ ਪੁੱਛੀ ਗਈ। ਮੁਖੀ ਨੇ ਕਿਹਾ, ''ਤੇਰੀ ਯੋਗਤਾ ਤਾਂ ਇਸ ਆਸਾਮੀ ਮੁਤਾਬਿਕ ਨਹੀਂ, ਪਰ ਜੇਕਰ ਤੂੰ ਥੋੜ੍ਹਾ ਹੋਰ ਪੜ੍ਹ ਲਵੇਂ ਤਾਂ ਗੱਲ ਬਣ ਸਕਦੀ ਹੈ।'' ਇਹ ਪੜ੍ਹਿਆ-ਲਿਖਿਆ ਚੂਹਾ ਮਿਹਨਤ ਕਰਨੋਂ ਝਿਜਕਦਾ ਨਹੀਂ ਸੀ। ਹਾਂ, ਸਰਕਾਰੀ ਨੌਕਰੀਆਂ ਲੈਣ ਲਈ ਇਮਤਿਹਾਨ ਪਾਸ ਕਰਨ ਦੇ ਬਾਵਜੂਦ ਰੁਜ਼ਗਾਰ ਲਈ ਪੁਲੀਸ ਦੀਆਂ ਡਾਂਗਾਂ ਖਾਣ ਤੇ ਜੇਲ੍ਹ ਜਾਣ ਵਾਲੇ ਨੌਜਵਾਨਾਂ ਤੇ ਮੁਟਿਆਰਾਂ ਬਾਰੇ ਖ਼ਬਰਾਂ ਉਸ ਦੇ ਜ਼ਿਹਨ 'ਚ ਘੁੰਮਦੀਆਂ ਰਹਿੰਦੀਆਂ ਸਨ। ਇਸ ਲਈ ਉਸ ਨੇ ਮੁਖੀ ਦੀ ਸਲਾਹ ਮੰਨ ਕੇ ਹੋਰ ਪੜ੍ਹਨ ਦਾ ਫ਼ੈਸਲਾ ਕਰ ਲਿਆ। ਉਸ ਨੇ ਆਸਾਮੀ ਲਈ ਲੋੜੀਂਦੀ ਡਿਗਰੀ ਤਾਂ ਪਾਸ ਕੀਤੀ ਹੀ ਸਗੋਂ ਉਸ ਨੂੰ ਸਾਹਿਤ ਪੜ੍ਹਨ ਦੀ ਚੇਟਕ ਵੀ ਲੱਗ ਗਈ। ਉਸ ਦਾ ਇਹ ਸ਼ੌਕ ਇੰਨਾ ਵਧ ਗਿਆ ਕਿ ਇਸ ਦਫ਼ਤਰ ਆ ਕੇ ਕੋਈ ਨਾ ਕੋਈ ਕਿਤਾਬ ਪੜ੍ਹਨਾ ਉਸ ਨੇ ਨੇਮ ਬਣਾ ਲਿਆ ਅਤੇ ਉਹ ਭੁੱਖ-ਤੇਹ ਦੀ ਵੀ ਪਰਵਾਹ ਨਾ ਕਰਦਾ। ਉਸ ਨੇ ਦਫ਼ਤਰ ਮੁਖੀ ਨੂੰ ਵੀ ਅਜਿਹਾ ਕਰਦਾ ਹੀ ਦੇਖਿਆ ਸੀ ਕਿ ਕਦੇ ਘਰੋਂ ਖਾਣ ਨੂੰ ਕੁਝ ਲਿਆਂਦਾ ਤਾਂ ਖਾ ਲਿਆ, ਨਹੀਂ ਤਾਂ ਕੰਟੀਨ 'ਚ ਮਿਲਦੀ ਕੋਈ ਚੀਜ਼ ਲੈ ਕੇ ਖਾ ਲੈਣੀ ਅਤੇ ਕਦੇ ਇਹ ਵੀ ਨਹੀਂ।

ਇਨ੍ਹਾਂ ਦਿਨਾਂ 'ਚ ਬੁੱਢੇ ਚੂਹੇ ਦੀ ਮੌਤ ਹੋ ਗਈ। ਨੌਕਰੀ ਹਾਸਲ ਕਰਨ ਲਈ ਦਿਨ ਰਾਤ ਇੱਕ ਕਰ ਰਹੇ ਚੂਹੇ ਨੂੰ ਹੋਰ ਵੀ ਤੰਗਦਸਤੀ ਨੇ ਆ ਘੇਰਿਆ। ਇਸ ਸਭ ਦੇ ਬਾਵਜੂਦ ਉਸ ਨੇ ਸਾਹਿਤ ਦਾ ਪੱਲਾ ਨਾ ਛੱਡਿਆ। ਹੁਣ ਪੇਟ ਦੀ ਅੱਗ ਜਦੋਂ ਬਹੁਤਾ ਹੀ ਸਤਾਉਂਦੀ ਤਾਂ ਦਫ਼ਤਰੋਂ ਬਾਹਰ ਜਾ ਕੇ ਕੁਝ ਮਿਲਦਾ ਤਾਂ ਖਾ ਲੈਂਦਾ। ਜਿਸ ਦਿਨ ਭੁੱਖਾ ਹੀ ਰਹਿਣਾ ਪੈਂਦਾ ਤਾਂ ਕਦੇ ਕਿਤਾਬਾਂ 'ਚ ਪੜ੍ਹੀਆਂ ਜੁਝਾਰੂ ਕਵਿਤਾਵਾਂ ਉੱਚੀ-ਉੱਚੀ ਬੋਲਦਾ, ਕਦੇ ਇਨਕਲਾਬੀ ਨਾਅਰੇ ਲਾਉਂਦਾ। ਕਦੇ ਫਲਸਫ਼ਾ ਪੜ੍ਹਨ ਕਾਰਨ ਖ਼ੁਦ ਨੂੰ ਦਾਰਸ਼ਨਿਕ ਸਮਝਦਾ ਅਤੇ ਕਦੇ (ਮਜਬੂਰੀਵੱਸ ਹੀ ਸਹੀ) ਅਲਪ ਆਹਾਰੀ ਹੋਣ ਕਾਰਨ ਸੰਤ। ਆਪਣੀ ਬੇਰੁਜ਼ਗਾਰੀ ਦਾ ਕਾਰਨ ਕਦੇ ਉਹ ਸਿਆਸੀ ਲੂੰਬੜ ਚਾਲਾਂ ਨੂੰ ਸਮਝਦਾ, ਕਦੇ ਵੱਡੀ ਆਬਾਦੀ ਸਿਰ ਇਸ ਦਾ ਦੋਸ਼ ਮੜ੍ਹਦਾ।

ਠੀਕ-ਠਾਕ ਸਿਹਤ ਵਾਲਾ ਇਹ ਚੂਹਾ ਹੁਣ ਦਿਨੋਂ-ਦਿਨ ਕਮਜ਼ੋਰ ਹੁੰਦਾ ਗਿਆ। ਉਸ ਦੀਆਂ ਹੱਡੀਆਂ ਨਿਕਲ ਆਈਆਂ। ਆਖ਼ਰ ਇੱਕ ਦਿਨ ਅਖ਼ਬਾਰ ਵਿੱਚ ਇਸੇ ਦਫ਼ਤਰ 'ਚ ਖਾਲੀ ਆਸਾਮੀਆਂ ਭਰਨ ਸਬੰਧੀ ਇਸ਼ਤਿਹਾਰ ਆਇਆ। ਉਸ ਦਿਨ ਦਫ਼ਤਰ ਆਏ ਕਰਮਚਾਰੀਆਂ ਨੂੰ ਬੜੀ ਬਦਬੂ ਆਈ। ਉਨ੍ਹਾਂ ਨੇ ਬੜੀ ਥਾਂ ਦੇਖਿਆ, ਕਿਤੋਂ ਕੁਝ ਨਾ ਲੱਭਿਆ। ਆਖ਼ਰ ਬੜੀ ਮੁਸ਼ੱਕਤ ਮਗਰੋਂ ਕਿਸੇ ਨੇ ਰੌਸ਼ਨਦਾਨ ਕੋਲ ਦੇਖਿਆ। ਵਿਚਾਰਾ ਚੂਹਾ ਪੜ੍ਹ-ਪੜ੍ਹ ਕੇ ਮੋਇਆ ਪਿਆ ਸੀ। ਮੁਖੀ ਨੂੰ ਪਤਾ ਲੱਗਿਆ ਤਾਂ ਉਸ ਨੂੰ ਦੁੱਖ ਹੋਇਆ ਕਿ ਨੌਕਰੀ ਲਈ ਯੋਗ ਇਹ ਚੂਹਾ ਰੁਜ਼ਗਾਰ ਮਿਲੇ ਬਿਨਾਂ ਹੀ ਜਹਾਨੋਂ ਕੂਚ ਕਰ ਗਿਆ।

ਗੱਲ ਪੂਰੀ ਇਮਾਰਤ 'ਚ ਫੈਲ ਗਈ। ਸਾਰੇ ਆਪਸ ਵਿੱਚ ਗੱਲਾਂ ਕਰਨ, ''ਬੜਾ ਮਿਹਨਤੀ ਸੀ ਵਿਚਾਰਾ''; ''ਨੌਕਰੀ ਤਾਂ ਏਥੇ ਬੰਦਿਆਂ ਨੂੰ ਨਹੀਂ ਮਿਲਦੀ, ਇਹ ਤਾਂ ਫਿਰ ਵੀ ਚੂਹਾ ਹੋਇਆ...!''; ''ਪਰ ਬੜਾ ਗਿਆਨਵਾਨ ਸੀ, ਉਹ ਕਿਹੜਾ ਵਿਸ਼ਾ ਏ ਜਿਸ ਬਾਰੇ ਇਹਨੂੰ ਪਤਾ ਨਾ ਹੋਵੇ।'' ਜਿੰਨੇ ਮੂੰਹ ਓਨੀਆਂ ਗੱਲਾਂ। ਉਸ ਦੀਆਂ ਅੰਤਿਮ ਰਸਮਾਂ ਬਾਰੇ ਚਰਚਾ ਹੋਣ ਲੱਗੀ ਕਿ ਕੀ ਕੀਤਾ ਜਾਵੇ। ਆਖ਼ਰ, ਉਸ ਦੇ ਸਸਕਾਰ ਦਾ ਇਸ਼ਤਿਹਾਰ ਵੀ ਅਖ਼ਬਾਰ 'ਚ ਛਪਵਾਇਆ ਗਿਆ।

ਮਿੱਥੇ ਦਿਨ ਸੂਝਵਾਨ ਲੋਕ ਅਤੇ ਬੇਰੁਜ਼ਗਾਰਾਂ ਦੀ ਯੂਨੀਅਨ ਵਾਲੇ ਉਸ ਦੇ ਸਸਕਾਰ 'ਤੇ ਆਏ। ਹਰ ਬੇਰੁਜ਼ਗਾਰ ਉਸ ਚੂਹੇ ਦੀ ਅਰਥੀ ਨੂੰ ਮੋਢਾ ਦੇਣਾ ਚਾਹੁੰਦਾ ਸੀ। ਹਰ ਇੱਕ ਨੂੰ ਜਾਪਦਾ ਸੀ ਜਿਵੇਂ ਇਹ ਉਨ੍ਹਾਂ ਦੀਆਂ ਆਪਣੀਆਂ ਸੱਧਰਾਂ ਦੀ ਮਈਅਤ ਹੋਵੇ ਅਤੇ ਉਨ੍ਹਾਂ ਦਾ ਹਸ਼ਰ ਵੀ ਇਸ ਗਿਆਨਵਾਨ ਚੂਹੇ ਜਿਹਾ ਹੀ ਹੋਵੇਗਾ।

# ਜਦੋਂ ਭੂਰੇ ਨੇ ਪੁਲੀਸ ਤੇ ਪਿੰਡ ਨੂੰ ਭਾਜੜਾਂ ਪਾਈਆਂ!

ਅੰਗਰੇਜ਼ ਹਕੂਮਤ ਵੇਲੇ ਤੋਂ ਯਾਨਿ ਧੁਰ ਤੋਂ ਹੀ ਲੋਕਾਂ ਅੰਦਰ ਪੁਲੀਸ ਦਾ ਭੈਅ ਤੁਰਿਆ ਆ ਰਿਹਾ ਹੈ। ਗੱਲ ਉਨ੍ਹਾਂ ਦਹਾਕਿਆਂ ਦੀ ਹੈ, ਜਦੋਂ ਪੰਜਾਬ ਵਿਚ ਅਤਿਵਾਦ, ਵੱਖਵਾਦ, ਖਾੜਕੂਵਾਦ, ਝੂਠੇ ਪੁਲੀਸ ਮੁਕਾਬਲੇ ਜਾਂ ਖ਼ਾਲਿਸਤਾਨ ਵਰਗੇ ਸ਼ਬਦਾਂ ਦਾ ਵਰਤਾਰਾ ਨਹੀਂ ਸੀ ਹੁੰਦਾ। ਉਦੋਂ ਸਿਰਫ਼ ਕੱਲੇ ਥਾਣੇਦਾਰ ਕੋਲ ਬੋਲਟ ਮੋਟਰ ਸਾਈਕਲ ਹੁੰਦਾ ਸੀ, ਬਾਕੀ ਥਾਣੇ ਦਾ ਲਾਣਾ-ਵਾਣਾ ਸਾਈਕਲਾਂ ਉੱਤੇ ਡੰਡੇ ਵਜਾਉਂਦਾ ਫਿਰਦਾ



ਕੁਲਦੀਪ ਧਨੌਲਾ
ਫੋਨ: 94642-91023

ਰਹਿੰਦਾ ਸੀ। ਅੱਜ-ਕੱਲ੍ਹ ਤਾਂ ਆਮ ਪੁਲੀਸ ਮੁਲਾਜ਼ਮ ਕਾਰਾਂ, ਗੱਡੀਆਂ ਲਈਂ ਫਿਰਦੇ ਨੇ ਥਾਣੇਦਾਰਾਂ ਦੀ ਤਾਂ ਗੱਲ ਹੀ ਛੱਡੋ, ਉਹ ਤਾਂ ਜਿਪਸੀਆਂ ਤੇ ਗੰਨਮੈਨ ਲਈਂ ਫਿਰਦੇ ਹਨ।

ਧਨੌਲੇ ਦਾ ਥਾਣਾ ਨਾਭੇ ਵਾਲੇ ਰਾਜੇ ਦੇ ਸਦਰ ਮੁਕਾਮ ਕਿਲ੍ਹੇ ਵਿਚ ਹੈ। ਇਹ ਕਿਲ੍ਹਾ ਸ਼ਹਿਰ ਦੀ ਸਭ ਤੋਂ ਉੱਚੀ ਥਾਂ ਬਣਿਆ ਹੋਇਆ ਹੈ। ਸੱਥ ਵਿਚ ਬੈਠੇ ਬਜ਼ੁਰਗ ਗੱਲਾਂ ਕਰਦੇ ਹੁੰਦੇ ਸੀ ਕਿ ਪੁਲੀਸ ਵੱਲੋਂ ਫੜਿਆ ਬੰਦਾ ਪਹਿਲਾਂ ਤਾਂ ਪੁਲੀਸ ਵਾਲਿਆਂ ਨਾਲ ਤੁਰਿਆ ਜਾਂਦਾ ਸੀ ਪਰ ਜਦੋਂ ਥਾਣੇ (ਕਿਲ੍ਹੇ) ਦਾ ਮੁੱਖ ਗੇਟ ਦਿਸਦਾ ਤੇ ਚੜ੍ਹਾਈ ਸ਼ੁਰੂ ਹੋ ਜਾਂਦੀ ਤਾਂ ਉਹਦੇ ਤੋਂ ਪੈਰ ਨੀ ਪੱਟਿਆ ਜਾਂਦਾ ਸੀ। ਇਕ ਪੁਲੀਸ ਦੀ ਦਹਿਸ਼ਤ, ਦੂਜੀ ਉਚਾਈ। ਉਨ੍ਹਾਂ ਦਿਨਾਂ ਵਿਚ ਇੱਥੇ ਵਿੱਦਿਆ ਸਾਗਰ ਥਾਣੇਦਾਰ ਹੁੰਦਾ ਸੀ। ਜਦੋਂ ਉਹ ਦੁੱਗ-ਦੁੱਗ ਕਰਦੇ ਬੋਲਟ ਮੋਟਰ ਸਾਈਕਲ ਉੱਤੇ ਤੁਰਲੇ ਤੇ ਟੌਰੇ ਵਾਲੀ ਪੱਗ ਬੰਨ੍ਹ ਕੇ ਆਉਂਦਾ ਸੀ ਤਾਂ ਲੋਕ ਬੜੇ ਹੈਰਾਨੀ ਨਾਲ ਤੱਕਦੇ ਸਨ। ਉਹਦੇ ਗੋਰੇ ਰੰਗ ਉੱਤੇ ਖ਼ਾਕੀ ਵਰਦੀ ਬੜੀ ਜਚਦੀ ਸੀ।

ਹੋਇਆ ਇਹ ਕਿ ਨੇੜਲੇ ਪਿੰਡ ਦਾਨਗੜ੍ਹ ਦੇ ਕਾਮੇ ਰੂੜੀ ਤੋਂ ਟਰਾਲੀ ਭਰੀਂ ਜਾਂਦੇ ਸੀ ਤਾਂ ਭੂਰਾ ਸਿੰਘ ਨਾਂ ਦੇ ਵਿਅਕਤੀ ਨੇ ਕੋਲ ਦੀ ਲੰਘੀ ਜਾਂਦੀ ਭਰਜਾਈ ਨੂੰ ਟਿੱਚਰ ਕਰ ਦਿੱਤੀ। ਅੱਗੋਂ ਭਰਜਾਈ ਨੇ ਮੋੜਵਾਂ ਅਜਿਹਾ ਜਵਾਬ ਦਿੱਤਾ ਕਿ ਭੂਰਾ ਸਿੰਘ ਦੇ ਹੱਥ ਵਿਚ ਕਹੀ ਹੋਣ ਕਾਰਨ ਗੁੱਸੇ ਵਿਚ ਆਏ ਨੇ ਕਹੀ ਦਾ ਵਾਰ ਕਰ ਦਿੱਤਾ। ਗੱਲ ਵੱਧ ਕੇ ਥਾਣੇ ਤਕ ਜਾ ਪਹੁੰਚੀ ਤੇ ਭੂਰਾ ਸਿੰਘ ਨੂੰ ਪੁਲੀਸ ਲੈ ਗਈ।

ਉਹ ਵਿਚਾਰਾ ਦਰਵੇਸ਼ ਬੰਦਾ। ਉਹਨੇ ਤਾਂ ਕਦੇ ਕੁੱਤੇ ਦੇ ਸੋਟੀ ਨਹੀਂ ਸੀ ਮਾਰੀ। ਥਾਣੇਦਾਰ ਵਿੱਦਿਆ ਸਾਗਰ ਭੂਰੇ ਦੇ ਦੋ-ਚਾਰ ਥੱਪੜ ਮਾਰ ਕੇ ਕਹਿੰਦਾ ਤੈਨੂੰ ਜਿਉਂਦਾ ਨੀਂ ਛੱਡਦਾ, ਤੇਰੀ ਹਿੰਮਤ ਕਿਵੇਂ ਹੋਈ ਕਹੀ ਮਾਰਨ ਦੀ। ਉਦੋਂ ਮੁਲਜ਼ਮ ਜਾਂਦੇ ਨੂੰ ਅੱਜ-ਕੱਲ੍ਹ ਵਾਂਗ ਹਵਾਲਾਤ ਵਿਚ ਘਟ ਹੀ ਬੰਦ ਕਰਦੇ ਸਨ। ਥਾਣੇਦਾਰ ਦੀ ਦਿੱਤੀ ਧਮਕੀ ਤੋਂ ਭੂਰਾ ਬੁਰੀ ਤਰ੍ਹਾਂ ਘਬਰਾਇਆ ਹੋਇਆ ਡਰਦਾ ਮਾਰਿਆ ਪਿੰਡ ਭੱਠਲਾਂ ਦੀ ਥਾਣੇ ਆਈ ਪੰਚਾਇਤ ਨਾਲ ਮੱਲਕ ਦੇਣੇ ਖਿਸਕ ਗਿਆ। ਓਧਰ, ਸਾਰੇ ਪਿੰਡ ਵਿਚ ਗੱਲ ਫੈਲ ਗਈ ਕਿ ਭੂਰਾ ਸਿੰਘ ਨੂੰ ਪੁਲੀਸ ਲੈ ਗਈ, ਪੁਲੀਸ ਲੈ ਗਈ। ਜਦੋਂ ਪੰਚਾਇਤ ਥਾਣੇ ਪਹੁੰਚੀ ਤਾਂ ਥਾਣੇਦਾਰ ਕਹਿੰਦਾ, ਮੈਂ ਤਾਂ ਤੁਹਾਡਾ ਬੰਦਾ ਛੱਡ'ਤਾ ਪਰ ਪੰਚਾਇਤ ਕਹਿੰਦੀ ਦੱਸੋ ਕੀਹਦੇ ਨਾਲ ਤੋਰਿਐ, ਉਹ ਤਾਂ ਪਿੰਡ ਪਹੁੰਚਿਆ ਨੀ। ਹੁਣ ਥਾਣੇਦਾਰ ਤਾਂ ਦੱਸੇ ਜੇ ਉਹਨੇ ਕਿਸੇ ਨਾਲ ਤੋਰਿਆ ਹੋਵੇ, ਐਵੇਂ ਕੀਹਦਾ ਨਾਂ ਲੈ ਦੇਵੇ?

ਉਨ੍ਹਾਂ ਦਿਨਾਂ ਵਿਚ ਕਾਮਰੇਡ ਪਿੰਡਾਂ ਵਿਚ ਜਲਸੇ, ਡਰਾਮੇ ਕਰਿਆ ਕਰਦੇ ਸਨ। ਇਨ੍ਹਾਂ ਦਾ ਮੁੱਖ ਵਿਸ਼ਾ ਸਿਆਸਤਦਾਨਾਂ ਵੱਲੋਂ ਬਣਾਈਆਂ ਜਾਇਦਾਦਾਂ ਅਤੇ ਪੁਲੀਸ ਦੀਆਂ ਧੱਕੇਸ਼ਾਹੀਆਂ ਹੀ ਹੁੰਦਾ ਸੀ। ਧਨੌਲਾ ਕਸਬਾ ਇਨ੍ਹਾਂ ਡਰਾਮਿਆਂ ਦਾ ਗੜ੍ਹ ਹੁੰਦਾ ਸੀ। ਆਲੇ-ਦੁਆਲੇ ਦੇ ਲਗਪਗ ਅੱਧੀ






*ਵਿੱਦਿਆ ਸਾਗਰ ਅਤੇ ਧਨੌਲਾ ਥਾਣੇ ਦੀਆਂ ਫਾਈਲ ਫ਼ੋਟੋਜ਼।*

ਦਰਜਨ ਪਿੰਡਾਂ ਦੇ ਲੋਕ ਡਰਾਮੇ ਦੇਖਣ ਆਇਆ ਕਰਦੇ ਸਨ, ਕਿਉਂਕਿ ਉਦੋਂ ਰੇਡੀਓ ਤੋਂ ਬਿਨਾਂ ਮਨੋਰੰਜਨ ਦਾ ਕੋਈ ਸਾਧਨ ਹੀ ਨਹੀਂ ਸੀ ਹੁੰਦਾ। ਕਾਮਰੇਡ ਪੁਲੀਸ ਉੱਤੇ ਤਵਿਆਂ ਰੂਪ ਵਿਚ ਗਾਇਆ ਕਰਦੇ ਸਨ:

ਜੇ ਥੋੜੇ ਘਰ ਪੁਲੀਸੀਏ ਆ ਜਾਣ,<br>ਤੁਸੀਂ ਰੱਖਿਓ ਤਕੜਾਈਆਂ,<br>ਸੁੱਤੇ ਜਵਾਕਾਂ 'ਤੋਂ ਲੈ ਨਾ ਜਾਣ<br>ਰਜਾਈਆਂ, ਸੁੱਤੇ ਜਵਾਕਾਂ ਤੋਂ...

ਧੂਰਕੋਟ ਦਾ ਮਰ ਗਿਆ, ਬਹਿਣੀਵਾਲੇ ਦੀ ਕੁੱਟ ਦਾ ਮਾਰਿਆ, ਬਹਿਣੀਵਾਲੇ ਦੀ ਵਗੈਰਾ-ਵਗੈਰਾ।

ਥਾਣੇਦਾਰ ਦੀ ਗੱਲ ਲੋਕਾਂ ਨੂੰ ਸੱਚੀ ਨਾ ਲੱਗੀ, ਉਹ ਕਹਿੰਦੇ ਭੂਰਾ ਸਿੰਘ ਪਿੰਡ ਹੀ ਜਾਂਦਾ। ਪੁਲੀਸ ਨੇ ਥਾਣੇ ਦੇ ਸਾਰੇ ਖੱਲ-ਖੂੰਜੇ ਦੇਖ ਮਾਰੇ ਪਰ ਭੂਰਾ ਕਿਤੋਂ ਨਾ ਮਿਲਿਆ। ਓਧਰ ਪਿੰਡ ਦੇ ਗੁਰਦੁਆਰੇ ਦੇ ਸਪੀਕਰ ਵਿਚ ਬੋਲ ਦਿੱਤਾ ਕਿ ਭੂਰਾ ਸਿੰਘ ਪੁਲੀਸ ਨੇ ਥਾਣੇ ਵਿਚ ਮਾਰ ਦਿੱਤਾ ਤੇ ਰਾਤ ਨੂੰ ਉਹਦੀ ਲਾਸ਼ ਹਰੀਗੜ੍ਹ ਨਹਿਰ ਵਿਚ ਸੁੱਟਣ ਜਾਵੇਗੀ। ਐਨਾ ਕਹਿਣ ਦੀ ਦੇਰ ਸੀ ਥਾਣੇ ਦਾ ਮੁੱਖ ਗੇਟ ਲੋਕਾਂ ਨੇ ਟਰੈਕਟਰ-ਟਰਾਲੀਆਂ ਨਾਲ ਘੇਰ ਲਿਆ। ਓਧਰ ਥਾਣੇਦਾਰ ਵਿੱਦਿਆ ਸਾਗਰ ਨੂੰ ਵੀ ਮਘ ਦੇ ਮਹੀਨੇ ਤਰੇਲੀਆਂ ਆਉਣ ਲੱਗ ਪਈਆਂ। ਉਹਦੀ ਨੌਕਰੀ ਦਾ ਸਵਾਲ ਸੀ ਤੇ ਉਹ ਪਿੰਡ ਵਾਸੀਆਂ ਨੂੰ ਭੂਰਾ ਸਿੰਘ ਕਿੱਥੋਂ ਦੇਵੇ? ਉਹਨੇ ਪਿੰਡ ਵਾਲਿਆਂ ਨਾਲ ਜਦੋਂ ਸਮਝੌਤੇ ਦੀ ਗੱਲ ਤੋਰੀ ਤਾਂ ਲੋਕਾਂ ਨੂੰ ਪੱਕਾ ਹੀ ਯਕੀਨ ਹੋ ਗਿਆ ਕਿ ਉਹਦੀ ਅਲਖ ਮੁਕਾ ਦਿੱਤੀ। ਅਖ਼ਬਾਰਾਂ ਵਿਚ ਖ਼ਬਰਾਂ ਛਪ ਗਈਆਂ ਧਨੌਲਾ ਥਾਣੇ ਵਿਚੋਂ ਦਾਨਗੜ੍ਹ ਦਾ ਭੂਰਾ ਗੁੰਮ।

ਵੱਡੇ ਅਧਿਕਾਰੀ ਮੌਕਾ ਦੇਖਣ ਆਏ। ਪੁਲੀਸ ਵਾਲਿਆਂ ਨੇ ਭੂਰਾ ਸਿੰਘ ਦੇ ਭੱਜਣ ਦਾ ਪੱਜ ਬਣਾਉਣ ਲਈ ਕਿਲ੍ਹੇ ਦੀਆਂ ਕੰਧਾਂ ਵਿਚ ਖੜ੍ਹੇ ਪਿੱਪਲ ਦੇ ਟਾਹਣੇ ਨਾਲ ਪਰਨਾ ਬੰਨ੍ਹ ਕੇ ਲਮਕਾ ਦਿੱਤਾ ਕਿ ਪਿਛਲੇ ਪਾਸੇ ਛਾਲ ਮਾਰ ਗਿਆ। ਤਾਂ ਲੋਕਾਂ ਪੁਲੀਸ ਅਧਿਕਾਰੀਆਂ ਨੂੰ ਸਵਾਲ ਕਰ ਦਿੱਤਾ ਕਿ ਤੁਹਾਡਾ ਇਕ ਵੀ ਮੁਲਾਜ਼ਮ ਇਸ ਪਰਨੇ ਰਾਹੀਂ ਥੱਲੇ ਉਤਰ ਕੇ ਦਿਖਾਵੇ ਅਸੀਂ ਮੰਨ ਜਾਵਾਂਗੇ ਕਿ ਉਹ ਭੱਜ ਗਿਆ। ਹੁਣ ਕਿਲ੍ਹੇ ਦੀ ਐਨੀ ਉੱਚੀ ਕੰਧ, ਅੱਧੇ ਅਸਮਾਨ 'ਤੋਂ ਛਾਲ ਕਿਹੜਾ ਮਾਰੇ? ਅਧਿਕਾਰੀਆਂ ਦੇ ਮੂੰਹ ਵੀ ਸਿਉਤੇ ਗਏ।

ਪਿੰਡ ਵਾਸੀਆਂ ਅਤੇ ਪੁਲੀਸ ਨੂੰ ਕਈ ਦਿਨ ਭਾਜੜਾਂ ਪਾਉਣ ਵਾਲਾ ਇਹ 'ਮਿਲਖਾ ਸਿੰਘ' ਪਿੰਡ ਜਾਣ ਦੀ ਥਾਂ ਜਲੰਧਰ ਕਾਮਰੇਡਾਂ ਦੇ ਦਫ਼ਤਰ ਪਹੁੰਚ ਗਿਆ ਸੀ। ਇਸ ਤਰ੍ਹਾਂ ਉਹਦੇ ਪਿੰਡ ਪਹੁੰਚਣ ਬਾਅਦ ਪੁਲੀਸ ਤੇ ਪਿੰਡ ਨੂੰ ਚੈਨ ਆਈ। ਉਸ ਤੋਂ ਬਾਅਦ ਵਿੱਦਿਆ ਸਾਗਰ ਐਸ.ਪੀ. ਸੰਗਰੂਰ ਵੀ ਰਹੇ ਪਰ ਭੂਰਾ ਸਿੰਘ ਦਾ ਵਾਲ ਵਿੰਗਾ ਨਹੀਂ ਹੋਇਆ। ਜੇ ਕਿਤੇ ਅੱਜ ਵਰਗੇ ਹਾਲਾਤ ਹੁੰਦੇ ਭੂਰਾ ਸਿੰਘ ਉੱਤੇ ਪੁਲੀਸ ਨੂੰ 'ਬਦਨਾਮ' ਕਰਨ ਜਾਂ ਪਤਾ ਨੀ ਹੋਰ ਕਿਹੜੇ-ਕਿਹੜੇ ਕੇਸ ਪਾ ਕੇ ਜੇਲ੍ਹ ਭੇਜਿਆ ਹੁੰਦਾ ਜਾਂ ਫੇਰ 'ਦੂਜੇ ਲੋਟ' ਪੁਲੀਸ ਨੇ ਉਹਦਾ ਦਾਣੇ-ਪਾਣੀ ਵਿਚੋਂ 'ਸੀਰ' ਮੁਕਾ ਦੇਣਾ ਸੀ। ਇੱਥੇ ਤਾਂ ਕਰਨਲਾਂ ਦੇ ਪੈਰ ਨੀ ਲੱਗਦੇ, ਭੂਰਾ ਸਿੰਘ ਪੁਲੀਸ ਅੱਗੇ ਕੀ ਚੀਜ਼ ਸੀ? ਵਿੱਦਿਆ ਸਾਗਰ ਦੇ ਬੇਟੇ ਨੇ ਉਨ੍ਹਾਂ ਦੀਆਂ ਫ਼ੋਟੋਆਂ ਭੇਜਦੇ ਹੋਏ ਦੱਸਿਆ ਕਿ ਭੂਰਾ ਸਿੰਘ ਦੇ ਥਾਣੇ ਵਿਚੋਂ ਭੱਜਣ ਸਮੇਂ ਪਿਤਾ ਜੀ ਬੜੇ ਦਿਨ ਪ੍ਰੇਸ਼ਾਨ ਰਹੇ ਕਿਉਂਕਿ ਜਿਹੜਾ ਕੰਮ ਉਨ੍ਹਾਂ ਕੀਤਾ ਹੀ ਨਹੀਂ ਸੀ, ਐਵੇਂ ਹੀ ਨਾਂ ਬਦਨਾਮ ਹੋ ਗਿਆ ਸੀ। ਵਿੱਦਿਆ ਸਾਗਰ ਅਤੇ ਭੂਰਾ ਸਿੰਘ ਦੁਨੀਆ ਤੋਂ ਕੂਚ ਕਰ ਗਏ। ਬੰਦੇ ਜਹਾਨੋਂ ਤੁਰ ਜਾਂਦੇ ਹਨ ਤੇ ਯਾਦਾਂ ਹੀ ਰਹਿ ਜਾਂਦੀਆਂ ਹਨ।

# ਸੰਤ ਸਿਪਾਹੀ ਗੁਰੂ ਗੋਬਿੰਦ ਸਿੰਘ ਜੀ ਦੀ ਰੂਹਾਨੀ ਆਭਾ ਦਾ ਕਾਵਿਕ ਬਿਆਨ ਸ਼ਮੀਲ ਦੀ 'ਤੇਗ'

ਸ਼ਮੀਲ ਦੀ ਕਵਿਤਾ ਦੀ ਇਹ ਪੰਜਵੀਂ ਕਿਤਾਬ ਹੈ। ਕਿਤਾਬ ਦੇ ਸਰਵਰਕ 'ਤੇ ਉਘਾ ਨਾਵਲਕਾਰ ਜਸਬੀਰ ਮੰਡ ਇਸ ਕਿਤਾਬ ਨੂੰ ਦਸਮੇਸ਼ ਨੂੰ ਇਕ ਮਹਾਂਕਾਵਿਕ ਗਲਵਕੜੀ ਦਾ ਨਾਂ ਦਿੰਦਾ ਹੋਇਆ ਇਸ ਨੂੰ ਸੰਤ ਸਿਪਾਹੀ ਦੀ ਕਾਵਿਕ ਵਿਆਖਿਆ ਆਖਦਿਆਂ ਪੇਸ਼ੀਨਗੋਈ ਕਰਦਾ ਹੈ:

" 'ਤੇਗ' ਵਿਚਲੀਆਂ ਕਵਿਤਾਵਾਂ ਇਤਿਹਾਸਕ ਯਾਦਾਂ ਨੂੰ ਇਕੱਠਿਆਂ ਕਰਦਿਆਂ ਗਹਿਰੇ ਦਾਰਸ਼ਨਿਕ ਸੁਆਲਾਂ ਤੇ ਰੂਹਾਨੀ ਗਹਿਰਾਈ ਨੂੰ ਉਸ ਸੂਖਮ ਮੋੜ ਉੱਤੇ ਲੈ ਕੇ ਜਾਂਦੀਆਂ ਹਨ, ਜਿੱਥੇ ਦੋਵਾਂ ਦਾ ਸੰਗਮ ਹੁੰਦਾ ਹੈ। ਸਭ ਤੋਂ ਗਹਿਰੇ ਦਾਰਸ਼ਨਿਕ ਛਿਣਾਂ ਨੂੰ ਦਸਮੇਸ਼ ਨੇ ਕਿਵੇਂ ਆਪਣੇ ਰੰਗ ਵਿਚ ਰੰਗਿਆ ਹੈ, ਅਜਿਹੇ ਦ੍ਰਿਸ਼ਾਂ ਨੂੰ ਚਿਤਰਦੀਆਂ ਇਹ ਕਵਿਤਾਵਾਂ ਪੰਜਾਬੀ ਵਿਚ ਪਹਿਲੀ ਵਾਰ ਪੜ੍ਹਨ ਨੂੰ ਮਿਲਣਗੀਆਂ।"



ਮਦਨਦੀਪ ਸਿੰਘ
ਫੋਨ: 85918-59124

ਲਗਭਗ ਤਿੰਨ ਸੌ ਸਫ਼ਿਆਂ 'ਤੇ ਪੱਸਰੀਆਂ ਸ਼ਮੀਲ ਦੀਆਂ ਕਵਿਤਾਵਾਂ ਵਧੀਆ ਆਰਟ ਪੇਪਰ 'ਤੇ ਛਪੀਆਂ ਹੋਈਆਂ ਹਨ ਅਤੇ ਇਨ੍ਹਾਂ ਨੂੰ ਕਵੀ ਨੇ ਦੋ ਕਿਤਾਬਾਂ ਦੇ ਰੂਪ ਵਿਚ ਵੰਡਿਆ ਹੈ। ਪਹਿਲੀ ਕਿਤਾਬ ਨੂੰ ਉਸਨੇ 'ਯੁੱਧ ਸਮਾਧੀ' ਦਾ ਸਿਰਲੇਖ ਦਿੱਤਾ ਹੈ ਅਤੇ ਦੂਜੀ ਕਿਤਾਬ ਨੂੰ 'ਚਰਿੱਤਰ' ਦਾ। ਪਹਿਲੀ ਕਿਤਾਬ ਦੇ ਪੰਜ ਭਾਗਾਂ ਵਿਚ ਕੁੱਲ 125 ਕਵਿਤਾਵਾਂ ਹਨ ਅਤੇ ਦੂਜੀ ਕਿਤਾਬ 'ਚਰਿੱਤਰ ਵਾਲੇ ਭਾਗ ਵਿਚ 51 ਕਵਿਤਾਵਾਂ ਹਨ ਅਤੇ ਅੰਤਿਕਾ ਵਾਲੇ ਹਿੱਸੇ ਵਿਚ 5 ਕਵਿਤਾਵਾਂ। ਕੁੱਲ ਮਿਲਾ ਕੇ 180 ਕਵਿਤਾਵਾਂ ਹਨ। ਪਹਿਲੀ ਕਿਤਾਬ 'ਯੁੱਧ ਸਮਾਧੀ' ਦੇ ਪਹਿਲੇ ਭਾਗ ਨੂੰ ਬੇਨਾਮ ਰੱਖਿਆ ਹੈ ਅਤੇ ਅਗਲੇ ਚਾਰ ਭਾਗਾਂ ਦੇ ਕ੍ਰਮਵਾਰ ਨਾਮ ਹਨ 'ਜੰਗ ਦੇ ਜੋਗੀ', 'ਮੁਹੱਬਤ ਦੀ ਕਰਾਮਾਤ', 'ਦਸਮ ਮਾਰਗ', 'ਰੂਹਾਂ ਦੀ ਫ਼ੌਜ'। ਸਮਰਪਣ ਦੀ ਥਾਂ ਸ਼ਮੀਲ ਨੇ ਪ੍ਰੋਫ਼ੈਸਰ ਪੂਰਨ ਸਿੰਘ ਦੀ ਅੰਗ੍ਰੇਜ਼ੀ ਤੋਂ ਪੰਜਾਬੀ ਵਿਚ ਛਾਪੀ ਗਈ ਕਿਤਾਬ 'ਚਰਨ ਛੁਹ' ਦੀਆਂ ਸਤਰਾਂ ਲਾਈਆਂ ਹਨ। ਕਿਤਾਬ ਦੀ ਲੇਅਆਊਟ ਤੇ ਪ੍ਰੇਰਨਾ ਲਈ ਹਰਿਅੰਜਨ ਦਾ ਸ਼ੁਕਰੀਆ ਅਦਾ ਕੀਤਾ ਹੈ। ਦੋਸਤਾਂ-ਮਿੱਤਰਾਂ ਦੇ ਧੰਨਵਾਦ ਕੀਤੇ ਹਨ। ਨਵਤੇਜ ਭਾਰਤੀ ਦੀ ਇਕ ਪੰਨੇ ਦੀ ਟਿੱਪਣੀ ਅਤੇ ਪ੍ਰੋ. ਸੁਰਿੰਦਰ ਸਿੰਘ ਦੀ ਭੂਮਿਕਾ 'ਕਵਿਤਾ ਕੁਦਰਤੀ ਪ੍ਰਸਾਦ ਹੈ' ਉਪਰੰਤ ਸਵੈ ਕਥਨ 'ਜਿਨ ਦਿਲ ਹਰਾ ਹਮਾਰਾ' ਵਜੋਂ 22 ਸਫ਼ਿਆਂ ਦੀ ਲੰਮੀ ਵਾਰਤਕ ਰਚੀ ਹੈ ਜਿਸ ਵਿਚ ਉਸਨੇ ਵਿਸਥਾਰਪੂਰਵਕ 'ਤੇਗ' ਦੀ ਪਿੱਠਭੂਮੀ ਤੇ ਆਪਣੀਆਂ ਧਾਰਨਾਵਾਂ ਨਾਲ ਵਿਸਤ੍ਰਿਤ ਸਾਂਝ ਪੁਆਈ ਹੈ। ਸਵੈ-ਕਥਨ ਦੇ ਆਖ਼ਰੀ ਪੈਰ੍ਹੇ ਵਿਚ ਆਪਣੇ ਬੌਧਿਕ ਪ੍ਰੇਰਿਕ ਅਮਰਜੀਤ ਸਿੰਘ ਗਰੇਵਾਲ ਦੀ ਕਿਤਾਬ ਦੀਆਂ ਕਵਿਤਾਵਾਂ ਦੇ ਪ੍ਰਸੰਗ ਵਿਚ ਵਿਗਿਆਨਕ ਚੇਤਨਾ ਦੀ ਮਹੱਤਤਾ ਨੂੰ ਘਟਾਉਣ ਵਾਲੀ ਟਿੱਪਣੀ ਵਾਲੀ ਗੱਲ ਨੂੰ ਰੱਦ ਕਰਦਿਆਂ ਇਹ ਚਿਤਾਇਆ ਹੈ ਕਿ 'ਵਿਗਿਆਨਕ ਚੇਤਨਾ ਦੇ ਇਸ ਯੁੱਗ ਵਿਚ ਰੂਹਾਨੀ-ਸੰਵੇਦਨਸ਼ੀਲਤਾ/ਚੇਤਨਾ ਨੂੰ ਜਿਸ ਤਰੀਕੇ ਨਾਲ ਰੱਦ ਕੀਤਾ ਗਿਆ ਹੈ, ਉਹ ਵੀ ਹਿੰਸਾ ਹੈ, ਬੇਇਨਸਾਫ਼ੀ ਹੈ।' ਇਸ ਪ੍ਰਕਾਰ ਸ਼ਮੀਲ ਨੂੰ 'ਤੇਗ' ਦੇ ਤੇਜ ਨੂੰ ਫੈਲਾਉਣ ਲਈ ਖ਼ੁਦ ਹੀ ਢਾਲ ਬਣਨਾ ਪਿਆ ਹੈ।

'ਨਾ ਇਹ ਲੋਹਾ ਨਾ ਚੰਮ
ਤੇਗ ਇਕ ਸੂਖਮ ਧਾਰ
ਕਿਤੇ ਪ੍ਰਗਟ ਅਤੇ ਅਦਿੱਖ' ( ਤੇਗ, ਪੰ: 44)

'ਤੇਗ' ਵਿਚਲੀਆਂ ਕਵਿਤਾਵਾਂ ਇਕ ਰੂਹਾਨੀ ਯਾਤਰਾ ਦਾ ਅਹਿਸਾਸ ਹਨ। ਸ਼ਬਦਾਂ ਦੇ ਰੂਪ ਵਿਚ ਸ਼ਮੀਲ ਦੀਆਂ ਕਵਿਤਾਵਾਂ ਵਿਸਮਾਦ ਰਚਾਉਂਦੀਆਂ ਹਨ, ਉਹ ਵਿਸਮਾਦ ਜੋ ਬ੍ਰਹਿਮੰਡ ਦੀ ਧੜਕਣ ਹੈ। ਇਸ ਗੱਲ ਨੂੰ ਖ਼ੁਦ ਸ਼ਮੀਲ ਨੇ ਵੀ ਸਪਸ਼ਟ ਕੀਤਾ ਹੈ ਕਿ 'ਇਹ ਕੋਈ ਨਤੀਜਾ ਨਹੀਂ, ਕੋਈ ਫ਼ੈਸਲਾ ਨਹੀਂ, ਸਿਰਫ਼ ਇਕ ਕੋਸ਼ਿਸ਼ ਹੈ।'

'ਦਿਲ ਜੋ ਕਨੂੰਈਏ ਵਰਗਾ
ਮਨ ਜੋ ਸਵੱਈਏ ਵਰਗਾ
ਤਨ ਜੋ ਗਵੱਈਏ ਵਰਗਾ
ਇਹ ਉਸ ਦਾ ਵਾਰ...' (ਕਰੁਣਾ ਵਾਰ ਪੰ: 45)

ਸ਼ਮੀਲ ਨੂੰ ਪਤਾ ਹੈ ਕਿ ਗੁਰੂ ਦੀ ਅਜ਼ਮਤ ਨੂੰ ਸਮਝਣਾ ਇਨਸਾਨੀ ਸੋਚ ਲਈ ਸੰਭਵ ਨਹੀਂ; ਪਰੰਤੂ 'ਤੇਗ' ਵਿਚਲੀਆਂ ਕਵਿਤਾਵਾਂ ਗੁਰੂ ਸਾਹਿਬ ਦੀ ਬਾਣੀ ਤੇ ਜੀਵਨ ਗਾਥਾ ਦੇ ਸੰਗ-ਸੰਗ ਚਲਦੇ ਅਜਿਹੇ ਹਾਲਾਤ ਤੱਕ ਜਾ ਪਹੁੰਚਦੀਆਂ ਹਨ ਜਿੱਥੇ ਪਹੁੰਚ ਕੇ ਖ਼ੁਦ ਕਵੀ ਵੀ ਉਸ ਦਾ ਹਿੱਸਾ ਬਣ ਜਾਂਦਾ ਹੈ ਤੇ ਪੜ੍ਹਨ ਵਾਲੇ ਲਈ 'ਤੇਗ'- ਗੁਰੂ ਗੋਬਿੰਦ ਸਿੰਘ, ਉਨ੍ਹਾਂ ਦੀ ਬਾਣੀ, ਉਨ੍ਹਾਂ ਦੇ ਯੁੱਧ, ਉਨ੍ਹਾਂ ਦੀ ਤਪੱਸਿਆ ਤੇ ਸਰਬੰਸ ਬਲੀਦਾਨ ਨੂੰ ਸਮਝਣ ਦਾ ਬੇਨਜ਼ੀਰ ਤੋਹਫ਼ਾ ਹੈ।

ਕਈ ਵਾਰ ਇਤਿਹਾਸ, ਵਿਅਕਤੀਗਤ ਤਜਰਬਿਆਂ ਅਤੇ ਅਧਿਆਤਮਕ ਅਨੁਭਵਾਂ ਦਾ ਮਿਲਾਪ ਇਕ ਅਜਿਹੀ ਰਾਹ ਰਚ ਦਿੰਦਾ ਹੈ, ਜਿਸ 'ਤੇ ਚੱਲਣ ਵਾਲਾ ਸਿਰਫ਼ ਯਾਤਰੀ ਬਣ ਕੇ ਹੀ ਰਹਿ ਜਾਂਦਾ ਹੈ। ਉਹ ਆਪਣੇ ਸਵਾਲਾਂ-ਜਵਾਬਾਂ, ਭਾਵਾਂ ਤੇ ਅਹਿਸਾਸਾਂ ਦੀ ਇਕ ਅਲੱਗ ਦੁਨੀਆ ਵੱਲ ਚੱਲ ਪੈਂਦਾ ਹੈ। ਇਹ ਯਾਤਰਾ ਕਦੇ ਪੂਰੀ ਨਹੀਂ ਹੁੰਦੀ; ਕਿਉਂਕਿ ਇਹ ਕਿਸੇ ਮੰਜ਼ਲ 'ਤੇ ਪਹੁੰਚਣ ਦੀ ਯਾਤਰਾ ਨਹੀਂ ਹੁੰਦੀ।

ਇਸ ਰੂਹਾਨੀ ਯਾਤਰਾ ਨੂੰ ਜਗਿਆਸੂ ਜਾਂ ਜਾਗੇ ਹੋਏ ਕਵੀ ਆਪਣੇ ਅਲਫ਼ਾਜ਼ਾਂ 'ਚ ਗਾਉਂਦੇ ਹਨ, ਕਈ ਉਸ ਅਨੰਤ ਯਾਤਰਾ ਦੇ ਰਾਹੀ ਬਣ ਜਾਂਦੇ ਹਨ, ਬਹੁਤਿਆਂ ਲਈ ਗੁਰੂ ਗੋਬਿੰਦ ਸਿੰਘ ਨੂੰ ਸਮਝਣ ਦੀ ਯਾਤਰਾ ਉਸ ਪਤਾਲ ਦੀ ਯਾਤਰਾ ਹੋ ਜਾਂਦੀ ਹੈ, ਜਿਸ ਦੀ ਗਹਿਰਾਈ ਨੂੰ ਸਮਝਣ, ਮਾਪਣ ਦੀ ਕੋਸ਼ਿਸ਼ ਸਿਰਫ਼ ਇਕ ਅੰਦਾਜ਼ਾ ਹੀ ਰਹਿ ਜਾਂਦੀ ਹੈ। ਉਨ੍ਹਾਂ ਬਾਰੇ ਜਿੰਨਾ ਵੀ ਪੜ੍ਹੋ, ਉਨ੍ਹਾਂ ਦੁਆਰਾ ਰਚਿਤ ਬਾਣੀ ਦੇ ਅਰਥ ਨਵੇਂ ਦ੍ਰਿਸ਼ਟੀਕੋਣ ਦਿੰਦੇ ਹਨ। ਉਨ੍ਹਾਂ ਦੀਆਂ ਉਹੀ ਜਾਣਨ; ਕਿਉਂਕਿ ਗੁਰੂ ਦੀ ਬਾਣੀ ਅਤੇ ਜੀਵਨ ਨੂੰ ਪੜ੍ਹਨਾ, ਉਨ੍ਹਾਂ ਦੇ ਵਿਸਮਾਦ ਨੂੰ ਮਹਿਸੂਸ ਕਰਨਾ ਅਤੇ ਉਨ੍ਹਾਂ ਦੀ ਸੋਚ ਨੂੰ ਆਪਣੇ ਅੰਦਰ ਵਸਾਉਣ ਦੀ ਚਾਹਤ- ਇਹ ਸਭ ਕੁਝ ਸਿਰਫ਼ ਦੁਨਿਆਵੀ ਨਹੀਂ। ਇਸ ਤਲਾਸ਼ ਦਾ ਅੰਤ ਨਹੀਂ, ਇਸ ਨੂੰ ਸਮੇਟਣ ਵਾਲਾ ਕੋਈ ਅੰਤਿਮ ਸ਼ਬਦ ਨਹੀਂ। ਉਸ ਦੀ ਉਸਤਤ 'ਚ ਅੰਤਹੀਨ ਸ਼ਬਦ ਬ੍ਰਹਿਮੰਡੀ ਯਾਤਰਾ ਵਿਚ ਗੂੰਜ ਰਹੇ ਹਨ ਅਤੇ ਇਸੇ ਮਹਾਯਾਤਰਾ 'ਚ ਸ਼ਾਮਲ ਹੈ, ਸ਼ਮੀਲ ਦਾ ਰਚਿਆ ਵੱਡ-ਆਕਾਰੀ ਕਾਵਿ-ਸੰਗ੍ਰਹਿ 'ਤੇਗ'।

ਵਿਹਾਰਕ ਰੂਪ ਵਿਚ ਤੇਗ ਨੂੰ ਸਿੱਖ ਗੁਰੂਆਂ ਅਤੇ ਸੰਤਾਂ ਦੀ ਨਿਸ਼ਾਨੀ ਦੇ ਰੂਪ ਵਿਚ ਵੀ ਦੇਖਿਆ ਜਾਂਦਾ ਹੈ। ਇਹ ਇਕ ਗੁਣਾਤਮਿਕ ਸ਼ਕਤੀ ਹੈ ਅਤੇ ਉੱਚ ਆਤਮਕ ਆਦਰਸ਼ਾਂ ਦੇ ਪ੍ਰਤੀਕ ਵਜੋਂ ਵਰਤੀ ਜਾਂਦੀ ਹੈ। ਤੇਗ ਅਧਿਆਤਮਕ ਸ਼ਕਤੀ ਹੈ ਜੋ ਜ਼ੁਲਮ ਰੋਕਦੀ ਹੈ, ਮਨੁੱਖ ਨੂੰ ਆਪਣੇ ਅੰਦਰਲੇ ਬੁਰੇ ਰੂਪਾਂ ਤੇ ਦੈਵੀ ਸ਼ਕਤੀ ਨੂੰ ਸਮਝਣ ਲਈ ਪ੍ਰੇਰਿਤ ਕਰਦੀ ਹੈ। ਤੇਗ ਅਧਿਆਤਮਕ ਤੌਰ 'ਤੇ ਮਨੁੱਖੀ ਜੀਵਨ ਵਿਚ ਦਿਆਲਤਾ, ਸੱਚਾਈ, ਜ਼ੁਲਮ ਖਿਲਾਫ਼ ਯੁੱਧ ਦੇ ਰੂਪ ਵਿਚ ਸ਼ਕਤੀ ਅਤੇ ਆਤਮਿਕ ਅਵਸਥਾ ਦਾ ਅਹਿਮ ਤੇ ਨਿਆਰਾ ਇਤਿਹਾਸਕ ਰੂਪ ਹੈ।

'ਤੇਗ' ਸਿਰਫ਼ ਇਕ ਸ਼ਸਤ੍ਰ ਨਹੀਂ ਬਲਕਿ ਇਕ ਆਤਮਿਕ ਪ੍ਰਤੀਕ ਹੈ ਜੋ ਗਹਿਰੇ ਅਧਿਆਤਮਿਕ ਅਰਥਾਂ ਨਾਲ ਜੁੜਿਆ ਹੋਇਆ ਹੈ। ਸਿੱਖ ਧਰਮ ਤੇ ਅਦਵੈਤ ਦੀ ਧਾਰਨਾ ਵਿਚ 'ਤੇਗ' ਸਿਰਫ਼ ਸੰਘਰਸ਼ ਜਾਂ ਲੜਾਈ ਦੀ ਤਸਵੀਰ ਨਹੀਂ ਹੈ, ਸਗੋਂ ਇਸ ਦਾ ਇਕ ਗਹਿਨ ਸੰਦੇਸ਼ ਹੈ- ਇਹ ਮਨੁੱਖ ਨੂੰ ਆਪਣੇ ਅੰਦਰ ਸਰੀਰਕ, ਮਾਨਸਿਕ ਤੇ ਆਤਮਿਕ ਦੁਸ਼ਮਣਾਂ ਤੋਂ ਜਿੱਤਣ ਲਈ ਪ੍ਰੇਰਿਤ ਕਰਦੀ ਹੈ। ਇਸ ਦਿਸ਼ਾ ਵਿਚ, 'ਤੇਗ' ਇਕ ਸਤਿਕਾਰ ਅਤੇ ਧਰਮ ਲਈ ਹਕੀਕੀ ਸਚਾਈ ਦੀ ਸੂਰਤ ਹੈ, ਜਿਸ ਵਿਚ ਵਿਸ਼ਵਾਸ, ਧੀਰਜ, ਕਿਰਪਾ ਤੇ ਦਇਆ ਦੇ ਪ੍ਰਤੀਕਾਤਮਕ ਰੂਪ ਦੀ ਵਿਆਖਿਆ ਕੀਤੀ ਜਾਂਦੀ ਹੈ।

'ਤੇਗ' ਦੀ ਪ੍ਰਚਲਿਤ ਪ੍ਰਤੀਕਾਤਮਕ ਸ਼ਕਤੀ ਇਹ ਹੈ ਕਿ ਇਹ ਇਕ ਆਤਮਿਕ ਯਾਤਰਾ ਦੀ ਰੂਪਕੀ ਵਿਰਾਸਤ ਹੈ ਜੋ ਮਨੁੱਖ ਨੂੰ ਆਪਣੇ ਮਨ ਅੰਦਰ ਦੇ ਸਾਰੇ ਦੋਸ਼ਾਂ, ਅਵਗੁਣਾਂ ਅਤੇ ਵਿਸ਼ਵਾਸਾਂ ਤੋਂ ਮੁਕਤ ਕਰਨ ਲਈ ਉਤਸ਼ਾਹਮਈ ਚਮਤਕਾਰੀ ਪ੍ਰਭਾਵ ਦਿੰਦੀ ਹੈ। ਇਹ ਸੰਘਰਸ਼ ਸਿਰਫ਼ ਵਿਸ਼ਵਾਸ ਤੇ ਕਿਰਪਾ ਦਾ ਨਹੀਂ, ਸਗੋਂ ਅਸਲ ਮਨੁੱਖੀ ਵਿਸ਼ੇਸ਼ਤਾਵਾਂ ਦੀ ਸਹੀ ਸਮਝ, ਪੜਚੋਲ ਅਤੇ ਆਤਮਿਕ ਸਿਖਰਾਂ ਨੂੰ ਪ੍ਰਾਪਤ ਕਰਨ ਦਾ ਸੰਘਰਸ਼ ਹੈ।

ਤੇਗ ਦੀ ਅਧਿਆਤਮਿਕ ਸ਼ਕਤੀ ਜਿਵੇਂ ਨਸਲਾਂ ਦੇ ਖ਼ਿਲਾਫ਼ ਇਕ ਲੜਾਈ ਨਹੀਂ ਹੈ, ਉਸੇ ਤਰ੍ਹਾਂ ਇਹ ਆਤਮਿਕ ਅਹਿਮੀਅਤ ਲਈ ਇਕ ਸਵੈ-ਪ੍ਰਗਟਾਵਾ ਹੈ। ਇਹ ਇਕ ਪ੍ਰਤੀਕ ਹੈ, ਜੋ ਸਿੱਖ ਨੂੰ ਆਪਣੀ ਇਮਾਨਦਾਰੀ, ਜਜ਼ਬੇ ਅਤੇ ਉੱਚ ਆਤਮਿਕ ਆਦਰਸ਼ਾਂ ਪ੍ਰਤੀ ਸਮਰਪਿਤ ਕਰਦਾ ਹੈ। 'ਤੇਗ' ਦੁਸ਼ਮਣ ਨੂੰ ਮਾਤ ਦੇ ਦਿੰਦੀ ਹੈ ਅਤੇ ਆਤਮਿਕ ਸੱਚੀ ਜਿੱਤ ਨੂੰ ਪ੍ਰਾਪਤ ਹੁੰਦੀ ਹੈ। ਕਵੀ ਅਮਨ ਲਈ ਜੰਗ ਦੀ ਮਹੱਤਤਾ ਤੋਂ ਵੀ ਇਨਕਾਰੀ ਨਹੀਂ ਜਿਵੇਂ

'ਸਮਾਧੀ ਤੋਂ ਪਹਿਲਾਂ ਯੋਗ ਹੋਵੇਗਾ
ਮਿਲਣ ਤੋਂ ਪਹਿਲਾਂ ਵਿਜੋਗ ਹੋਵੇਗਾ
ਅਨੰਦ ਤੋਂ ਪਹਿਲਾਂ ਸੋਗ ਹੋਵੇਗਾ
ਤ੍ਰਿਪਤੀ ਤੋਂ ਪਹਿਲਾਂ ਭੋਗ ਹੋਵੇਗਾ
ਅਮਨ ਤੋਂ ਪਹਿਲਾਂ ਜਿਵੇਂ ਜੰਗ ਚੱਲੇਗੀ' (ਜੰਗ ਨਾਲ ਜੰਗ, ਪੰ: 65)

ਮਨੁੱਖੀ ਮਨ ਅੰਦਰ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨਾਲ ਨਿਰੰਤਰ ਜੰਗ ਜਾਰੀ ਹੈ। ਅਸਲੀ ਜੰਗ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਇਹ ਪੰਜੇ ਮਰ ਜਾਣ।

ਇਹ ਕਵਿਤਾਵਾਂ ਸਿਰਫ਼ ਕਿਰਦਾਰਾਂ ਦਾ ਗੁਣ ਗਾਇਨ ਨਹੀਂ, ਪਾਠਕ ਨੂੰ ਆਪਣੇ ਅੰਦਰੂਨੀ ਸੰਘਰਸ਼ ਦੀ ਭੂਮਿਕਾ ਨਾਲ ਜੋੜਨ ਦਾ ਪ੍ਰਯਤਨ ਵੀ ਕਰਦੀਆਂ ਹਨ। 'ਤੇਗ' ਦੀ ਧਾਰ ਸਿਰਫ਼ ਬਾਹਰੀ ਦੁਸ਼ਮਣਾਂ ਵੱਲ ਸੇਧਿਤ ਨਹੀਂ, ਸਗੋਂ ਅੰਦਰੂਨੀ ਸੰਦੇਹ, ਲਾਲਚ, ਡਰ ਅਤੇ ਅਹੰਕਾਰ ਵੱਲ ਵੀ ਹੈ।

ਸ਼ਮੀਲ ਦੀ 'ਤੇਗ' ਪੁਸਤਕ ਵਿਚਲੇ ਪਹਿਲਾ ਭਾਗ 'ਯੁੱਧ ਸਮਾਧੀ' ਹੈ। ਗੁਰੂ ਦ੍ਰਿਸ਼ਟੀ ਰਾਹੀਂ ਆਧੁਨਿਕ ਯੁੱਗ ਵਿਚ ਉਹ ਜੰਗ ਨੂੰ ਧਿਆਨ ਤੇ ਸਾਧਨਾ ਬਣਾਉਣ ਦੀ ਗੱਲ ਕਰਦਾ ਹੈ:


'ਇਸ ਯੁੱਗ ਵਿਚ
ਜੰਗ ਵੀ ਧਿਆਨ ਬਣੇਗੀ
ਸਭ ਤੋਂ ਇਕਾਗਰ ਸਾਧਨਾ ਹੋਏਗੀ।' (ਯੁੱਧ ਸਮਾਧੀ, ਪੰ: 87)

ਇਸ ਅਧਿਆਤਮਿਕ ਸ਼ਕਤੀ ਦੀ ਸਿੱਖਿਆ ਵਿਚ ਇਕ ਸੁਨੇਹਾ ਛੁਪਿਆ ਹੈ; ਜਿਸ ਪ੍ਰਕਾਰ ਇਕ ਸੱਚੀ ਤੇਗ ਦੁਸ਼ਮਣ ਨੂੰ ਹਰਾਉਂਦੀ ਹੈ, ਉਸੇ ਤਰ੍ਹਾਂ ਆਤਮਿਕ ਤਾਕਤ, ਦਿਆਲਤਾ ਤੇ ਸੱਚਾਈ ਦੁਆਰਾ ਅਸੀਂ ਆਪਣੇ ਮਨ ਅਤੇ ਮਾਨਵੀ ਸੰਕਟਾਂ 'ਤੇ ਜਿੱਤ ਹਾਸਲ ਕਰ ਸਕਦੇ ਹਾਂ। ਜਦੋਂ ਸਮੁੱਚੀ ਕਾਇਨਾਤ ਨਾਲ ਜੁੜੀ ਹਸਤੀ ਦਾ ਆਭਾਸ ਹੁੰਦਾ ਹੈ ਤਾਂ ਸੂਰਜ ਮੰਡਲ, ਤਾਰਾ ਮੰਡਲ, ਧਰਤੀਆਂ, ਗਲੈਕਸੀਆਂ, ਨਾਲ ਜੁੜੀ ਬ੍ਰਹਮੰਡੀ ਚੇਤਨਾ ਲਈ ਜਿੱਤਾਂ-ਹਾਰਾਂ ਦਾ ਸਵਾਲ ਹੀ ਖ਼ਤਮ ਹੋ ਜਾਂਦਾ ਹੈ:

'ਜਿੱਤਾਂ ਵੀ ਉਸਦੀਆਂ
ਹਾਰਾਂ ਵੀ ਉਸਦੀਆਂ
ਜੋੜਨ ਵਾਲੀਆਂ ਤਾਰਾਂ ਵੀ ਉਸਦੀਆਂ।' (ਅਕਾਲ ਦਾ ਪੰਥ)

'ਤੇਗ' ਨੇ ਮਾਨਵਤਾ ਦੀ ਅਟੁੱਟ ਸ਼ਕਤੀ ਅਤੇ ਅਹਿਮੀਅਤ ਨੂੰ ਪ੍ਰਗਟਾਇਆ ਹੈ ਜੋ ਕਿਸੇ ਵਿਅਕਤੀ ਦੇ ਜੀਵਨ ਵਿਚ ਸੁੱਖ, ਸ਼ਾਂਤੀ ਅਤੇ ਪੂਰਨਤਾ ਲਿਆਉਂਦੀ ਹੈ।

'ਤੇਗ' ਸਿਰਲੇਖ ਪ੍ਰਤੀਕ ਹੈ -ਸ਼ਸਤਰ ਦੀ ਧਾਰ ਵੀ ਤੇ ਸ਼ਬਦ ਗੁਰੂ ਦੀ ਚਮਕਾਰ ਵੀ। ਸ਼ਮੀਲ ਨੇ ਗੁਰੂ ਸਾਹਿਬ ਨੂੰ ਇਤਿਹਾਸ ਦੇ ਮਹਾਨਾਇਕ ਵਜੋਂ ਨਹੀਂ ਸਗੋਂ ਇਕ ਅੰਦਰੂਨੀ ਯੋਧੇ, ਰੂਹਾਨੀ ਸਿਪਾਹੀ ਤੇ ਬ੍ਰਹਿਮੰਡ ਪੁਰਸ਼ ਦੇ ਕਾਵਿ-ਚੇਤਨ ਦੇ ਦੈਵੀ ਰੂਪ ਦਾ ਦਰਸ਼ਨ ਕਰਾਇਆ ਹੈ। ਗੁਰੂ ਗੋਬਿੰਦ ਦੀ ਨਦਰਿ ਵਿਚ ਕਰਾਮਾਤੀ




ਪੁਸਤਕ 'ਤੇਗ' ਦਾ ਸਰਵਰਕ

ਕ੍ਰਿਸ਼ਮੇ ਕਰਨ ਦੀ ਤੌਫ਼ੀਕ ਸੀ ਪਰ ਫਿਰ ਵੀ ਉਨ੍ਹਾਂ ਨੇ ਦੁੱਖਾਂ ਦਾ ਮਾਰਗ ਚੁਣਿਆ। ਫ਼ਕੀਰੀ ਨਹੀਂ ਤਿਆਗੀ। ਅਕਾਲ ਦੇ ਭਾਣੇ ਵਿਚ ਵਿਚਰੇ। ਭਾਈ ਰਾਮ ਕੁਇਰ ਦੇ ਕੇਸ ਦੇ ਪ੍ਰਸੰਗ ਵਿਚੋਂ ਛਲਕਦਾ ਪ੍ਰੇਮ ਦੇਖੋ:

'ਰਾਮ ਕੁਇਰ ਦੀ ਬਾਂਹ ਫੜ ਕੇ
ਕਲਗੀਧਰ ਨੇ ਪਿਆਰ ਦਿੱਤਾ..
'ਜਿਹੜਾ ਮੇਰਾ ਸਰੂਪ ਉਹ ਤੇਰਾ ਸਰੂਪ
ਤੇਰੇ ਮੇਰੇ ਵਿਚ ਫ਼ਰਕ ਨਾ ਕੋਈ' (ਰਾਮ ਕੁਇਰ ਦੇ ਕੇਸ, ਪੰ: 211)

'ਤੇਗ' ਦੀਆਂ ਕਵਿਤਾਵਾਂ ਸਾਧਾਰਨ ਸ਼ਰਧਾਮਈ ਭਾਵਨਾ ਹੀ ਨਹੀਂ, ਬਲਕਿ ਸਿੱਖ ਰਹਿਤਲ ਦੀ ਮਹੀਨ ਅਭਿਵਿਅਕਤੀ ਹੈ। ਹਰੇਕ ਕਵਿਤਾ ਵਿਚ ਦੋ ਤੱਤ ਨਹਿਤ ਹਨ- ਸੰਤ ਪੁਰਖੀ ਦਇਆ ਅਤੇ ਸਿਪਾਹੀ ਹੋਣ ਜਿਹੀ ਸੂਰਮਤਾਈ। ਸ਼ਮੀਲ ਨੇ ਸੰਤ ਸਿਪਾਹੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਹਰੇਕ ਪਹਿਲੂ ਨੂੰ- ਚਮਕੌਰ ਦੀ ਗੜ੍ਹੀ ਤੋਂ ਲੈ ਕੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੱਕ- ਸ਼ਬਦਾਂ ਦੇ ਰੂਹਾਨੀ ਰੂਪ ਵਿਚ ਗੁੰਦ ਕੇ ਪੇਸ਼ ਕੀਤਾ ਹੈ।

'ਲੋਹਾ ਇਹ ਹਵਾ ਦੀ ਤਰ੍ਹਾਂ
ਜਿਵੇਂ ਤੀਰ ਦਸਮੇਸ਼ ਦਾ
ਕਿਰਪਾਨ ਅਜੀਤ ਦੀ
ਪਾਣੀ ਜਿਵੇਂ ਭੂਚਾਲ ਬਣ ਜਾਂਦਾ
ਹਵਾ ਜਿਵੇਂ ਤੂਫ਼ਾਨ ਬਣ ਜਾਂਦੀ...।' (ਲੋਹੇ ਦੀ ਹਵਾ, ਪੰ: 106)

'ਤੇਗ' ਦਾ ਨਿਆਰਾਪਣ ਇਸ ਗੱਲ ਵਿਚ ਹੈ ਕਿ ਇਹ ਇਤਿਹਾਸ ਨਹੀਂ ਦੁਹਰਾਉਂਦੀ, ਉਸ ਅੰਦਰੋਂ ਨਵੇਂ ਅਰਥ ਖੋਜਦੀ ਹੈ। ਕਵੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਇਤਿਹਾਸਕ ਯੁੱਗ ਨੂੰ ਸਿਰਫ਼ ਗੁਰਮੁਖੀ ਪ੍ਰਸੰਗ ਵਜੋਂ ਨਹੀਂ ਲਿਆ, ਸਗੋਂ ਇਕ ਆਧੁਨਿਕ ਮਨੁੱਖੀ ਸੰਘਰਸ਼ ਦੇ ਬਦਲ ਵਜੋਂ ਪੇਸ਼ ਕੀਤਾ। ਆਧੁਨਿਕ ਸਮਾਜ ਵਿਚ ਜਿੱਥੇ ਮਨੁੱਖ ਆਤਮਿਕ ਵੀਰਾਨੀ ਵਿਚ ਡੁੱਬ ਰਿਹਾ ਹੈ, ਉੱਥੇ 'ਤੇਗ' ਵਿਚ ਨੂਰੀ ਸੰਦੇਸ਼ ਹੈ ਕਿ ਰੂਹਾਨੀ ਜੰਗ ਲਈ 'ਤੇਗ' ਦੀ ਲੋੜ ਹੈ, ਜਿਸ ਨੂੰ ਕਵਿਤਾ ਰੂਪੀ ਸ਼ਬਦ ਦੀ ਤੇਗ ਪੂਰਾ ਕਰਦੀ ਹੈ।

ਸ਼ਮੀਲ ਦੀ ਕਾਵਿ-ਪੁਸਤਕ 'ਤੇਗ' ਦੇ ਪਹਿਲੇ ਭਾਗ 'ਯੁੱਧ ਸਮਾਧੀ' ਦੇ ਤਕਰੀਬਨ ਹਰ ਭਾਗ ਦੀਆਂ ਬਹੁਤੀਆਂ ਕਵਿਤਾਵਾਂ ਹਥਿਆਰ, ਜੰਗ, ਸਿਪਾਹੀ, ਬਲੀਦਾਨ, ਬਹਾਦਰੀ ਆਦਿ ਸ਼ਬਦਾਂ ਦੇ ਇਰਦ ਗਿਰਦ ਹੀ ਸਿਰਜੀਆਂ ਗਈਆਂ ਹਨ; ਅਜਿਹੀਆਂ ਕਵਿਤਾਵਾਂ ਦੀ ਗਿਣਤੀ ਦੂਜੇ ਭਾਗ 'ਚਰਿੱਤਰ' ਦੀਆਂ ਕੁੱਲ ਕਵਿਤਾਵਾਂ ਤੋਂ ਵੀ ਵੱਧ ਹੀ ਹੋਵੇਗੀ।

ਪ੍ਰਗਤੀਵਾਦੀ, ਮਾਰਕਸਵਾਦੀ ਤੇ ਵਿਗਿਆਨਵਾਦੀ ਚਿੰਤਕਾਂ ਵੱਲੋਂ ਅਕਸਰ ਇਹ ਤਰਕ ਪੇਸ਼ ਕੀਤਾ ਜਾਂਦਾ ਹੈ ਕਿ ਅਧਿਆਤਮਿਕਤਾ ਮਨੁੱਖੀ ਜੀਵਨ ਦੇ ਗੰਭੀਰ ਤੇ ਜਟਿਲ ਸੰਕਟਾਂ ਤੋਂ ਬੇਨਿਆਜ਼ ਰਹਿੰਦੀ ਹੈ। 'ਤੇਗ' ਵਿਚਲੀਆਂ ਕਵਿਤਾਵਾਂ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੇ ਅਦਭੁਤ ਜੀਵਨ, ਚਰਿੱਤਰ, ਉਨ੍ਹਾਂ ਦੇ ਅਦਮ ਸੰਘਰਸ਼, ਕਰਤੱਵ-ਚੇਤਨਾ ਤੇ ਦੁਰਲਭ ਬੀਰ-ਸਾਜਨਾਤਮਕ ਪ੍ਰਬੋਧ ਤੇ ਕਲਾਤਮਿਕਤਾ ਰਾਹੀਂ ਜਿਵੇਂ ਸਿਰਜਿਆ ਗਿਆ ਹੈ, ਉਸਦੀ ਪ੍ਰਤਿਭਾ ਉਕਤ ਚਿੰਤਕਾਂ ਦੀ ਧਾਰਨਾ ਨੂੰ ਸਿਰਫ਼ ਗਲਤ ਹੀ ਸਾਬਤ ਨਹੀਂ ਕਰਦੀ, ਸਗੋਂ ਇਸ ਤਰ੍ਹਾਂ ਦੀ ਸਮਝ ਨੂੰ ਅਧੂਰੀ ਸਮਝ 'ਚੋਂ ਪੈਦਾ ਹੋਈ ਦਰਸਾ ਕੇ ਨਕਾਰ ਦਿੰਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਬਾਰੇ ਆਪੇ ਘੜੀਆਂ ਧਾਰਨਾਵਾਂ ਦੇ ਘਾੜਤਕਾਰਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਸੰਤ ਸਿਪਾਹੀ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਉਨ੍ਹਾਂ ਦੇ ਜੀਵਨ ਵਿਚ ਧਾਰਮਿਕਤਾ ਤੇ ਬੀਰਤਾ ਦੇ ਸੁਮੇਲ ਦਾ ਅਦਭੁਤ ਸੰਤੁਲਨ ਸੀ। ਇਹ ਦੋਵੇਂ ਗੁਣ ਉਨ੍ਹਾਂ ਦੇ ਮਹਾਨ ਵਿਅਕਤਿਤਵ ਵਿਚ ਇਕੱਠੇ ਵਿਦਮਾਨ ਹੋਣੇ ਬ੍ਰਹਮੰਡ ਦੀ ਅਲੌਕਿਕ ਤੇ ਅਦੁੱਤੀ ਘਟਨਾ ਹੀ ਹੋ ਸਕਦੀ ਹੈ। ਇਸ ਨੂੰ ਜਿਸ ਤਰ੍ਹਾਂ ਸਮਝ ਕੇ ਸ਼ਮੀਲ ਨੇ ਕਾਵਿਕ ਪ੍ਰਤਿਭਾ ਰਾਹੀਂ ਬਿਆਨਿਆ ਹੈ ਉਹ ਬਾਕਮਾਲ ਹੈ ਅਤੇ ਸਹੀ ਅਰਥਾਂ ਦੀ ਤਰਜਮਾਨੀ ਹੈ:

ਇਕੋ ਵੇਲੇ ਜਿਊਣਾ ਦੋ ਤਲਾਂ 'ਤੇ
ਇਕ ਚਿਹਰਾ ਲੌਕਿਕ ਵਿਚ
ਦੂਜਾ ਪਰਾਲੌਕਿਕ ਵਿਚ
ਦ੍ਰਿਸ਼ ਜਗਤ ਵਿਚ ਸਿਪਾਹੀ ਤੁਰਦਾ
ਸੰਤ ਤੁਰਦਾ ਅਦ੍ਰਿਸ਼ਟ ਵਿਚ
ਸਿਪਾਹੀ ਸਥੂਲ
ਸੰਤ ਸੂਖਮ
ਜੋ ਪ੍ਰਗਟ ਹੁੰਦਾ ਸਿਪਾਹੀ ਬਣ ਕੇ
ਅਲੋਪ ਹੁੰਦਾ ਸੰਤ ਹੋ ਕੇ
ਸਿਪਾਹੀ ਹਾਰਡਵੇਅਰ
ਸੰਤ ਸੌਫਟਵੇਅਰ (ਸੰਤ ਸਿਪਾਹੀ, ਪੰ: 97)

ਗੁਰੂ ਸਾਹਿਬ ਨੇ ਆਤਮਕ ਜੀਵਨ, ਨੈਤਿਕਤਾ, ਧਰਮ ਅਤੇ ਸਚਾਈ ਦੀ ਸਿੱਖਿਆ ਦਿੱਤੀ। ਉਨ੍ਹਾਂ ਨੇ ਦਸਮ ਗ੍ਰੰਥ ਵਿੱਚ ਭਗਤੀ, ਜਪ, ਤਪ, ਗਿਆਨ ਅਤੇ ਵੈਰਾਗ ਦੀਆਂ ਗਹਿਰੀਆਂ ਲਿਖਤਾਂ ਰਚੀਆਂ। 'ਦੇਹ ਸ਼ਿਵਾ ਵਰ ਮੋਹਿ ਇਹੈ...' ਵਰਗੀਆਂ ਬਾਣੀਆਂ ਰਾਹੀਂ ਸਪਸ਼ਟ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਮਨੁੱਖ ਨੂੰ ਧਰਮ ਦੇ ਸੰਕਲਪ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ ਅਤੇ ਜੀਵਨ ਦੇ ਅਮਲੀ ਰੂਪ ਵਿਚ ਖ਼ੁਦ ਵੀ ਇਸ ਸੰਕਲਪ 'ਤੇ ਹੀ ਪਹਿਰੇਦਾਰੀ ਕੀਤੀ।

ਉਹ ਜ਼ੁਲਮ, ਅਨਿਆਂ ਅਤੇ ਅਧਰਮ ਖ਼ਿਲਾਫ਼ ਹਥਿਆਰ ਚੁੱਕਣ ਵਾਲੇ ਅਦਭੁਤ ਯੋਧੇ ਸਨ। ਗੁਰੂ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਇਕ ਐਸਾ ਮਨੁੱਖ ਬਣਾਇਆ ਜੋ ਸੱਚ ਲਈ ਸਿਪਾਹੀ ਹੋ ਕੇ ਲੜ ਸਕੇ। ਉਨ੍ਹਾਂ ਨੇ ਆਪਣੇ ਪੁੱਤਰਾਂ ਅਤੇ ਸਿੱਖ ਸਿਪਾਹੀਆਂ ਸਮੇਤ ਵਿਰੋਧੀ ਫ਼ੌਜਾਂ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਪੁੱਤਰਾਂ ਦੀ ਸ਼ਹਾਦਤ ਨੂੰ ਬਾਕੀ ਆਪਣੇ ਸ਼ਹੀਦ ਸਿੰਘਾਂ ਦੀ ਵੇਦਨ ਪੀੜਾ ਬਰਾਬਰ ਮਹਿਸੂਸ ਕੀਤਾ। ਉਹ ਨਾ ਸਿਰਫ਼ ਇਕ ਯੋਧਾ ਸਨ ਤੇ ਨਾ ਇਕ ਸੰਤ, ਸਗੋਂ ਦੋਵਾਂ ਦਾ ਸੰਯੋਗ ਸਨ। ਉਨ੍ਹਾਂ ਦੀ ਸਿੱਖਿਆ ਇਹ ਸੀ ਕਿ ਮਨੁੱਖ ਅੰਦਰੋਂ ਸੰਤ ਹੋਵੇ, ਜੋ ਅਨਿਆਂ ਵਿਰੁੱਧ ਸਿਪਾਹੀ ਹੋ ਕੇ ਖੜ੍ਹਾ ਹੋਵੇ।

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦਾ ਸੰਤ ਸਿਪਾਹੀ ਰੂਪ ਆਧੁਨਿਕ ਜੁਗਤੀਆਂ ਨੂੰ ਵੀ ਆਧਾਰ ਦਿੰਦਾ ਹੈ ਕਿ ਚੰਗਿਆਈ ਲਈ ਤੇ ਜ਼ੁਲਮ ਦੇ ਖ਼ਾਤਮੇ ਲਈ ਹਥਿਆਰ ਚੁੱਕਣਾ ਵੀ ਸੰਤ ਦੇ ਹੀ ਹਿੱਸੇ ਆ ਸਕਦਾ ਹੈ।

ਸ਼ਮੀਲ ਦੀ 'ਤੇਗ' ਕਿਤਾਬ ਵਿਚਲੇ ਦੂਜੇ ਭਾਗ 'ਚਰਿੱਤਰ' ਵਿਚ ਗੁਰੂ ਕੀਆਂ ਸਾਖੀਆਂ ਵਿਚੋਂ ਕਈ ਪ੍ਰਸੰਗ ਛੋਹੇ ਗਏ ਹਨ ਜਿਨ੍ਹਾਂ ਰਾਹੀਂ ਸਿੱਖੀ ਦੇ ਮਿਆਰਾਂ ਦੀ ਬਾਤ ਛੋਹੀ ਗਈ ਹੈ। ਗੁਰ ਇਤਿਹਾਸ ਦਾ ਸੰਪੂਰਨ ਪੱਖ ਬਹੁਤ ਸਾਰੇ ਅਜਿਹੇ ਬਿਰਤਾਂਤਾਂ ਨਾਲ ਭਰਿਆ ਪਿਆ ਹੈ ਜਿਸ ਦੇ ਆਧਾਰ 'ਤੇ ਪੁਨਰ ਵਿਚਾਰ ਕਰਨ ਦੀ ਲੋੜ ਹੈ। ਮਾਤਾ ਗੁਜਰੀ ਦੁਆਰਾ ਮੋਹਰਾਂ ਲਿਜਾਣੀਆਂ, ਬੇਦਾਵੇ ਦੇਣ ਵਾਲੇ ਸਿੰਘ ਤੇ ਤਨਖ਼ਾਹ ਮੰਗਣ ਵਾਲੇ ਸਿੱਧੂ ਬਰਾੜ, ਬੰਦੇ ਬਹਾਦਰ ਦਾ ਪ੍ਰਸੰਗ, ਗੰਗੂ ਤੇ ਮਲੇਰਕੋਟਲੇ ਬਾਬਤ ਗੱਲਾਂ ਜਿਨ੍ਹਾਂ ਬਾਰੇ ਨਿੱਠ ਕੇ ਕੁਝ ਨਹੀਂ ਕਿਹਾ ਜਾ ਸਕਦਾ। ਸ਼ਮੀਲ ਵਧਾਈ ਦਾ ਹੱਕਦਾਰ ਹੈ ਕਿ ਇਸ ਨੇ 'ਟੇਢੀ ਖੀਰ' ਨੂੰ ਹੱਥ ਪਾ ਕੇ ਇਨ੍ਹਾਂ ਪ੍ਰਸੰਗਾਂ ਤੇ ਸਾਖੀਆਂ ਨੂੰ ਨਜ਼ਮਾਂ ਵਿਚ 'ਜਿਵੇਂ ਦੀ ਤਿਵੇਂ' ਬਿਆਨਣ ਦਾ ਹੌਂਸਲਾ ਕੀਤਾ ਹੈ। ਡੱਲ੍ਹਾ ਸਿੰਘ ਦੇ ਪਾਤਰ ਚਿੱਤਰਨ ਦੀਆਂ ਨਮੂਨੇ ਵਜੋਂ ਸਤਰਾਂ ਵੇਖੋ:

'ਡੱਲਾ ਜੋ ਗੁਰੂ ਦਾ ਪਿਆਰਾ
ਡੱਲਾ ਜੋ ਡਾਵਾਂਡੋਲ
ਕੁਝ ਕਮਜ਼ੋਰ ਕੁਝ ਦਲੇਰ
ਕੁਝ ਸਿਦਕੀ ਕੁਝ ਥਿੜਕਣ ਵਾਲਾ
...
ਡੱਲਾ ਮਨੁੱਖਾਂ ਵਰਗਾ
ਕਲਗੀਧਰ ਦੀਆਂ ਪਰਖਾਂ ਦੇ
ਹਾਣ ਦਾ ਨਾ ਹੋ ਸਕਿਆ।'(ਡੱਲਾ ਸਿੰਘ, ਪੰ: 258)

ਸਾਹਿਤ ਦੀ ਦੁਨੀਆ ਵਿਚ ਕਈ ਕਿਤਾਬਾਂ ਦਿਲ ਛੂਹ ਜਾਂਦੀਆਂ ਹਨ। ਪਰ ਕੁਝ ਕਿਤਾਬਾਂ ਅਜਿਹੀਆਂ ਵੀ ਹੁੰਦੀਆਂ ਹਨ ,ਸਾਡੇ ਧੁਰ ਅੰਦਰ ਅਜਿਹੀ ਹਲਚਲ ਪੈਦਾ ਕਰਦੀਆਂ ਹਨ ਕਿ ਪੜ੍ਹਨ ਵਾਲਾ ਅਚੰਭਿਤ ਹੋ ਕੇ ਰਹਿ ਜਾਂਦਾ ਹੈ। 'ਤੇਗ' ਅਜਿਹੀ ਹੀ ਰਚਨਾ ਹੈ ਜੋ ਸਿਰਫ਼ ਕਾਵਿ-ਸੰਗ੍ਰਹਿ ਨਹੀਂ ਇਕ ਆਤਮਿਕ ਤੇ ਇਤਿਹਾਸਕ ਸੰਵੇਦਨਾ ਦੀ ਲਹਿਰ ਹੈ। ਇਹ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਗਾਥਾ, ਬਾਣੀ ਤੇ ਉਨ੍ਹਾਂ ਦੇ ਸੰਘਰਸ਼ ਨੂੰ ਕਲਾਤਮਿਕ ਕਾਵਿਕ ਰੂਪ ਵਿਚ ਇਸ ਤਰ੍ਹਾਂ ਪੇਸ਼ ਕਰਦੀ ਹੈ ਕਿ ਪਾਠਕ ਅੰਦਰ ਬੀਰ ਰਸ ਉਤਰਨ ਲਗਦਾ ਹੈ।

'ਤੇਗ' ਇਕ ਅਧਿਆਤਮਿਕ ਯਾਤਰਾ ਹੈ। ਇਹ ਗੁਰੂ ਗੋਬਿੰਦ ਸਿੰਘ ਜੀ ਦੇ ਰੂਹਾਨੀ ਪੱਖ ਨੂੰ, ਉਨ੍ਹਾਂ ਦੀ ਬਾਣੀ ਜੋਤਿ ਨੂੰ ਅਤੇ ਉਨ੍ਹਾਂ ਦੇ ਸੰਤ ਸਿਪਾਹੀ ਸਰੂਪ ਨੂੰ ਇਸ ਪ੍ਰਕਾਰ ਕਲਾਤਮਿਕਤਾ ਨਾਲ ਕਵਿਤਾ ਦੇ ਰੂਪ ਵਿਚ ਉਕਰਦੀ ਹੈ ਕਿ 'ਤੇਗ' ਕਵਿਤਾ ਦੇ ਪ੍ਰੇਮੀ ਪਾਠਕਾਂ ਲਈ ਨਵੀਂ ਰਾਹਦਾਰੀ ਬਣ ਜਾਂਦੀ ਹੈ। ਇਹ ਕਿਤਾਬ ਅਗਲੇਰੀ ਪੀੜ੍ਹੀ ਲਈ ਇਕ ਮਾਪਦੰਡ ਹੋ ਸਕਦੀ ਹੈ ਕਿ ਕਿਵੇਂ ਸਿੱਖ ਇਤਿਹਾਸ ਦੇ ਪ੍ਰਸੰਗਾਂ ਨੂੰ ਆਧੁਨਿਕ ਭਾਵਨਾ, ਕਲਾਤਮਿਕ ਸਿਰਜਣਾ ਤੇ ਚੇਤਨ ਤੱਤਾਂ ਰਾਹੀਂ ਦੁਨੀਆ ਦੇ ਹਿੱਤ ਲਈ ਪ੍ਰਕਾਸ਼ਮਾਨ ਕੀਤਾ ਜਾ ਸਕਦਾ ਹੈ।

# ਮਹਾਨ ਮੁੱਕੇਬਾਜ਼ ਜੌਰਜ ਐਡਵਰਡ ਫੋਰਮੈਨ

## ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਜੌਰਜ ਐਡਵਰਡ ਫੋਰਮੈਨ ਮੁਹੰਮਦ ਅਲੀ ਦੇ ਜੋੜ ਦਾ ਮੁੱਕੇਬਾਜ਼ ਸੀ। ਉਹ ਗਰੀਬ ਮਾਂ ਦੀ ਕੁੱਖੋਂ ਜੰਮਿਆ ਸੀ ਜਿਸ ਨੂੰ ਬਾਲਗ ਹੋਣ ਤਕ ਪਤਾ ਨਹੀਂ ਸੀ ਕਿ ਕਿਸ ਬਾਪ ਦਾ ਪੁੱਤਰ ਹੈ? ਫਿਰ ਵੀ ਉਸ ਦਾ ਜੀਵਨ ਉਦੇਸ਼ ਵਿਸ਼ਵ ਦਾ ਅਮੀਰ ਵਿਅਕਤੀ ਬਣਨ ਦਾ ਨਹੀਂ, ਮੁੱਕੇਬਾਜ਼ੀ ਦਾ ਵਿਸ਼ਵ ਚੈਂਪੀਅਨ ਬਣਨ ਦਾ ਸੀ ਜੋ ਪੂਰਾ ਹੋ ਗਿਆ ਸੀ। ਮਾਣ ਨਾਲ ਉਸ ਨੂੰ 'ਬਿੱਗ ਜੌਰਜ' ਕਿਹਾ ਜਾਣ ਲੱਗਾ ਸੀ। ਉਹ ਮੁੱਕੇਬਾਜ਼ੀ ਦਾ ਓਲੰਪਿਕ ਤੇ ਵਿਸ਼ਵ ਚੈਂਪੀਅਨ ਹੋਣ ਦੇ ਨਾਲ ਗਿਰਜੇ ਦਾ ਪਾਦਰੀ ਤੇ ਗ੍ਰਿੱਲਾਂ ਦਾ ਅਮੀਰ ਕਾਰੋਬਾਰੀ ਵੀ ਸੀ। ਉਹ ਅਦਭੁੱਤ ਮਨੁੱਖ ਸੀ ਜਿਸ ਨੇ ਅੱਲ੍ਹੜ ਉਮਰੇ ਜੁਰਮ ਕੀਤੇ, ਜੁਆਨੀ 'ਚ ਪੰਜ ਵਿਆਹ ਕਰਾਏ, ਵਡੇਰੀ ਉਮਰੇ ਦਾਨ ਪੁੰਨ ਕੀਤਾ ਤੇ ਵਿਸ਼ਵ ਪੱਧਰੀ ਮੁੱਕੇਬਾਜ਼ੀ ਕੀਤੀ। ਉਹਦੇ ਪੰਜ ਪੁੱਤਰ ਹੋਏ ਤੇ ਪੰਜ ਧੀਆਂ। ਉਹਦਾ ਜਨਮ ਅਮਰੀਕਾ ਦੀ ਟੈਕਸਾਸ ਸਟੇਟ ਦੇ ਸ਼ਹਿਰ ਮਾਰਸ਼ਲ ਵਿਚ 10 ਜਨਵਰੀ 1949 ਨੂੰ ਹੋਇਆ ਸੀ ਤੇ ਮੌਤ 21 ਮਾਰਚ 2025 ਨੂੰ ਹਿਊਸਟਨ ਵਿਚ ਹੋਈ। ਉਸ ਦਾ ਕੱਦ 1.92 ਮੀਟਰ ਤੇ ਵਜ਼ਨ 118 ਕਿਲੋਗਰਾਮ ਸੀ। ਆਪਣੇ 76 ਸਾਲਾਂ ਦੇ ਜੀਵਨ ਵਿਚ ਉਸ ਨੇ ਉਹ ਕਾਰਨਾਮੇ ਕੀਤੇ ਜੋ ਲੰਮਾ ਸਮਾਂ ਯਾਦ ਰਹਿਣਗੇ।

ਅੰਤਰਰਾਸ਼ਟਰੀ ਬੌਕਸਿੰਗ ਰਿਸਰਚ ਆਰਗੇਨਾਈਜੇਸ਼ਨ ਨੇ ਜੌਰਜ ਫੋਰਮੈਨ ਨੂੰ ਸਰਬ ਸਮਿਆਂ ਦਾ 8ਵਾਂ ਮਹਾਨ ਮੁੱਕੇਬਾਜ਼ ਐਲਾਨਿਆ। ਉਸ ਦਾ ਨਾਂ ਇੰਟਰਨੈਸ਼ਨਲ ਹਾਲ ਆਫ਼ ਫੇਮ ਵਿਚ ਸਸ਼ੋਭਿਤ ਕੀਤਾ ਗਿਆ। 2002 'ਚ 'ਰਿੰਗ' ਮੈਗਜ਼ੀਨ ਨੇ 'ਬਿੱਗ ਜੌਰਜ' ਨੂੰ ਇਤਿਹਾਸ ਦੇ 25 ਮਹਾਨ ਮੁੱਕੇਬਾਜ਼ਾਂ ਵਿਚ ਸ਼ੁਮਾਰ ਕੀਤਾ। ਸਖ਼ਤ ਪੰਚ ਮਾਰਨ ਵਾਲਿਆਂ 'ਚ ਉਹ ਨੌਵੇਂ ਥਾਂ ਸੀ। 12 ਸਾਲ ਉਸ ਨੇ ਮੁੱਕੇਬਾਜ਼ੀ ਦੇ ਮੁਕਾਬਲਿਆਂ ਦੀ ਕਵਰੇਜ ਕੀਤੀ। ਉਹ ਜਾਰਜ ਫੋਰਮੈਨ ਗ੍ਰਿੱਲ ਦਾ ਬੜਾ ਵੱਡਾ ਕਾਰੋਬਾਰੀ ਰਿਹਾ ਜਿਸ ਨੇ ਵਿਸ਼ਵ ਭਰ 'ਚ 100 ਮਿਲੀਅਨ ਯੂਨਿਟਾਂ ਵੇਚੀਆਂ ਜਿਨ੍ਹਾਂ ਨਾਲ 138 ਮਿਲੀਅਨ ਡਾਲਰ ਕਮਾਏ। ਤਦੇ ਉਸ ਨੂੰ ਸਫਲ ਮੁੱਕੇਬਾਜ਼, ਸਫਲ ਪਾਦਰੀ ਤੇ ਸਫਲ ਕਾਰੋਬਾਰੀ ਕਿਹਾ ਜਾਂਦਾ ਹੈ।

ਮੁੱਕੇਬਾਜ਼ੀ ਦੇ ਇਤਿਹਾਸ ਵਿਚ ਉਹ 46 ਸਾਲ 169 ਦਿਨਾਂ ਦੀ ਸਭ ਤੋਂ ਵਡੇਰੀ ਉਮਰ ਦਾ ਵਰਲਡ ਹੈਵੀਵੇਟ ਚੈਂਪੀਅਨ ਹੋ ਗੁਜ਼ਰਿਆ। ਉਹ 48 ਸਾਲ ਦੀ ਉਮਰੇ 1997 ਵਿਚ ਮੁੱਕੇਬਾਜ਼ੀ ਦੇ ਮੁਕਾਬਲਿਆਂ ਤੋਂ ਰਿਟਾਇਰ ਹੋਇਆ। ਆਪਣੇ ਖੇਡ ਕੈਰੀਅਰ ਦੌਰਾਨ ਉਸ ਨੇ 76 ਜਿੱਤਾਂ ਹਾਸਲ ਕੀਤੀਆਂ ਜਿਨ੍ਹਾਂ 'ਚ 68 ਨਾਕਆਊਟ ਨਾਲ ਸਨ। ਉਹ ਕੇਵਲ 5 ਮੁਕਾਬਲਿਆਂ 'ਚ ਹਾਰਿਆ ਜਿਨ੍ਹਾਂ 'ਚੋਂ ਇਕ ਹਾਰ ਮੁਹੰਮਦ ਅਲੀ ਹੱਥੋਂ ਹੋਈ। ਉਹ ਹਾਰ ਜੌਰਜ ਫੋਰਮੈਨ ਨੂੰ ਆਖ਼ਰੀ ਸਵਾਸ ਤਕ ਯਾਦ ਰਹੀ। ਉਹ ਅਮਰੀਕਾ ਦਾ ਪੇਸ਼ਾਵਰ ਮੁੱਕਬਾਜ਼ ਸੀ ਜਿਸ ਨੇ 1967 ਤੋਂ 1997 ਤਕ ਮੁੱਕੇਬਾਜ਼ੀ ਕੀਤੀ। ਕੈਨੇਡਾ ਵਿਚ ਇਕ ਰਾਤ ਉਹ ਪੰਜ ਹੈਵੀਵੇਟ ਮੁੱਕੇਬਾਜ਼ਾਂ ਨਾਲ ਭਿੜਿਆ ਜਿਨ੍ਹਾਂ 'ਚੋਂ ਤਿੰਨਾਂ ਨੂੰ ਨਾਕਆਊਟ ਕੀਤਾ। ਮੁੱਕੇਬਾਜ਼ ਹੋਣ ਦੇ ਨਾਲ ਉਹ ਸਫਲ ਕਾਰੋਬਾਰੀ, ਪਾਦਰੀ ਤੇ ਲੇਖਕ ਵੀ ਸੀ।

ਜਦੋਂ ਉਹ ਬੱਚਾ ਸੀ ਤਾਂ ਉਸ ਨੂੰ ਰੱਜਵੀਂ ਖ਼ੁਰਾਕ ਨਹੀਂ ਸੀ ਮਿਲਦੀ। ਉਸ ਨੂੰ ਸੁਫਨੇ ਆਉਂਦੇ ਕਿ ਉਹ ਤਾਲਾ ਲਾ ਕੇ ਗਰਾਸਰੀ ਸਟੋਰ 'ਚ ਲੁਕ ਗਿਆ ਹੈ ਤੇ ਰੱਜ ਕੇ ਖਾ ਪੀ ਰਿਹਾ ਹੈ!


ਉਹਦਾ ਜਨਮ ਬੇਸ਼ਕ ਮਾਰਸ਼ਲ ਸ਼ਹਿਰ ਵਿਚ ਹੋਇਆ ਸੀ ਪਰ ਉਸ ਦੀ ਪਾਲਣਾ ਪੋਸਣਾ ਹਿਊਸਟਨ ਦੇ ਫਿਫਥ ਵਾਰਡ ਵਿਚ ਹੋਈ। ਉਹ ਛੇ ਭੈਣ ਭਾਈ ਸਨ। ਉਹਦਾ ਬਿੰਦੀ ਬਾਪ ਲਰੋਏ ਮੂਰਹੈੱਡ ਸੀ ਜੋ ਉਸ ਨੂੰ ਉਹਦੀ ਮਾਂ ਪਾਸ ਛੱਡ ਗਿਆ ਸੀ। ਜੌਰਜ ਫੋਰਮੈਨ ਦੀ ਪਾਲਣਾ ਫਿਰ ਉਹਦੀ ਮਾਂ ਨੇ ਹੀ ਕੀਤੀ ਜਿਸ ਨੇ ਜੌਰਜ ਡੀ ਫੋਰਮੈਨ ਨਾਲ ਵਿਆਹ ਕਰਵਾ ਲਿਆ ਸੀ। ਜੌਰਜ ਫੋਰਮੈਨ ਨੇ ਆਪਣੀ ਸਵੈਜੀਵਨੀ ਵਿਚ ਲਿਖਿਆ ਕਿ 'ਬਿੱਗ ਬੀਅਰ' ਬਚਪਨ 'ਚ ਵਿਗੜਿਆ ਮੁੰਡਾ ਸੀ। ਉਹ ਪੰਗੇਹੱਥਾ ਦੰਗੇਬਾਜ਼ ਸੀ ਜਿਸ ਕਰਕੇ 15ਵੇਂ ਸਾਲ ਦੀ ਉਮਰੇ ਸਕੂਲ ਦੀ ਪੜ੍ਹਾਈ ਛੱਡ ਗਿਆ ਸੀ ਤੇ ਵਿਗੜੇ ਮੁੰਡਿਆਂ ਨਾਲ ਰਲ਼ ਕੇ ਕੁੱਟ-ਮਾਰ ਕਰਨ ਲੱਗ ਪਿਆ ਸੀ।

ਇਹ ਅਕਸਰ ਵੇਖਿਆ ਗਿਆ ਕਿ ਕੁੱਟ-ਮਾਰ ਕਰਨ ਵਾਲੇ ਅਨੇਕ ਅੱਲ੍ਹੜ ਮੁੰਡੇ ਵੱਡੇ ਹੋ ਕੇ ਨਾਮੀ ਮੁੱਕੇਬਾਜ਼ ਬਣੇ। ਇਸੇ ਲਈ ਕਿਹਾ ਜਾਂਦਾ ਹੈ ਕਿ ਮੁੱਕੇਬਾਜ਼ੀ ਦੀ ਖੇਡ ਲੜਾਈਆਂ ਝਗੜਿਆਂ ਅਥਵਾ ਕੁੱਟ-ਮਾਰ ਦਾ ਵਧੀਆ ਬਦਲ ਹੈ। ਮੁੱਕੇਬਾਜ਼ੀ ਕਰਦਿਆਂ ਬੰਦੇ ਅੰਦਰਲਾ ਵਾਧੂ ਜ਼ੋਰ, ਫਤੂਰ, ਰੋਹ ਤੇ ਰੰਜ ਖੇਡ ਖੇਡ ਵਿਚ ਹੀ ਖ਼ਤਮ ਹੋ ਜਾਂਦਾ ਹੈ। ਅਜੋਕੀਆਂ ਓਲੰਪਿਕ ਖੇਡਾਂ ਦੇ ਬਾਨੀ ਕੂਬਰਤਿਨ ਨੇ ਠੀਕ ਹੀ ਕਿਹਾ ਸੀ ਕਿ ਓਲੰਪਿਕ ਖੇਡਾਂ ਲੜਾਈਆਂ ਦਾ ਸਭ ਤੋਂ ਚੰਗਾ ਬਦਲ ਹਨ। ਪੁਰਾਤਨ ਓਲੰਪਿਕ ਖੇਡਾਂ ਸਮੇਂ ਜਿਥੇ ਕਿਤੇ ਲੜਾਈਆਂ ਹੁੰਦੀਆਂ ਸਨ ਉਹ ਬੰਦ ਕਰ ਦਿੱਤੀਆਂ ਜਾਂਦੀਆਂ ਸਨ ਤੇ ਉਦੋਂ ਤਕ ਬੰਦ ਰਹਿੰਦੀਆਂ ਸਨ ਜਦੋਂ ਤਕ ਖੇਡ ਮੁਕਾਬਲੇ ਮੁੱਕ ਨਹੀਂ ਸੀ ਜਾਂਦੇ।

ਜੌਰਜ ਫੋਰਮੈਨ ਦੀ ਅੱਲ੍ਹੜ ਉਮਰ ਬੇਸ਼ਕ ਮਾਰ-ਧਾੜ 'ਚ ਲੰਘੀ ਸੀ ਪਰ ਜਦੋਂ ਉਹ 16 ਸਾਲਾਂ ਦਾ ਹੋਇਆ ਤਾਂ ਆਪਣੀ ਮਾਂ ਨੂੰ ਕਹਿਣ ਲੱਗਾ, "ਮਾਂ ਮੈਂ ਹੁਣ ਕੋਈ ਚੱਜ ਦਾ ਕੰਮ ਕਰਾਂਗਾ ਜਿਸ 'ਚੋਂ ਹੱਕ ਦੀ ਕਮਾਈ ਹੋਵੇ।" ਉਹ ਭੱਠੇ 'ਤੇ ਕੰਮ ਕਰਨ ਲੱਗ ਗਿਆ ਤੇ ਤਰੱਕੀ ਕਰਦਾ ਰਾਜ ਮਿਸਤਰੀ ਬਣ ਗਿਆ। ਫਿਰ ਉਹਨਾਂ ਦਾ ਪਰਿਵਾਰ ਪਲੀਸੈਂਟਨ, ਕੈਲੀਫੋਰਨੀਆ ਜਾ ਵਸਿਆ। ਉਥੇ ਪਹਿਲਾਂ ਉਹ ਫੁੱਟਬਾਲ ਖੇਡਣ ਲੱਗਾ ਤੇ ਫਿਰ ਮੁੱਕੇਬਾਜ਼ੀ ਕਰਨ ਲੱਗ ਪਿਆ। ਉਦੋਂ ਮਹਾਨ 'ਜਿਮ ਬ੍ਰਾਊਨ' ਉਹਦਾ ਆਦਰਸ਼ ਸੀ।

ਪਹਿਲਾਂ ਕੁਝ ਸਾਲ ਉਹ ਸ਼ੌਕੀਆ ਮੁੱਕੇਬਾਜ਼ੀ ਕਰਦਾ ਰਿਹਾ ਕਿਉਂਕਿ ਸ਼ੌਕੀਆ ਮੁੱਕੇਬਾਜ਼ ਹੀ ਸਕੂਲਾਂ, ਕਾਲਜਾਂ, ਸਟੇਟ, ਨੈਸ਼ਨਲ ਤੇ ਓਲੰਪਿਕ ਖੇਡਾਂ 'ਚ ਭਾਗ ਲੈ ਸਕਦੇ ਸਨ। ਉਹ ਐਮੇਚਿਓਰ ਯਾਨੀ ਸ਼ੌਕੀਆ ਮੁਕਾਬਲੇ ਜਿੱਤਦਾ ਅਮਰੀਕਾ ਦਾ ਨੈਸ਼ਨਲ ਪੱਧਰ ਦਾ ਮੁੱਕੇਬਾਜ਼ ਬਣ ਗਿਆ। 1968 ਵਿਚ ਮੈਕਸੀਕੋ ਦੀਆਂ ਓਲੰਪਿਕ ਖੇਡਾਂ ਆਈਆਂ ਤਾਂ ਉਸ ਦੀ ਉਮਰ 19 ਸਾਲ ਦੀ ਸੀ। ਉਹ ਨਾ ਸਿਰਫ਼ ਅਮਰੀਕਾ ਦੀ ਟੀਮ 'ਚ ਚੁਣਿਆ ਗਿਆ ਸਗੋਂ ਮੁੱਕੇਬਾਜ਼ੀ ਦੇ ਮੁਕਾਬਲੇ ਜਿੱਤਦਾ ਸਭ ਤੋਂ ਘੱਟ ਉਮਰ ਦਾ ਓਲੰਪਿਕ ਚੈਂਪੀਅਨ ਬਣ ਗਿਆ! ਜਿਵੇਂ ਮੁਹੰਮਦ ਅਲੀ ਰੋਮ ਦੀਆਂ ਓਲੰਪਿਕ ਖੇਡਾਂ 'ਚੋਂ ਗੋਲਡ ਮੈਡਲ ਜਿੱਤਣ ਪਿੱਛੋਂ ਪੇਸ਼ਾਵਰ ਮੁੱਕੇਬਾਜ਼ ਬਣਿਆ ਸੀ ਉਵੇਂ ਜੌਰਜ ਫੋਰਮੈਨ ਵੀ ਓਲੰਪਿਕ ਗੋਲਡ ਮੈਡਲ ਜਿੱਤਣ ਪਿੱਛੋਂ ਪ੍ਰੋਫੈਸ਼ਨਲ ਮੁੱਕੇਬਾਜ਼ ਬਣ ਗਿਆ।

ਪੇਸ਼ਾਵਰ ਮੁੱਕੇਬਾਜ਼ ਵਜੋਂ ਫਿਰ ਉਸ ਦੇ ਭੇੜ ਕਹਿੰਦੇ ਕਹਾਉਂਦੇ ਮੁੱਕੇਬਾਜ਼ਾਂ ਨਾਲ ਹੁੰਦੇ ਗਏ ਤੇ ਉਹਦੇ ਬੋਝੇ ਡਾਲਰਾਂ ਨਾਲ ਭਰਦੇ ਗਏ। ਮੁਹੰਮਦ ਅਲੀ ਵੀਅਤਨਾਮ ਦੀ ਜੰਗ ਵਿਚ ਜਾਣ ਤੋਂ ਇਨਕਾਰੀ ਹੋਣ ਕਰਕੇ ਜੇਲ੍ਹ ਦੀ ਸਜ਼ਾ ਭੁਗਤ ਰਿਹਾ ਸੀ। ਉਹਨੀਂ ਦਿਨੀਂ ਮੁੱਕੇਬਾਜ਼ ਜੋਅ ਫਰੇਜ਼ੀਅਰ ਦੀ ਗੁੱਡੀ ਸਿਖਰਾਂ 'ਤੇ ਸੀ। ਉਹ



ਹੈਵੀਵੇਟ ਦਾ ਵਿਸ਼ਵ ਚੈਂਪੀਅਨ ਬਣ ਚੁੱਕਾ ਸੀ। 1973 ਵਿਚ ਵਰਲਡ ਹੈਵੀਵੇਟ ਚੈਂਪੀਅਨ ਦੇ ਟਾਈਟਲ ਲਈ ਵਿਸ਼ਵ ਚੈਂਪੀਅਨ ਜੋਅ ਫਰੇਜ਼ੀਅਰ ਤੇ ਜੌਰਜ ਫੋਰਮੈਨ ਵਿਚਕਾਰ ਮੁਕਾਬਲਾ ਹੋਇਆ। ਕੁਲ ਦੁਨੀਆ ਦੇ ਦਰਸ਼ਕਾਂ ਦੀਆਂ ਅੱਖਾਂ ਉਸ ਮੁਕਾਬਲੇ ਨੂੰ ਨਿਹਾਰ ਰਹੀਆਂ ਸਨ। ਬਹੁਤੇ ਦਰਸ਼ਕ ਸਮਝਦੇ ਸਨ ਕਿ ਜੋਅ ਫਰੇਜ਼ੀਅਰ ਹੀ ਦੁਬਾਰਾ ਵਿਸ਼ਵ ਚੈਂਪੀਅਨ ਬਣੇਗਾ। ਪਰ 'ਬਿੱਗ ਜੌਰਜ' ਨੇ ਦੂਜੇ ਰਾਊਂਡ ਵਿਚ ਹੀ ਭਾਣਾ ਵਰਤਾ ਦਿੱਤਾ। ਉਸ ਨੇ ਜੋਅ ਫਰੇਜ਼ੀਅਰ ਨੂੰ ਨਾਕ ਆਊਟ ਕਰ ਦਿੱਤਾ। ਇਹ ਦੰਗ ਕਰ ਦੇਣ ਵਾਲੀ ਜਿੱਤ ਸੀ!

1973-74 ਦੌਰਾਨ 'ਬਿੱਗ ਜੌਰਜ' ਵਿਸ਼ਵ ਦਾ ਸਭ ਤੋਂ ਤਕੜਾ ਮੁੱਕੇਬਾਜ਼ ਬਣਿਆ ਰਿਹਾ। ਉਦੋਂ ਤਕ ਉਹ 40 ਭੇੜਾਂ 'ਚੋਂ 37 ਭੇੜ ਵਿਰੋਧੀਆਂ ਨੂੰ ਨਾਕਆਊਟ ਕਰ ਕੇ ਜਿੱਤ ਚੁੱਕਾ ਸੀ। 30 ਅਕਤੂਬਰ 1974 ਦੇ ਦਿਨ ਅਫਰੀਕਾ ਦੇ ਦੇਸ਼ ਜ਼ੈਰ ਵਿਖੇ ਉਹਦਾ ਮੁਕਾਬਲਾ ਮੁੱਕੇਬਾਜ਼ੀ ਦੇ ਸ਼ਹਿਨਸ਼ਾਹ ਮੁਹੰਮਦ ਅਲੀ ਨਾਲ ਹੋਇਆ। ਉਹ ਮੁਕਾਬਲਾ ਬੇਹੱਦ ਪ੍ਰਚਾਰਿਆ ਗਿਆ। ਦੋਹਾਂ ਦੀਆਂ ਕਮੀਆਂ ਪੇਸ਼ੀਆਂ ਵੀ ਪ੍ਰਚਾਰੀਆਂ ਗਈਆਂ। ਮੁਹੰਮਦ ਅਲੀ ਦਾ ਜੇਲ੍ਹ ਜਾਣਾ ਤੇ ਜੌਰਜ ਫੋਰਮੈਨ ਦਾ ਮੁਕੱਦਮਿਆਂ 'ਚ ਫਸੇ ਹੋਣਾ ਦੱਸਿਆ ਗਿਆ। ਜੌਰਜ ਨੂੰ ਉਹਦੇ ਵੈਟਰਨ ਟ੍ਰੇਨਰ ਡਿੱਕ ਸੈਡਲਰ ਨੇ ਚੰਡਿਆ ਹੋਇਆ ਸੀ। ਉਹ ਲਗਾਤਾਰ ਸ਼ੌਕੀਆ ਤੇ ਪੇਸ਼ਾਵਰ ਟਾਈਟਲ ਜਿੱਤਦਾ ਆ ਰਿਹਾ ਸੀ। ਉਹ ਚਾਰਲਸ ਸੋਨੀ ਲਿਸਟਨ ਤੇ ਚਾਰਲੀ ਸਨਾਈਪਸ ਦੀਆਂ ਪੈੜਾਂ 'ਤੇ ਚੱਲ ਰਿਹਾ ਸੀ ਤੇ ਨਾਮਵਰ ਮੁੱਕੇਬਾਜ਼ਾਂ ਨੂੰ ਮਾਤ ਪਾ ਚੁੱਕਾ ਸੀ।

ਅਫਰੀਕਾ ਦੇ ਦੇਸ਼ ਜ਼ੈਰ ਵਿਚ ਮੁਹੰਮਦ ਅਲੀ ਤੇ ਬਿੱਗ ਜੌਰਜ ਵਿਚਕਾਰ ਕਾਂਟੇਦਾਰ ਮੁਕਾਬਲਾ ਹੋਇਆ ਜੋ 8 ਰਾਊਂਡ ਚੱਲਿਆ। ਇਕ ਸਟੇਜ 'ਤੇ ਮੁਹੰਮਦ ਅਲੀ ਨੇ ਐਸਾ ਮੁੱਕਾ ਜੜਿਆ ਕਿ ਜੌਰਜ ਦੇ ਸਿਰ 'ਚੋਂ ਮੁੜ੍ਹਕੇ ਦੀਆਂ ਤਤੀਰੀਆਂ ਚੁਫੇਰੇ ਖਿਲਰ ਗਈਆਂ ਜਿਨ੍ਹਾਂ ਕੈਮਰਿਆਂ 'ਚ ਬੰਦ ਕਰ ਲਿਆ ਗਿਆ। ਜੱਜਾਂ ਨੇ ਫੈਸਲਾ ਮੁਹੰਮਦ ਅਲੀ ਦੇ ਹੱਕ ਵਿਚ ਸੁਣਾਇਆ। 8 ਰਾਊਂਡਾਂ ਵਿਚ ਨਾਕਆਊਟ ਜਿੱਤ ਮੁਹੰਮਦ ਅਲੀ ਦੀ ਹੋਈ। ਉਸ ਭੇੜ ਤੋਂ ਬਾਅਦ ਉਨ੍ਹਾਂ ਵਿਚਕਾਰ ਕੋਈ ਹੋਰ ਭੇੜ ਨਾ ਹੋਇਆ ਤੇ ਉਹ ਰਹਿੰਦੀ ਉਮਰ ਦੋਸਤ ਬਣੇ ਰਹੇ। ਮੁਹੰਮਦ ਅਲੀ ਵਡੇਰੀ ਉਮਰੇ ਪਰਕਿਨਸਨ ਦੀ ਬਿਮਾਰੀ ਦਾ ਸ਼ਿਕਾਰ ਹੋ ਗਿਆ ਸੀ। 1996 'ਚ ਉਸ ਨੂੰ ਆਸਕਰ ਅਵਾਰਡ ਲੈਣ ਲਈ ਸਟੇਜ 'ਤੇ ਜਾਣ ਦੀ ਤਕਲੀਫ਼ ਸਮਝਦਿਆਂ 'ਬਿੱਗ ਜੌਰਜ' ਅਲੀ ਨੂੰ ਸਹਾਰਾ ਦੇ ਕੇ ਸਟੇਜ 'ਤੇ ਲੈ ਗਿਆ ਸੀ।

ਜੌਰਜ ਨੇ ਜੋਅ ਫਰੇਜ਼ੀਅਰ ਤੋਂ ਬਿਨਾਂ 'ਕਿੰਗ' ਰੋਮਨ ਨੂੰ ਇਕੋ ਰਾਊਂਡ 'ਚ ਤੇ ਕੈਨ ਨਾਰਟਨ ਨੂੰ 2 ਰਾਊਂਡਾਂ 'ਚ ਹਰਾ ਕੇ ਟਾਈਟਲ ਜਿੱਤੇ। 1975 ਵਿਚ ਇਕ ਨੁਮਾਇਸ਼ੀ ਸ਼ੋਅ 'ਚ ਲਗਾਤਾਰ 5 ਮੁੱਕਬਾਜ਼ਾਂ ਨੂੰ ਇਕੋ ਸਾਹ ਹਰਾਇਆ। 1977 ਵਿਚ ਪੋਰਟੋ ਰੀਕੋ ਵਿਖੇ ਜਿਮੀ ਯੰਗ ਨਾਲ ਭਿੜਨ ਪਿੱਛੋਂ ਜਦੋਂ ਉਹ ਡ੍ਰੈਸਿੰਗ ਰੂਮ ਵਿਚ ਗਿਆ ਤਾਂ ਉਸ ਦੇ ਕਥਨ ਅਨੁਸਾਰ ਉਸ ਨੂੰ ਗੌਡ ਦੇ ਦਰਸ਼ਨ ਹੋਏ। ਉਸ ਪਿੱਛੋਂ ਉਹ ਇਸਾਈ ਧਰਮ ਦਾ ਪ੍ਰੀਚਰ ਅਥਵਾ ਪਾਦਰੀ ਬਣ ਗਿਆ। ਉਸ ਨੇ ਮੁੱਕੇਬਾਜ਼ੀ ਕਰਨੀ ਛੱਡ ਦਿੱਤੀ, ਆਲੀਸ਼ਾਨ ਚਰਚ ਬਣਾਇਆ ਤੇ ਧਰਮ ਪ੍ਰਚਾਰ ਕਰਨ ਲੱਗਾ। ਧਰਮ ਕਾਰਜ ਵਿਚ ਉਸ ਨੇ ਦਸ ਸਾਲ ਲਾਏ। ਉਸ ਦਾ ਭਾਰ 300 ਪੌਂਡ ਤਕ ਵਧ ਗਿਆ। ਭਾਰ ਘਟਾਉਣ ਤੇ ਚਰਚ ਲਈ ਫੰਡ ਜੁਟਾਉਣ ਵਾਸਤੇ ਉਹ ਫਿਰ ਮੁੱਕੇਬਾਜ਼ੀ ਕਰਨ ਲੱਗ ਪਿਆ। ਮੁੱਕੇਬਾਜ਼ੀ ਦੇ ਮਾਹਿਰ ਉਸ ਦੇ ਇਸ ਮੋੜ 'ਤੇ ਹੱਸਣ ਲੱਗੇ ਕਿ ਹੁਣ ਇਹ ਕਿਧਰ ਤੁਰ ਪਿਆ?

ਵੱਡੀ ਹੈਰਾਨੀ ਉਦੋਂ ਹੋਈ ਜਦੋਂ ਪਾਦਰੀ ਤੋਂ ਫਿਰ ਮੁੱਕੇਬਾਜ਼ ਬਣੇ 'ਬਿੱਗ ਜੌਰਜ' ਨੇ 18 ਸਿੱਧੇ ਟਾਈਟਲ ਜਿੱਤ ਮਾਰੇ ਤੇ ਉਹ ਵੀ ਨਾਕ ਆਊਟ ਨਾਲ! ਇਕ ਸਮਾਂ ਐਸਾ ਵੀ ਆਇਆ ਜਦੋਂ ਵਿਸ਼ਵ ਚੈਂਪੀਅਨ ਜੌਰਜ ਫੋਰਮੈਨ ਤੇ ਵਿਸ਼ਵ ਚੈਂਪੀਅਨ ਮਾਈਕਲ ਟਾਈਸਨ ਵਿਚਕਾਰ 50+50 ਮਿਲੀਅਨ ਡਾਲਰੀ ਮੁਕਾਬਲਾ ਐਲਾਨਿਆ ਗਿਆ। ਉਦੋਂ 'ਬਿੱਗ ਜੌਰਜ' ਦੀ ਉਮਰ 46 ਸਾਲਾਂ ਦੀ ਹੋ ਚੁੱਕੀ ਸੀ ਜਦ ਕਿ ਮਾਈਕਲ ਟਾਈਸਨ ਅਜੇ ਜੁਆਨ ਸੀ। ਪਰ ਟਾਈਸਨ ਉਸ ਮੁਕਾਬਲੇ 'ਚੋਂ ਪਿੱਛੇ ਹਟ ਗਿਆ। ਉਸ ਨੂੰ ਡਰ ਸੀ ਕਿਤੇ 46 ਸਾਲ ਦੇ 'ਬੁੱਢੇ' ਤੋਂ ਹਾਰ ਨਾ ਜਾਵੇ! ਹਾਲਾਂ ਕਿ ਦੋਹਾਂ ਮੁੱਕੇਬਾਜ਼ਾਂ ਦੇ ਬੋਝੇ ਪੰਜਾਹ ਪੰਜਾਹ ਮਿਲੀਅਨ ਡਾਲਰ ਪੈਣੇ ਸਨ!

ਜੌਰਜ ਫੋਰਮੈਨ ਦਾ ਪਹਿਲਾ ਵਿਆਹ ਐਡਰੀਨ ਕਲਹੌਨ ਨਾਲ 24 ਦਸੰਬਰ 1971 ਨੂੰ ਹੋਇਆ। ਉਹਦਾ 13 ਫਰਵਰੀ 1974 ਨੂੰ ਤਲਾਕ ਹੋ ਗਿਆ। ਉਸ ਵਿਆਹ 'ਚੋਂ 2 ਬੱਚੇ ਪੈਦਾ ਹੋਏ ਸਨ। ਉਸ ਦਾ ਦੂਜਾ ਵਿਆਹ 6 ਅਕਤੂਬਰ 1977 ਨੂੰ ਸਿੰਥੀਆ ਲੇਵੀਸ ਨਾਲ ਹੋਇਆ ਜੋ ਬਿਨਾਂ ਬੱਚਾ ਪੈਦਾ ਕੀਤੇ 3 ਅਗੱਸਤ 1979 ਨੂੰ ਤਲਾਕ ਨਾਲ ਟੁੱਟ ਗਿਆ। ਤੀਜਾ ਵਿਆਹ 15 ਸਤੰਬਰ 1981 ਨੂੰ ਸ਼ੇਰੋਂ ਗੁੱਡਸਨ ਨਾਲ ਹੋਇਆ ਜੋ ਬਿਨਾਂ ਬੱਚਾ ਪੈਦਾ ਕੀਤੇ 23 ਅਪ੍ਰੈਲ 1982 ਤਕ ਨਿਭਿਆ। ਚੌਥਾ ਵਿਆਹ 28 ਅਪ੍ਰੈਲ 1982 ਨੂੰ ਐਂਡਰੀਆ ਸਕੀਟੀ ਨਾਲ ਹੋਇਆ ਜਿਸ ਤੋਂ ਦੋ ਬੱਚੇ ਪੈਦਾ ਹੋਏ ਪਰ 4 ਫਰਵਰੀ 1985 ਨੂੰ ਉਹਦਾ ਵੀ ਤਲਾਕ ਹੋ ਗਿਆ। ਪੰਜਵਾਂ ਤੇ ਆਖ਼ਰੀ ਵਿਆਹ 25 ਮਾਰਚ 1985 ਨੂੰ ਮੇਰੀ ਫੋਰਮੈਨ ਨਾਲ ਹੋਇਆ ਜੀਹਦੇ 6 ਬੱਚੇ ਪੈਦਾ ਹੋਏ। ਮੇਰੀ ਫੋਰਮੈਨ ਅਜੇ ਜਿਊਂਦੀ ਹੈ ਜਦ ਕਿ ਜੌਰਜ ਫੋਰਮੈਨ 25 ਮਾਰਚ 2025 ਨੂੰ ਚਲਾਣਾ ਕਰ ਚੁੱਕੈ।

ਉਸ ਦੇ ਨਰ ਬੱਚਿਆਂ ਦੇ ਨਾਂ ਜਾਰਜ ਫੋਰਮੈਨ ਦੇ ਨਾਂ ਨਾਲ ਸ਼ੁਰੂ ਹੁੰਦੇ ਹਨ। ਉਸ ਦਾ ਕਹਿਣਾ ਹੈ ਕਿ ਇਹ ਨਾਂ ਬੱਚਿਆਂ ਦੀ ਵਲਦੀਅਤ ਤੇ ਸਾਂਝ ਲਈ ਰੱਖੇ ਹਨ। ਉਸ ਨੂੰ ਖ਼ੁਦ ਆਪਣੇ ਅਸਲੀ ਬਾਪ ਦਾ ਪਤਾ ਬਾਲਗ ਹੋ ਕੇ ਲੱਗਾ ਸੀ ਜਿਸ ਦਾ ਨਾਂ ਲਰੋਏ ਮੂਰਹੈੱਡ ਸੀ। ਫਿਰ ਪਾਦਰੀ ਬਣੇ ਜਾਰਜ ਫੋਰਮੈਨ ਨੇ ਹੀ ਪੁੱਤਰ ਵਜੋਂ ਆਪਣੇ ਬਿੰਦੀ ਬਾਪ ਦੀਆਂ ਅੰਤਮ ਰਸਮਾਂ ਨਿਭਾਈਆਂ ਸਨ।

ਦਸ ਸਾਲ ਪਾਦਰੀ ਰਹਿਣ ਤੋਂ ਬਾਅਦ ਜੌਰਜ ਮੁੜ ਰਿੰਗ ਵਿਚ ਆਇਆ ਤਾਂ ਉਸ ਨੇ ਉਤੋੜੁੱਤੀ 18 ਮੁਕਾਬਲੇ ਨਾਕਆਊਟ ਨਾਲ ਜਿੱਤੇ। ਪਰ ਈਵੈਂਡਰ ਹੌਲੀਫੀਲਡ ਤੋਂ ਟਾਈਟਲ ਮੁਕਾਬਲਾ ਹਾਰ ਗਿਆ। ਹੈਰਾਨੀ ਦੀ ਗੱਲ ਇਹ ਹੋਈ ਕਿ ਕੁਝ ਸਾਲਾਂ ਬਾਅਦ 45 ਸਾਲਾਂ ਦੀ ਉਮਰੇ ਉਹ 26 ਸਾਲ ਦੇ ਵਿਸ਼ਵ ਹੈਵੀਵੇਟ ਚੈਂਪੀਅਨ ਮਾਈਕਲ ਮੂਰਰ ਨੂੰ ਹਰਾ ਕੇ ਦੂਜੀ ਵਾਰ ਵਿਸ਼ਵ ਚੈਂਪੀਅਨ ਬਣ ਗਿਆ! ਇਹ ਕਿਸੇ ਵੀ ਮੁੱਕੇਬਾਜ਼ ਦਾ ਸਭ ਤੋਂ ਵਡੇਰੀ ਉਮਰ ਦਾ ਵਰਲਡ ਚੈਂਪੀਅਨ ਬਣਨ ਦਾ ਰਿਕਾਰਡ ਹੈ। ਆਪਣੇ ਟਾਈਟਲ ਦੀ ਰਾਖੀ ਲਈ ਆਖ਼ਰੀ ਭੇੜ ਉਹ ਸ਼ਾਨਨ ਬ੍ਰਿੱਗਜ਼ ਵਿਰੁੱਧ ਭਿੜਿਆ ਜੋ ਵਿਵਾਦੀ ਫੈਸਲੇ ਨਾਲ ਹਾਰ ਕੇ ਮੁੱਕੇਬਾਜ਼ੀ ਹੀ ਛੱਡ ਗਿਆ।

ਪਹਿਲਾ ਵਿਸ਼ਵ ਟਾਈਟਲ 'ਬਿੱਗ ਜੌਰਜ' ਨੇ 1973 ਵਿਚ ਜਿੱਤਿਆ ਸੀ ਤੇ ਦੂਜਾ 21 ਸਾਲ ਬਾਅਦ 1994 ਵਿਚ। 21 ਸਾਲਾਂ ਬਾਅਦ ਦੁਬਾਰਾ ਵਿਸ਼ਵ ਚੈਂਪੀਅਨ ਬਣਨਾ ਵੀ ਆਪਣੀ ਤਰ੍ਹਾਂ ਦਾ ਵਿਸ਼ਵ ਰਿਕਾਰਡ ਹੀ ਹੈ। ਉਹ ਸਮਰਪਿਤ ਪਾਦਰੀ, ਸਮਰਪਿਤ ਪਤੀ, ਪਿਆਰਾ ਬਾਪ, ਸਤਿਕਾਰਤ ਬਾਬਾ ਤੇ ਪੜਦਾਦਾ ਸੀ। ਉਹ ਲੀਜੈਂਡਰੀ ਮੁੱਕੇਬਾਜ਼ ਸੀ। ਉਹ 1977 'ਚ ਲਾਰਡ ਈਸਾ ਮਸੀਹ ਚਰਚ ਟੈਕਸਾਸ ਦਾ ਪ੍ਰੀਚਰ ਬਣਿਆ ਸੀ ਜੋ ਜੌਰਜ ਨੇ ਹੀ ਬਣਵਾਇਆ ਸੀ। 1987 'ਚ ਪੈਸੇ 'ਕੱਠੇ ਕਰ ਕੇ ਉਸ ਨੇ ਇਕ ਯੂਥ ਸੈਂਟਰ ਵੀ ਬਣਵਾਇਆ। ਉਸ ਦੇ ਦੇਹਾਂਤ ਸਮੇਂ ਉੱਘੇ ਵਿਅਕਤੀਆਂ ਨੇ ਬੜੀਆਂ ਭਾਵਪੂਰਤ ਸ਼ਰਧਾਂਜਲੀਆਂ ਭੇਟ ਕੀਤੀਆਂ। ਵਿਸ਼ਵ ਬੌਕਸਿੰਗ ਸੰਸਥਾ ਦੇ ਪ੍ਰਧਾਨ ਮੌਰੀਸੀਓ ਸੁਲੇਮਾਨ ਦੀ ਸ਼ਰਧਾਜਲੀ ਸੀ, "ਉਸ ਦੀ ਯਾਦ ਸਦੀਵੀ ਹੈ। ਰੱਬ ਉਹਦੀ ਰੂਹ ਨੂੰ ਸ਼ਾਤੀ ਬਖ਼ਸ਼ੇ।"

'ਬਿੱਗ ਜੌਰਜ' ਦੇ ਜੀਵਨ 'ਤੇ ਬਣੀ ਫਿਲਮ 2023 ਵਿਚ ਰਿਲੀਜ਼ ਹੋਈ। ਉਹ ਬੌਕਸਿੰਗ ਦੀ ਬਾਈਬਲ ਹੈ।

---

# ਮਿਹਰਾਂ ਭਰਿਆ ਸ਼ਹਿਰ...

ਖ਼ਲੀਲ ਜਿਬਰਾਨ
ਅਨੁਵਾਦਕ: ਸੁਭਾਸ਼ ਰਾਬੜਾ

ਜੁਆਨੀ ਵੇਲੇ ਮੈਨੂੰ ਇੱਕ ਮਿਹਰਾਂ ਭਰੇ ਸ਼ਹਿਰ ਬਾਰੇ ਦੱਸਿਆ ਗਿਆ ਸੀ, ਜਿੱਥੋਂ ਦਾ ਹਰ ਬਾਸ਼ਿੰਦਾ ਓਵੇਂ ਹੀ ਰਹਿੰਦਾ ਸੀ, ਜਿਵੇਂ ਕਿ 'ਗ੍ਰੰਥਾਂ' ਵਿਚ ਲਿਖਿਆ ਹੋਇਆ ਸੀ।

— ਮੈਂ ਆਪਣੇ-ਆਪ ਨੂੰ ਕਿਹਾ ਕਿ ਮੈਂ ਤਾਂ ਓਥੇ ਹੀ ਜਾ ਕੇ ਰਹਾਂਗਾ ਤਾਂ ਕਿ ਮੇਰੇ ਉੱਤੇ ਵੀ ਮਿਹਰ ਹੋਵੇ। ਸ਼ਹਿਰ ਬੜਾ ਹੀ ਦੂਰ ਸੀ, ਇਸੇ ਲਈ ਮੈਂ ਸਫਰ ਵਾਸਤੇ ਸਾਰੇ ਇੰਤਜ਼ਾਮ ਮੁਕੰਮਲ ਕਰ ਲਏ ਅਤੇ ਸਫਰ 'ਤੇ ਚੱਲ ਪਿਆ। ਚਾਲੀਵੇਂ ਦਿਨ ਮੈਨੂੰ ਸ਼ਹਿਰ ਨਜ਼ਰੀਂ ਪਿਆ ਅਤੇ ਇੱਕਤਾਲੀਵੇਂ ਦਿਨ ਮੈਂ ਇਸ 'ਚ ਦਾਖਿਲ ਹੋਇਆ।

— ਤੇ ਲਓ ਜੀ! ਮੈਂ ਓਥੇ ਇੱਕ ਹੈਰਾਨ ਕਰ ਦੇਣ ਵਾਲੀ ਗੱਲ ਵੇਖੀ...ਓਥੋਂ ਦੇ ਹਰ ਬੰਦੇ ਦੀ ਇੱਕੋ ਇੱਕ ਅੱਖ ਤੇ ਇੱਕੋ-ਇੱਕ ਹੱਥ। ਮੈਂ ਬੜਾ ਹੈਰਾਨ ਹੋਇਆ ਅਤੇ ਆਪਣੇ-ਆਪ ਨੂੰ ਪੁਛਣ ਲੱਗਾ, 'ਇਹੋ ਹੈ ਉਹ ਮਿਹਰਾਂ ਭਰਿਆ ਸ਼ਹਿਰ...ਅਤੇ ਇਹੋ ਹਨ ਇਸ ਦੇ ਬਾਸ਼ਿੰਦੇ...ਇੱਕੋ-ਇੱਕ ਹੱਥਾਂ ਵਾਲੇ...ਇੱਕੋ-ਇੱਕ ਕੰਨਾਂ ਵਾਲੇ?'

— ਤੇ ਮੈਂ ਵੇਖਿਆ...ਉਹ ਸਾਰੇ ਵੀ ਬੜੇ ਹੈਰਾਨ ਸਨ ਅਤੇ ਮੇਰੇ ਦੋਵੇਂ ਹੱਥਾਂ ਤੇ ਦੋਵੇਂ ਕੰਨਾਂ ਨੂੰ ਅਚੰਭਿਤ ਹੋ ਕੇ ਤੱਕ ਰਹੇ ਸਨ। ਜਦੋਂ ਉਹ ਇੱਕ-ਦੂਜੇ ਨਾਲ ਗੱਲੀਂ ਪਏ ਹੋਏ ਸਨ ਤਾਂ ਮੈਂ ਪੁਛ ਬੈਠਾ, 'ਇਹ ਉਹ ਹੀ ਮਿਹਰ ਭਰਿਆ ਸ਼ਹਿਰ ਹੈ ਜਿਥੋਂ ਦਾ ਹਰ ਬਾਸ਼ਿੰਦਾ ਉਵੇਂ ਹੀ ਜ਼ਿੰਦਗੀ ਲੰਘਾਉਂਦਾ ਹੈ, ਜਿਵੇਂ ਕਿ ਗ੍ਰੰਥਾਂ ਵਿਚ ਲੰਘਾਉਣ ਲਈ ਕਿਹਾ ਗਿਆ ਹੈ?' ਉਨ੍ਹਾਂ ਕਿਹਾ, 'ਹਾਂ ਇਹ ਓਹੋ ਸ਼ਹਿਰ ਹੀ ਹੈ।'

—ਫਿਰ ਇਹ ਸਾਰਾ ਕੁਝ ਵਾਪਰਿਆ ਕਿਵੇਂ? ਤੁਹਾਡੇ ਸੱਜੇ ਹੱਥ ਅਤੇ ਸੱਜੀਆਂ ਅੱਖਾਂ ਕਿੱਥੇ ਗਈਆਂ, ਮੈਂ ਪੁਛਿਆ।

— ਸੁਆਲ ਸੁਣ ਕੇ ਜਿਵੇਂ ਉਹ ਸਾਰੇ ਭਾਵਕ ਹੋ ਗਏ ਅਤੇ ਆਖਣ ਲੱਗੇ, 'ਆਓ ਅਤੇ ਆਪ ਹੀ ਵੇਖ ਲਵੋ'...ਉਹ ਸਾਰੇ ਮੈਨੂੰ ਸ਼ਹਿਰ ਦੇ ਵਿਚੋਂ-ਵਿਚ ਇੱਕ ਧਰਮ ਸਥਾਨ ਵੱਲ ਲੈ ਤੁਰੇ। ਓਥੋਂ ਦਾ ਨਜ਼ਾਰਾ ਵੇਖ ਤਾਂ ਜਿਵੇਂ ਮੈਂ ਸੁੰਨ ਹੋ ਗਿਆ। ਵਢੇ ਹੋਏ ਹੱਥਾਂ ਅਤੇ ਕੱਢੀਆਂ ਹੋਈਆਂ ਅੱਖਾਂ ਦਾ ਅੰਬਾਰ ਲੱਗਾ ਹੋਇਆ ਸੀ। ਮੈਂ ਪੁਛ ਲਿਆ, 'ਕਿਸ ਵਿਜੇਤਾ ਨੇ ਤੁਹਾਡਾ ਇਹ ਹਸ਼ਰ ਕੀਤਾ, ਐਨੀਂ ਬੇਰਹਿਮੀ ਨਾਲ?'

— ਭੀੜ 'ਚ ਫੁਸਫੁਸਾਹਟ ਸ਼ੁਰੂ ਹੋਈ ਅਤੇ ਇੱਕ ਬਜ਼ੁਰਗ ਨੇ ਅੱਗੇ ਵਧਦਿਆਂ ਕਿਹਾ, 'ਇਹ ਸਾਰਾ ਕੁਝ ਅਸੀਂ ਹੀ ਕੀਤੈ। ਸਰਵ ਸ਼ਕਤੀਸ਼ਾਲੀ ਰੱਬ ਨੇ ਸਾਥੋਂ ਇਹ ਕਰਵਾ ਕੇ ਸਾਡੇ ਅੰਦਰਲੀਆਂ ਬੁਰਾਈਆਂ 'ਤੇ ਸਾਨੂੰ ਜਿੱਤ ਦਿਵਾਈ ਹੈ ਅਤੇ ਜੇਤੂ ਬਣਾਇਆ ਹੈ'। ਉਹ ਸਾਰੇ ਮੈਨੂੰ ਇੱਕ ਉੱਚੇ ਜਿਹੇ ਟਿੱਲੇ ਦੀ ਚੋਟੀ 'ਤੇ ਲੈ ਤੁਰੇ...ਭੀੜ ਵੀ ਪਿਛੇ-ਪਿਛੇ ਤੁਰ ਪਈ। ਉੱਥੇ ਇੱਕ ਪੱਥਰ ਪੱਟੀ ਉੱਤੇ ਲਿਖੀ ਇਬਾਰਤ ਵੇਖੀ। ਲਿਖਿਆ ਸੀ:

'ਜੇ ਸੱਜੀ ਅੱਖ ਤੁਹਾਡੀ ਮੁਖਾਲਫਤ ਕਰਦੀ ਹੈ, ਤਾਂ ਚੰਗਾ ਹੈ ਇਹਨੂੰ ਬਾਹਰ ਕਢ ਦਿਓ...ਇਹੋ ਫਾਇਦੇਮੰਦ ਹੈ। ਆਪਣੇ ਪੂਰੇ ਸ਼ਰੀਰ ਨੂੰ ਦੋਜਖ ਦੀ ਅੱਗ 'ਚ ਝੁਲਸਾਉਣ ਨਾਲੋਂ ਚੰਗਾ ਹੈ ਕਿ ਇਸ ਦਾ ਕੋਈ ਇੱਕ ਹਿੱਸਾ ਹੀ ਉਸ ਅੱਗ 'ਚ ਸੜੇ...ਤੇ ਜੇ ਇਸੇ ਤਰ੍ਹਾਂ ਤੁਹਾਡਾ ਸੱਜਾ ਹੱਥ ਤੁਹਾਡੀ ਮੁਖਾਲਫਤ ਕਰਦਾ ਹੈ...ਤਾਂ ਓਸੇ ਨੂੰ ਹੀ ਵੱਢੋ...ਅਤੇ ਦੋਜ਼ਖ 'ਚ ਸੜਨ ਦਿਓ...ਨਾਂ ਕਿ ਪੂਰੇ ਜਿਸਮ ਨੂੰ'।

— ਇਹ ਸੁਣਨ ਤੋਂ ਬਾਅਦ ਹੀ ਮੈਨੂੰ ਸਭ ਸਮਝ 'ਚ ਆ ਗਿਆ...ਮੈਂ ਓਥੇ ਖੜੇ ਲੋਕਾਂ ਨੂੰ ਚੀਕ ਕੇ ਪੁਛਿਆ, 'ਕੀ ਤੁਹਾਡੇ 'ਚੋਂ ਕੋਈ ਐਸਾ ਨਹੀਂ...ਜਿਸ ਦੀਆਂ ਦੋਵੇਂ ਅੱਖਾਂ ਅਤੇ ਦੋਵੇਂ ਕੰਨ ਮਹਫੂਜ਼ ਹੋਣ?

— ਉਨ੍ਹਾਂ ਕਿਹਾ, 'ਕੋਈ ਨਹੀਂ...ਕੋਈ ਵੀ ਨਹੀਂ...ਸਿਰਫ ਉਨ੍ਹਾਂ ਨੂੰ ਛੱਡ ਕੇ...ਜਿਹੜੇ ਹਾਲੀਂ ਬੜੇ ਛੋਟੇ ਨੇ...ਅਤੇ ਧਰਮ ਗ੍ਰੰਥ 'ਚ ਲਿਖੀਆਂ ਇਬਾਰਤਾਂ ਨੂੰ ਪੜ੍ਹ-ਸਮਝ ਨਹੀਂ ਸਕਦੇ।'

— ਤੇ ਜਦੋਂ ਮੈਂ ਇਸ ਧਰਮ ਅਸਥਾਨੋਂ ਬਾਹਰ ਨਿੱਕਲਿਆ...ਤਾਂ ਵਾਹੋ-ਦਾਹੀ ਸ਼ਹਿਰੋਂ ਬਾਹਰ ਭੱਜਿਆ...ਕਿਉਂ ਕਿ ਮੈਂ ਛੋਟਾ ਵੀ ਨਹੀਂ ਸਾਂ ਅਤੇ ਧਰਮ ਗ੍ਰੰਥ ਪੜ੍ਹ ਵੀ ਸਕਦਾ ਸਾਂ।'

# ‘ਉਰਦੂ’ ਬਾਰੇ ਸੁਪਰੀਮ ਕੋਰਟ ਦਾ ਫੈਸਲਾ ਸ਼ਲਾਘਾਯੋਗ

ਭਾਸ਼ਾ ਕਿਸੇ ਧਰਮ ਦੀ ਨਹੀਂ ਹੁੰਦੀ, ਉਹ ਇਲਾਕੇ, ਭਾਈਚਾਰੇ ਤੇ ਸੰਸਕ੍ਰਿਤੀ ਨਾਲ ਜੁੜੀ ਹੁੰਦੀ ਹੈ।

ਪਿਛਲੇ ਕਈ ਦਹਾਕਿਆਂ ‘ਤੋਂ ਉਰਦੂ ਭਾਸ਼ਾ ਨਾਲ ਜੋ ਵਿਭੇਦਪੂਰਨ ਵਿਵਹਾਰ ਕੁਝ ਤੰਗ-ਨਜ਼ਰ ਲੋਕਾਂ ਵੱਲੋਂ ਕੀਤਾ ਜਾਂਦਾ ਰਿਹਾ ਹੈ, ਉਸ ‘ਤੋਂ ਸਾਰੇ ਭਲੀਭਾਂਤੀ ਵਾਕਫ਼ਿ ਹਨ, ਪਰ ਹਾਲ ਹੀ ਵਿਚ ਉਰਦੂ ਭਾਸ਼ਾ ਨੂੰ ਲੈ ਕੇ ਕੁਝ ਲੋਕਾਂ ਵੱਲੋਂ ਜਿਹੜੇ ਪੱਖਪਾਤੀ ਅਤੇ ਨਫ਼ਰਤ ਭਰੇ ਬਿਆਨ ਦਿੱਤੇ ਗਏ, ਉਨ੍ਹਾਂ ਦੀ ਉਦਾਹਰਣ ਪਹਿਲਾਂ ਸ਼ਾਇਦ ਹੀ ਕਿਤੇ ਮਿਲਦੀ ਹੋਵੇ।

ਇੱਕ ਰਿਪੋਰਟ ਅਨੁਸਾਰ, ਹਾਲ ਹੀ ਵਿਚ ਸੰਯੁਕਤ ਰਾਸ਼ਟਰ (ਯੂ. ਐਨ. ਓ.) ਵੱਲੋਂ ਉਰਦੂ

**ਮੁਹੰਮਦ ਅੱਬਾਸ ਧਾਲੀਵਾਲ**
**ਫੋਨ: 98552-59650**

ਭਾਸ਼ਾ ਨੂੰ ਅੰਤਰਰਾਸ਼ਟਰੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਹੈ। ਪਰ ਦੁਖਾਂਤ ਹੈ ਜਿਸ ਭਾਰਤੀ ਭਾਸ਼ਾ ਨੂੰ ਅੱਜ ਦੁਨੀਆ ਸਨਮਾਨ ਦੇ ਰਹੀ ਹੈ, ਓਸ ਅੰਤਰਰਾਸ਼ਟਰੀ ਪਛਾਣ ਵਾਲੀ ਭਾਸ਼ਾ ਨੂੰ ਆਪਣੇ ਹੀ ਦੇਸ਼ ਵਿਚ ਕੁਝ ਲੋਕਾਂ ਵੱਲੋਂ ਸਸਤੀ ਸ਼ੋਹਰਤ ਹਾਸਲ ਕਰਨ ਲਈ ਉਲਟੇ ਸਿੱਧੇ ਬਿਆਨ ਜਾਰੀ ਕੀਤੇ ਜਾ ਰਹੇ ਹਨ ਅਤੇ ਇਸਨੂੰ ਸਿਰਫ਼ ਮੁਸਲਮਾਨਾਂ ਨਾਲ ਜੋੜ ਕੇ ਆਪਣੀ ਤੰਗ ਸੋਚਣੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ।

ਉਂਝ ਵੇਖਿਆ ਜਾਵੇ ਤਾਂ ਉਰਦੂ ਭਾਸ਼ਾ ਨਾਲ ਇਹ ਵਿਤਕਰਾ ਕੋਈ ਨਵੀਂ ਗੱਲ ਨਹੀਂ ਹੈ ਸਗੋਂ ਅਜ਼ਾਦੀ ਤੋਂ ਬਾਅਦ ਤੋਂ ਹੀ ਕੁਝ ਕੁੱਝ ਮੁੱਠੀ ਭਰ ਲੋਕ ਅੰਗਰੇਜ਼ਾਂ ਦੀ ਦੇਖਾ-ਦੇਖੀ ਇਸ ਭਾਸ਼ਾ ਨੂੰ ਮੁਸਲਮਾਨਾਂ ਦੀ ਭਾਸ਼ਾ ਕਹਿੰਦੇ ਆ ਰਹੇ ਹਨ, ਅੱਜ ਵੀ ਕੁਝ ਲੋਕ ਉਨ੍ਹਾਂ ਦੇ ਨਕਸ਼ੇ ਕਦਮ ‘ਤੇ ਤੁਰਦੇ ਹੋਏ ਉਰਦੂ ਨੂੰ ਸਿਰਫ਼ ਇੱਕ ਧਰਮ ਨਾਲ ਜੋੜ ਕੇ ਦੇਖਦੇ ਹਨ। ਪਰ ਮੈਂ ਸਮਝਦਾ ਹਾਂ ਕਿ ਭਾਰਤ ਵਿਚ ਜੰਮੀ ਇਸ ਆਧੁਨਿਕ ਆਰਿਆਈ ਭਾਸ਼ਾ ਨੂੰ ਧਰਮ ਨਾਲ ਜੋੜਨਾ ਬਹੁਤ ਹੀ ਅਫ਼ਸੋਸਜਨਕ ਅਤੇ ਕਦਾਚਿਤ ਦਰੁਸਤ ਨਹੀਂ ਹੈ।

ਉਰਦੂ ਵਿਚ ਅਰਬੀ, ਫ਼ਾਰਸੀ, ਹਿੰਦੀ, ਪੰਜਾਬੀ, ਬ੍ਰਿਜ ਭਾਸ਼ਾ ਅਤੇ ਅੰਗਰੇਜ਼ੀ ਦੇ ਅਨੇਕ ਸ਼ਬਦਾਂ ਦੀ ਵਰਤੋਂ ਹੋਈ ਵੇਖਦੇ ਹਾਂ। ਵਿਭਿੰਨ ਭਾਸ਼ਾਵਾਂ ਦੇ ਸ਼ਬਦ ਅੱਜ ਵੀ ਉਰਦੂ ਬੋਲੀ ਅਤੇ ਲਿਖਤ ਵਿਚ ਬਹੁਤ ਧੜੱਲੇ ਨਾਲ ਆਮ ਵਰਤੇ ਜਾਂਦੇ ਹਨ।

ਵੈਸੇ ‘ਉਰਦੂ’ ਸ਼ਬਦ ਤੁਰਕੀ ਭਾਸ਼ਾ ਦਾ ਹੈ, ਜਿਸਦਾ ਅਰਥ ‘ਲਸ਼ਕਰ’ ਹੁੰਦਾ ਹੈ। ਜਿਵੇਂ ਲਸ਼ਕਰ ਵਿਚ ਵੱਖ-ਵੱਖ ਖੇਤਰਾਂ ਅਤੇ ਧਰਮਾਂ ਦੇ ਲੋਕੀ ਇੱਕ ਥਾਂ ਜਮ੍ਹਾ ਹੁੰਦੇ ਹਨ, ਉਸੇ ਤਰ੍ਹਾਂ ਉਰਦੂ ਨੇ ਵੀ ਵੱਖ-ਵੱਖ ਭਾਸ਼ਾਵਾਂ ਦੇ ਸ਼ਬਦਾਂ ਨੂੰ ਆਪਣੇ ਘੇਰੇ ਵਿਚ ਸ਼ਾਮਲ ਕਰਦਿਆਂ ਆਪਣੀ ਵਿਸ਼ਾਲਤਾ ਦਾ ਸਬੂਤ ਦਿੱਤਾ ਹੈ।

ਜਿਕਰਯੋਗ ਹੈ ਕਿ ਵੱਖ-ਵੱਖ ਸਮਿਆਂ ਵਿਚ ਉਰਦੂ ਨੂੰ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਰਿਹਾ- ਕਦੇ ਹਿੰਦਵੀ, ਕਦੇ ਰੇਖਤਾ, ਕਦੇ ਗੁਜਰੀ, ਕਦੇ ਉਰਦੂ-ਏ-ਮੁਅੱਲਾ ਆਦਿ।

ਉਰਦੂ ਦੀ ਮਿੱਠਾਸ ਤੇ ਲੋਕਪ੍ਰਿਯਤਾ ਕਰਕੇ ਇਸਨੂੰ ਲਗਭਗ ਹਰ ਧਰਮ ਅਤੇ ਕੌਮ ਦੇ ਕਵੀਆਂ ਅਤੇ ਲੇਖਕਾਂ ਨੇ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਲਈ ਵਰਤਿਆ। ਉਰਦੂ ਦੇ ਲੇਖਕਾਂ ਅਤੇ ਕਵੀਆਂ ਤੇ ਝਾਤ ਮਾਰਦਿਆਂ ਬਹੁਤ ਸਾਰੇ ਨਾਮੀ ਗ਼ੈਰ-ਮੁਸਲਿਮ ਲੇਖਕਾਂ ਦੇ ਨਾਂ ਵੀ ਸਾਡੇ ਸਾਹਮਣੇ ਆ ਜਾਂਦੇ ਹਨ— ਜਿਵੇਂ ਕਿ ਫਿਰਾਕ ਗੋਰਖਪੁਰੀ (ਅਸਲੀ ਨਾਂ ਰਘੁਪਤੀ), ਪੰਡਤ ਬ੍ਰਿਜ ਨਾਰਾਇਣ ਚਕਬਸਤ, ਪੰਡਤ ਰਤਨ ਨਾਥ ਸਰਸ਼ਾਰ, ਦਇਆ ਸ਼ੰਕਰ ਨਸੀਮ, ਰਾਜਿੰਦਰ ਸਿੰਘ ਬੇਦੀ, ਕੁੰਵਰ ਮਹਿੰਦਰ ਸਿੰਘ ਬੇਦੀ ਸਿਹਰ, ਬਲਵੰਤ ਸਿੰਘ, ਕ੍ਰਿਸ਼ਨ ਚੰਦਰ ਆਦਿ।

ਸ਼ਾਇਦ ਇਹੋ ਵਜ੍ਹਾ ਹੈ ਕਿ ਹਾਲ ਹੀ ਵਿਚ ਦੇਸ਼ ਦੀ ਸਰਵਉੱਚ ਅਦਾਲਤ ਨੇ ਉਰਦੂ ਭਾਸ਼ਾ ਦੀ ਗੰਗਾ-ਜਮੁਨੀ ਤਹਿਜ਼ੀਬ ਦੀ ਗਵਾਹੀ ਭਰਦਿਆਂ ਕਿਹਾ ਕਿ ਇਹ ਭਾਸ਼ਾ ਸੱਭਿਆਚਾਰ ਹੈ ਅਤੇ ਇਹ ਕਿਸੇ ਤਰ੍ਹਾਂ ਲੋਕਾਂ ਵਿਚ ਵੰਡ ਦਾ ਕਾਰਨ ਨਹੀਂ ਬਣਨੀ ਚਾਹੀਦੀ। ਉਰਦੂ ਭਾਸ਼ਾ ਗੰਗਾ-ਜਮੁਨੀ ਜਾਂ ਭਾਰਤੀ ਸਭਿਆਚਾਰ ਦਾ ਸ਼ਾਨਦਾਰ ਨਮੂਨਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਉਰਦੂ ਇਸ ਦੇਸ਼ ਦੀ ਮਿੱਟੀ ਵਿਚ ਪਲੀ-ਵਧੀ ਭਾਸ਼ਾ ਹੈ। ਆਓ, ਅਸੀਂ ਉਰਦੂ ਤੇ ਬਾਕੀ ਸਾਰੀਆਂ ਭਾਸ਼ਾਵਾਂ ਨਾਲ ਦੋਸਤੀ ਕਰੀਏ! ਇਹ ਬਿਆਨ ਕਿਸੇ ਉਰਦੂ ਪ੍ਰੇਮੀ ਦਾ ਨਹੀਂ, ਸਗੋਂ ਸੁਪਰੀਮ ਕੋਰਟ ਨੇ ਉਰਦੂ ਭਾਸ਼ਾ ਦੇ ਹੱਕ ਵਿਚ ਇਹ ਬਿਆਨ ਆਪਣੇ ਇੱਕ ਫੈਸਲੇ ਦੌਰਾਨ ਦਿੱਤਾ ਹੈ। ਦਰਅਸਲ ਮਾਮਲਾ ਮਹਾਰਾਸ਼ਟਰ ਦੇ ਅਕੋਲਾ ਜ਼ਿਲ੍ਹੇ ਦੀ ਪਾਟੂਰ ਨਗਰ ਕੌਂਸਲ ਦੀ ਇਮਾਰਤ ‘ਤੇ ਲੱਗੇ ਉਰਦੂ ਬੋਰਡ ਖਿਲਾਫ਼ ਪਟੀਸ਼ਨ ਦਾ ਸੀ, ਜਿਸ ਨੂੰ ਸੁਪਰੀਮ ਕੋਰਟ ਨੇ ਉਪਰੋਕਤ ਸ਼ਬਦਾਂ ਨਾਲ ਖਾਰਜ ਕਰ ਦਿੱਤਾ।

ਉਰਦੂ ਦੇ ਬੋਰਡ ਖਿਲਾਫ਼ ਪਟੀਸ਼ਨ ਦਾਇਰ ਕਰਨ ਵਾਲੇ ਸਾਬਕਾ ਕੌਂਸਲਰ ਨੇ ਦਲੀਲ ਦਿੱਤੀ ਸੀ ਕਿ ਉਰਦੂ ਵਿਚ ਬੋਰਡ ਲਾਉਣਾ ਸੂਬੇ ਦੇ ਭਾਸ਼ਾ ਕਾਨੂੰਨ ਦੀ ਉਲੰਘਣਾ ਹੈ। ਪਟੀਸ਼ਨ ਨੂੰ ਖਾਰਜ ਕਰਦਿਆਂ ਜਸਟਿਸ ਸੁਧਾਂ ਧੂਲੀਆ ਤੇ ਜਸਟਿਸ ਕੇ ਵਿਨੋਦ ਚੰਦਰਨ ਦੀ ਬੈਂਚ ਨੇ ਬੰਬੇ ਹਾਈ ਕੋਰਟ ਦੇ ਫੈਸਲੇ ਨੂੰ ਬਹਾਲ ਰੱਖਿਆ। ਬੈਂਚ ਨੇ ਪਟੀਸ਼ਨ ਵਿਚ ਦਿੱਤੀਆਂ ਗਈਆਂ ਦਲੀਲਾਂ ਨੂੰ ਭਾਸ਼ਾਈ ਤੁਅੱਸਬ ਕਰਾਰ ਦਿੱਤਾ। ਬੈਂਚ ਨੇ ਕਿਹਾ- ਕਿਸੇ ਵੀ ਭਾਸ਼ਾ ਖਿਲਾਫ ਸਾਡੀਆਂ ਗਲਤਫਹਿਮੀਆਂ ਨੂੰ ਸੱਚ ਤੇ ਸਾਹਸ ਨਾਲ ਖਤਮ ਕਰਨਾ ਚਾਹੀਦਾ ਹੈ। ਸਾਡੇ ਦੇਸ਼ ਦੀ ਵਿਵਧਤਾ ਸਾਡੀ ਤਾਕਤ ਹੈ, ਕਮਜ਼ੋਰੀ ਨਹੀਂ। ਉਰਦੂ ਨਾਲ ਦੋਸਤੀ ਕਰੋ, ਦੁਸ਼ਮਣੀ ਨਹੀਂ।




ਭਾਸ਼ਾ ਕਿਸੇ ਧਰਮ ਦੀ ਨਹੀਂ ਹੁੰਦੀ, ਉਹ ਇਲਾਕੇ, ਭਾਈਚਾਰੇ ਤੇ ਸੰਸਕ੍ਰਿਤੀ ਨਾਲ ਜੁੜੀ ਹੁੰਦੀ ਹੈ।

ਬੈਂਚ ਨੇ ਉਰਦੂ ਨੂੰ ਗੰਗਾ-ਜਮਨੀ ਤਹਿਜ਼ੀਬ ਦਾ ਬਿਹਤਰੀਨ ਨਮੂਨਾ ਦੱਸਦਿਆਂ ਉਸ ਨੂੰ ਸਾਂਝੀ ਸੰਸਕ੍ਰਿਤੀ ਦੀ ਨਜ਼ੀਰ ਦੱਸਿਆ, ਬੈਂਚ ਨੇ ਕਿਹਾ ਕਿ ਉਰਦੂ ਹਿੰਦੀ ਤੇ ਪੰਜਾਬੀ ਦੀ ਤਰ੍ਹਾਂ ਇੱਕ ਭਾਰਤੀ ਭਾਸ਼ਾ ਹੈ, ਜਿਹੜੀ ਇੱਥੋਂ ਦੀ ਸੰਸਕ੍ਰਿਤੀ ਵਿਚ ਪੈਦਾ ਹੋਈ ਤੇ ਪਲੀ-ਵਧੀ। ਉਰਦੂ ਨੂੰ ਵਿਦੇਸ਼ੀ ਜਾਂ ਸਿਰਫ ਮੁਸਲਮਾਨਾਂ ਦੀ ਭਾਸ਼ਾ ਮੰਨਣਾ ਇੱਕ ਇਤਿਹਾਸਕ ਭੁਲੇਖਾ ਹੈ।

ਬੈਂਚ ਨੇ ਇਸ ਨੂੰ ਅੰਗਰੇਜ਼ਾਂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਨਾਲ ਜੋੜਦਿਆਂ ਕਿਹਾ, ‘ਇਹ ਵੰਡ ਬਸਤੀਵਾਦੀ ਤਾਕਤਾਂ ਵੱਲੋਂ ਧਾਰਮਕ ਆਧਾਰ ‘ਤੇ ਭਾਸ਼ਾਵਾਂ ਨੂੰ ਅੱਡ ਕਰਨ ਦੀ ਸਾਜ਼ਿਸ਼ ਦਾ ਹਿੱਸਾ ਰਹੀ ਹੈ। ਹਿੰਦੀ ਨੂੰ ਹਿੰਦੂਆਂ ਦੀ ਅਤੇ ਉਰਦੂ ਨੂੰ ਮੁਸਲਮਾਨਾਂ ਦੀ ਭਾਸ਼ਾ ਦੇ ਰੂਪ ਵਿਚ ਸਥਾਪਤ ਕਰਨਾ ਸਾਡੀ ਸਾਂਝੀ ਵਿਰਾਸਤ ‘ਤੇ ਹਮਲਾ ਸੀ।

ਬੈਂਚ ਨੇ ਅੰਕੜਿਆਂ ਰਾਹੀਂ ਵੀ ਭਾਰਤ ਦੀ ਭਾਸ਼ਾਈ ਵਿਵਧਤਾ ਦੀ ਮਿਸਾਲ ਪੇਸ਼ ਕੀਤੀ। ਉਸ ਨੇ ਦੱਸਿਆ ਕਿ ਉਰਦੂ ਭਾਰਤ ਦੀ ਛੇਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ। ਇਹ ਦੇਸ਼ ਦੇ ਸਾਰੇ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਬੋਲੀ ਜਾਂਦੀ ਹੈ।

ਬੈਂਚ ਨੇ ਆਜ਼ਾਦੀ ਸੰਗਰਾਮ ਦੌਰਾਨ ਉਭਰੀ ‘ਹਿੰਦੁਸਤਾਨੀ’ ਭਾਸ਼ਾ ਦਾ ਜ਼ਿਕਰ ਕਰਦਿਆਂ ਕਿਹਾ, ‘ਹਿੰਦੁਸਤਾਨੀ, ਜਿਹੜੀ ਹਿੰਦੀ-ਉਰਦੂ-ਪੰਜਾਬੀ ਵਰਗੀਆਂ ਭਾਸ਼ਾਵਾਂ ਦਾ ਮੇਲ ਹੈ, ਉਸ ਸਮੇਂ ਸੰਪੂਰਨ ਭਾਰਤ ਵਿਚ ਸੰਵਾਦ ਦੀ ਪ੍ਰਮੁੱਖ ਭਾਸ਼ਾ ਬਣ ਰਹੀ ਸੀ। ਪਹਿਲੇ ਪ੍ਰਧਾਨ ਮੰਤਰੀ ਪੰਡਤ ਨਹਿਰੂ ਹਿੰਦੁਸਤਾਨੀ ਨੂੰ ਕੁਲ ਹਿੰਦ ਸੰਪਰਕ ਭਾਸ਼ਾ ਵਜੋਂ ਅਪਨਾਉਣ ਦੇ ਹਾਮੀ ਸਨ। ਇਸ ਦੇ ਨਾਲ ਹੀ ਉਹ ਹੋਰਨਾਂ ਪ੍ਰਦੇਸ਼ਾਂ ਦੀਆਂ ਭਾਸ਼ਾਵਾਂ ਨੂੰ ਵੀ ਬਰਾਬਰ ਦਰਜਾ ਦੇਣ ਦੇ ਹੱਕ ਵਿਚ ਸਨ।’

ਉਰਦੂ ਨੂੰ ਹਿੰਦੀ ਦੇ ਖਿਲਾਫ ਤੋਲਣ ‘ਤੇ ਬੈਂਚ ਨੇ ਕਿਹਾ ਕਿ ਭਾਰਤੀ ਸੰਵਿਧਾਨ ਦੇ ਆਰਟੀਕਲ 343 ਤਹਿਤ ਭਲੇ ਹੀ ਹਿੰਦੀ ਨੂੰ ਰਾਜ ਭਾਸ਼ਾ ਐਲਾਨਿਆ ਗਿਆ ਹੋਵੇ, ਪਰ ਇਸ ਦਾ ਮਤਲਬ ਇਹ ਨਹੀਂ ਕਿ ਉਰਦੂ ਜਾਂ ਹਿੰਦੁਸਤਾਨੀ ਦੀ ਹੋਂਦ ਹੀ ਖਤਮ ਹੋ ਗਈ। ਸੰਵਿਧਾਨ ਦੇ ਨਿਰਮਾਤਾਵਾਂ ਦੀ ਮਨਸ਼ਾ ਕਦੇ ਇਹ ਨਹੀਂ ਸੀ ਕਿ ਉਰਦੂ ਵਰਗੀਆਂ ਭਾਸ਼ਾਵਾਂ ਨੂੰ ਹਾਸ਼ੀਏ ‘ਤੇ ਧੱਕਿਆ ਜਾਵੇ। ਬੈਂਚ ਨੇ ਕਿਹਾ-ਅੱਜ ਵੀ ਅਦਾਲਤਾਂ ‘ਚ ਕਈ ਸ਼ਬਦ ਉਰਦੂ ਦੇ ਚੱਲਦੇ ਹਨ, ਜਿਵੇ, ਅਦਾਲਤ, ਹਲਫਨਾਮਾ, ਪੇਸ਼ੀ, ਵਕਾਲਤਨਾਮਾ, ਦਸਤੀ ਆਦਿ। ਸੁਪਰੀਮ ਕੋਰਟ ਤੇ ਹਾਈ ਕੋਰਟ ਵਿਚ ਭਲੇ ਹੀ ਅੰਗਰੇਜ਼ੀ ਨੂੰ ਅਧਿਕਾਰਤ ਭਾਸ਼ਾ ਮੰਨਿਆ ਗਿਆ ਹੈ, ਪਰ ਉਰਦੂ ਦੇ ਸ਼ਬਦ ਅੱਜ ਵੀ ਅਦਾਲਤੀ ਵਿਹਾਰ ਵਿਚ ਜਿਊਂਦੇ ਹਨ।

ਜੇ ਹਿੰਦੀ, ਉਰਦੂ ਜਾਂ ਫਿਰ ਉਰਦੂ ਦੇ ਨਾਲ ਹੋਰ ਭਾਸ਼ਾ ਦਾ ਵਿਵਾਦ ਵੀ ਦੇਖਿਆ ਜਾਵੇ ਤਾਂ ਕੋਰਟ ਦੇ ਫੈਸਲੇ ਦੀ ਆਖਰੀ ਪੰਕਤੀ ਅਹਿਮ ਹੈ। ਕੋਰਟ ਨੇ ਉਰਦੂ ਦੀ ਅਲੋਚਨਾ ‘ਤੇ ਸਾਫ-ਸਾਫ ਕਿਹਾ ਕਿ ਜਦ ਅਸੀਂ ਉਰਦੂ ਦੀ ਅਲੋਚਨਾ ਕਰਦੇ ਹਾਂ ਤਾਂ ਅਸੀਂ ਹਿੰਦੀ ਦੀ ਵੀ ਅਲੋਚਨਾ ਕਰਦੇ ਹਾਂ, ਕਿਉਂਕਿ ਭਾਸ਼ਾ ਮਾਹਰਾਂ ਤੇ ਵਿਦਵਾਨਾਂ ਮੁਤਾਬਕ ਹਿੰਦੀ ਤੇ ਉਰਦੂ ਦੋ ਵੱਖ-ਵੱਖ ਭਾਸ਼ਾਵਾਂ ਨਹੀਂ, ਸਗੋਂ ਇੱਕ ਹੀ ਭਾਸ਼ਾ ਹਨ। ਵੰਡ ਸਿਰਫ ਧਾਰਮਕ ਸਿਆਸਤ ਤੇ ਭਾਸ਼ਾਈ ਦੁਸ਼ਮਣੀ ਕਾਰਨ ਹੋਈ ਹੈ।

ਪਾਟੂਰ ਨਗਰ ਕੌਂਸਲ ਨੂੰ ਲੈ ਕੇ ਬੈਂਚ ਨੇ ਕਿਹਾ ਕਿ ਪਾਟੂਰ ਨਗਰ ਕੌਂਸਲ ਦਾ ਉਦੇਸ਼ ਸਥਾਨਕ ਲੋਕਾਂ ਦੀ ਸੇਵਾ ਤੇ ਸੰਵਾਦ ਹੈ। ਜੇ ਕਿਸੇ ਇਲਾਕੇ ਵਿਚ ਉਰਦੂ ਭਾਸ਼ੀ ਲੋਕ ਰਹਿੰਦੇ ਹਨ ਤਾਂ ਉਨ੍ਹਾਂ ਲਈ ਉਰਦੂ ਵਿਚ ਜਾਣਕਾਰੀ ਦੇਣਾ ਪੂਰੀ ਤਰ੍ਹਾਂ ਜਾਇਜ਼ ਤੇ ਜ਼ਰੂਰੀ ਹੈ।

ਅੰਤ ਵਿਚ ਮੈਂ ਅਜੋਕੇ ਸਮੇਂ ਦੇ ਉਰਦੂ ਦੇ ਇੱਕ ਪ੍ਰਸਿੱਧ ਸ਼ਾਇਰ ਇਕਬਾਲ ਅਸ਼ਹਰ ਦੀ ਨਜ਼ਮ ਦੀਆਂ ਇਨ੍ਹਾਂ ਪੰਕਤੀਆਂ ਨਾਲ ਆਪਣੀ ਗੱਲ ਨੂੰ ਇੱਥੇ ਹੀ ਵਿਰਾਮ ਦੇਣਾ ਚਾਹਾਂਗਾ ਕਿ :

ਉਰਦੂ ਹੈ ਮੇਰਾ ਨਾਮ ਮੈਂ ਖ਼ੁਸਰੋ ਕੀ ਪਹੇਲੀ,
ਮੈਂ ਮੀਰ ਕੀ ਹਮਰਾਜ਼ ਗ਼ਾਲਿਬ ਕੀ ਸਹੇਲੀ।
ਕਿਉਂ ਮੁਝਕੋ ਬਣਾਤੇ ਹੋ ਤਾਅਸੁਬ ਕਾ ਨਿਸ਼ਾਨਾ,
ਮੈਨੇ ਤੋ ਕਭੀ ਖ਼ੁਦ ਕੋ ਮੁਸਲਮਾਂ ਨਹੀਂ ਮਾਨਾ,
ਦੇਖਾ ਥਾ ਕਭੀ ਮੈਨੇ ਭੀ ਖ਼ੁਸ਼ੀਓਂ ਕਾ ਜ਼ਮਾਨਾ,
ਆਪਣੇ ਹੀ ਵਤਨ ਮੈਂ ਹੂੰ ਮਗਰ ਆਜ ਅਕੇਲੀ!
ਉਰਦੂ ਹੈ ਮੇਰਾ ਨਾਮ ਮੈਂ ਖ਼ੁਸਰੋ ਕੀ ਪਹੇਲੀ...!

# ਯਾਦਾਂ ਅੰਦਰ ਸਮਾਉਣ ਵਾਲੀਆਂ ਕਹਾਣੀਆਂ - ‘ਇਹ ਤਾਂ ਮੈਂ ਹੀ ਹਾਂ’

**ਲੇਖਕ: ਨਿਰੰਜਣ ਬੋਹਾ**
**ਪੰਨੇ- ਮੁੱਲ -250 ਰੁਪਏ**
**ਪ੍ਰਕਾਸ਼ਕ- ਊੜਾ ਪਬਲੀਕੇਸ਼ਨ**

ਨਿਰੰਜਣ ਬੋਹਾ ਪੰਜਾਬੀ ਕਹਾਣੀ ਤੇ ਆਲੋਚਨਾ ਵਿਚ ਸਿਰੜ ਤੇ ਮਿਹਨਤ ਦਾ ਸਮਾਨਾਰਥਕ ਹੈ। ਉਹ ਨਾ ਕਦੇ ਥੱਕਣ ਤੇ ਨਾ ਹੀ ਅੱਕਣ ਵਾਲੀ ਸ਼ਖ਼ਸੀਅਤ ਹੈ। ਉਸ ਜਿੱਥੇ ਪੰਜਾਬੀ ਸਾਹਿਤਕ ਖੇਤਰ ਵਿਚ ਕਹਾਣੀਆਂ, ਵਾਰਤਕ ਤੇ ਆਲੋਚਨਾ ਦੀਆਂ ਬਹੁਤ ਸਾਰੀਆਂ ਮੌਲਿਕ ਪੁਸਤਕਾਂ ਦਾ ਗੁਣਾਤਮਕ ਯੋਗਦਾਨ ਪਾਇਆ ਹੈ ਉੱਥੇ ਸੰਪਾਦਨ ਦੇ ਖੇਤਰ ਵਿਚ ਵੀ ਬਹੁਤ ਪਾਇਦਾਰ ਕੰਮ ਕੀਤਾ ਹੈ। ‘ਪੂਰਾ ਮਰਦ’ ਤੇ

**ਜਸਵਿੰਦਰ ਧਰਮਕੋਟ**
**ਫੋਨ: 81462-57200**

‘ਤੀਸਰੀ ਖਿੜਕੀ’ ਤੋਂ ਬਾਅਦ ‘ਇਹ ਤਾਂ ਮੈਂ ਹੀ ਹਾਂ’ ਉਸ ਦਾ ਤੀਜਾ ਕਹਾਣੀ ਸੰਗ੍ਰਹਿ ਹੈ। ਇਸ ਕਹਾਣੀ ਸੰਗ੍ਰਹਿ ਦੀਆਂ ਨੌਂ ਦੀਆਂ ਨੌਂ ਕਹਾਣੀਆਂ ਬੜੇ ਸਹਿਜ ਤੇ ਰੌਚਕ ਭਾਵਾਂ ਨਾਲ ਤੁਰਦੀਆਂ ਸਾਡੇ ਅੰਦਰ ਸਮਾ ਜਾਂਦੀਆਂ ਹਨ। ਸਾਰੀਆਂ ਕਹਾਣੀਆਂ ਦੌਰਾਨ ਲੇਖਕ ਏਨਾ ਸਹਿਜ ਰੂਪ ਵਿਚਰਦਾ ਹੈ ਕਿ ਕੋਈ ਵੀ ਕਹਾਣੀ ਉਚੇਚਾ ਦਿਮਾਗ ‘ਤੇ ਜੋਰ ਪਾ ਕੇ ਲਿਖੀ ਮਹਿਸੂਸ ਨਹੀਂ ਹੁੰਦੀ। ਇਨ੍ਹਾਂ ਕਹਾਣੀਆਂ ਦਾ ਧਰਾਤਲ ਆਸ ਪਾਸ ਦਾ ਪੇਂਡੂ ਤੇ ਅਰਧ ਸ਼ਹਿਰੀ ਨਿਮਨ ਅਤੇ ਮੱਧ ਵਰਗ ਹੈ। ਇਹ ਕਹਾਣੀਆਂ ਉਨ੍ਹਾਂ ਕਹਾਣੀਆਂ ਦੀ ਵੰਨਗੀ ‘ਚੋਂ ਨਹੀਂ ਜੋ ਇੱਕ ਦਮ ਵਿਸਫੋਟ ਕਰ ਕੇ ਪਾਠਕਾਂ ਨੂੰ ਅਚੰਭਿਤ ਕਰਨ ਦੀ ਇੱਛਾ ਰੱਖਦੀਆਂ ਹੋਣ, ਸਗੋਂ ਇਹ ਉਸ ਵੰਨਗੀ ‘ਚੋਂ ਹਨ ਜੋ ਮੱਦ-ਮੱਦ ਤੁਰਦਿਆਂ, ਪਾਠਕਾਂ ਨੂੰ ਭਰਮਾਉਣਗੀਆਂ ਤੇ ਲੰਮਾ ਸਮਾਂ ਉਨ੍ਹਾਂ ਦੀ ਯਾਦ ਅੰਦਰ ਸਮਾਈਆਂ ਰਹਿਣ ਦੀ ਸਮਰੱਥਾ ਰੱਖਦੀਆਂ ਹਨ। ਇਨ੍ਹਾਂ ਵਿਚੋਂ ਬਹੁਤੀਆਂ ਕਹਾਣੀਆਂ ਔਰਤ ਮਾਨਸਿਕਤਾ ਨਾਲ ਸੰਬੰਧਿਤ ਹਨ ਪਰ ਇਨ੍ਹਾਂ ਮਾਨਸਿਕ ਪਰਤਾਂ ਨੂੰ ਫੜ੍ਹਨਾ, ਉਨ੍ਹਾਂ ਦੀ ਤਹਿ ਤੱਕ ਜਾਣਾ ਅਤੇ ਉਨ੍ਹਾਂ ਵਿਚੋਂ ਸੁਨੇਹਾ ਸਿਰਜਣਾ ਲੰਬੇ ਅਨੁਭਵ ਤੇ ਸੂਝਵਾਨ ਦ੍ਰਿਸ਼ਟੀਕੋਣ ਮਗਰੋਂ ਹੀ ਆਉਂਦਾ ਹੈ ਜੋ ਬੋਹਾ ਸਾਹਿਬ ਦਾ ਹਾਸਲ ਹੈ।


‘ਇਹ ਤਾਂ ਮੈਂ ਹੀ ਹਾਂ’ ਕਹਾਣੀ ਸੰਗ੍ਰਹਿ ਦੀਆਂ ਵੱਖ ਵੱਖ ਕਹਾਣੀਆਂ ਬਾਰੇ ਆਪਣੇ ਵਿਚਾਰ ਪੇਸ਼ ਕਰਨ ਵੇਲੇ ਮੈਂ ਪੰਜਾਬੀ ਕਹਾਣੀ ਦਾ ਪਾਰਖੂ ਹੋਣ ਦਾ ਦਾਅਵਾ ਨਹੀਂ ਕਰਦਾ ਸਗੋਂ ਇਕ ਪਾਠਕ ਵਜੋਂ ਇਨ੍ਹਾਂ ਕਹਾਣੀਆਂ ਨਾਲ ਬਣੀ ਆਪਣੀ ਸਾਂਝ ਦਾ ਉਚੇਚ ਰਹਿਤ ਸਹਿਜ ਪ੍ਰਗਟਾਵਾ ਕੀਤਾ ਹੈ।

‘ਨਰ ਬੰਦਾ’ ਇਸ ਕਹਾਣੀ ਸੰਗ੍ਰਹਿ ਦੀ ਖ਼ੂਬਸੂਰਤ ਕਹਾਣੀ ਹੈ। ਮਰਦ-ਔਰਤ ਦੀ ਸਮਾਜ ਵਿਚ ਨਿਭਾਈਆਂ ਜਾਂਦੀਆਂ ਭੂਮਿਕਾਵਾਂ ਵਿਚ ਉਸ ਤੋਂ ਕੀ ਤਵੱਕੋਂ ਕੀਤੀ ਜਾਂਦੀ ਹੈ। ਕੀ ਮਰਦ ਦੀ ਜ਼ਿੰਮੇਵਾਰੀ ਰੋਜ਼ੀ-ਰੋਟੀ ਕਮਾਉਣ ਅਤੇ ਪਰਿਵਾਰ ਨੂੰ ਚਲਾਉਣ ਤਾਂਈ ਸੀਮਤ ਹੈ? ਕੀ ਇੱਕ ਮਰਦ ਦਾ ਘਰ ਦੀਆਂ ਜ਼ਿੰਮੇਵਾਰੀਆਂ ਤੋਂ ਮੁਨਕਰ ਹੋ ਡੇਰ੍ਹਿਆਂ ‘ਤੇ ਰੱਬ ਬਣ ਕੇ ਵਿਚਰਨਾ ਉਸ ਨੂੰ ਮਰਦ ਬਣਾਉਂਦਾ ਹੈ? ਸਮਾਜਿਕ ਸੰਦਰਭ ਵਿਚ ਇੱਕ ਪਤਨੀ ਆਪਣੇ ਪਤੀ ਨੂੰ ਕਿਹੋ ਜਿਹਾ ਵੇਖਣਾ ਚਾਹੁੰਦੀ ਹੈ? ਇਨ੍ਹਾਂ ਸਾਰੇ ਸਵਾਲਾਂ ਨੂੰ ਇਹ ਕਹਾਣੀ ਦੋ ਸੰਵਾਦਾਂ ਰਾਹੀਂ ਹੀ ਬਾਖ਼ੂਬੀ ਬਿਆਨ ਕਰ ਜਾਂਦੀ ਹੈ,

-‘ਉਸਦਾ ਤਾਂ ਦੋ ਵੇਲੇ ਸੰਤਾਂ ਦੇ ਡੇਰੇ ਜਾਣ ਨਾਲ ਹੀ ਜੂਨ ਗੁਜ਼ਾਰਾ ਹੋ ਜੂ...ਮੈਨੂੰ ਉਹਦਾ ਕੀ ਆਸਰੈ।’

-‘ਗੁਰਮੇਲ ਮੈਂ ਤੇਰੀ ਉਡੀਕ ਕਰਾਂਗੀ...। ਹੁਣ ਤੂੰ ਸੰਤਾਂ ਦਾ ਚੇਲਾ ਨਹੀਂ...ਨਰ ਬੰਦਾ ਐਂ...।’

ਇਹ ਕਹਾਣੀ ਕਲਾ ਅਤੇ ਕਹਾਣੀਕਾਰ ਦੇ ਤਜ਼ੁਰਬੇ ਦੀ ਪੇਸ਼ਕਾਰੀ ਹੈ।




*ਪੁਸਤਕ ‘ਇਹ ਤਾਂ ਮੈਂ ਹੀ ਹਾਂ’ ਦਾ ਸਰਵਰਕ।*

ਨਵੀਂ ਕੰਧ-ਨਵੀਂ ਕੰਧ ਮੌਜੂਦਾ ਰਿਸ਼ਤਿਆਂ ਵਿਚ ਮਰਦ-ਔਰਤ ਦੇ ਬਦਲ ਰਹੇ ਸੰਬੰਧਾਂ ਨੂੰ ਵੱਖਰੇ ਨਜ਼ਰੀਏ ਨਾਲ ਵੇਖਣ ਦੀ ਹਾਮੀ ਭਰਦੀ ਹੈ। ਇਹ ਮਨੋਵਿਗਿਆਨ ਦੀ ਉਸ ਧਾਰਨਾ ਨੂੰ ਪ੍ਰਗਟਾਉਂਦੀ ਹੈ ਕਿ ਉਮਰ ਭਾਵੇਂ ਕੋਈ ਵੀ ਹੋਵੇ ਇੱਕ ਆਮ ਮਨੁੱਖ ਹਮੇਸ਼ਾ ਸਾਥ ਲੋਚਦਾ ਹੈ। ਪੱਛਮੀ ਸਮਾਜ ਵਿਚ ਕਿਸੇ ਵੀ ਉਮਰ ਵਿਚ ਮਰਦ-ਔਰਤ ਦੇ ਰਿਸ਼ਤਿਆਂ ਨੂੰ ਪ੍ਰਵਾਨ ਕਰਨ ਦੀ ਰਵਾਇਤ ਹੈ ਜੋ ਸਾਡੇ ਸਮਾਜ ਵਿਚ ਨਹੀਂ ਹੈ। ਢਲਦੀ ਉਮਰ ਵਿਚ ਜਦੋਂ ਸੰਤਾਨ ਵੀ ਉਸ ਦੇ ਨਾਲ ਨਹੀਂ ਖੜ੍ਹਦੀ ਤਾਂ ਉਸ ‘ਤੇ ਇਹ ਇਕਲਾਪਾ ਹੋਰ ਵੀ ਭਾਰੀ ਹੋਣ ਲਗਦਾ ਹੈ ਪਰ ਜਦੋਂ ਉਹ ਪੁਨਰ ਵਿਆਹ ਦੀ ਰਸਮ ਨੂੰ ਅਪਣਾਉਂਦਾ ਹੈ ਤਾਂ ਸੰਤਾਨ ਤੇ ਸਮਾਜ ਦੋਵੇਂ ਉਸ ਵਿਚ ਕੰਧ ਬਣ ਕੇ ਖੜ੍ਹ ਜਾਂਦੇ ਹਨ।

‘ਹੁਣ ਤਿਆਰ ਹਾਂ ਮੈਂ’- ਖ਼ੂਨ ਦੇ ਰਿਸ਼ਤਿਆਂ ਅਤੇ ਸਿਰਜੇ ਰਿਸ਼ਤਿਆਂ ਵਿਚਲੇ ਅੰਤਰ ਨੂੰ ਦਰਸ਼ਾਉਂਦੀ ਇਹ ਕਹਾਣੀ ਵੀ ਬੰਦੇ ਦੇ ਅੰਦਰ ਲੁਕੇ ਭੇਦ ਦੀ ਮਨੋਵਿਗਿਆਨਕ ਕਹਾਣੀ ਹੈ। ਗੋਦ ਲਏ ਗਏ ਬੱਚੇ ਜ਼ਰੂਰੀ ਨਹੀਂ ਕਿ ਸਗੇ ਪੁੱਤ ਜਾਂ ਭਰਾ ਬਣ ਕੇ ਵਿਚਰਨ। ਹਵਸ ਤੇ ਲਾਲਚ ਕਦੇ ਵੀ ਇਨ੍ਹਾਂ ਰਿਸ਼ਤਿਆਂ ਨੂੰ ਕਾਮ ਵਾਸਨਾ ਵੱਲ ਲਿਜਾ ਕੇ ਮਰਿਆਦਾ ਨੂੰ ਉਲੰਘਣ ਲਈ ਉਕਸਾਉਂਦੀ ਰਹਿੰਦੀ ਹੈ ਤੇ ਇਸ ਪੀੜ ਦਾ ਸਭ ਤੋਂ ਵੱਧ ਸ਼ਿਕਾਰ ਘਰ ਦੀਆਂ ਜਵਾਨ ਧੀਆਂ-ਭੈਣਾਂ ਹੀ ਹੁੰਦੀਆਂ ਹਨ ਜੋ ਇਸ ਪੀੜ ਨੂੰ ਅੰਦਰੋ-ਅੰਦਰੀ ਬਰਦਾਸ਼ਤ ਕਰ ਜਾਂਦੀਆਂ ਹਨ ਪਰ ਇਸ ਕਹਾਣੀ ਦੀ ਨਾਇਕਾ ਸੀਰਤ ਅੰਤ ਵਿਚ ਇਸ ਭੇਦ ਨੂੰ ਖੋਲ੍ਹ ਕੇ ਇਸ ਸੱਚ ਨੂੰ ਪਰਿਵਾਰ ਤਾਈਂ ਪਹੁੰਚਾਉਣ ਦਾ ਹੀਆ ਕਰਦੀ ਹੈ।

‘ਪੌਣ-ਪੌਣ’ ਪੇਂਡੂ ਵਰਤਾਰੇ ਅੰਦਰ ਨਿਮਨ ਆਰਥਿਕ ਸ਼੍ਰੇਣੀ ਦੀ ਆਰਥਿਕਤਾ ਵਿਚ ਆਪਣੀ ਅਤੇ ਆਪਣੇ ਪਰਿਵਾਰ ਦੀ ਹੋਂਦ ਲਈ ਜੂਝਦੀ ਔਰਤ ਦੀ ਬਹੁਤ ਖ਼ੂਬਸੂਰਤ ਕਹਾਣੀ ਹੈ। ਇਹ ਕਹਾਣੀ ਪਤੀ ਦੇ ਨਸ਼ੇੜੀ ਹੋਣ ‘ਤੇ ਆਪਣੀ ਸੰਤਾਨ ਨੂੰ ਆਰਥਿਕਤਾ ਬਦਲੇ ਕਿਸੇ ਦੀ ਝੋਲੀ ਪਾ ਦੇਣ ਦੇ ਭਾਵੁਕ ਯਥਾਰਥ ਨੂੰ ਬਹੁਤ ਮਾਰਮਿਕਤਾ ਨਾਲ ਪੇਸ਼ ਕਰਦੀ ਹੈ। ਕਹਾਣੀ ਦੇ ਅੰਤ ਵਿਚ ਮੈਂ ਪਾਤਰ ਦਾ ਬਗਾਵਤੀ ਹੋਣਾ ਔਰਤ ਦੀ ਬਰਦਾਸ਼ਤ ਦੇ ਸਿਖਰ ਨੂੰ ਤੋੜਨਾ ਕਹਾਣੀਕਾਰ ਦੀ ਕਲਾ ਦਾ ਕਮਾਲ ਹੈ।

‘ਮਦਡ ਡੇ ਗਿਫ਼ਟ’ ਆਦਰਸ਼ ਮਾਨਵੀ ਮੁੱਲਾਂ ਦੀ ਕਹਾਣੀ ਹੈ ਜੋ ਸੰਤਾਨ ਰਹਿਤ ਮਾਪੇ ਬੱਚਿਆਂ ਨੂੰ ਇੰਝ ਵੀ ਅਪਣਾਇਆ ਜਾ ਸਕਦਾ ਹੈ ਦਾ ਸੁਨੇਹਾ ਦਿੰਦੀ ਹੈ।

‘ਇਹ ਤਾਂ ਮੈਂ ਹੀ ਹਾਂ’-ਕਿਹਾ ਜਾਂਦਾ ਹੈ ਕਿ ਸਾਡੇ ਸਮਾਜ ਵਿਚ ਔਰਤ ਹੀ ਔਰਤ ਦੀ ਦੁਸ਼ਮਨ ਹੈ ਪਰ ਇਹ ਕਹਾਣੀ ਇਸ ਦੇ ਅਰਥਾਂ ਨੂੰ ਬਦਲਵੇਂ ਰੂਪ ਵਿਚ ਢਾਲਦਿਆਂ ਔਰਤ ਵਿਚ ਆਪਣੇ ਅਤੀਤ ਦੇ ਪਰਛਾਵੇਂ ਰਾਹੀਂ ਦੂਜੀ ਔਰਤ ਨੂੰ ਵੇਖਣ, ਸਮਝਣ ਅਤੇ ਉਸ ਦੇ ਹੱਕ ਵਿਚ ਖੜ੍ਹਨ ਦਾ ਸੁਨੇਹਾ ਦਿੰਦਿਆਂ ਵੱਖਰੀ ਕਹਾਣੀ ਹੋ ਨਿੱਬੜਦੀ ਹੈ।

‘ਕੋਈ ਤਾਂ ਨਹੀਂ’- ਸੰਤਾਨ ਪੈਦਾ ਨਾ ਕਰ ਸਕਣ ‘ਤੇ ਔਰਤ ਦੇ ਸੰਤਾਪ ਤੇ ਸੰਕਟ ਨੂੰ ਪ੍ਰਗਟਾਉਂਦੀ ਇਹ ਕਹਾਣੀ ਸਾਡੀਆਂ ਸਮਾਜਿਕ ਰਿਵਾਇਤੀ ਕੁਰੀਤੀਆਂ ਦੀ ਨਿਸ਼ਾਨ ਦੇਹੀ ਕਰਦੀ ਹੈ।

‘ਗਰਮ ਗੁਲਾਬੀ ਕੋਟ’- ਜਵਾਨ ਉਮਰ ਵਿਚ ਪਤੀ ਦੇ ਤੁਰ ਜਾਣ ਉਪਰੰਤ ਦਿਉਰ-ਭਾਬੀ ਦੇ ਰਿਸ਼ਤੇ ਨੂੰ ਸ਼ੌਹਰ-ਤੀਵੀਂ ਦੇ ਰਿਸ਼ਤੇ ਵਿਚ ਬਦਲਣ ਦੀ ਪਰੰਪਰਾ ਤੇ ਉਨ੍ਹਾਂ ਦੇ ਅੰਦਰਲੇ ਵਿਪਰੀਤ ਭਾਵਾਂ ਦੀ ਪ੍ਰਵਾਹ ਨਾ ਕਰਨ ਦੀ ਮਾਨਸਿਕਤਾ ਨੂੰ ਛੋਂਹਦੀ ਕਹਾਣੀ ਦੋਸਤੀ ਜ਼ਰੀਏ ਖ਼ੂਬਸੂਰਤ ਅੰਤ ਨਾਲ ਮਨ ਤੱਕ ਡੂੰਘਾ ਉਤਰ ਜਾਂਦੀ ਹੈ।

ਪੰਜਾਬੀ ਸਾਹਿਤ ਵਿਚ ਇਸ ਕਹਾਣੀ ਸੰਗ੍ਰਹਿ ਦਾ ਸਵਾਗਤ ਕਰਦਿਆਂ ਨਿਰੰਜਣ ਬੋਹਾ ਨੂੰ ਬਹੁਤ-ਬਹੁਤ ਮੁਬਾਰਕਾਂ।

# ਪੰਜਾਬ ਦੇ ਪੁਰਾਣੇ ਅੱਖਰਾਂ ਨੂੰ ਸੰਨ੍ਹ

ਪੰਜਾਬ ਦੇ ਹੜੱਪਾ ਅਤੇ ਮੋਹਿੰਜੋਦੜੋ ਦੀ ਲਿਪੀ ਦੇ ਅੱਖਰ ਅਜੇ ਤੱਕ ਪੜ੍ਹੇ ਨਹੀਂ ਗਏ ਹਨ। ਇਸ ਲਈ ਇਸ ਬਾਰੇ ਕੁੱਝ ਵੀ ਕਹਿਣਾ ਔਖਾ ਹੈ। ਦੁਨੀਆਂ ਭਰ ਦੇ ਵਿਦਵਾਨ ਇਸ ਲਿਪੀ 'ਤੇ ਬਹੁਤ ਮਿਹਨਤ ਕਰ ਰਹੇ ਹਨ। ਇਸ ਪਿੱਛੋਂ ਪੰਜਾਬ ਵਿਚ ਜਿਹੜੀ ਲਿਪੀ ਰਾਹੀਂ ਪੜ੍ਹਾਈ ਕਰਵਾਈ ਜਾਂਦੀ ਸੀ, ਉਹ ਟਾਕਰੀ ਲਿਪੀ ਵਜੋਂ ਉਘੀ ਹੋ ਚੁੱਕੀ ਸੀ। ਬਾਹਰੋਂ ਆਏ ਧਾੜਵੀਆਂ ਨੇ ਵੀ ਇਸ ਨੂੰ ਰਾਜ ਲਿਪੀ ਦਾ ਦਰਜਾ ਦਿੱਤਾ ਅਤੇ ਦੇਸ ਪੰਜਾਬ ਦਾ ਨਾਮ ਉਘਾ ਕੀਤਾ। ਪੰਜਾਬ ਦਾ ਨਾਮ ਟੱਕ ਦੇਸ਼ ਵੀ ਰਿਹਾ ਹੈ। ਇੱਥੋਂ ਦੇ ਲੋਕਾਂ ਦੁਆਰਾ ਵਰਤੀ ਗਈ ਲਿਪੀ ਨੂੰ ਟਾਕਰੀ ਲਿਪੀ ਕਿਹਾ ਗਿਆ। ਇੱਥੇ ਅਲੱਗ-ਅਲੱਗ ਸਮੇਂ ਦੇ ਸ਼ਾਸ਼ਕਾਂ ਨੇ ਸਿੱਕੇ ਜਾਰੀ ਕੀਤੇ ਜਿਸ 'ਤੇ ਇੱਕ ਪਾਸੇ ਸਿੱਕੇ 'ਤੇ ਟਾਕਰੀ ਲਿਪੀ ਅਤੇ ਦੂਜੇ ਪਾਸੇ ਗ੍ਰੀਕ ਲਿਪੀ ਸੀ।

ਪੰਜਾਬ ਵਿਚ ਟਾਕਰੀ ਲਿਪੀ ਦੀ ਨਕਲ ਕਰਕੇ ਕਈ ਲਿਪੀਆਂ



ਨਾਜ਼ਰ ਸਿੰਘ
ਫੋਨ: 94641-58136

ਮਸ਼ਹੂਰ ਹੋ ਗਈਆਂ ਜਿਵੇਂ ਸ਼ਾਹ ਦਾ ਅਰਧ ਨਾਗਰੀ ਜਾਂ ਭੱਟ ਅੱਛਰੀ ਜਾਂ ਅਸ਼ੋਕਨ ਲਿਪੀ, ਖਰੋਟੀ ਲਿਪੀ, ਨਾਗਰੀ ਲਿਪੀ, ਸੁਰਾਸ਼ਟਰਾਂ ਦੀ ਸਾਹਸ ਲਿਪੀ, ਸ਼ੋਰ ਕੋਟ ਦੀ ਸਿੱਧ ਮਾਤਰਿਕਾ ਅਤੇ ਤਿੱਬਤੀ ਲਿਪੀ।

ਪੰਜਾਬ ਵਿਚ ਟੈਕਸਲਾ ਯੂਨੀਵਰਸਿਟੀ ਖੁੱਲ੍ਹਣ ਕਰਕੇ ਇੱਥੋਂ ਦੇ ਲੋਕ ਜਾਗਰਿਤ ਹੋਏ ਅਤੇ ਲੋਕ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲੱਗੇ। ਇਸ ਕਾਰਨ ਪੰਜਾਬ ਦੀ ਬੱਲੇ ਬੱਲੇ ਹੋ ਗਈ ਅਤੇ ਪੰਜਾਬ ਅਗਾਂਹ ਵਧ ਗਿਆ।

ਪ੍ਰੋ. ਬੂਲਰ ਨੇ ਇੱਕ ਕਿਤਾਬ ਬ੍ਰਾਹਮੀ ਲਿਪੀ ਬਾਰੇ ਲਿਖੀ ਹੈ ਕਿ ਬ੍ਰਾਹਮੀ ਲਿਪੀ ਫੂਨੀਸ਼ੀਅਨ ਲਿਪੀ ਤੋਂ ਬਣੀ ਹੈ ਅਤੇ ਇਹ ਸਬ-ਇੰਡੀਅਨ ਕੰਟੀਨੈਂਟ ਦੀਆਂ ਸਾਰੀਆਂ ਲਿਪੀਆਂ ਦੀ ਮਾਂ ਹੈ ਜਿਵੇਂ ਸੰਸਕ੍ਰਿਤ, ਪ੍ਰਾਕ੍ਰਿਤ, ਪਾਲੀ, ਅਪਭ੍ਰੰਸ਼ ਵਿਕਸਿਤ ਹੋਈਆਂ ਹਨ। ਪਰ ਜਦੋਂ ਅਸੀਂ ਆਰਕਿਆਲੋਜੀ ਦੀਆਂ ਲੱਭਤਾਂ ਵੱਲ ਝਾਤੀ ਮਾਰਦੇ ਹਾਂ ਤਾਂ ਇਹ ਤਸਦੀਕ ਨਹੀਂ ਹੁੰਦੀ।

ਪ੍ਰੋ. ਕੋਵੈਲ ਦੇ ਅਨੁਸਾਰ ਮਹਾਨ ਸਿਕੰਦਰ ਵੇਲੇ ਇਸ ਨਾਲ ਆਏ ਲਿਖਾਰੀਆਂ ਨੇ ਦੱਸਿਆ ਹੈ ਕਿ ਜਦੋਂ ਸਿਕੰਦਰ ਦਾ ਇੱਥੋਂ ਦੇ ਲੋਕਾਂ ਨਾਲ ਸੰਪਰਕ ਹੋਇਆ ਤਾਂ ਇੱਥੋਂ ਦੇ ਲੋਕ ਪ੍ਰਕ੍ਰਿਤ ਭਾਸ਼ਾ ਬੋਲਦੇ ਸਨ। ਵਰਰੁੱਚੀ ਨੇ ਆਪਣੀ ਕਿਤਾਬ ਦੀ ਭੂਮਿਕਾ ਵਿਚ ਦੱਸਿਆ ਹੈ ਕਿ ਪ੍ਰਾਕ੍ਰਿਤ ਭਾਸ਼ਾ ਦਾ ਮਤਲਬ ਹੈ ਕਿ ਲੋਕ ਕੁਦਰਤੀ ਬੋਲੀ ਬੋਲਦੇ ਸਨ। ਲੋਕਾਂ ਦੀ ਬੋਲੀ ਹੋਰ ਹੈ ਅਤੇ ਸਰਕਾਰ ਦੀ ਬੋਲੀ ਹੋਰ।

ਮਹਾਨ ਅਸ਼ੋਕ ਦੇ ਰੌਕ ਇੰਸਕ੍ਰਿਪਸ਼ਨ ਰਿਕਾਰਡ ਵਿਚ ਇੱਕ ਨਾਮ ਪਰਿਸਅਤੀ ਓਚਸ ਆਇਆ ਹੈ ਜਿਸ ਦਾ ਸਮਾਂ 200 ਈਸਵੀ ਪੂਰਵ ਅੰਕਿਆ ਗਿਆ ਹੈ। ਇਸ ਸ਼ਿਲਾਲੇਖ ਵਿਚ ਪ੍ਰਾਕ੍ਰਿਤ ਅਤੇ ਗ੍ਰੀਕ ਲਿਪੀ ਮਿਲਦੀ ਹੈ। ਉਸ ਦੇ ਸਿੱਕਿਆ ਤੋਂ ਪਤਾ ਲਗਦਾ ਹੈ ਕਿ ਉਸ ਵੇਲੇ ਦੇ ਲਿਖਾਰੀਆਂ ਨੇ ਪ੍ਰਾਕ੍ਰਿਤ ਬੋਲੀ ਆਪਣੇ ਡਰਾਮਿਆਂ ਵਿਚ ਵਰਤੀ ਪਰ ਡਰਾਮੇ ਦਾ ਹੀਰੋ ਸੰਸਕ੍ਰਿਤ ਬੋਲਦਾ ਹੈ। ਆਮ ਲੋਕ ਪ੍ਰਾਕ੍ਰਿਤ ਬੋਲਦੇ ਸਨ। ਇਸ ਤੋਂ ਪਤਾ ਲਗਦਾ ਹੈ ਕਿ ਰਾਜੇ ਸੰਸਕ੍ਰਿਤ ਨੂੰ ਤਰਜੀਹ ਦਿੰਦੇ ਸਨ ਅਤੇ ਆਮ ਲੋਕਾਂ ਦੀ ਬੋਲੀ ਨੂੰ ਘਟੀਆ ਸਮਝਦੇ ਸਨ।

ਗੁਨਾਢਿਆ ਇੱਕ ਸੰਸਕ੍ਰਿਤ, ਪਸਾਚੀ ਅਤੇ ਪ੍ਰਾਕ੍ਰਿਤਾਂ ਦਾ ਵਿਦਵਾਨ ਸੀ। ਇਸ ਦਾ ਜ਼ਿਕਰ ਰਾਜ ਤ੍ਰਿੰਗਣੀ ਦੇ ਅੰਗਰੇਜ਼ੀ ਉਲੱਥੇ ਵਿਚ ਮਿਲਦਾ ਹੈ ਕਿ ਗੁਨਾਢਿਆ ਕਿਸੇ ਰਾਜੇ ਦੇ ਦਰਬਾਰ ਵਿਚ ਨੌਕਰੀ ਕਰਦਾ ਸੀ। ਇੱਕ ਦਿਨ ਰਾਜੇ ਨੇ ਉਸ ਨੂੰ ਪੁੱਛਿਆ ਕਿ ਉਹ ਕਿੰਨੇ ਦਿਨਾਂ ਵਿਚ ਰਾਣੀ ਨੂੰ ਸੰਸਕ੍ਰਿਤ ਸਿਖਾ ਦੇਵੇਗਾ, ਤਾਂ ਉਸ ਨੇ ਉੱਤਰ ਦਿੱਤਾ ਕਿ ਛੇ ਸਾਲਾਂ ਵਿਚ। ਫਿਰ ਰਾਜੇ ਨੇ ਕਿਸੇ ਹੋਰ ਸੰਸਕ੍ਰਿਤ ਵਿਦਵਾਨ ਨੂੰ ਪੁੱਛਿਆ ਤਾਂ ਉਸ ਨੇ ਉੱਤਰ ਦਿੱਤਾ ਕਿ ਛੇ ਮਹੀਨਿਆਂ ਵਿਚ। ਇਸ ਤਰ੍ਹਾਂ ਰਾਜੇ ਨੇ ਗੁਨਾਢਿਆ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਅਤੇ ਦੂਜੇ ਨਵੇਂ ਵਿਦਵਾਨ ਨੂੰ ਆਪਣੇ ਦਰਬਾਰ ਵਿਚ ਰੱਖ ਲਿਆ। ਇਸ ਘਟਨਾ ਨੇ ਗੁਨਾਢਿਆ ਨੂੰ ਬਹੁਤ ਪਰੇਸ਼ਾਨ ਕੀਤਾ। ਰਾਜੇ ਦੇ ਦਰਬਾਰ ਤੋਂ ਫਾਰਗ ਹੋਣ ਤੋਂ ਬਾਅਦ ਉਸ ਨੇ ਪਸ਼ਾਚੀ ਬੋਲੀ ਵਿਚ ਇੱਕ ਗ੍ਰੰਥ ਦੀ ਰਚਨਾ ਕੀਤੀ, ਜਿਸ ਦਾ ਨਾਮ ਬੜਕਹਾ (ਬ੍ਰਿਧਕਥਾ) ਰੱਖਿਆ ਗਿਆ ਜਿਹੜਾ ਕਿ ਅੱਜ ਮਿਲਦਾ ਨਹੀਂ ਹੈ। ਇਸ ਗ੍ਰੰਥ ਦਾ ਸੰਸਕ੍ਰਿਤ ਉਲੱਥਾ ਮਿਲਦਾ ਹੈ। ਗੁਨਾਢਿਆ ਨੇ ਸੋਚਿਆ ਕਿ ਇਹ ਗ੍ਰੰਥ ਰਾਜੇ ਅੱਗੇ ਪੇਸ਼ ਕਰੇਗਾ ਅਤੇ ਖੁਸ਼ ਹੋ ਕੇ ਉਸ ਨੂੰ ਇਨਾਮ ਦੇਵੇਗਾ ਅਤੇ ਉਸ ਨੂੰ ਮੁੜ ਨੌਕਰੀ 'ਤੇ ਰੱਖ ਲਵੇਗਾ। ਮੇਰੇ ਚੰਗੇ ਦਿਨ ਲੰਘਣਗੇ।

ਪਰ ਰਾਜੇ ਨੇ ਗ੍ਰੰਥ ਨੂੰ ਦੇਖਣ ਉਪਰੰਤ ਕਿਹਾ ਕਿ ਜੇ ਇਹ ਗ੍ਰੰਥ ਸੰਸਕ੍ਰਿਤ ਵਿਚ ਹੁੰਦਾ ਤਾਂ ਚੰਗਾ ਹੁੰਦਾ। ਇਹ ਗ੍ਰੰਥ ਪ੍ਰਾਕ੍ਰਿਤ ਪਸ਼ਾਚੀ ਵਿਚ ਹੋਣ ਕਰਕੇ ਮੈਂ ਤੈਨੂੰ ਕੋਈ ਇਨਾਮ ਨਹੀਂ ਦੇ ਸਕਦਾ। ਇਸ ਤਰ੍ਹਾਂ ਗੁਨਾਢਿਆ ਪਰੇਸ਼ਾਨ ਹੋ ਕੇ ਰਾਜੇ ਦੇ ਦਰਬਾਰ ਤੋਂ ਰਵਾਨਾ ਹੋ ਗਿਆ। ਗੁਨਾਢਿਆ ਤੋਂ ਉਸ ਦਾ ਪਸ਼ਾਚੀ ਪ੍ਰਕ੍ਰਿਤ ਗ੍ਰੰਥ ਕਿਸੇ ਤਰ੍ਹਾਂ ਉਸ ਕੋਲੋ ਲੈ ਲਿਆ ਅਤੇ ਸੰਸਕ੍ਰਿਤ ਵਿਚ ਉਲੱਥਾ ਕਰਕੇ ਸੰਸਕ੍ਰਿਤ ਬੋਲੀ ਵਿਚ ਪਰੋਸਿਆ ਜਾਂਦਾ ਹੈ ਅਤੇ ਦੱਸਿਆ ਜਾਂਦਾ ਹੈ ਕਿ ਸੰਸਕ੍ਰਿਤ ਵਿਚ ਕਿਵੇ ਕਹਾਣੀਆਂ ਦਾ ਭੰਡਾਰ ਹੈ। ਇਸ ਤਰਾਂ ਹਿੱਤੋਉਪਦੇਸ਼ ਅਤੇ ਪੰਚ ਤੰਤਰ ਕਹਾਣੀਆਂਦਾ ਪ੍ਰਚਾਰ ਲੋਕਾਂ ਵਿਚ ਖੂਬ ਕੀਤਾ। ਦੇਖੋ ਕਿੰਨੀ ਸਿਤਮ ਦੀ ਗੱਲ ਹੈ ਕਿ ਸੰਸਕ੍ਰਿਤ ਵੇਤਿਆ ਨੇ ਚੋਰੀ ਕੀਤਾ ਮਾਲ ਆਪਣੇ ਨਾਮ ਇੰਤਕਾਲ ਕਰਵਾ ਲਿਆ।

ਇਸ ਤੋਂ ਪਤਾ ਲਗਦਾ ਹੈ ਕਿ ਸਿੰਧ ਘਾਟੀ ਦੀ ਸੱਭਿਅਤਾ ਦੇ ਲੋਕਾਂ ਨਾਲ ਵੀ ਇਹੀ ਕੁੱਝ ਹੋਇਆ ਹੋਵੇਗਾ। ਜਿਹੜੀਆ ਲੱਭਤਾ ਇਸ ਸੱਭਿਅਤਾ ਦੀਆਂ ਮਿਲੀਆ ਹਨ, ਉਨ੍ਹਾਂ ਵਿਚ ਇੱਕ ਲਿਪੀ ਵੀ ਮਿਲੀ ਹੈ। ਇਸ ਲਿਪੀ ਨੂੰ ਨਾ ਪੜਿਆ ਜਾਣਾ ਇੱਕ ਰਹੱਸ ਹੈ। ਇਸ ਸੱਭਿਅਤਾ ਨੂੰ ਤਬਾਹ ਕਰਨ ਵਾਲਿਆ ਨੇ ਹੀ ਇਸ ਨੂੰ ਬਰਬਾਦ ਕਰ ਦਿੱਤਾ ਹੈ। ਇਸ ਸੱਭਿਅਤਾ ਨੂੰ ਤਬਾਹ ਕਰਨ ਵਾਲਿਆ ਦੇ ਚੇਲਿਆ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਆਰੀਆ ਇੱਥੇ ਦੇ ਮੂਲ ਨਿਵਾਸੀ ਹਨ ਅਤੇ ਇਹ ਕੰਮ ਕਾਰ ਲਈ ਬਾਹਰ ਗਏ ਸਨ ਅਤੇ ਫਿਰ ਵਾਪਿਸ ਆ ਗਏ।

ਆਰਕਿਆਲੋਜੀ ਨੇ ਜਿਹੜੀ ਖੋਜ ਕੀਤੀ ਕਿ ਦੱਸਿਆ ਹੈ ਕਿ ਆਰੀਆ ਲੋਕਾਂ ਦਾ ਡੀ.ਐੱਨ.ਏ. ਸਿੰਧੂ ਘਾਟੀ ਦੇ ਲੋਕਾ ਦੇ ਡੀ.ਐੱਨ.ਏ ਨਾਲ ਮੇਲ ਨਹੀਂ ਖਾਂਦਾ ਹੈ। ਇਸ ਤਰ੍ਹਾਂ ਇਹ ਇੱਕ ਮਨ ਘੜਤ ਕਹਾਣੀ ਹੈ ਕਿ ਆਰੀਆ ਇੱਥੇ ਦੇ ਮੂਲ ਨਿਵਾਸੀ ਹਨ। ਜੇ ਆਰੀਆ ਭਗਤ ਆਪਣੀ ਬੋਲੀ ਸੰਸਕ੍ਰਿਤ ਬੋਲੀ ਮੰਨਦੇ ਹਨ ਤਾਂ ਉਹ ਬੋਲੀ ਮਰ ਕਿਉਂ ਗਈ। ਅੱਜ ਸੰਸਾਰ ਵਿਚ ਇਹ ਬੋਲੀ ਕਿਤੇ ਵੀ ਬੋਲੀ ਨਹੀਂ ਜਾਂਦੀ ਹੈ। The language Science ਦੇ ਕਰਤਾ ਮੈਕਸ ਮੂਲਰ ਨੇ ਵੀ ਆਪਣੀ ਇਸ ਕਿਤਾਬ ਵਿਚ ਸੰਸਕ੍ਰਿਤ, ਪਾਲੀ-ਜੈਨ, ਪ੍ਰਕ੍ਰਿਤ, ਪੁਰਾਣੀ ਪਰਸ਼ੀਅਨ, ਪੁਰਾਣੀ ਗ੍ਰੀਕ ਅਤੇ ਪੁਰਾਣੀ ਹੈਬਰੂ ਨੂੰ Dead Language ਕਿਹਾ ਹੈ।

ਬੈਕਟੀਰੀਆ ਗ੍ਰੀਕ ਦੇ ਜਿਹੜੇ ਦੁਬੋਲੀਏ ਸਿੱਕੇ ਮਿਲੇ ਹਨ ਉਨ੍ਹਾਂ ਦੇ ਇੱਕ ਪਾਸੇ ਗ੍ਰੀਕ ਦੂਜੇ ਪਾਸੇ ਪ੍ਰਾਕ੍ਰਿਤ ਬੋਲੀ ਉਕਰੀ ਹੈ। ਇਹ ਵਿਚਾਰ ਪ੍ਰੋ. ਕੋਵੈੱਲ ਦੇ ਹਨ। ਇਹ ਵਿਚਾਰ ਕੋਵੈੱਲ ਨੇ ਵਰਰੁੱਚੀ ਦੇ ਪ੍ਰਾਕ੍ਰਿਤ ਗਰੈਮਰ ਪ੍ਰਾਕ੍ਰਿਤ ਪ੍ਰਕਾਸ਼ ਦੀ ਭੂਮਿਕਾ ਦੇ ਅੰਗਰੇਜ਼ੀ ਉਲਥੇ ਵਿਚ ਕੀਤਾ ਹੈ। ਇਸ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਪੰਜਾਬ ਦੀ ਲਿਪੀ ਵਰਤੀ ਹੋਵੇਗੀ ਕਿਉਂਕਿ ਉਸ ਵੇਲੇ ਅਸ਼ੋਕ ਦਾ ਰਾਜ ਖਤਮ ਹੋਣ ਕਰਕੇ ਸਰਕਾਰੀ ਮਾਗਧੀ ਲਿਪੀ ਬੰਦ ਹੋ ਗਈ ਸੀ। ਫਿਰ ਇਸ ਤੋਂ ਬਾਅਦ ਦੋ ਉਘੀਆਂ ਲਿਪੀਆਂ ਖਰੋਟੀ ਅਤੇ ਟਾਕਰੀ ਲੋਕਾਂ ਦੀ ਯਾਦ ਦਾਸ਼ਤ ਵਿਚ ਸਨ। ਇਸ ਤੋਂ ਇਹ ਪਤਾ ਲਗਦਾ ਹੈ ਕਿ ਅਸ਼ੋਕ ਦੇ ਰਾਜ ਸਥਾਪਿਤ ਹੋਣ ਤੋਂ ਪਹਿਲਾ ਵੀ ਇਹ ਦੋਵੇਂ ਲਿਪੀਆਂ ਰਾਜ ਲਿਪੀਆਂ ਦਾ ਦਰਜਾ ਹਾਸਿਲ ਕਰ ਚੁਕੀਆਂ ਸਨ। ਅਸ਼ੋਕ ਨੇ ਆਪਣੇ ਸਿਲਾਲੇਖਾ ਵਿਚ ਮਾਗਧੀ ਲਿਪੀ ਅਤੇ ਖਰੋਟੀ ਲਿਪੀ ਦੀ ਹੀ ਵਰਤੋਂ ਕੀਤੀ ਸੀ।

ਬੈਕਟੀਰੀਅਨਾਂ ਪਿੱਛੋਂ ਓਦੰਬਰਾਂ ਅਤੇ ਕੁਨਿੰਦਿਆਂ ਰਾਜਿਆਂ ਨੇ ਵੀ ਆਪਣੇ ਸਿੱਕਿਆਂ ਤੇ ਇੱਕ ਪਾਸੇ ਟਾਕਰੀ ਅਤੇ ਦੂਜੇ ਪਾਸੇ ਖਰੋਟੀ ਲਿਪੀ ਵਿਚ ਹੀ ਸਿੱਕੇ ਜਾਰੀ ਕੀਤੇ ਸਨ। ਪਰ ਅੰਗਰੇਜ਼ੀਵਿਚ ਜਿਹੜੀ ਜਾਣਕਾਰੀ ਦਿੱਤੀ ਗਈ ਉਹ ਬ੍ਰਾਹਮੀ ਅਤੇ ਖਰੋਟੀ ਲਿਪੀ ਬਾਰੇ ਹੀ ਦਿੱਤੀ ਗਈ। ਵਿੱਕੀਪੀਡੀਆ ਨੂੰ ਸ਼ਾਇਦ ਭੁਲੇਖਾ ਲੱਗ ਗਿਆ ਹੈ ਜਾਂ ਉਨ੍ਹਾਂ ਦੀ ਜਾਣਕਾਰੀ ਅਧੂਰੀ ਹੈ ਜਾਂ ਉਹਟਾਕਰੀ ਲਿਪੀ ਤੋਂ ਅਣਜਾਣ ਹਨ ਜਾਂ ਉਨ੍ਹਾਂ ਨੇ ਆਰਕਿਆਲੋਜੀ ਦੀ ਟਾਕਰੀ ਲਿਪੀ ਦੀ ਖੋਜ ਨੂੰ ਬ੍ਰਾਹਮੀ ਲਿਪੀ ਦੀਆਂ ਐਨਕਾਂ ਲਗਾ ਕੇ ਦੇਖਿਆ। ਜੇਕਰ ਉਹ ਯਥਾਰਥਕਤਾ ਦੀ ਐਨਕ ਲਗਾਉਣ ਤਾਂ ਉਨਾਂ ਨੂੰ ਚੰਗੀ ਤਰ੍ਹਾਂ ਪਤਾ ਲੱਗ ਜਾਵੇਗਾ ਕਿ ਲੋਕਾਂ ਨੂੰ ਗਲਤ ਰਾਹ ਤੇ ਪਾ ਰਹੇ ਹਨ।

ਸਾਡੇ ਪੰਜਾਬ ਸਰਕਾਰ ਦੇ ਅਦਾਰੇ ਵੀ ਇਹੋ ਝੂਠਾ ਪ੍ਰਚਾਰ ਕਰ ਰਹੇ ਹਨ। ਟਾਕਰੀ ਅਤੇ



ਗੁਰਮੁਖੀ ਅੱਖਰਾਂ ਦੀ ਉੱਤਪਤੀ ਬ੍ਰਾਹਮੀ ਲਿਪੀ ਵਿਚੋਂ ਹੀ ਮੰਨੀ ਜਾ ਰਹੇ ਹਨ। ਇਹ ਕੋਈ ਗਿਣੀ ਮਿਣੀ ਸਾਜਿਸ਼ ਲਗਦੀ ਹੈ ਜਿਸਦਾ ਸ਼ਿਕਾਰ ਪੰਜਾਬੀ ਲੋਕ ਹੀ ਹੋ ਰਹੇ ਹਨ। ਇਸ ਤਰ੍ਹਾਂ ਕੋਵੈੱਲ ਸਾਹਿਬ ਦੀ ਦੋ ਪਾਸੜ ਛਪੀ ਗ੍ਰੀਕ ਅਤੇ ਟਾਕਰੀ ਲਿਪੀ ਵਾਲੇ ਸਿੱਕਿਆਂ ਦੀ ਸੂਚਨਾ ਰੱਦ ਹੋ ਜਾਂਦੀ ਹੈ ਜਾਂ ਠੱਪ ਕੀਤੀ ਜਾ ਰਹੀ ਹੈ ਜਾਂ ਕੋਈ ਸਾਜਿਸ਼ ਜ਼ਰੀਏ ਅਜਿਹਾ ਕੀਤਾ ਜਾ ਰਿਹਾ ਹੈ ਤਾਂ ਕਿ ਟਾਕਰੀ ਲਿਪੀ ਦੀ ਹੋਂਦ ਨੂੰ ਝੁਠਲਾਇਆ ਜਾ ਸਕੇ।

antiquity of India ਦੇ ਸਫਾ ਨੰ: 106 ਤੇ ਇੱਕ ਪਲੇਟ ਦਿੱਤੀ ਹੈ ਜਿਸ ਤੇ ਇਹ ਲਿਪੀ ਦਿੱਤੀ ਗਈ ਹੈ। ਜਿਸ ਵਿਚ ਲਿਖਿਆ ਹੈ ਕਿ ਕਾਬਲ ਅਤੇ ਮਾਣਕੇਆਲ ਤੋਂ ਇੱਕ ਲੱਭਤ ਮਿਲੀ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਪੰਜਵੀ ਸਦੀ ਦੇ ਅੱਖਰ ਅੱਜ ਦੀ ਗੁਰਮੁਖੀ ਦੇ ਅੱਖਰਾਂ ਦੇ ਕਿੰਨੇ ਨੇੜੇ ਹਨ। ਇਸ ਤੋਂ ਇਹ ਵੀ ਸਿੱਟਾਂ ਨਿਕਲਦਾ ਹੈ ਕਿ ਟੈਕਸਲਾ ਯੂਨੀਵਰਸਿਟੀ ਵਿਚ ਟਾਕਰੀ ਲਿਪੀ ਹੀ ਪੜਾਈ ਦਾ ਮਾਧਿਅਮ ਰਿਹਾ ਹੈ। ਇਹ ਲਿਪੀ ਰਾਜ ਲਿਪੀ ਦਾ ਦਰਜਾ ਹਾਸਿਲ ਕਰ ਗਈ ਸੀ। ਇਹ ਲਿਪੀ ਕੋਈ ਮਾਮੂਲੀ ਲਿਪੀ ਨਹੀਂ ਸੀ। ਇਹ ਸਮਰੱਥ ਲਿਪੀ ਸੀ। ਇਹ ਅੱਖਰ ਧੁਨੀ ਦੇ ਸਮਰੱਥ ਸਨ। ਇਹ ਸਮਰੱਥ ਲਿਪੀ ਦੀ ਨਿਸ਼ਾਨੀ ਹੈ। ਟੱਕ ਦੇਸ਼ ਦੇ ਲੋਕਾਂ ਨੇ ਇਸ ਨੂੰ ਦੂਰ ਦੂਰ ਤੱਕ ਫੈਲਾਇਆ। ਜਿਵੇਂ ਸੁਰਾਸ਼ਟਰਾਂ ਦੇ ਸਹਾਸ ਅੱਖਰ, ਯੂ.ਪੀ, ਉਜੈਨ ਅਤੇ ਪੰਜਾਬ ਦੇ ਹਠੂਰ ਤੋਂ ਫਿਰੋਜ਼ ਰਾਏ ਮਕਬਰੇ ਦੇ ਡਾਟ ਤੋਂ ਲਿਖੇ ਹੋਏ ਅੱਖਰ ਮਿਲੇ ਹਨ। ਮੈ 1985 ਵਿਚ ਹਠੂਰ ਜਾ ਕੇ ਦੇਖਿਆ ਤਾਂ ਇਹ ਵਾਕਿਆਈ ਟਾਕਰੀ ਦੇ ਨਮੂਨੇ ਸਨ। ਅੱਜ ਦੇ ਅੱਖਰਾਂ ਨਾਲ ਵਧੇਰੇ ਮਿਲਦੇ ਹਨ। ਆਰਕਿਆਲੋਜੀ ਵਾਲਿਆ ਨੂੰ ਜਾਪਾਨ ਤੋਂ ਹੋਜ਼ੀ ਮੱਠ ਤੋਂ 6ਵੀਂ ਸਦੀ ਦੀ ਇੱਕ ਲਿਪੀ ਮਿਲੀ ਹੈ ਜਿਸ ਦੇ 22 ਅੱਖਰਅੱਜ ਦੀ ਗੁਰਮੁਖੀ ਨਾਲ ਮਿਲਦੇ ਹਨ। ਉਸ ਦੇ ਲੇਖ ਵਿਚ ਲਿਪੀ ਦੇ ਸਾਰੇ ਅੱਖਰ ਦਿੱਤੇ ਹੋਏ ਹਨ।

ਬੋਧੀਆਂ ਦਾ ਧਰਮ ਪ੍ਰਚਾਰ ਤੁਖਾਰਿਸਤਾਨ ਵਿਚ ਹੋਇਆ, ਜਿਸ ਵਿਚ ਪ੍ਰਾਕ੍ਰਿਤ ਬੋਲੀ ਦੇ ਲੇਖ ਚੌਥੀ ਸਦੀ ਦੇ ਮਿਲੇ ਹਨ। ਅਸ਼ੋਕ ਤੋਂ ਪਿੱਛੋਂ ਬੋਧੀਆਂ ਨੇ ਟਾਕਰੀ ਲਿਪੀ ਦੀ ਹੀ ਵਰਤੋਂ ਕੀਤੀ ਹੈ। ਜਿਵੇਂ ਕਨਿਸ਼ਕ ਦਾ ਬੁੱਧ ਧਰਮ ਨੂੰ ਅਖਿਤਿਆਰ ਕਰਨਾ ਅਤੇ ਧਰਮ ਪ੍ਰਚਾਰ ਲਈ ਟਾਕਰੀ ਲਿਪੀ ਅਤੇ ਪ੍ਰਕ੍ਰਿਤ ਬੋਲੀ ਦੀ ਵਰਤੋਂ ਕਰਦਾ ਹੈ। ਅਫਗਾਨਿਸਤਾਨ ਦੇ ਕਾਬਲ ਤੋਂ ਬਾਮਿਯਾਨ ਤੱਕ ਇਸ ਲਿਪੀ ਨੂੰ ਫੈਲਾਇਆ। ਜਾਪਾਨ ਅਤੇ ਅਫਗਾਨਿਸਤਾਨ ਤੱਕ ਇਸ ਲਿਪੀ ਦਾ ਫੈਲਣਾ ਇੱਕ ਮਾਣ ਵਾਲੀ ਗੱਲ ਸੀ। ਬੋਧੀਆਂ ਨੇ ਇਸ ਲਿਪੀ ਵਿਚ ਆਪਣੀ ਬੋਲੀ ਵਰਤ ਕੇ ਇਸ ਨੂੰ ਬਚਾ ਲਿਆ।

ਤੁਰਕਾਂ ਦੇ ਰਾਜ ਤੋਂ ਪਹਿਲਾ ਬੈਕਟੀਰੀਅਨ ਗ੍ਰੀਕ, ਓਦੰਬਰ, ਕੁਨੰਦਿਆਂ, ਅਤੇ ਸ਼ੱਕ ਜਾਤੀ ਦੇ ਲੋਕਾਂ ਨੇ ਰਾਜ ਕੀਤਾ। ਬੈਕਟੀਰੀਅਨ ਗ੍ਰੀਕਾਂ ਨੇ ਆਪਣੀ ਸਰਕਾਰੀ ਬੋਲੀ ਨੂੰ ਆਪਣੇ ਸਿੱਕਿਆਂ ਤੇ ਇੱਕ ਪਾਸੇ ਗ੍ਰੀਕ ਅਤੇ ਦੂਜੇ ਪਾਸੇ ਟਾਕਰੀ ਵਿਚ ਲਿਪੀ ਵਿਚ ਛਾਪੇ। ਇਸੇ ਤਰ੍ਹਾਂ ਸ਼ੱਕ ਰਾਜਿਆ ਨੇ ਵੀ ਆਪਣੇ ਸਿੱਕਿਆ ਤੇ ਇੱਕ ਪਾਸੇ ਮਾਗਧੀ ਨੂੰ ਟਾਕਰੀ ਅਤੇ ਦੂਜੇ ਪਾਸੇ ਗ੍ਰੀਕ ਲਿਪੀ ਵਿਚ ਆਪਣੇ ਸਿੱਕੇ ਜਾਰੀ ਜਾਰੀ ਕੀਤੇ। ਓਦੰਬਰਾਂ ਅਤੇ ਕੁਨਿੰਦਿਆ ਰਾਜਿਆ ਨੇ ਵੀ ਆਪਣੇ ਜਾਰੀ ਕੀਤੇ ਸਿੱਕਿਆਂ ਤੇ ਮਾਗਧੀ ਬੋਲੀ ਨੂੰ ਇੱਕ ਪਾਸੇ ਟਾਕਰੀ ਅਤੇ ਦੂਜੇ ਪਾਸੇ ਖਰੋਟੀ ਲਿਪੀ ਵਿਚ ਛਪਾਇਆ।

ਬੈਕਟੀਰੀਅਨ ਜਿਹੜੇ ਨਸਲੀ ਤੌਰ 'ਤੇ ਗ੍ਰੀਕ ਸਨ ਉਨ੍ਹਾਂ ਨੇ ਆਪਣੀ ਸੱਭਿਅਤਾ ਨਹੀਂ ਛੱਡੀ। ਪਰ ਇਨ੍ਹਾਂ ਨੇ ਪਰਜਾ ਦੀ ਸਹੂਲਤ ਲਈ ਪਰਜਾ ਵਿਚ ਪ੍ਰਚੱਲਿਤ ਅੱਖਰਾਂ ਦੀ ਕਦਰ ਕੀਤੀ ਅਤੇ ਉਨ੍ਹਾਂ ਨੂੰ ਗ੍ਰੀਕਾਂ ਦੇ ਨਾਲ ਬਰਾਬਰ ਦਰਜਾ ਦਿੱਤਾ। ਉਸ ਵੇਲੇ ਟਾਕਰੀ ਲਿਪੀ ਬਹੁਤ ਦੂਰ ਦੂਰ ਤੱਕ ਫੈਲੀ ਹੋਈ ਸੀ।

ਬੈਕਟੀਰੀਅਨ ਗ੍ਰੀਕ ਪਿੱਛੋਂ ਸ਼ੱਕ ਜਾਤੀ ਦੇ ਲੋਕਾਂ ਦਾ ਰਾਜ ਆਇਆ। ਇਨ੍ਹਾਂ ਵਿਚ ਰਾਜੇ ਮੋਗੇ ਦਾ ਪਹਿਲਾ ਜ਼ਿਕਰ ਮਿਲਦਾ ਹੈ। ਇਹ ਇੰਡੀਅਨ ਸਬ-ਕੰਟੀਨੈਂਟ ਵਿਚ ਲਗਭਗ 180 ਭ.ਛ ਵਿਚ ਦਾਖਲ ਹੋਏ ਸਨ ਅਤੇ ਆਪਣਾ ਰਾਜ ਕਾਇਮ ਕੀਤਾ। ਸ਼ੱਕ ਸੰਮਤ ਨੂੰ ਅਜੇ ਤੱਕ ਵੀ ਭਾਰਤ ਨੇ ਮਾਨਤਾ ਦਿੱਤੀ ਹੋਈ ਹੈ। ਇਨ੍ਹਾਂ ਨੇ ਆਪਣੇ ਸਿੱਕਿਆਂ ਦੇ ਇੱਕ ਪਾਸੇ ਗ੍ਰੀਕ ਅਤੇ ਦੂਜੇ ਪਾਸੇ ਟਾਕਰੀ ਲਿਪੀ ਛਾਪੀ ਹੋਈ ਹੈ। ਇਸ ਦੇ ਨਮੂਨੇ antiquity of India ਵਿਚ ਦਿੱਤੇ ਹੋਏ ਹਨ। ਇਸ ਤੋਂ ਕਈ ਸਫੇ ਪਿੱਛੇ ਇਸ ਵਿਚ ਸਾਹਸਾਂ ਦੇ 14 ਰਾਜਿਆਂ ਦਾ ਵਰਣਨ ਕੀਤਾ ਹੋਇਆ ਹੈ। ਅੰਗਰੇਜ਼ੀ ਖੋਜੀ ਅਫਸਰ ਟਾਕਰੀ ਅੱਖਰਾਂ ਨੂੰ ਨਾ-ਪਛਾਤੇ ਅੱਖਰ ਹੀ ਦੱਸੀ ਜਾ ਰਹੇ ਹਨ। ਇਸ ਵਿਚ ਅੰਗਰੇਜ਼ੀ ਖੋਜੀਆਂ ਦਾ ਕੋਈ ਕਸੂਰ ਨਹੀਂ ਹੈ ਸਗੋਂ ਇਹ ਸਮੇਂ ਦੀਆਂ ਸਰਕਾਰਾਂ ਦਾ ਹੀ ਕਸੂਰ ਹੈ, ਜਿਨ੍ਹਾਂ ਨੇ ਉਨ੍ਹਾਂ ਨੂੰ ਗਲਤ ਗਾਈਡ ਕੀਤਾ ਹੈ ਕਿ ਸੰਸਕ੍ਰਿਤ ਵਿਚੋਂ ਹੀ ਸਾਰੀਆਂ ਅਜੋਕੀਆਂ ਬੋਲੀਆਂ ਵਿਕਸਿਤ ਹੋਈਆਂ ਹਨ। ਜਿਹੜੇ ਅੰਗਰੇਜ਼ਾਂ ਨੇ ਇੱਥੇ ਰਹਿ ਕੇ ਖੋਜ ਕੀਤੀ ਹੈ ਉਹ ਕਾਫੀ ਕਾਬਲ-ਏ-ਤਾਰੀਫ ਹਨ, ਇਨ੍ਹਾਂ ਵਿਚ ਅਲੈਗਜ਼ੈਂਡਰ ਕਨਿੰਘਮ, ਜੋਹਨ ਬੀਮ, ਗਰੀਅਰਸਨ, ਅਲੈਗਜੈਂਡਰ ਟਰੰਪ ਅਤੇ ਆਰ.ਡਬਲਯੂ. ਲਾਇਟਨਰ ਹਨ।

ਅਲੈਗਜ਼ੈਂਡਰ ਕਨਿੰਘਮ ਨੇ ancient Geography of India ਵਿਚ ਟਾਕਰੀ ਲਿਪੀ ਤੇ ਚਾਨਣਾ ਪਾਇਆ ਹੈ। ਇਸ ਕਿਤਾਬ ਵਿਚ ਸਫਾ ਨੰ: 129 'ਤੇ ਲਿਖਦੇ ਹਨ ਕਿ ਉਸ ਨੂੰ ਟਾਕਰੀ ਲਿਪੀ ਦੇ ਨਮੂਨੇ ਯਮੁਨਾ ਤੋਂ ਲੈ ਕੇ ਬਾਮਯਾਨ (ਅਫਗਾਨਿਸਤਾਨ) ਤੱਕ 26 ਥਾਂਵਾਂ ਤੋਂ ਮਿਲੇ ਹਨ। ਉਸ ਨੇ ਇਸ ਕਿਤਾਬ ਵਿਚ ਇੱਕ ਹੋਰ ਜਾਣਕਾਰੀ ਦਿੱਤੀ ਹੈ ਕਿ ਉਸ ਨੂੰ ਪੰਡਿਤ ਕਲ੍ਹਣ (1150 A.d) ਦੀ ਰਾਜਤ੍ਰਿੰਗਣੀ ਨਾਮ ਦੀ ਇੱਕ ਕਿਤਾਬ ਮਿਲੀ ਹੈ ਜਿਸ ਵਿਚ ਸੰਸਕ੍ਰਿਤ ਟਾਕਰੀ ਲਿਪੀ ਵਿਚ ਲਿਖੀ ਹੋਈ ਹੈ। ਇਸ ਤੋਂ ਇਹ ਦਾਅਵਾ ਜਿਹੜਾ ਅਲਬਰੂਨੀ ਨੇ 1030 A.D ਵਿਚ ਕੀਤਾ ਹੈ ਕਿ ਕਸ਼ਮੀਰ ਅਤੇ ਬਨਾਰਸ ਵਿਚ ਸਿੱਧ ਮਾਤਰਿਕਾ ਚਲਦੀ ਸੀ, ਇਹ ਜਾਣਕਾਰੀ ਟਾਕਰੀ ਬਾਰੇ ਨਹੀਂ ਸੀ ਸਗੋਂ ਇਹ ਉਸ ਵੇਲੇ ਦੇ ਪੰਡਿਤਾਂ ਦੀ ਡਿਸਕ੍ਰਿਪਸ਼ਨ ਸੀ। ਇਹੀ ਉਸ ਸਮੇਂ ਦੇ ਪੰਡਿਤਾਂ ਨੇ ਅਲਬਰੂਨੀ ਨੂੰ ਕਿਤਾਬ ਅਲ ਹਿੰਦ ਵਿਚ ਦਰਜ ਕਰਵਾ ਦਿੱਤੀ।

ਅੰਗਰੇਜ਼ੀ ਰਾਜ ਸਮੇਂ ਪੁਰਾਣੇ ਸਿੱਕੇ ਮਿਲੇ, ਹੱਥ ਲਿਖਤਾਂ ਅਤੇ ਥੰਮ੍ਹ ਲਿਖਤਾਂ, ਜਿਨ੍ਹਾਂ ਨੂੰ ਲੋਕ ਜਾਦੂ ਦੇ ਅੱਖਰ ਸਮਝਦੇ ਸਨ, ਅੰਗਰੇਜ਼ੀ ਖੋਜੀਆਂ ਨੇ ਬਹੁਤ ਮਿਹਨਤ ਕਰਕੇ ਇਨ੍ਹਾਂ ਜਾਦੂ ਵਾਲੇ ਅੱਖਰਾਂ ਨੂੰ ਪੜ੍ਹਨ ਵਿਚ ਸਫਲਤਾ ਹਾਸਿਲ ਕੀਤੀ। ਪਰ ਇਹ ਜ਼ਰੂਰੀ ਨਹੀਂ ਕਿ ਜੋ ਕੁਝ ਲਿਖਿਆ ਮਿਲਿਆ ਹੈ ਇਤਿਹਾਸਿਕ ਤੌਰ 'ਤੇ ਸਾਰਥਕ ਹੋਵੇ। ਕਈ ਵਾਰੀ ਹਾਕਮ ਆਪਣੀਆਂ ਵਡਿਆਈਆਂ ਖਾਤਰ ਕਾਫੀ ਕੁੱਝ ਫਜ਼ੂਲ ਹੀ ਲਿਖਵਾ ਲੈਂਦੇ ਹਨ ਕਿਉਂਕਿ ਰਾਜੇ ਦੇ ਗੁੱਸੇ ਦੇ ਮਾਰੇ ਉਵੇਂ ਹੀ ਲਿਖ ਦਿੰਦੇ ਜਿਵੇਂ ਜਿਵੇਂ ਰਾਜਾ ਹੁਕਮ ਕਰਦਾ ਹੁੰਦਾ ਸੀ। ਸੰਸਕ੍ਰਿਤ ਕਵੀ ਵੀ ਰਾਜੇ ਦੀ ਪ੍ਰਸ਼ੰਸਾ ਕਰ ਕੇ ਆਪਣੀ ਆਰਥਿਕ ਭੁੱਖ ਪੂਰੀ ਕਰ ਲੈਂਦੇ ਸਨ ਅਤੇ ਰਾਜਾ ਵੀ ਖੁਸ਼ ਹੋ ਜਾਂਦਾ ਸੀ। ਜਿਵੇਂ ਪੁਰਾਣੇ ਸਮੇਂ ਵਿਚ ਗੁਨਾਢਿਆ ਨਾਮ ਦਾ ਲਿਖਾਰੀ ਹੋਇਆ, ਜਿਸ ਨੇ ਬੜਕਹਾ ਨਾਮ ਦੀ ਪ੍ਰਕ੍ਰਿਤ ਰਚਨਾ ਰਾਜੇ ਨੂੰ ਪੇਸ਼ ਕੀਤੀ ਪਰ ਉਸ ਵੇਲੇ ਦੇ ਰਾਜੇ ਨੇ ਇਹ ਕਹਿ ਕੇ ਠੁਕਰਾ ਦਿੱਤੀ ਕਿ ਇਹ ਰਚਨਾ ਜੇਕਰ ਸੰਸਕ੍ਰਿਤ ਵਿਚ ਹੁੰਦੀ ਤਾਂ ਕਾਫੀ ਚੰਗਾ ਹੁੰਦਾ। ਇਸ ਗੁਸਤਾਖੀ ਤੋਂ ਨਾਰਾਜ਼ ਹੋ ਕੇ ਗੁਨਾਢਿਆ ਨੂੰ ਰਾਜ ਦਰਬਾਰ ਤੋਂ ਬਾਹਰ ਕੱਢ ਦਿੱਤਾ ਅਤੇ ਰਾਜੇ ਨੇ ਇਸ ਲਿਖਾਰੀ ਦਾ ਕੋਈ ਮੁੱਲ ਨਹੀਂ ਪਾਇਆ। ਜੇਕਰ ਉਸ ਦੀ ਲਿਖਤ ਦਾ ਮੁੱਲ ਪੈਂਦਾ ਤਾਂ ਉਸ ਜ਼ਮਾਨੇ ਦੀ ਕਾਫੀ ਜਾਣਕਾਰੀ ਮਿਲਣੀ ਸੀ। ਅਸੀਂ ਉਸ ਜਾਣਕਾਰੀ ਤੋਂ ਵਾਂਝੇ ਰਹਿ ਗਏ। ਸੰਸਕ੍ਰਿਤ ਵਿਦਵਾਨਾਂ ਨੇ ਗੁਨਾਢਿਆ ਦੀ ਬ੍ਰਿਧਕਥਾ ਦਾ ਉਲੱਥਾ ਕਰਕੇ ਇਸ ਦਾ ਇੰਤਕਾਲ ਆਪਣੇ ਨਾਮ ਕਰਵਾ ਲਿਆ, ਜਿਸ ਦਾ ਲਾਭ ਸੰਸਕ੍ਰਿਤ ਪਾੜ੍ਹੇ ਉਠਾ ਰਹੇ ਹਨ। ਹਿੰਦੂ ਤੁਰਕਾਂ ਨੇ ਟਾਕਰੀ ਦੀ ਵਰਤੋਂ ਕੀਤੀ। ਅਲਬਰੂਨੀ ਆਪਣੀ ਕਿਤਾਬ "ਕਿਤਾਬ-ਅਲ-ਹਿੰਦ" ਅਰਬੀ ਵਿਚ ਕਨਿਕ ਅਤੇ ਸੰਸਕ੍ਰਿਤ ਵਿਚ ਕਨਿਸ਼ਕ ਦੱਸਦਾ ਹੈ। ਕਨਿਸ਼ਕ ਅਤੇ ਉਸ ਦੇ ਵਾਰਸਾਂ ਨੇ 700 ਸਾਲ ਕਾਬਲ 'ਤੇ ਰਾਜ ਕੀਤਾ। ਕਨਿਸ਼ਕ ਦੇ ਆਖਰੀ ਵਾਰਸ ਲਗਾਤੁਰਮਾਨ ਸੀ ਅਤੇ ਕਲਰ ਬ੍ਰਾਹਮਣ ਜਾਤੀ ਦਾ ਉਸ ਦਾ ਵਜ਼ੀਰ ਸੀ ਜਿਸ ਨੇ ਰਾਜੇ ਦਾ ਫਾਹਾ ਹੀ ਵੱਢ ਦਿੱਤਾ ਅਤੇ ਰਾਜ 'ਤੇ ਮੁਕੰਮਲ ਕਬਜ਼ਾ ਕਰ ਲਿਆ। ਇਸ ਤਰ੍ਹਾਂ ਇਹ ਆਪਣੇ ਆਪ ਨੂੰ ਪ੍ਰਭੂਸਤਾ ਸੰਪੰਨ ਰਾਜਾ ਕਹਾਉਣ ਲਗਾ। ਬੋਧੀ ਤੁਰਕ ਆਪਣੇ ਆਪ ਨੂੰ ਸ਼ਾਹੀ ਅਖਵਾਉਣ ਲੱਗੇ। ਉਦੋਂ ਤੋਂ ਹੀ ਸ਼ੱਕ ਹਿੰਦੂ ਧਰਮ ਵਿਚ ਬਦਲਣਾ ਸ਼ੁਰੂ ਹੋ ਗਏ। ਇਸ ਤਰ੍ਹਾਂ ਇਹ ਰਾਜਿਆਂ ਨੇ ਆਪਣਾ ਲਕਬ ਸ਼ਾਹੀ ਧਾਰਨ ਕੀਤਾ, ਲਿਪੀ ਟਾਕਰੀ ਹੀ ਰੱਖੀ ਅਤੇ ਬੋਲੀ ਸੰਸਕ੍ਰਿਤ ਨੂੰ ਹੀ ਰਾਜ ਦਾ ਵਸੀਲਾ ਬਣਾਇਆ।

ਮਹਿਮੂਦ ਗਜ਼ਨਵੀ ਨੇ ਇਨ੍ਹਾਂ ਸ਼ਾਹੀ ਹਿੰਦੂ ਰਾਜਿਆਂ ਨੂੰ ਹਰਾ ਕੇ ਰਾਜ 'ਤੇ ਕਬਜ਼ਾ ਕਰਕੇ ਆਪਣੀ ਸਲਤਨਤ ਵਿਚ ਮਿਲਾ ਲਿਆ। ਮਹਿਮੂਦ ਗਜ਼ਨਵੀ ਵੀ ਤੁਰਕ ਨਸਲ ਅਤੇ ਧਰਮ ਇਸਲਾਮ ਵਿਚ ਕਨਵਰਟ ਹੋ ਗਿਆ ਸੀ। ਇਸ ਨੇ ਵੀ ਆਪਣੇ ਧਰਮ ਇਸਲਾਮ ਅਤੇ ਬੋਲੀ ਫਾਰਸੀ ਨੂੰ ਹੀ ਸਰਕਾਰੀ ਦਰਜਾ ਦਿੱਤਾ। ਜਿਹੜਾ ਪਹਿਲਾ ਸਿੱਕਾ ਜਾਰੀ ਕੀਤਾ ਉਹ ਟਾਕਰੀ ਅੱਖਰ ਅਤੇ ਸੰਸਕ੍ਰਿਤ ਵਿਚ ਸੀ। ਇਸ ਦਾ ਜ਼ਿਕਰ ਜੀ.ਬੀ ਸਿੰਘ ਆਪਣੀ ਕਿਤਾਬ ਵਿਚ ਕਰਦਾ ਹੈ ਕਿ ਇਹ ਸਿੱਕਾ ਯੂ.ਕੇ. ਦੇ ਮਿਊਜ਼ੀਅਮ ਵਿਚ ਦੇਖ ਸਕਦੇ ਹਾਂ।

ਅਲਬਰੂਨੀ ਨਾਂ ਦੇ ਵਿਦਵਾਨ ਨੇ ਇਸੇ ਬਾਦਸ਼ਾਹ ਦੀ ਮਦਦ ਨਾਲ ਕਾਫੀ ਖੋਜ ਦਾ ਕੰਮ ਕੀਤਾ ਅਤੇ ਇੱਥੇ ਸੰਸਕ੍ਰਿਤ ਬੋਲੀ ਵੀ ਸਿੱਖੀ। ਇਸ ਤਰ੍ਹਾਂ ਇਸ ਨੇ ਸੰਸਕ੍ਰਿਤ ਕਿਤਾਬਾਂ ਦਾ ਅਰਬੀ ਵਿਚ ਉਲੱਥਾ ਕੀਤਾ। ਅਲਬਰੂਨੀ ਨੇ ਆਪਣੀਆਂ ਕਿਤਾਬਾਂ ਵਿਚ ਕਈ ਹਿੰਦੂ ਰਾਜਿਆਂ ਦਾ ਜ਼ਿਕਰ ਕੀਤਾ ਜਿਵੇਂ ਸਮੰਦ, ਕਮਲ, ਭੀਮ ਜੈਪਾਲ, ਅਨੰਦਪਾਲ, ਤ੍ਰਿਲੋਚਨ ਪਾਲ ਜਿਹੜਾ ਪਿੱਛੋਂ ਮਾਰਿਆ ਗਿਆ ਅਤੇ ਫਿਰ ਪੰਜ ਸਾਲ ਮਗਰੋਂ ਉਸ ਦਾ ਮੁੰਡਾ ਵੀ ਮਾਰਿਆ ਗਿਆ ਅਤੇ ਇਸ ਤਰ੍ਹਾਂ ਉਸ ਦਾ ਖਾਨਦਾਨ ਖਤਮ ਹੋ ਗਿਆ।

ਚੱਚ ਬ੍ਰਾਹਮਣ ਨੇ ਰਾਏ ਸਹਸੀ ਦੂਜਾ ਦੇ ਮਰਨ ਪਿੱਛੋਂ ਉਸ ਦੀ ਰਾਣੀ ਸੋਭੀ ਨੂੰ ਵਿਆਹ ਕੇ ਹਕੂਮਤ ਤੇ ਕਬਜ਼ਾ ਪੱਕਾ ਕੀਤਾ। ਬੇ-ਸ਼ੱਕ

*(ਬਾਕੀ ਸਫਾ 26 'ਤੇ)*

# ਸ਼ਰਬਤ ਜਿਹਾਦ

## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

'ਮੁਸਲਮਾਨ ਬਹੁਤ ਸ਼ਰਾਰਤੀ ਤੇ ਖ਼ਤਰਨਾਕ ਲੋਕ ਹਨ, ਦੁਨੀਆ ਭਰ ਵਿਚ ਕੋਈ ਨਾ ਕੋਈ ਗੜਬੜ ਕਰੀ ਰੱਖਦੇ ਹਨ। ਭਾਰਤ ਵੱਡਾ ਸ਼ਾਂਤਮਈ ਦੇਸ਼ ਹੈ, ਏਥੋਂ ਦੇ ਧਰਮ, ਸ਼ਾਂਤੀ ਤੇ ਅਹਿੰਸਾ ਦੀਆਂ ਕਦਰਾਂ-ਕੀਮਤਾਂ ਨਾਲ ਓਤ-ਪੋਤ ਹਨ। ਪਰ ਇਹ ਮੁਗਲਾਂ ਦੀ ਔਲਾਦ ਪੁਰਅਮਨ ਹਿੰਦੂਆਂ, ਨਾ ਸੱਚ ਭਾਰਤੀਆਂ ਨੂੰ ਜੀਉਣ ਹੀਂ ਨਹੀਂ ਦਿੰਦੀ। ਪਿਛਲੇ ਦਸ ਗਿਆਰਾਂ ਸਾਲਾਂ 'ਤੋਂ ਜਦੋਂ ਦੇ ਸ਼ਾਂਤੀ ਦੇ ਪੁੰਜ, ਸਰਬੱਤ ਦੇ ਖੈਰਖਵਾਹ, ਵਿਸ਼ਵਗੁਰੂ, ਭਗਵਾਨ ਸਰੂਪ ਸਾਡੇ ਮੋਦੀ ਜੀ ਨੇ ਦੇਸ਼ ਦੀ ਵਾਗਡੋਰ ਸੰਭਾਲੀ ਹੈ, ਇਹ ਹਰਾਮੀ ਕੋਈ ਨਾ ਕੋਈ ਜਿਹਾਦ ਖੜਾ ਕਰ ਦਿੰਦੇ ਹਨ, ਜਿਹਾਦ ਇਨ੍ਹਾਂ ਦੇ ਹੱਡਾਂ ਵਿਚ ਰਚਿਆ ਹੋਇਆ ਹੈ। ਇਨ੍ਹਾਂ ਪਹਿਲਾਂ ਲਵ ਜਿਹਾਦ, ਫਿਰ ਵੋਟ ਜਿਹਾਦ ਤੇ ਫਿਰ ਲੈਂਡ ਜਿਹਾਦ ਛੇੜ ਕੇ ਦੇਸ਼ ਦਾ ਹਿੰਦੂ ਢਾਂਚਾ ਅਤੇ ਅਮਨ ਕਾਨੂੰਨ ਵਿਗਾੜਿਆ।' ਮੁਸਲਮਾਨਾਂ ਦੇ ਕਿਰਦਾਰ ਬਾਰੇ ਅਜਿਹਾ ਪਰਚਾਰ ਭਾਰਤ ਵਿਚ ਨਿੱਤ ਧੁਮ-ਧੜੱਕੇ ਨਾਲ ਪਰਚਾਰਿਆ ਜਾਂਦਾ ਹੈ। ਅੱਜ ਕਲ੍ਹ ਭਾਰਤ ਦੀ ਅਦੁੱਤੀ ਪ੍ਰਾਪਤੀ ਯਾਨੀ ਯੋਗਾ ਨੂੰ ਦੁਨੀਆ ਭਰ ਵਿਚ ਹਰਮਨਪਿਆਰਾ ਬਣਾਉਣ ਵਾਲੇ, ਆਯੁਰਵੇਦ ਦੇ ਵੱਡੇ ਆਲੰਬਰਦਾਰ, ਪਤੰਜਲੀ ਕਾਰਪੋਰੇਟ ਦੇ ਅਰਬਾਂਪਤੀ ਮਾਲਕ ਬਾਬਾ ਰਾਮਦੇਵ ਜੀ ਨੇ ਮੁਸਲਮਾਨਾਂ ਵਲੋਂ ਛੇੜੇ ਗੁਝੇ 'ਸ਼ਰਬਤ ਜਿਹਾਦ' ਦਾ ਪਰਦਾਫਾਸ਼ ਕੀਤਾ ਹੈ। ਭਾਰਤੀਆਂ ਨੂੰ ਇੱਕ ਸਦੀ ਤੋਂ ਵੀ ਵੱਧ ਸਮੇਂ 'ਤੋਂ ਇਹ ਮਾਲੂਮ ਹੀ ਨਹੀਂ ਹੋਇਆ ਕਿ ਜਿਹਾਦੀਆਂ ਨੇ ਉਨ੍ਹਾਂ ਨੂੰ ਰੂਹ ਅਫ਼ਜ਼ਾ ਨਾਂ ਦਾ ਸ਼ਰਬਤ ਪਿਲਾ-ਪਿਲਾ ਕੇ ਉਨ੍ਹਾਂ ਦੀਆਂ ਰੂਹਾਂ ਵਿਚ ਅਛੋਪਲੇ ਹੀ ਮਲੇਛਪੁਣਾ, ਦੇਸ਼-ਧਰੋਹ ਅਤੇ ਸ਼ਰਾਰਤ ਦੇ ਗੁਣ ਫੂਕ ਦਿੱਤੇ ਹਨ। ਤੁਸੀਂ ਜੋ ਇੱਕ ਘੁਟ ਵੀ ਰੂਹ ਅਫਜ਼ਾ ਦਾ ਪੀਂਦੇ ਹੋ, ਇਸ ਨਾਲ ਇਸ ਵਿਚ ਪਾਈਆਂ ਸ਼ੈਤਾਨੀ ਜੜੀ ਬੂਟੀਆਂ ਨਾਲ ਤੁਹਾਡੀ ਪਿਆਸ ਕੋਈ ਨਹੀਂ ਬੁਝਦੀ, ਬਲਕਿ ਦੁਨੀਆਂ ਭਰ ਵਿਚ ਇਸਲਾਮ ਫੈਲਾਉਣ ਲਈ ਮਦਰਸੇ ਮਸਜਿਦਾਂ ਉਸਾਰਨ ਦਾ ਢੋਅ ਬਣਦਾ ਹੈ। ਪਰ ਪਰੇਸ਼ਾਨ ਹੋਣ ਦੀ ਲੋੜ ਨਹੀਂ, ਸਨਾਤਨ ਭਗਤ, ਦੇਸ਼ ਭਗਤ, ਮਹਾਂਯੋਗੀ ਜੀ ਨੇ ਇਸ ਸ਼ੈਤਾਨੀ ਮਸ਼ਰੂਬ ਤੋਂ ਮੁਕਤੀ ਦਾ ਕਾਰਗਰ ਮਹੁਰਾ ਕਢ ਮਾਰਿਆ ਹੈ, ਯਾਨੀ 'ਗੁਲਾਬ ਸ਼ਰਬਤ' ਜਿਸ ਵਿਚ ਕੋਹ ਹਿਮਾਲਾ ਦੀਆਂ ਪਵਿੱਤਰ ਜੜੀ-ਬੂਟੀਆਂ ਮਿਲਾਈਆਂ ਗਈਆਂ ਹਨ। ਇਸ ਠੰਡੀ ਤਾਸੀਰ ਵਾਲੇ ਸ਼ਰਬਤ ਦੀ ਬੂੰਦ-ਬੂੰਦ ਦਾ ਸੇਵਣ ਨਾ ਸਿਰਫ਼ ਸਰੀਰਕ ਪਿਆਸ ਬਲਕਿ ਆਤਮਿਕ ਸ਼ਾਂਤੀ, ਸਗੋਂ ਵਿਸ਼ਵ ਸ਼ਾਂਤੀ ਦੇ ਦਰ ਖੋਲ੍ਹੇਗੀ। ਇਸ 'ਤੋਂ ਹਾਸਿਲ ਮਾਇਆ ਦੇਸ਼ ਵਿਚ ਗੁਰੂਕੁਲਾਂ, ਅਚਾਰੀਆ ਕੁਲਮ, ਪਤੰਜਲੀ ਯੂਨੀਵਰਸਿਟੀ ਅਤੇ ਭਾਰਤੀ ਸਿਖਿਆ ਬੋਰਡ ਦੀ ਉਸਾਰੀ ਲਈ ਵਰਤੀ ਜਾਵੇਗੀ।

ਹੁਣ ਤੱਕ ਸਭ ਨੂੰ ਪਤਾ ਲੱਗ ਚੁੱਕਾ ਹੋਵੇਗਾ ਕਿ ਬਾਬਾ ਰਾਮਦੇਵ ਨੇ ਆਪਣੀ ਪਤੰਜਲੀ ਕੰਪਨੀ ਵਲੋਂ ਬਣਾਏ ਗੁਲਾਬ ਸ਼ਰਬਤ ਦਾ ਉਦਘਾਟਨ ਕਰਦਿਆਂ ਕਿਸ ਤਰਾਂ ਦੇਸ਼-ਦੇਸ਼ਾਂਤਰ ਵਿਚ ਮਸ਼ਹੂਰ ਰੂਹ ਅਫ਼ਜ਼ਾ ਨਾਮੀ ਸ਼ਰਬਤ ਦੀ ਫਿਰਕੂ ਸ਼ਬਦਾਂ ਨਾਲ ਭੰਡੀ ਕੀਤੀ। ਬਟਵਾਰੇ ਦੇ ਦਿਨਾਂ ਤੱਕ ਹਿੰਦੂ ਪਾਣੀ ਮੁਸਲਮਾਨ ਪਾਣੀ ਸੁਣਿਆ ਜਾਂਦਾ ਸੀ, ਬਾਬੇ ਨੇ 'ਹਿੰਦੂ ਸ਼ਰਬਤ ਮੁਸਲਮਾਨ ਸ਼ਰਬਤ' ਕਰ ਕੇ ਇਸ ਨੂੰ ਨਾ ਸਿਰਫ਼ ਪੁਨਰ-ਸੁਰਜੀਤ ਕੀਤਾ ਬਲਕਿ ਹੋਰ ਉਚਾਈਆਂ 'ਤੇ ਪਹੁੰਚਾ ਦਿੱਤਾ ਹੈ। ਇਸ ਪ੍ਰਸੰਗ ਵਿਚ ਬਾਬੇ ਵਲੋਂ ਬਦਨਾਮ ਕੀਤੇ ਜਾ ਰਹੇ ਰੂਹ ਅਫਜ਼ਾ ਦਾ ਥੋੜਾ ਇਤਿਹਾਸ ਜਾਣ ਲਈਏ। ਇਸ ਸ਼ਰਬਤ ਦੀ ਸ਼ੁਰੂਆਤ 1906 ਵਿਚ ਦਿੱਲੀ ਵਿਚ ਸਮਰਪਿਤ ਹਕੀਮ, ਸਮਾਜ ਸੇਵੀ ਅਤੇ ਦੇਸ਼ ਭਗਤ ਹਮਦਰਦ ਕੰਪਨੀ ਦੇ ਸੰਸਥਾਪਕ ਹਕੀਮ ਹਾਫਿਜ਼ ਅਬਦੁਲ ਮਜੀਦ ਵਲੋਂ ਕੀਤੀ ਗਈ। ਇਸ ਵਿਚ ਯੁਨਾਨੀ ਤਬੀਬ ਪ੍ਰਣਾਲੀ ਅਨੁਸਾਰ ਠੰਡਕ ਪਹੁੰਚਾਉਣ ਵਾਲੇ ਗੁਲਾਬ ਤੋਂ ਇਲਾਵਾ ਅਨੇਕਾਂ ਫਲ-ਫਰੂਟ ਅਤੇ ਜੜੀ ਬੂਟੀਆਂ ਮਿਲਾ ਕੇ ਇਹ ਸ਼ਰਬਤ ਬਣਾਇਆ ਗਿਆ। ਰੂਹ ਅਫਜ਼ਾ ਦਾ ਮਤਲਬ ਹੈ ਰੂਹ ਨੂੰ ਤਾਜ਼ਗੀ ਦੇਣ ਵਾਲਾ। ਭਾਰਤ ਪਾਕਿਸਤਾਨ ਤੇ ਬੰਗਲਾ ਦੇਸ਼ ਵਿਚ ਸਥਿਤ ਹਮਦਰਦ ਕੰਪਨੀਆਂ ਵਲੋਂ ਇਹ ਬਣਾਇਆ ਜਾਂਦਾ ਹੈ। ਇਹ ਕੰਪਨੀ ਵਕ਼ਫ ਸਮਰਪਿੜ਼ ਹੈ ਅਰਥਾਤ ਇਸ ਤੋਂ ਪ੍ਰਾਪਤ ਆਮਦਨੀ ਲੋਕ ਭਲਾਈ ਲਈ ਵਰਤੀ ਜਾਂਦੀ ਹੈ।

ਬਾਬਾ ਰਾਮਦੇਵ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਰੂਹ ਅਫਜ਼ਾ ਨੂੰ ਕਾਟ ਕਰਨ ਵਾਲੇ ਉਸ ਵਲੋਂ ਨਿਰਮਿਤ ਸ਼ਾਂਤੀ-ਪ੍ਰਦਾਤਾ, ਮੁਕਤੀ-ਪ੍ਰਦਾਤਾ ਪੇਅ ਦਾ ਨਾਂ 'ਗੁਲਾਬ ਸ਼ਰਬਤ'



ਰੱਖ ਕੇ ਉਸ ਨੇ ਖੁਦ ਵੀ ਅਚੇਤ ਹੀ ਇਸਲਾਮ ਨੂੰ ਉਤਸ਼ਾਹਤ ਕੀਤਾ ਹੈ, ਕਿਉਂਕਿ ਗੁਲਾਬ ਸ਼ਰਬਤ ਦੇ ਦੋਨੋਂ ਸ਼ਬਦ ਮੁਸਲਮਾਨੀ ਜ਼ਬਾਨ ਯਾਨੀ ਫਾਰਸੀ-ਅਰਬੀ ਦੇ ਹਨ। ਇਸ ਬਹਾਨੇ ਅੱਜ ਸ਼ਰਬਤ ਅਤੇ ਇਸ ਨਾਲ ਸਬੰਧਤ ਹੋਰ ਸ਼ਬਦਾਂ ਦੀ ਚਰਚਾ ਕਰ ਲੈਂਦੇ ਹਾਂ। ਗੁਲਾਬ ਸ਼ਬਦ ਬਾਰੇ ਬਹੁਤ ਪਹਿਲਾਂ ਲਿਖ ਚੁੱਕੇ ਹਾਂ।

ਦਰਅਸਲ 'ਸ਼ਰਬਤ' ਸ਼ਬਦ ਦਾ 'ਸ਼ਰਾਬ' ਨਾਲ ਗਹਿਰਾ ਖ਼ੂਨੀ ਸਬੰਧ ਹੈ, ਇਸ ਲਈ ਸ਼ਰਾਬ ਤੋਂ ਹੀ ਸਾਰੀ ਗੱਲ ਸ਼ੁਰੂ ਕਰਨੀ ਚਾਹੁੰਦਾ ਹਾਂ ਤੇ ਨਸ਼ੇ-ਨਸ਼ੇ ਵਿਚ ਸ਼ਰਬਤ 'ਤੇ ਪਹੁੰਚਾਂਗੇ। ਢੇਰ ਸਮਾਂ ਪਹਿਲਾਂ ਕਿਸੇ ਸ਼ਰਾਬ-ਵਿਰੋਧੀ ਪ੍ਰਚਾਰਕ ਨੇ ਇਸ ਦੀ ਝੂਠੀ ਵਿਉਤਪਤੀ ਇਸ ਤਰ੍ਹਾਂ ਕਰ ਦਿੱਤੀ, 'ਸ਼ਰਾਬ ਸ਼ਬਦ ਬਣਦਾ ਹੈ, 'ਸ਼ਰ+ਆਬ' ਤੋਂ। ਇਸ ਵਿਚ ਸ਼ਰ ਦਾ ਅਰਥ ਸ਼ਰਾਰਤ ਅਤੇ ਆਬ ਦਾ ਅਰਥ ਪਾਣੀ ਹੈ, ਮਤਲਬ ਅਜਿਹੀ ਚੀਜ਼ ਜਿਸ ਦੇ ਪੀਣ ਨਾਲ ਸ਼ਰਾਰਤ ਸੁਝਦੀ ਹੋਵੇ'। ਫਿਰ ਕੀ ਸੀ, ਸ਼ਰਾਬ ਦੇ ਨਿੰਦਕਾਂ ਨੂੰ ਇਸ ਦੇ ਖਿਲਾਫ ਭੰਡੀ ਪ੍ਰਚਾਰ ਕਰਨ ਲਈ ਖੂਬ ਦਲੀਲ ਲੱਭ ਪਈ। ਅਕਸਰ ਸੰਤ ਮਹਾਤਮਾ ਵੀ ਆਪਣੇ ਸ਼ਰਾਬੀ ਭਗਤਾਂ ਨੂੰ ਇਹ ਲੱਤ ਛੱਡਣ ਦੀ ਸਿਖਿਆ ਦਿੰਦਿਆ ਕਹਿ ਦਿੰਦੇ ਹਨ, 'ਸ਼ਰਾਬ ਦਾ ਨਸ਼ਾ ਸਭ ਬੁਰਾਈਆਂ ਦੀ ਜੜ੍ਹ ਹੈ। ਸ਼ਰ+ਆਬ, ਭਾਵ ਸ਼ਰਾਰਤ ਦਾ ਪਾਣੀ ਜਿਸ ਦੇ ਅੰਦਰ ਚਲੇ ਜਾਂਦਾ ਹੈ, ਇਹ ਹੋਰ ਭੈੜੀਆਂ ਵਾਦੀਆਂ ਨੂੰ 'ਵਾਜਾਂ ਮਾਰਨ ਲੱਗ ਪੈਂਦਾ ਹੈ।' ਕੁਝ ਲੋਕ ਤਾਂ ਇਸ ਨੂੰ ਸ਼ਰਾਬ ਦੇ ਅਰਥਾਂ ਵਾਲੇ ਸੁਰਾ ਸ਼ਬਦ ਨਾਲ ਵੀ ਜੋੜ ਦਿੰਦੇ ਹਨ। ਇਸ ਮਸਲੇ ਨਾਲ ਅੱਗੇ ਜਾ ਕੇ ਸਿਝਦੇ ਹਾਂ।

ਸ਼ਰਾਬ ਹਜ਼ਾਰਾਂ ਸਾਲਾਂ ਤੋਂ ਭਿੰਨ-ਭਿੰਨ ਸੱਭਿਅਤਾਵਾਂ ਵਿਚ ਪੀਤੀ ਜਾਂਦੀ ਰਹੀ ਹੈ। ਹਰ ਸੱਭਿਅਤਾ ਨੇ ਇਸ ਦੇ ਸਾਕਾਰਾਤਮਕ ਅਤੇ ਨਾਕਾਰਾਤਮਕ ਪਹਿਲੂਆਂ ਨੂੰ ਨੋਟ ਕੀਤਾ ਹੈ। ਇਸ ਦੀ ਦਵਾਈ ਵਜੋਂ ਵਰਤੋਂ ਦੀ ਸਿਫਾਰਿਸ਼ ਵੀ ਕੀਤੀ ਹੈ ਤੇ ਮੌਜ ਮਸਤੀ ਲਈ ਵੀ, ਪਰ ਸੰਜਮ ਵਿਚ ਰਹਿ ਕੇ। ਧਰਮਾਂ ਦਾ ਇਸ ਪ੍ਰਤੀ ਵਤੀਰਾ ਵੀ ਵਿਰੋਧਾਭਾਸ ਵਾਲਾ ਰਿਹਾ ਹੈ। ਇਸਲਾਮ ਵਿਚ ਸ਼ਰਾਬ ਪੀਣ ਦੀ ਮਨਾਹੀ ਹੈ ਕਿਉਂਕਿ ਇਸ ਦਾ ਨਸ਼ਾ ਧਰਮ-ਕਰਮ ਵਿਚ ਵਿਘਨ ਪਾਉਂਦਾ ਹੈ। ਪਰ ਸੂਫੀ ਧਾਰਾ ਨੇ ਇਸ ਦੀ ਪਰਵਾਹ ਨਹੀਂ ਕੀਤੀ। ਬੁੱਲ੍ਹੇ ਸ਼ਾਹ ਤਾਂ ਇਥੋਂ ਤੱਕ ਕਹਿ ਚੁਕਾ ਹੈ, 'ਬੁੱਲ੍ਹਿਆ ਪੀ ਸ਼ਰਾਬ ਤੇ ਖਾਹ ਕਬਾਬ, ਹੇਠ ਬਾਲ ਹੱਡਾਂ ਦੀ ਅੱਗ।' ਫਾਰਸੀ, ਉਰਦੂ ਸ਼ਾਇਰੀ ਸ਼ਰਾਬ ਨਾਲ ਸ਼ਰਾਬੋਰ ਹੈ। ਪੰਜਾਬੀ ਕਵਿਤਾ ਵੀ ਘਟ ਨਹੀਂ। ਵਾਰਿਸ ਸ਼ਾਹ ਹੀਰ ਦੇ ਹੁਸਨ ਦੀ ਤਾਰੀਫ ਕਰਦਾ ਕਹਿੰਦਾ ਹੈ,

ਕੇਹੀ ਹੀਰ ਦੀ ਕਰੇ ਤਾਰੀਫ ਸ਼ਾਇਰ
ਮੱਥੇ ਚਮਕਦਾ ਹੁਸਨ ਮਹਿਤਾਬ ਦਾ ਜੀ।
ਖ਼ੂਨੀ ਚੂੰਡੀਆਂ ਰਾਤ ਜਿਉ ਚੰਨ ਦਵਾਲੇ
ਸੂਰਖ ਰੰਗ ਜਿਉਂ ਰੰਗ ਸ਼ਰਾਬ ਦਾ ਜੀ।...

ਜੰਗ ਵਿਚ ਬਹਾਦਰੀ ਜਗਾਉਣ ਲਈ ਸ਼ਰਾਬ ਜ਼ਰੂਰੀ ਹੁੰਦੀ ਹੈ:

ਦਾਰੂ ਵੰਡਿਆ ਜੰਗੀਆਂ ਸੂਰਿਆਂ ਨੂੰ
ਦੋ ਦੋ ਬੋਤਲਾਂ ਕੈਫ ਖੁਮਾਰ ਮੀਆਂ।
ਸ਼ਾਹ ਮੁਹੰਮਦਾ ਪੀ ਸ਼ਰਾਬ ਗੋਰੇ
ਹੋਏ ਜੰਗ ਨੂੰ ਤੁਰਤ ਤਿਆਰ ਮੀਆਂ।

ਪੰਜਾਬੀ ਭਾਸ਼ਾ ਵਿਚ ਵੀ ਸ਼ਰਾਬ ਨੇ ਰੰਗ ਲਿਆਂਦੇ ਹਨ। ਰਿੰਦ, ਜ਼ਾਹਿਦ, ਸਾਕੀ, ਜਾਮ, ਸਾਗਰ, ਨੁਕਲ, ਸ਼ਰਾਬਖੋਰੀ, ਸ਼ਰਾਬਨੋਸ਼ੀ, ਮਹਿਫਿਲ, ਸ਼ਰਾਬਖਾਨਾ, ਮੈਖਾਨਾ, ਸੋਫੀ ਆਦਿ ਲਫਜ਼ ਸ਼ਰਾਬ ਬਿਨਾ ਕਿੱਥੋਂ ਆਉਣੇ ਸੀ! ਫਿਰ ਹੋਰ ਕਈ ਸ਼ਬਦ ਤੇ ਉਕਤੀਆਂ ਜਿਵੇਂ ਹਾਤਾ, ਠੇਕਾ, ਪਿਆਲਾ, ਬੋਤਲ, ਮੱਟ, ਪੀਣੀ, ਗਲਾਸੀ, ਚੱਕੋ ਚੱਕੋ, ਛਿੱਟ ਛਿੱਟ ਆਦਿ ਸ਼ਰਾਬ ਦੇ ਲਾਗੇ ਨਾਲ ਸ਼ਰਾਬੀ ਹੀ ਹੋ ਗਏ ਹਨ। ਲੂਣ, ਅਚਾਰ, ਗੰਢਿਆਂ ਅਤੇ ਸਾਈਕਲ ਦੀ ਘੰਟੀ ਦੇ ਨਵੇਂ ਉਪਯੋਗ ਸਾਹਮਣੇ ਆਏ। ਯੂਨੀਵਰਸਿਟੀ ਦੇ ਸਾਡੇ ਸਹਿਕਰਮੀ ਸਾਨੂੰ ਸ਼ਰਾਬ ਪੀਣੇ ਆਖਦੇ ਪਰ ਆਪ ਸ਼ਾਮ ਨੂੰ ਪੰਦਰਾਂ ਸੈਕਟਰ ਦੀ ਮਾਰਕਿਟ ਸਣਮਲਾਈ ਦੁੱਧ ਵਿਚ ਜਲੇਬੀਆਂ ਡੁਬੋ-ਡੁਬੋ ਖਾਂਦੇ ਸਨ। ਮਿੱਠਾ ਤੇ ਕੌੜਾ ਇੱਕੋ ਸਿੱਕੇ ਦੇ ਦੋ ਪਾਸੇ ਹਨ ਬਲਕਿ ਦੋ ਸਿੱਕਿਆਂ ਦਾ ਇੱਕੋ ਪਾਸਾ ਹਨ।

ਸ਼ਰਾਬ ਬੁਨਿਆਦੀ ਤੌਰ 'ਤੇ ਅਰਬੀ ਦਾ ਸ਼ਬਦ ਹੈ। ਸ਼ਰਾਬ ਦੀ ਮਨਘੜੰਤ ਵਿਉਤਪਤੀ ਵਿਚ ਵਰਣਨ ਕੀਤਾ ਸ਼ਰਾਰਤ ਸ਼ਬਦ ਵੀ ਅਰਬੀ ਦਾ ਹੀ ਹੈ ਪਰ ਇਸ ਦਾ ਬੁਰਾਈ ਨਾਲ ਸਬੰਧ ਹੈ, ਤਥਾ ਕਥਿਤ 'ਬੁਰਾਈ ਦੀ ਜੜ੍ਹ' ਨਾਲ ਨਹੀਂ। ਸ਼ਰਾਬ ਸ਼ਬਦ ਸਾਡੇ ਕੋਲ ਫਾਰਸੀ ਰਾਹੀਂ ਆਇਆ। ਸਾਡੇ ਪੁਰਾਣੇ ਸ਼ਬਦ ਮਦ, ਮਦਿਰਾ ਜਾਂ ਸੁਰਾ ਹਨ, ਜਿਨ੍ਹਾਂ ਦਾ ਗੁਰਬਾਣੀ ਵਿਚ ਵੀ ਉਲੇਖ ਹੈ, ਪਰ ਅੱਜ ਸ਼ਰਾਬ ਦੇ ਦੌਰ ਹੀ ਚਲਦੇ ਹਨ, ਮਦ/ਮਦਿਰਾ/ਸੁਰਾ ਨਹੀਂ ਵਰਤਾਈ ਜਾਂਦੀ। ਸ਼ਰਾਬ ਮੁਢਲੇ ਤੌਰ 'ਤੇ ਅਰਬੀ ਦਾ ਸ਼ਬਦ ਹੈ ਜੋ ਬਣਦਾ ਹੈ, ਸ਼ਰਬ (ਸ਼ੀਨ ਨੂਨ ਦਾਲ) ਤੋਂ ਜਿਸ ਵਿਚ (ਕੁਝ ਵੀ) ਪੀਣ ਦਾ ਭਾਵ ਹੈ। ਗ਼ੌਰਤਲਬ ਹੈ ਕਿ 'ਸ਼ਰਬ' ਇੱਕ ਸਮੱਗਰ, ਅਟੁੱਟ ਸ਼ਬਦ ਹੈ, ਦੋ ਸ਼ਬਦਾਂ ਦਾ ਸਮਾਸ ਨਹੀਂ। ਅਰਬੀ 'ਸ਼ਰਿਬਹ' ਦਾ ਅਰਥ ਪੀਣਾ ਹੈ। ਇਸ ਦਾ ਭਾਵ ਸਿਗਰਟ, ਹੁੱਕਾ ਪੀਣਾ ਵੀ ਹੈ।

ਕੁਝ ਹੋਰ ਅਰਥ ਹਨ: ਪਿਲਾਉਣਾ, ਤ੍ਰਿਪਤ ਕਰਨਾ, ਗੜੁੱਚ ਕਰਨਾ। ਅਰਬੀ ਸ਼ਰਿਬ ਦੀ ਤਰ੍ਹਾਂ ਪੰਜਾਬੀ 'ਪੀਣਾ' ਅਤੇ ਅੰਗਰੇਜ਼ੀ 'ਡਰਿੰਕ' ਦਾ ਵੀ ਵਿਸ਼ੇਸ਼ੀਕ੍ਰਿਤ ਅਰਥ ਸ਼ਰਾਬ ਪੀਣਾ ਹੀ ਹੈ। ਨਾਂਵ ਦੇ ਤੌਰ 'ਤੇ ਤਾਂ ਅੰਗਰੇਜ਼ੀ ਡਰਿੰਕ ਦਾ ਅਰਥ ਵੀ ਸ਼ਰਾਬ ਜਾਂ ਹਾੜਾ ਹੀ ਹੋ ਗਿਆ ਹੈ, ਅਰਬੀ ਮਸ਼ਰੂਬ ਦਾ ਮਤਲਬ ਹੈ, ਪੀਤਾ ਗਿਆ, ਪੀਣ ਵਾਲੀ ਸ਼ੈਅ। ਮਸ਼ਰਬਾਤ ਰੂਹਿਆ ਦਾ ਮਤਲਬ ਹੈ, ਸ਼ਰਾਬਾਂ। ਬਹੁਤੀ ਪੀਣ ਵਾਲੇ ਨੂੰ ਸ਼ੱਰਾਬ, ਸਿੱਰੀਬ ਆਖਦੇ ਹਨ। ਅਰਬੀ ਸ਼ਰਾਬ ਦੇ ਮਾਅਨੇ ਮਦਿਰਾ, ਦਾਰੂ ਤੋਂ ਬਿਨਾ ਫਲਾਂ ਦਾ ਰਸ, ਸ਼ਰਬਤ ਵੀ ਹੈ। ਸ਼ਰਾਬ-ਅਲ-ਲੈਮੂਨ ਸ਼ਕੰਜਵੀ ਹੈ। ਮਸ਼ਰਬ ਦਾ ਅਰਥ ਪੀਣ ਪਦਾਰਥ; ਪਿਆਊ, ਪੀਣ ਵਾਲੀ ਥਾਂ (ਚੁਬੱਚਾ, ਫੁਹਾਰਾ ਆਦਿ); ਰੈਸਤੋਰਾਂ, ਰੁਚੀ, ਭੁਸ ਹੁੰਦਾ-ਹੁੰਦਾ ਲਹਿਰ, ਮਤ, ਸੰਪਰਦਾਇ, ਸਕੂਲ ਆਦਿ ਵੀ ਬਣ ਗਿਆ ਹੈ। ਖਵਾਜਾ ਗੁਲਾਮ ਫਰੀਦ ਨੇ ਇਸ ਅਰਥ ਵਿਚ ਵਰਤਿਆ ਹੈ, 'ਰਿੰਦੀ ਮਸ਼ਰਬ ਸਾਂਗ ਰਸਾਇਆ।'

ਅਰਬ ਖਿੱਤਾ ਯੂਰਪ ਅਤੇ ਏਸ਼ੀਆ ਦੇ ਗੱਭੇ ਜਿਹੇ ਹੈ, ਇਸ ਲਈ ਅਰਬੀ ਭਾਸ਼ਾ ਦੇ ਸ਼ਬਦ ਦੋਵੇਂ ਪਾਸੇ ਗਏ ਹਨ। ਕੁਝ ਸ੍ਰੋਤਾਂ ਅਨੁਸਾਰ ਸ਼ਰਾਬ ਸ਼ਬਦ ਮੁਗਲਾਂ ਦੇ ਨਾਲ ਭਾਰਤ ਆਇਆ। ਅਰਬੀ ਵਿਚ ਸ਼ਰਾਬ ਦੇ ਅਰਥ ਕੋਈ ਵੀ ਪੀਣ ਪਦਾਰਥ ਦੇ ਨਾਲ ਨਾਲ ਮਦਿਰਾ ਵੀ ਹੈ। ਯੂਨਾਨੀ ਅਤੇ ਅਰਬੀ ਹਿਕਮਤ ਦੇ ਨਾਲ ਇਹ ਸ਼ਬਦ ਯੂਰਪੀ ਦੇਸ਼ਾਂ ਵੱਲ ਵੀ ਗਏ, ਪਰ ਯੂਰਪ ਵਿਚ ਇਸ ਸ਼ਬਦ ਨੇ ਮਿੱਠਾ ਰੁੱਖ ਹੀ ਅਖਤਿਆਰ ਕੀਤਾ। ਅਰਥਾਤ ਇਸ ਤੋਂ ਬਣੇ ਸ਼ਬਦ ਪਾਣੀ ਵਿਚ ਘੋਲੇ ਮਿੱਠੇ ਅਤੇ ਹੋਰ ਚੀਜ਼ਾਂ ਮਿਲਾ ਕੇ ਬਣੇ ਪੀਣ ਪਦਾਰਥ ਨੂੰ ਕਿਹਾ ਜਾਂਦਾ ਹੈ। ਅੰਗਰੇਜ਼ੀ ਵਿਚ ਸ਼ਰਬਿਟ (sherbet) ਉਹ ਪੀਣ ਪਦਾਰਥ ਹੈ, ਜੋ ਫਲਾਂ ਦੇ ਰਸ ਵਿਚ ਖੰਡ ਘੋਲ ਕੇ ਬਣਾਇਆ ਜਾਂਦਾ ਹੈ। ਇਹ ਸ਼ਬਦ ਅਰਬੀ ਸ਼ਰਬਤ ਤੋਂ ਫਾਰਸੀ ਵਿਚ ਗਿਆ ਤੇ ਉਥੋਂ ਤੁਰਕੀ ਰਾਹੀਂ ਅੰਗਰੇਜ਼ੀ ਵਿਚ। ਪੈਨਕੇਕ ਤੇ ਦਬੱਲ ਕੇ ਚੋਪੜੇ ਜਾਂਦੇ ਸ਼ੀਰੇ ਵਰਗੇ ਗਾੜ੍ਹੇ ਤਰਲ ਨੂੰ ਅੰਗਰੇਜ਼ੀ ਵਿਚ ਸਿਰਿਪ (syrip) ਆਖਿਆ ਜਾਂਦਾ ਹੈ। ਅੰਗਰੇਜ਼ੀ ਵਿਚ ਇਹ ਸ਼ਬਦ 15ਵੀਂ ਸਦੀ ਦੇ ਸ਼ੁਰੂ ਵਿਚ ਗਿਆ। ਖਿਆਲ ਹੈ ਕਿ ਇਹ ਇਤਾਲਵੀ ਦੇ sroppo ਤੋਂ 14ਵੀਂ ਸਦੀ ਦੀ ਪੁਰਾਣੀ ਫਰਾਂਸੀਸੀ ਵਿਚ ਸਿਰੋਪ ਵਜੋਂ ਦਾਖਿਲ ਹੋਇਆ ਤੇ ਅੱਗੇ ਅੰਗਰੇਜ਼ੀ ਵਿਚ ਸਰਿਪਿ ਬਣਿਆ। ਸਪੈਨਿਸ਼ ਭਾਸ਼ਾ ਦੇ Jarabe, Jarope ਅਤੇ ਮੱਧਕਾਲੀ ਲਾਤੀਨੀ ਦੇ scroppo ਵੀ ਇਸੇ ਦੇ ਰੂਪ ਹਨ। ਅੰਗਰੇਜ਼ੀ ਦਾ ਇੱਕ ਸ਼ਬਦ shrub ਹੈ ਜਿਸ ਦਾ ਅਰਥ 'ਝਾੜੀ' ਹੁੰਦਾ ਹੈ ਪਰ ਇੱਕ ਹੋਰ ਸ਼ਰੱਬ ਹੈ ਜੋ ਇਕ ਤਰ੍ਹਾਂ ਦਾ ਪੀਣ ਵਾਲਾ ਸਿਰਕਾ ਹੁੰਦਾ ਹੈ। 17ਵੀਂ-18ਵੀਂ ਸਦੀ ਦੌਰਾਨ ਇੰਗਲੈਂਡ ਵਿਚ ਰਮ ਜਾਂ ਬਰਾਂਡੀ ਵਿਚ ਮਿੱਠਾ ਅਤੇ ਸੰਤਰੇ ਆਦਿ ਦੀਆਂ ਛਿੱਲਾਂ ਮਿਲਾ ਕੇ ਬਣਾਈ ਜਾਂਦੀ ਸੀ ਕੌਕਟੇਲ। ਅਰਬੀ ਸ਼ਰਬਤ ਹਿਕਮਤ ਅਤੇ ਫਾਰਸੀ ਰਾਹੀਂ ਉਰਦੂ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਵੀ ਰਚਮਿਚ ਗਿਆ। ਫਾਰਸੀ ਵਿਚ ਇਸ ਦੇ ਅਰਥ ਘੁੱਟ; ਦਵਾਈ ਦੀ ਖੁਰਾਕ ਵੀ ਹਨ।

ਇਸ ਤਰਾਂ ਕੌੜੇ ਤੇ ਮਿੱਠੇ ਅਰਥ ਸਮਾਈ ਅਰਬੀ ਭਾਸ਼ਾ ਤੋਂ ਸ਼ੁਰੂ ਹੋਏ ਸ਼ਬਦ ਦੁਨੀਆ ਭਰ ਵਿਚ ਫੈਲ ਗਏ। ਰਾਮਦੇਵ ਅਨੁਸਾਰ ਭਾਰਤ ਵਿਚ ਅੱਜ ਸ਼ਰਾਬ ਨੇ ਨਹੀਂ ਬਲਕਿ ਇੱਕ ਸ਼ਰਬਤ ਨੇ ਸ਼ਰਾਰਤ ਫੈਲਾਉਣ ਦਾ ਕੰਮ ਕੀਤਾ ਹੈ। ਅਸੀਂ ਉਮੀਦ ਕਰਦੇ ਹਾਂ ਕਿ ਮਹਾਂਯੋਗੀ ਜੀ ਮੁਸਲਮਾਨ ਅਰਬ 'ਤੋਂ ਆਈ ਸ਼ਰਾਬ ਦਾ ਵੀ ਕੋਈ ਭਾਰਤੀ ਬਦਲ ਕੱਢ ਮਾਰਨਗੇ।

# ਪੰਜਾਬ ਦੇ ਪੁਰਾਣੇ ਅੱਖਰਾਂ ਨੂੰ ਸੰਨ੍ਹ

(ਬਾਕੀ ਸਫਾ 26 'ਤੇ)

ਇਸ ਪਿੱਛੋਂ ਰਾਏ ਦੇ ਭਰਾ ਅਤੇ ਭਤੀਜੇ ਨੇ ਰਲ਼ ਕੇ ਚੱਚ ਦਾ ਮੁਕਾਬਲਾ ਕੀਤਾ ਪਰ ਹਾਰ ਗਏ। ਉਪਰੋਕਤ ਕਲਰ ਬ੍ਰਹਾਮਣ ਓਤੇ ਚੱਚ ਗਦਾਰੀ ਨਾ ਕਰਦੇ ਤਾਂ ਇੰਡੀਅਨ ਸਬ-ਕੰਟੀਨੈਂਟ ਵਿਚ ਰਾਏ ਸਾਹਸਾ ਕੋਲ ਤਾਕਤ ਹੋਣੀ ਸੀ ਅਤੇ ਇਤਿਹਾਸ ਨੇ ਵੀ ਨੇਟਿਵਾਂ ਦੇ ਪੱਖ ਵਿਚ ਹੋਣਾ ਸੀ।

ਤੁਰਕ ਮਹਿਮੂਦ ਦਾ ਧਰਮ ਇਸਲਾਮ ਅਤੇ ਸਰਕਾਰੀ ਬੋਲੀ ਫਾਰਸੀ ਸੀ। ਪਹਿਲਾ ਤੁਰਕ ਰਾਜਾ ਬੋਧੀ ਰਾਜਾ ਸੀ। ਦੂਜੇ ਤੁਰਕ ਹਿੰਦੂ ਸ਼ਾਹੀ ਸ਼ਕ ਸਨ। ਕਨਿਸ਼ਕ ਨੇ ਪ੍ਰਾਕ੍ਰਿਤ ਬੋਲੀ ਅਤੇ ਟਾਕਰੀ ਲਿੱਪੀ ਨੂੰ ਸਰਕਾਰੀ ਦਰਜ਼ਾ ਦਿੱਤਾ ਅਤੇ ਬੁੱਧ ਧਰਮ ਨੂੰ ਫਲਾਇਆ। ਟਾਕਰੀ ਲਿੱਪੀ ਅਤੇ ਪ੍ਰਾਕ੍ਰਿਤ ਬੋਲੀ ਨੂੰ ਵੀ ਦੂਰ-ਦੂਰ ਤੱਕ ਫੈਲਾਇਆ। ਕਈ ਮੰਦਰਾਂ ਤੇ ਟਾਕਰੀ ਲਿੱਪੀ ਵਿਚ ਲਿਖਤਾ ਮਿਲਦੀਆਂ ਹਨ। ਟਾਕਰੀ ਲਿੱਪੀ ਦੀ ਵਰਤੋਂ ਆਮ ਲੋਕ ਅਤੇ ਰਾਜ ਕਰਦਾ ਟੋਲਾ ਦੋਨੋ ਵਰਤਦੇ ਸਨ। ਡਾ. ਐੱਸ.ਕੇ. ਸ਼ਰਮਾ ਅਨੁਸਾਰ ਹਿੰਦੂ ਵੀ ਟਾਕਰੀ ਲਿੱਪੀ ਦੀ ਵਰਤੋਂ ਕਰਦੇ ਰਹੇ ਹਨ। 19ਵੀਂ ਸਦੀ ਦੇ ਦੇਵ ਨਾਗਰੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਆਪਣੇ ਬਜ਼ੁਰਗਾ ਦੀ ਲਿੱਪੀ ਨੂੰ ਛੱਡ ਦਿੱਤਾ ਜਿਹੜੀ ਕਿ ਇਨ੍ਹਾਂ ਦੇ ਵਡੇਰੇ ਹਜ਼ਾਰਾ ਸਾਲਾਂ ਤੋਂ ਵਰਤ ਰਹੇ ਸਨ ਅਤੇ ਰਾਜਿਆ ਵੱਲੋਂ ਵੀ ਸ਼ਾਹੀ ਲਿੱਪੀ ਵਜੋਂ ਵਰਤੀ ਜਾਂਦੀ ਸੀ। ਪਰ 1947 ਤੋਂ ਹਿੰਦੂਆਂ ਨੇ ਟਾਕਰੀ ਲਿੱਪੀ ਛੱਡ ਦਿੱਤੀ। ਮਹਿਮੂਦ ਗਜ਼ਨਵੀ ਨੇ ਫਾਰਸੀ ਨੂੰ ਸਰਕਾਰੀ ਬਣਾਉਣ ਨਾਲ ਨਵੇਂ ਮੁਸਲਮਾਨ ਵੀ ਇਸੇ ਲਿੱਪੀ ਵਿਚ ਆਪਣੀਆ ਲਿੱਖਤਾ ਲਿਖਦੇ ਰਹੇ। ਇੰਡੀਅਨ ਸਬ ਕੰਨੀਨੈਂਟ ਵਿਚ ਪੰਜਾਬੀ, ਕਸ਼ਮੀਰੀ, ਪਸਤੋ, ਸਿੰਧੀ ਅਤੇ ਖੜੀ ਬੋਲੀ ਆਦਿ ਇਸੇ ਲਿੱਪੀ ਵਿਚ ਲਿਖੀਆ ਜਾਣ ਲੱਗੀਆ ਜਿਹੜੀਆ ਕਿ ਲੋਕਾਂ ਦੀ ਮਜ਼ਬੂਰੀ ਬਣ ਚੁੱਕ ਸੀ। ਮੁਸਲਮਾਨਾ ਤੋਂ ਦੂਸਰੀਆ ਕੌਮਾਂ ਨੇ ਵੀ ਇਹੀ ਬੋਲੀ ਅਤੇ ਲਿੱਪੀ ਪੜ੍ਹੀ ਤਾਂ ਉਨ੍ਹਾਂ ਨੂੰ ਰਾਜਸੀ ਲਾਭ ਮਿਲੇ। ਫਾਰਸੀ ਗਿਆਰਵੀਂ ਸਦੀ ਦੇ ਆਰੰਭ ਵਿਚ ਸਰਕਾਰੀ ਦਰਜ਼ਾ ਹਾਸਿਲ ਕਰ ਚੁੱਕੀ ਸੀ। ਫਾਰਸੀ ਬੋਲੀ 850 ਸਾਲ ਲੋਕਾਂ ਵਿਚ ਮਕਬੂਲ ਬਣੀ ਰਹੀ ਅਤੇ ਸਰਕਾਰੀ ਬੋਲੀ ਰਹੀ ਹੈ। ਅੰਗਰੇਜ਼ਾ ਦੇ ਆਉਣ ਤੋਂ ਪਹਿਲਾ ਫਾਰਸੀ ਦਾ ਬੋਲਬਾਲਾ ਸੀ।

ਹਿੰਦੂਆਂ ਨੇ ਇਸ ਨੂੰ ਫੇਲ ਕਰਨ ਲਈ ਨਾਗਰੀ ਪ੍ਰਚਾਰਨੀ ਸਭਾ ਬਣਾਈ। 1947 ਤੋਂ ਪਿੱਛੋਂਨਾਗਰੀ ਨੂੰ ਸੈਂਟਰ ਸਰਕਾਰ ਤੋਂ ਦਰਜ਼ਾ ਮਿਲ ਗਿਆ। ਮਜ਼ਬੂਰੀਬਸ ਗੈਰ ਹਿੰਦੀ ਭਾਸ਼ੀ ਲੋਕਾਂ ਨੂੰ ਸਿਖਣੀ ਪੈਂਦੀ ਹੈ। ਨਾ ਸਿੱਖਣ ਨਾਲ ਕਈ ਵਾਰ ਕਈ ਤਰ੍ਹਾਂ ਦਾ ਨੁਕਸਾਨ ਹੋਣ ਦਾ ਡਰ ਪੈਦਾ ਹੋ ਜਾਂਦਾ ਹੈ। ਹਿੰਦੀ ਨੂੰ ਗੁਰਮੁੱਖ ਸਿੰਘ ਮੁਸਾਫਿਰ ਨੇ ਇੱਕ ਵੋਟ ਪਾਕੇ ਸਰਕਾਰੀ ਦਰਜ਼ਾ ਦੁਆ ਦਿੱਤਾ।

ਇੰਡੀਅਨ ਸਬ ਕੰਟੀਨੈਂਟ ਵਿਚ ਕਈ ਲਿੱਪੀਆਂ ਚਲਦੀਆ ਰਹੀਆ। ਟਾਕਰੀ ਲਿੱਪੀ ਛੱਡ ਕੇ ਬਾਕੀ ਸੱਭ ਨਵੀਆਂ ਲਿੱਪੀਆਂ ਹਨ। ਇਨ੍ਹਾਂ ਲਿੱਪੀਆਂ ਦੇ ਭੂਤਕਾਲ ਵਿਚ ਝਾਤੀ ਮਾਰੀ ਜਾਵੇ ਤਾਂ ਇਸ ਗੱਲ ਦੀ ਤਰਦੀਦ ਹੋ ਜਾਂਦੀ ਹੈ ਕਿ ਹਿੰਦੂ ਵਿਦਵਾਨ ਲੋਕ ਇਹੀ ਰੱਟਾਂ ਲਾਈ ਜਾ ਰਹੇ ਹਨ ਕਿ ਬ੍ਰਾਹਮੀ ਲਿੱਪੀ ਵਿਚੋਂ ਹੀ ਸਾਰੀਆਂ ਲਿੱਪੀਆਂ ਨਿਕਲੀਆਂ ਹਨ। ਜੇਕਰ ਨਿਰਪੱਖ ਹੋ ਕੇ ਇਨ੍ਹਾਂ ਲਿੱਪੀਆਂ ਦਾ ਅਧਿਐਨ ਕੀਤਾ ਜਾਵੇ ਤਾਂ ਪਤਾ ਲੱਗ ਜਾਵੇਗਾ ਕਿ ਬ੍ਰਾਹਮੀ ਨਾਮ ਦੀ ਕੋਈ ਲਿੱਪੀ ਹੀ ਨਹੀਂ ਹੈ। ਇਹ ਸੂਰਜ ਚੜ੍ਹੇ ਨੂੰ ਵੀ ਹਨੇਰਾ ਦੱਸੀ ਜਾ ਰਹੇ ਹਨ।

ਗੁਰਮੁੱਖੀ ਬਾਰੇ ਸਿੱਖ ਵਿਦਵਾਨ, ਹਿੰਦੂ ਕਾਮਰੇਡ, ਭਾਸ਼ਾ ਵਿਭਾਗ ਅਤੇ ਯੂਨੀਵਰਸਿਟੀਆਂਵੀ ਇਹੀ ਪੜ੍ਹਾਈ ਜਾ ਰਹੇ ਹਨ ਕਿ ਅੱਜ ਦੀ ਗੁਰਮੁਖੀ ਲਿੱਪੀ ਬ੍ਰਾਹਮੀ ਲਿੱਪੀ ਵਿਚੋਂ ਨਿਕਲੀ ਹੈ ਜਦਕਿ ਗੁਰਮੁਖੀ ਲਿੱਪੀ ਕਈ ਪੜਾਵਾਂ ਵਿਚੋਂ ਨਿਕਲ ਕੇ ਅੱਜ ਦੀ ਸ਼ਕਲ ਅਖਿਤਿਆਰ ਕੀਤੀ ਹੈ। ਇਹ ਲਿੱਪੀ ਹੀ ਪੰਜਾਬੀ ਨੂੰ ਲਿਖਣ ਲਈ ਢੁੱਕਵੀ ਹੈ। ਬ੍ਰਾਹਮੀ ਕੋਈ ਲਿੱਪੀ ਨਹੀਂ ਹੈ। ਜੇ ਕੋਈ ਸਬੂਤ ਹੈ ਤਾਂ ਪੇਸ਼ ਕਰੋ ਅਤੇ ਬਰੀ ਹੋ ਸਕਦੇ ਹੋ।

ਮੇਰੇ ਦਾਅਵਾ ਹੈ ਕਿ ਗੁਰਮੁੱਖੀ ਲਿੱਪੀ ਬਾਬੇ ਨਾਨਕ ਨੇ ਬਣਾਈ ਹੈ ਕਿਉਂਕਿ ਟਾਕਰੀ ਦੇ ਸਿਰਫ 27 ਅੱਖਰ ਹੀ ਗੁਰਮੁਖੀ ਨਾਲ ਮੇਲ਼ ਖਾਦੇ ਹਨ ਅਤੇ ਬਾਕੀ ਅੱਖਰ ਬਾਬੇ ਨਾਨਕ ਨੇ ਮੁਕੰਮਲ ਕੀਤੇ ਹਨ। ਪੰਜਾਬੀ ਅਜੇ ਵੀ ਇੱਕ ਕੌਮ ਨਹੀਂ ਬਣ ਸਕੇ ਹਨ। ਇਸਕ ਲਈ ਇਨ੍ਹਾਂ ਨੂੰ ਕਈ ਪਰੇਸ਼ਾਨੀਆਂ ਅਤੇ ਵਿਖੜੇ ਪੈਂਡਿਆ ਤੇ ਤੁਰਨ ਲਈ ਮਜ਼ਬੂਰ ਹੋਣਾ ਪਿਆ। ਇਹ ਲੋਕ ਦੂਜੀਆਂ ਕੌਮਾਂ ਦੇ ਢਹੇ ਚੜ ਕੇ ਆਪਣਾ ਸੱਭ ਕੁਝ ਬਰਬਾਦ ਕਰਦੇ ਰਹੇ ਹਨ। ਅੱਜ ਰੁਕਾਵਟਾਂ ਸਤਾ ਰਹੀਆਂ ਹਨ, ਇਹ ਇਨ੍ਹਾਂ ਦੇ ਫੁੱਟ ਦੇ ਵਤੀਰੇ ਦੀ ਦੇਣ ਹੈ।

ਅੱਜ ਸਰਕਾਰੀ ਸਕੂਲਾਂ ਵਿਚ ਪੰਜਾਬੀ ਲੋਕਾਂ ਦੇ ਬੱਚੇ ਨਹੀਂ ਪੜ੍ਹ ਰਹੇ ਹਨ। ਇਹ ਸੱਭ ਤਾਂ ਪੰਜਾਬੀ ਲੋਕਾਂ ਦਾ ਹੀ ਕਿਰਦਾਰ ਹੈ। ਅਸੀ ਉਨ੍ਹਾਂ ਨੂੰ ਪ੍ਰਾਇਵੇਟ ਸਕੂਲਾਂ ਵਿਚ ਪੜਾਉਂਦੇ ਹਨ ਅਤੇ ਇੰਗਲਿਸ਼ ਦੀ ਖਾਤਰ ਮਾਂ ਬੋਲੀ ਤੋਂ ਮੁਕਰ ਰਹੇ ਹਨ। ਆਪਣੀਆਂ ਪੁਰਾਣੀਆਂ ਚੀਜਾਂ ਅਤੇ ਸੱਭਿਅਤਾ ਤੋਂ ਵੀ ਦੂਰ ਜਾ ਰਹੇ ਹਨ। ਇਸ ਤਰ੍ਹਾਂ ਪੰਜਾਬ ਨੂੰ ਅੱਗੇ ਜਾ ਕੇ ਲੈਣੇ ਦੇ ਦੇਣੇ ਪੈ ਜਾਣਗੇ।

## ਸੁੱਕੇ ਰੁੱਖ 'ਤੇ ਪੀਂਘਾਂ

ਕਾਹਦਾ ਮਾਣ ਦੌਲਤਾਂ ਆਈਆਂ ਦਾ
ਸੁੱਕੇ ਰੁੱਖ 'ਤੇ ਪੀਂਘਾਂ ਪਾਈਆਂ ਦਾ
ਤੇਰੀ ਜੜ੍ਹ ਧਰਤੀ 'ਤੇ ਲੱਗੀ ਏ
ਰੁੱਖਾ ਮਾਣ ਨਾ ਕਰੀਂ ਉਚਾਈਆਂ ਦਾ।

ਪਾਣੀ ਥੱਲਿਓਂ ਚੱਕਦੇ, ਬੱਦਲ ਵੀ
ਕਦੇ ਮਾਣ ਨਾ ਕਰੀਂ ਉਚਾਈਆਂ ਦਾ
ਅੰਤ ਹੁੰਦਾ ਆਖਰ, ਧਰਤੀ 'ਤੇ
ਇਨ੍ਹਾਂ ਗੁੱਡੀਆਂ ਸਿਖਰ ਚੜ੍ਹਾਈਆਂ ਦਾ

ਪੱਤਝੜਾਂ 'ਚ ਪੱਤੇ ਸੁੱਕ ਜਾਂਦੇ
ਰੁੱਖਾ ਮਾਣ ਨਾ ਕਰ, ਹਰਿਆਈਆਂ ਦਾ
ਕਿਸੇ ਅੰਤ ਨਾ ਪਾਇਆ ਸਿਖਰਾਂ ਦਾ
ਉਹਦੀ ਹੋਂਦ ਦੀਆਂ, ਗਹਿਰਾਈਆਂ ਦਾ।

ਓਹਨੂੰ ਫਿਕਰ ਹੈ ਹਰਿਆਂ ਬੇਲਿਆਂ ਦਾ
ਓਹਨੂੰ ਖਿਆਲ ਹੈ ਸੁੱਕੀਆਂ ਕਾਹੀਆਂ ਦਾ
ਫਿੱਟ ਲਾਅਣਤ ਪਵੇ ਬੁਰਾਈਆਂ ਨੂੰ
ਮੁੱਲ ਪੈਂਦਾ ਸਦਾ ਭਲਾਈਆਂ ਦਾ।

ਖਹਿੜਾ ਅੰਤ ਨੂੰ ਛੱਡਣਾ ਪੈਣਾ ਏ
ਤਨ ਦੀਆਂ ਗਰਮ ਰਜਾਈਆਂ ਦਾ
ਨਾ 'ਡਾਣਸੀਵਾਲਿਆ' ਮਾਣ ਕਰੀਂ
ਤੂੰ ਹਵਾ 'ਚ ਮੰਜੀਆਂ ਡਾਹੀਆਂ ਦਾ।


-ਕੁਲਵੀਰ ਸਿੰਘ ਡਾਨਸੀਵਾਲ

# ਅਸੀਂ ਨਾਨਕ ਦੇ ਕੀ ਲੱਗਦੇ ਹਾਂ?

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ: 97816-46008

ਇਸ ਸੰਸਾਰ ਵਿਚ ਆਪਣੇ ਆਪ ਨੂੰ ਨਾਨਕ ਨਾਮਲੇਵਾ ਜਾਂ ਨਾਨਕ ਦੇ ਸਿੱਖ ਕਹਾਉਣ ਵਾਲਿਆਂ ਦੀ ਕੋਈ ਕਮੀ ਨਹੀਂ ਹੈ। ਸਿੱਖਾਂ ਦੀਆਂ ਧਰਮ ਪ੍ਰਚਾਰ ਕਮੇਟੀਆਂ ਦੁਆਰਾ ਕੀਤੇ ਜਾਂਦੇ ਧਰਮ ਪ੍ਰਚਾਰ ਸਮਾਗਮਾਂ ਦੀ ਗਿਣਤੀ ਅਤੇ ਇਨ੍ਹਾਂ ਸਮਾਗਮਾਂ 'ਤੇ ਖ਼ਰਚ ਕੀਤੀ ਜਾਂਦੀ ਰਾਸ਼ੀ ਦੀ ਮਿਕਦਾਰ ਹਰ ਸਾਲ ਵਧਦੀ ਜਾਂਦੀ ਹੈ ਪਰ ਹਕੀਕਤ ਇਹ ਹੈ ਕਿ ਅੱਜ ਤੋਂ ਕੁਝ ਵਰ੍ਹੇ ਪਹਿਲਾਂ ਭਾਰਤ ਪੱਧਰ 'ਤੇ ਸਿੱਖਾਂ ਦੀ ਆਬਾਦੀ, ਦੇਸ਼ ਦੀ ਕੁੱਲ ਆਬਾਦੀ ਦਾ 2 ਫ਼ੀਸਦੀ ਸੀ ਜਦੋਂ ਕਿ ਤਾਜ਼ਾ ਅੰਕੜਿਆਂ ਅਨੁਸਾਰ ਇਹ ਸੰਖਿਆ ਹੁਣ ਮਹਿਜ਼ 1.72 ਫ਼ੀਸਦੀ ਤੱਕ ਸਿਮਟ ਗਈ ਹੈ ਜਦੋਂ ਕਿ ਸੰਸਾਰ ਪੱਧਰ 'ਤੇ ਸਿੱਖਾਂ ਦੀ ਕੁੱਲ ਸੰਖਿਆ, ਸੰਸਾਰ ਦੀ ਕੁੱਲ ਜਨਸੰਖਿਆ ਦੇ 0.3 ਫ਼ੀਸਦੀ ਤੋਂ ਵੀ ਘੱਟ ਹੈ। ਧਰਮ ਪ੍ਰਚਾਰ ਦਾ ਸ਼ੋਰ ਅਤੇ ਖ਼ਰਚ ਕੀਤੀ ਰਾਸ਼ੀ ਤਾਂ ਵਧ ਗਏ ਹਨ ਪਰ ਆਪਣਾ ਧਰਮ ਸਿੱਖ ਲਿਖਵਾਉਣ ਵਾਲਿਆਂ ਦੀ ਸੰਖਿਆ ਘੱਟ ਹੋ ਗਈ ਹੈ। ਕਿੰਨੀ ਦੁੱਖਦਾਇਕ ਗੱਲ ਹੈ ਕਿ ਸਾਲ 2011 ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵੇਲੇ ਪੰਜਾਬ ਵਿਚ ਸਿੱਖਾਂ ਦੀ ਕੁੱਲ ਆਬਾਦੀ 1 ਕਰੋੜ 74 ਲੱਖ ਸੀ ਜਿਨ੍ਹਾਂ ਵਿਚੋਂ ਨਾਬਾਲਗ ਭਾਵ ਵੋਟ ਨਾ ਦੇਣ ਯੋਗ ਸਿੱਖਾਂ ਦੀ ਗਿਣਤੀ 50 ਲੱਖ ਸੀ ਤੇ ਯੋਗ ਵੋਟਰਾਂ ਦੀ ਸੰਖਿਆ 55 ਲੱਖ। ਸਿੱਖ ਅਖਵਾਉਣ ਵਾਲੇ ਬਾਕੀ 69 ਲੱਖ ਲੋਕਾਂ ਨੂੰ ਵੱਖ-ਵੱਖ ਕਾਰਨਾਂ ਕਰਕੇ ਵੋਟ ਪਾਉਣ ਦੀ ਆਗਿਆ ਨਹੀਂ ਸੀ। ਲੋਕ ਹੁਣ ਸਮਝਣ ਲੱਗ ਪਏ ਹਨ ਕਿ ਸੇਵਾ ਨੂੰ ਪਰਣਾਈ ਇਸ ਕਮੇਟੀ ਦੇ ਅਹੁਦੇਦਾਰ ਹੁਣ ਨਿਰੋਲ ਮਾਇਕ ਲਾਭ ਲਈ ਜਾਂ ਆਪਣੇ ਜਾਣਕਾਰਾਂ ਤੇ ਰਿਸ਼ਤੇਦਾਰਾਂ ਨੂੰ ਇਸ ਕਮੇਟੀ ਨਾਲ ਜੁੜੇ ਧਾਰਮਿਕ ਅਤੇ ਵਿਦਿਅਕ ਅਸਥਾਨਾਂ ਵਿਚ ਰੁਜ਼ਗਾਰ ਦੁਆਉਣ ਲਈ ਕਮੇਟੀ ਦੇ ਮੈਂਬਰ ਜਾਂ ਅਹੁਦੇਦਾਰ ਬਣਨਾ ਲੋਚਦੇ ਹਨ ਜਦੋਂ ਕਿ ਗੁਰੂ ਦੀ ਜਾਂ ਗੁਰੂਘਰ ਦੀ ਸੇਵਾ ਲਈ ਕਮੇਟੀ ਮੈਂਬਰ ਬਣਨ ਵਾਲੀ ਵਿਚਾਰਧਾਰਾ ਹੁਣ ਕਿਧਰੇ ਪਿੱਛੇ ਛੁੱਟ ਗਈ ਹੈ। ਨਾਨਕ ਦੇ ਵੱਡੇ ਖ਼ੈਰ-ਖ਼ੁਆਹ ਅਖਵਾਉਣ ਵਾਲੇ ਅਜਿਹੇ ਸਿੱਖ ਅਸਲ ਵਿਚ ਨਾਨਕ ਦੇ ਕੁਝ ਵੀ ਨਹੀਂ ਲੱਗਦੇ। ਝੂਠਿਆਂ, ਫ਼ਰੇਬੀਆਂ, ਲਾਲਚੀਆਂ ਅਤੇ ਸੁਆਰਥੀਆਂ ਦਾ ਨਾਨਕ ਕੁਝ ਵੀ ਨਹੀਂ ਲੱਗਦਾ। ਨਾਨਕ ਦੇ ਕੁਝ ਲੱਗਣ ਲਈ ਸਾਨੂੰ ਨਾਨਕ ਦਾ ਆਖਾ ਮੰਨਣਾ ਪੈਣਾ ਹੈ ਤੇ ਉਸਦੇ ਦੁਆਰਾ ਦਿੱਤੇ ਸਿਧਾਂਤਾਂ 'ਤੇ ਪਹਿਰਾ ਦੇਣਾ ਪੈਣਾ ਹੈ। ਆਓ ਜ਼ਰਾ ਪੜਚੋਲ ਕਰੀਏ ਕਿ ਅਸੀਂ ਸਭ ਜੋ ਆਪਣੇ ਆਪ ਨੂੰ ਨਾਨਕ ਦੇ ਸਿੱਖ ਹੋਣ ਦਾ ਦਮ ਭਰਦੇ ਹਾਂ, ਆਖ਼ਿਰ ਅਸੀਂ ਨਾਨਕ ਦੇ ਕੀ ਲੱਗਦੇ ਹਾਂ?

ਗੁਰੂ ਨਾਨਕ ਨੇ ਸਭ ਤੋਂ ਪਹਿਲਾਂ ਸਭ ਜ਼ਾਤਾਂ, ਪਾਤਾਂ, ਵਰਣਾਂ ਤੇ ਗੋਤਾਂ ਵਾਲੀ ਵਿਚਾਰਧਾਰਾ ਨੂੰ ਮੂਲੋਂ ਹੀ ਨਕਾਰਦਿਆਂ ਸਭ ਮਨੁੱਖਾਂ ਨੂੰ ਉਸ ਪਰਮ ਪਿਤਾ ਪਰਮਾਤਮਾ ਦੀ ਸੰਤਾਨ ਦੱਸਿਆ ਸੀ ਤੇ ਊਚ-ਨੀਚ ਦੀ ਥਾਂ ਸਭ ਦੇ ਬਰਾਬਰ ਹੋਣ ਦੀ ਗੱਲ ਆਖੀ ਸੀ। ਹੁਣ ਸਵਾਲ ਇਹ ਹੈ ਕਿ ਆਪਣੇ ਆਪ ਨੂੰ ਨਾਨਕ ਦੇ ਸਿੱਖ ਅਖਵਾਉਣ ਵਾਲੇ ਅਸੀਂ ਲੋਕ ਕੀ ਨਾਨਕ ਦੀ ਇਸ ਸੋਚ 'ਤੇ ਪਹਿਰਾ ਦੇ ਪਾਏ ਹਾਂ? ਸਾਡੇ ਪਿੰਡਾਂ ਤੇ ਸ਼ਹਿਰਾਂ ਅੰਦਰ ਮੌਜੂਦ ਜਾਤਾਂ ਦੇ ਆਧਾਰ 'ਤੇ ਬਣੇ ਗੁਰਦੁਆਰਾ ਸਾਹਿਬਾਨ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ ਕਿ ਨਾਨਕ ਦੀ ਬਾਣੀ ਸਾਡੇ ਗਲੇ 'ਚੋਂ ਹੇਠਾਂ ਉਤਰ ਕੇ ਸਾਡੇ ਮਨ ਤੇ ਆਤਮਾ ਤੱਕ ਅਜੇ ਨਹੀਂ ਪੁੱਜੀ ਹੈ। ਜੇਕਰ ਅਸੀਂ ਸਿੱਖ ਅਖਵਾ ਕੇ ਵੀ ਆਪਣੀ ਜ਼ਾਤ ਜਾਂ ਗੋਤ ਅਨੁਸਾਰ ਆਪਣੇ ਪੁੱਤਰਾਂ-ਧੀਆਂ ਦੇ ਰਿਸ਼ਤੇ ਕਰਦੇ ਹਾਂ ਤੇ ਅੰਮ੍ਰਿਤਧਾਰੀ ਹੋ ਕੇ ਵੀ ਆਪਣੀ ਜ਼ਾਤ ਜਾਂ ਗੋਤ ਆਪਣੇ ਨਾਵਾਂ ਨਾਲ ਜੋੜ ਕੇ ਆਪਣੀ 'ਉੱਚੀ ਜ਼ਾਤ' ਦਾ ਪ੍ਰਦਰਸ਼ਨ ਕਰਦੇ ਹਾਂ ਤਾਂ ਫਿਰ ਸਾਨੂੰ ਮੰਨਣਾ ਪਏਗਾ ਕਿ ਅਸੀਂ ਨਾਨਕ ਦੇ ਕੁਝ ਨਹੀਂ ਲੱਗਦੇ ਕਿਉਂਕਿ ਨੈਤਿਕਤਾ ਦਾ ਤਕਾਜ਼ਾ ਹੈ ਕਿ ਜਿਹੜਾ ਪੁੱਤਰ ਆਪਣੇ ਪਿਤਾ ਦੇ ਆਖੇ ਨਹੀਂ ਲੱਗਦਾ, ਉਹ ਪਿਤਾ ਦਾ ਕੁਝ ਨਹੀਂ ਲੱਗਦਾ।



ਗੁਰੂ ਨਾਨਕ ਨੇ ਤਾਂ 'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ' ਦਾ ਹੋਕਾ ਬੁਲੰਦ ਆਵਾਜ਼ ਵਿਚ ਦਿੱਤਾ ਸੀ ਪਰ ਉਸਦੇ ਪੈਰੋਕਾਰ ਅਖਵਾਉਣ ਵਾਲੇ ਅਸੀਂ ਲੋਕ ਕੀ ਗੁਰੂ ਨਾਨਕ ਦੇ ਇਸ ਫ਼ਲਸਫ਼ੇ, ਇਸ ਸਿਧਾਂਤ 'ਤੇ ਟਿਕ ਪਾਏ ਹਾਂ? ਅੱਜ ਸਾਡੇ ਪੰਜਾਬੀ ਕਿਰਤ ਕਰਨੀ ਭੁੱਲਦੇ ਜਾ ਰਹੇ ਹਨ। ਸਰਕਾਰਾਂ ਮੁਫ਼ਤ ਦਾ ਰਾਸ਼ਨ ਦੇ ਕੇ ਸਾਨੂੰ ਨਿਕੰਮੇ ਤੇ ਨਕਾਰਾ ਬਣਾ ਰਹੀਆਂ ਹਨ ਤੇ ਅਸੀਂ ਹੱਥੀਂ ਕਿਰਤ ਕਰ ਕੇ ਆਪਣੀ ਰੋਜ਼ੀ-ਰੋਟੀ ਚਲਾਉਣ ਦੀ ਥਾਂ ਸਰਕਾਰਾਂ ਦੇ ਆਸਰੇ ਹੁੰਦੇ ਜਾ ਰਹੇ ਹਾਂ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਵਿਚ ਸਿੱਖਾਂ ਦੇ ਬੱਚੇ ਵਿਹਲੇ ਫਿਰਦੇ ਹਨ ਤੇ ਦੂਜੇ ਪ੍ਰਾਂਤਾਂ ਤੋਂ ਆਏ ਪਰਵਾਸੀ ਇਸੇ ਪੰਜਾਬ ਵਿਚ ਕਿਰਤ ਕਮਾ ਕੇ ਨਾ ਕੇਵਲ ਆਪਣਾ ਪੇਟ ਪਾਲ ਰਹੇ ਹਨ ਸਗੋਂ ਆਪਣੇ ਭੈਣ-ਭਰਾਵਾਂ ਤੇ ਬੱਚਿਆਂ ਨੂੰ ਵੀ ਇਥੇ ਹੀ ਸੈੱਟ ਕਰ ਰਹੇ ਹਨ। ਬਹੁਤ ਸਾਰੀਆਂ ਖਾਣ ਵਾਲੀਆਂ ਚੀਜ਼ਾਂ ਵੇਚਣ 'ਤੇ ਪਰਵਾਸੀ ਭਾਰਤੀ ਕਿਰਤੀਆਂ ਦੀ ਧਾਕ ਜੰਮੀ ਪਈ ਹੈ। ਉਹ ਸਾਡੇ ਪੰਜਾਬੀਆਂ ਤੋਂ ਹੀ ਕੱਚਾ ਮਾਲ ਖ਼ਰੀਦ ਕੇ ਤੇ ਉਸਨੂੰ ਪਕਾ ਕੇ ਸਾਡੇ ਅੱਗੇ ਹੀ ਵੇਚ ਕੇ ਮੁਨਾਫ਼ਾ ਖੱਟ ਰਹੇ ਹਨ ਤੇ ਸਾਡੇ ਬੱਚੇ ਕਿਰਤ ਕਰਨ ਦੀ ਥਾਂ ਵਿਹਲੇ ਫਿਰ ਰਹੇ ਹਨ। ਸਿਰ 'ਤੇ ਚੜ੍ਹੇ ਕਰਜ਼ੇ ਦੀ ਮਾਰ ਦਾ ਹਵਾਲਾ ਦੇ ਕੇ ਕਈ ਸਿੱਖ ਕਿਸਾਨ ਖ਼ੁਦਕੁਸ਼ੀ ਦਾ ਮਾਰਗ ਚੁਣ ਰਹੇ ਹਨ ਜਦੋਂ ਕਿ ਨਾਨਕ ਦਾ ਰਾਹ ਜ਼ੁਲਮ ਅਤੇ ਮੁਸੀਬਤਾਂ ਨਾਲ ਲੜਨ ਦਾ ਹੈ, ਹਤਾਸ਼ ਹੋ ਕੇ ਮੌਤ ਨੂੰ ਗਲੇ ਲਗਾਉਣ ਦਾ ਨਹੀਂ। ਸਾਡੇ 'ਚੋਂ ਬਹੁਤੇ ਤਾਂ 'ਵੰਡ ਛਕਣ' ਦੇ ਸਿਧਾਂਤ ਦੀ ਪਾਲਣਾ ਕਰਦੇ ਹੀ ਨਹੀਂ ਤੇ ਜਿਹੜੇ ਕਰਦੇ ਵੀ ਹਨ ਉਹ ਕਿਸੇ ਧਾਰਮਿਕ ਅਸਥਾਨ 'ਤੇ ਆਪਣੀ ਕਮਾਈ ਦਾ 'ਦਸਵੰਧ' ਚੜ੍ਹਾਅ ਕੇ ਆਪਣੇ ਆਪ ਨੂੰ ਨਾਨਕ ਦਾ ਸਿੱਖ ਹੋਣ ਦਾ ਸਰਟੀਫਿਕੇਟ ਆਪ ਹੀ ਦੇ ਦਿੰਦੇ ਹਨ। ਜੇਕਰ ਸਾਡੇ ਦਸਵੰਧ ਨਾਲ ਗੁਰਦੁਆਰਿਆਂ ਵਿਚ ਸੰਗਮਰਮਰ ਤੇ ਸੋਨੇ ਲੱਗਣੇ ਹਨ ਤਾਂ ਫਿਰ ਦਸਵੰਧ ਵਿਅਰਥ ਹੈ ਕਿਉਂਕਿ ਨਾਨਕ ਦਾ ਦਸਵੰਧ ਦਾ ਸਿਧਾਂਤ ਤਾਂ ਕਿਸੇ ਲੋੜਵੰਦ ਦੀ ਮਦਦ ਕਰਨ ਦਾ ਹੈ। ਜੇਕਰ ਦਸਵੰਧ ਨਾਲ ਕਿਸੇ ਗ਼ਰੀਬ ਤੇ ਲੋੜਵੰਦ ਵਿਦਿਆਰਥੀ ਨੂੰ ਅਸੀਂ ਕਾਪੀ, ਕਿਤਾਬ ਜਾਂ ਫ਼ੀਸ ਦੇ ਦਿੰਦੇ ਹਾਂ, ਕਿਸੇ ਬਿਮਾਰ ਨੂੰ ਦਵਾਈ ਲੈ ਦਿੰਦੇ ਹਾਂ ਤੇ ਕਿਸੇ ਬੇਸਹਾਰਾ ਬਜ਼ੁਰਗ ਦੇ ਭੋਜਨ ਜਾਂ ਕੱਪੜਿਆਂ ਦੀ ਵਿਵਸਥਾ ਕਰ ਦਿੰਦੇ ਹਾਂ ਤਾਂ ਮੇਰੇ ਖ਼ਿਆਲ 'ਚ ਮੇਰਾ ਨਾਨਕ ਜ਼ਿਆਦਾ ਖ਼ੁਸ਼ ਹੋਵੇਗਾ। ਜੇਕਰ ਅਸੀਂ ਕਿਰਤ ਕਰਨ ਅਤੇ ਵੰਡ ਛਕਣ ਦੇ ਨਾਨਕ ਦੁਆਰਾ ਦਿੱਤੇ ਸਿਧਾਂਤ ਨੂੰ 'ਸਹੀ ਅਰਥਾਂ' ਵਿਚ ਨਹੀਂ ਮੰਨਦੇ ਤਾਂ ਫਿਰ ਸੱਚ ਜਾਣ ਲਓ ਕਿ ਅਸੀਂ ਨਾਨਕ ਦੇ ਕੁਝ ਨਹੀਂ ਲੱਗਦੇ।

ਗੁਰੂ ਨਾਨਕ ਨੇ ਵਹਿਮਾਂ-ਭਰਮਾਂ ਅਤੇ ਫੋਕਟ ਕਰਮ-ਕਾਂਡਾਂ ਦੀ ਬੜੀ ਪ੍ਰਮਾਣਿਕ ਆਲੋਚਨਾ ਕੀਤੀ ਸੀ ਤੇ ਸਿੱਖਿਆ ਦਿੱਤੀ ਸੀ ਕਿ ਉਨ੍ਹਾਂ ਦੇ ਪੈਰੋਕਾਰ ਅਜਿਹੇ ਕਾਰਜਾਂ ਵਿਚ ਆਪਣਾ ਤਨ, ਮਨ ਅਤੇ ਧਨ ਨਹੀਂ ਲਗਾਉਣਗੇ। ਹੁਣ ਜੇਕਰ ਅਸੀਂ ਮਹੀਨੇ ਦੇ ਬਾਕੀ ਦਿਨਾਂ ਦੀ ਬਨਿਸਪਤ ਮੱਸਿਆ ਤੇ ਸੰਗਰਾਂਦ ਨੂੰ 'ਪਵਿੱਤਰ ਦਿਹਾੜੇ' ਮੰਨਦੇ ਹਾਂ ਜਾਂ ਫਿਰ 'ਸਰਾਧਾਂ' ਦੇ ਦਿਨਾਂ ਵਿਚ ਗੁਰਦੁਆਰੇ ਦੇ ਗ੍ਰੰਥੀ ਨੂੰ ਸੱਦ ਕੇ ਪਰਸ਼ਾਦਾ ਛਕਾਉਂਦੇ ਹਾਂ, ਆਪਣੇ ਬਜ਼ੁਰਗਾਂ ਦੇ 'ਵਰ੍ਹੀਣੇ' ਕਰਾਉਂਦੇ ਹਾਂ, ਨਵੇਂ ਮਕਾਨਾਂ ਦੇ ਬਾਹਰ ਨਜ਼ਰਬੱਟੂ ਟੰਗਦੇ ਹਾਂ, ਆਪਣੇ ਬੱਚਿਆਂ ਨੂੰ ਬੁਰੀ ਨਜ਼ਰ ਤੋਂ ਬਚਾਉਣ ਲਈ 'ਕਾਲਾ ਟਿੱਕਾ' ਲਗਾਉਂਦੇ ਹਾਂ ਜਾਂ ਕਾਲੇ ਤੇ ਪੀਲੇ ਧਾਗੇ ਗਲਾਂ 'ਚ ਬੰਨ੍ਹਦੇ ਹਾਂ, ਸਾਰਾ ਸਾਲ ਮਾਸਾਹਾਰੀ ਭੋਜਨ ਖਾ ਕੇ ਤੇ ਨਰਾਤਿਆਂ ਦੌਰਾਨ ਮਾਸਾਹਾਰੀ ਭੋਜਨ ਖਾਣ ਤੋਂ ਪਰਹੇਜ਼ ਕਰਦੇ ਹਾਂ, ਸ਼ਰਾਬ ਜਾਂ ਕਿਸੇ ਤਰ੍ਹਾਂ ਦੇ ਹੋਰ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਦੇ ਹਾਂ, ਦਾਜ-ਦਹੇਜ ਮੰਗਦੇ ਹਾਂ ਜਾਂ ਦਾਜ ਦੀ ਆਸ ਰੱਖਦੇ ਹਾਂ, ਆਪਣੀ ਬਹੂ ਤੋਂ ਕੇਵਲ ਪੁੱਤਰ ਪ੍ਰਾਪਤੀ ਦੀ ਆਸ ਕਸਦੇ ਹਾਂ, ਆਪਣੀ ਪਤਨੀ ਨੂੰ ਮਾਰਦੇ-ਕੁੱਟਦੇ ਅਤੇ ਅਪਮਾਨਿਤ ਕਰਦੇ ਹਾਂ ਅਤੇ ਆਪਣੇ ਬਜ਼ੁਰਗਾਂ ਦੀ ਸੇਵਾ ਕਰਨ ਦੀ ਥਾਂ ਧਾਰਮਿਕ ਅਸਥਾਨਾਂ ਦੀ ਯਾਤਰਾ ਕਰਨ ਜਾਂ ਮੱਥੇ ਟੇਕਣ ਵੱਲ ਵੱਧ ਧਿਆਨ ਦਿੰਦੇ ਹਾਂ ਤਾਂ ਜਾਣ ਲਓ ਕਿ ਅਸੀਂ ਨਾਨਕ ਦੇ ਕੁਝ ਨਹੀਂ ਲੱਗਦੇ।

ਦੁਨੀਆਂ ਭਰ ਵਿਚ ਇਸ ਗੱਲ ਦੀ ਚਰਚਾ ਤੇ ਸਿਫ਼ਤ ਕੀਤੀ ਜਾਂਦੀ ਹੈ ਕਿ ਗੁਰੂ ਨਾਨਕ ਨੇ ਸਦੀਆਂ ਤੋਂ ਲਤਾੜੀ ਤੇ ਨਕਾਰੀ ਗਈ ਇਸਤਰੀ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਿਆਂ ਉਸਨੂੰ ਰਾਜਿਆਂ-ਮਹਾਰਾਜਿਆਂ ਦੀ ਜਨਮਦਾਤੀ ਆਖ ਕੇ ਵਡਿਆਇਆ ਸੀ ਤੇ ਇਸਤਰੀ ਨੂੰ ਮੰਦਾ ਆਖਣ ਵਾਲੀ ਤੇ ਇਸਤਰੀ ਨੂੰ ਉਸ ਦੇ ਬਣਦੇ ਹੱਕ ਤੇ ਬਣਦਾ ਸਤਿਕਾਰ ਦੇਣ ਤੋਂ ਮੁਨਕਰ ਧਿਰ ਨੂੰ ਦੁਤਕਾਰਿਆ ਸੀ ਪਰ ਆਓ ਵੇਖੀਏ ਕਿ ਸਿੱਖ ਧਰਮ ਵਿਚ ਇਸਤਰੀ ਨੂੰ ਸਤਿਕਾਰ ਤੇ ਹੱਕ ਦੇਣ ਸਬੰਧੀ ਅਸੀਂ ਨਾਨਕ ਦੀ ਸੋਚ 'ਤੇ ਪਹਿਰਾ ਦੇ ਪਾ ਰਹੇ ਹਾਂ? ਦੁੱਖ ਦੀ ਗੱਲ ਹੈ ਕਿ ਨਾਨਕ ਦੇ ਜਨਮ ਤੋਂ 555 ਸਾਲ ਬਾਅਦ ਅੱਜ ਵੀ ਕਿਸੇ ਇਸਤਰੀ ਨੂੰ ਸਿੱਖਾਂ ਦੇ 'ਸੱਚਖੰਡ' ਆਖੇ ਜਾਂਦੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਦੀ ਆਗਿਆ ਨਹੀਂ ਹੈ ਤੇ ਨਾ ਹੀ ਸਿੱਖਾਂ ਦੀ ਕੁੱਲ ਆਬਾਦੀ ਦਾ 49 ਫ਼ੀਸਦੀ ਹਿੱਸਾ ਰੱਖਣ ਵਾਲੀਆਂ ਇਸਤਰੀਆਂ ਵਿਚੋਂ ਕਿਸੇ ਇਕ ਇਸਤਰੀ ਨੂੰ ਅਜੇ ਤੱਕ ਸਿੱਖਾਂ ਦੇ 'ਪੰਜ ਤਖ਼ਤਾਂ' ਵਿਚੋਂ ਕਿਸੇ ਇਕ ਤਖ਼ਤ ਦੀ ਸਰਦਾਰੀ ਸੌਂਪੀ ਗਈ ਹੈ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਆਪਣੇ ਸਮੇਂ ਵਿਚ ਨਾਨਕ ਨੇ ਤਾਂ ਪੁਰਜ਼ੋਰ ਤਰੀਕੇ ਨਾਲ ਇਸਤਰੀ ਦੇ ਹੱਕ ਅਤੇ ਸਤਿਕਾਰ ਲਈ ਹਾਅ ਦਾ ਨਾਅਰਾ ਬੁਲੰਦ ਕਰ ਦਿੱਤਾ ਸੀ ਪਰ ਹੁਣ ਆਪਣੇ ਆਪ ਨੂੰ ਨਾਨਕ ਦੇ ਸੱਚੇ ਸਿੱਖ ਸਾਬਿਤ ਕਰਨ ਲਈ ਸਾਨੂੰ ਵੀ ਕਈ ਬੇਲੋੜੀਆਂ ਪ੍ਰੰਪਰਾਵਾਂ ਤੋੜ ਕੇ ਇਸਤਰੀ ਨੂੰ ਉਸਦਾ ਉਹ ਬਣਦਾ ਹੱਕ ਦੇ ਹੀ ਦੇਣਾ ਚਾਹੀਦਾ ਹੈ ਵਰਨਾ ਇਹ ਮੰਨ ਲੈਣਾ ਚਾਹੀਦਾ ਹੈ ਕਿ ਅਸੀਂ ਨਾਨਕ ਦੇ ਕੁਝ ਨਹੀਂ ਲੱਗਦੇ ਹਾਂ।

ਜੇਕਰ ਅਸੀਂ ਨਸ਼ਾ ਤਸਕਰਾਂ, ਭ੍ਰਿਸ਼ਟਾਚਾਰੀਆਂ, ਵਿਭਚਾਰੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨਾਲ ਰਿਸ਼ਤੇ ਰੱਖਣੇ ਹਨ ਜਾਂ ਅਜਿਹੇ ਘੋਰ ਅਪਰਾਧੀਆਂ ਨੂੰ ਬਚਾਉਣ ਲਈ ਝੂਠੀਆਂ ਮੁਆਫ਼ੀਆਂ ਮੰਗਵਾਉਣੀਆਂ ਅਤੇ ਦੁਆਉਣੀਆਂ ਹਨ ਤਾਂ ਫਿਰ ਸਚਮੁੱਚ ਹੀ ਅਸੀਂ ਨਾਨਕ ਦੇ ਕੁਝ ਵੀ ਨਹੀਂ ਲੱਗਦੇ।

# ਸਹਿਜ ਸਬਰ ਤੇ ਸਿਰੜ ਦਾ ਮੁਜੱਸਮਾ-ਲਖਬੀਰ !

ਤਰਲੋਚਨ ਸਿੰਘ 'ਦੁਪਾਲ ਪੁਰ'
ਫੋਨ: +1-408-915-1268

ਸਾਡੇ ਪਿੰਡ ਦੁਪਾਲ ਪੁਰੋਂ ਨਵਾਂ ਸ਼ਹਿਰ ਜਾਣ ਲਈ ਰਸਤੇ ਤਾਂ ਹੋਰ ਵੀ ਹਨ ਪਰ ਉਨ੍ਹਾਂ ਵਿਚੋਂ ਇਕ, ਗਿਆਨ ਸਿੰਘ 'ਵਿਕਟੋਰੀਆ ਕਰਾਸ' ਦੇ ਪਿੰਡ ਸਹਾਬ ਪੁਰ ਵਿਚੀਂ ਲੰਘ ਕੇ ਜਾਣ ਵਾਲਾ ਰਾਹ ਮੇਰੇ ਜਿਆਦਾ ਪੈਰੀਂ ਲੱਗਾ ਹੋਇਆ ਹੈ। ਕਿਉਂ ਕਿ ਨੌਵੀਂ-ਦਸਵੀਂ 'ਚ ਨਵਾਂ ਸ਼ਹਿਰ ਸਕੂਲੇ ਪੜ੍ਹਦਿਆਂ ਮੈਂ ਬਹੁਤਾ ਕਰਕੇ ਇਸੇ ਰਾਹੇ ਜਾਂਦਾ ਸਾਂ।

ਸੰਨ 2023 ਦੇ ਮਈ ਮਹੀਨੇ ਦੀ ਇਕ ਦੁਪਹਿਰ ਇਸ ਪਿੰਡ ਵਿਚੋਂ ਲੰਘਦਿਆਂ ਕੰਧ ਉੱਤੇ ਲਿਖਿਆ ਇਕ ਸਿਆਸੀ ਇਸ਼ਤਿਹਾਰ ਨਜ਼ਰੀਂ ਪਿਆ ਜੋ ਕਿ ਕਿਸੇ ਲਿਖਤ ਵਿਚ ਵਰਤਿਆ ਜਾ ਸਕਦਾ ਸੀ। ਸਕੂਟਰ ਇਕ ਪਾਸੇ ਖੜ੍ਹਾ ਕਰਕੇ ਮੈਂ ਉਸ ਇਸ਼ਤਿਹਾਰ ਦੀ ਫੋਟੋ ਖਿੱਚ ਰਿਹਾ ਸਾਂ ਤਦ ਲਾਗਲੀ ਆਟਾ-ਚੱਕੀ ਤੋਂ ਬਾਹਰ ਆਇਆ ਇਕ ਸੱਜਣ ਸ਼ੱਕੀ ਜਿਹੀਆਂ ਨਜ਼ਰਾਂ ਨਾਲ਼ ਦੇਖਦਾ ਹੋਇਆ ਮੇਰੇ ਵੱਲ ਤੁਰਿਆ ਆਇਆ।

ਮੇਰੀ 'ਸਤਿ ਸ੍ਰੀ ਅਕਾਲ' ਦਾ ਨਿਮਰਤਾ ਨਾਲ ਜਵਾਬ ਦੇ ਕੇ ਉਸਨੇ ਮੇਰਾ ਪਿੰਡ ਪੁੱਛਿਆ। ਪਿੰਡ ਦਾ ਨਾਂ ਸੁਣ ਕੇ ਉਸਨੇ ਧਾਅ ਕੇ ਮੈਨੂੰ ਇਉਂ ਜੱਫੀ ਪਾ ਲਈ, ਜਿਵੇਂ ਮੈਂ ਉਹਨੂੰ ਚਿਰੀਂ ਵਿਛੁੰਨਾਂ ਜਾਨੀ ਮਿੱਤਰ ਮਿਲ਼ ਗਿਆ ਹੋਵਾਂ! ਜਦ ਕਿ ਮੇਰੇ ਲਈ ਉਹ ਹਾਲੇ ਅਣਜਾਣਿਆਂ ਵਿਅਕਤੀ ਸੀ।

'ਅੱਛਾ ਜੀ, ਦੁਪਾਲ ਪੁਰੀ ਤੁਸੀਂ ਹੋ ?' ਕਹਿ ਕੇ ਉਹ ਮੈਨੂੰ ਬਾਹੋਂ ਫੜ ਕੇ ਆਪਣੀ ਆਟਾ-ਚੱਕੀ ਵੱਲ ਖਿੱਚਣ ਲੱਗਾ। ਕਹਿੰਦਾ ਤੁਹਾਡਾ ਬੇਟਾ ਤਾਂ ਮੇਰੇ ਬੱਚਿਆਂ ਦਾ ਟੀਚਰ ਹੈ ਦੌਲਤ ਪੁਰ ਸਕੂਲੇ। ਹੁਣ ਚਾਹ ਜਾਂ ਦੁੱਧ ਪੀ ਕੇ ਜਾਇਓ, ਐਦਾਂ ਨੀ ਮੈਂ ਜਾਣ ਦੇਣਾ! ਉਸ ਵੇਲੇ ਮੈਨੂੰ ਖਾਣ-ਪੀਣ ਦੀ ਕੋਈ ਚਾਹਤ ਨਹੀਂ ਸੀ, ਇਸ ਕਰਕੇ 'ਕਿਤੇ ਫਿਰ ਸਹੀ' ਦਾ ਵਾਅਦਾ ਕਰਕੇ ਮੈਂ ਬੜੀ ਮੁਸ਼ਕਿਲ ਨਾਲ ਉਸ'ਤੋਂ ਵਿਦਾਈ ਲਈ।

ਇਸ ਅਚਾਨਕ ਮਿਲਣੀ ਤੋਂ ਹਫਤਾ ਕੁ ਬਾਅਦ ਮੈਂ ਕਿਸੇ ਕੰਮ ਆਪਣੇ ਗੁਆਂਢੀ ਮਿੱਤਰ ਸਤਨਾਮ ਸਿੰਘ ਜਲਵਾਹਾ ਚੇਅਰਮੈਨ ਦੇ ਘਰੇ ਜਲਵਾਹੇ ਪਿੰਡ ਮਿਲਣ ਗਿਆ। ਉਹ ਆਪਣਾ ਮੋਬਾਈਲ ਫੋਨ ਮੇਰੇ ਮੋਹਰੇ ਕਰਕੇ ਕੁੱਝ ਫੋਟੋਆਂ ਦਿਖਾਉਣ ਲੱਗਾ। ਫੋਟੋਆਂ ਕਾਹਦੀਆਂ, ਇਓਂ ਲਗਦਾ ਸੀ ਜਿਵੇਂ ਮਨੁੱਖੀ ਅੰਗ ਵੱਢ-ਟੁੱਕ ਕੇ ਖਿਲਾਰੇ ਪਏ ਹੋਣ! ਫਰਸ਼ 'ਤੇ ਡਿਗੀ ਪਈ ਇੱਕ ਬਾਂਹ ਮੋਢੇ ਤੋਂ ਇਉਂ ਉੱਖੜੀ ਹੋਈ ਪਈ ਸੀ, ਜਿਵੇਂ ਗਿੱਲੀ ਮਿੱਟੀ 'ਚੋਂ ਮੂਲੀ ਧੂਅ ਕੇ ਪੁੱਟੀ ਪਈ ਹੋਵੇ! ਥੱਲੇ ਫਰਸ਼ ਉੱਤੇ ਲੱਗੇ ਲਹੂ ਦੇ ਛੱਪੜ...ਇਕ ਬੰਦੇ ਦਾ ਬਾਂਹ-ਵਿਹੂਣਾ ਮੋਢਾ ਇਉਂ ਦਿਸਦਾ ਸੀ ਜਿਵੇਂ ਕੋਈ ਦਰਖਤ ਜੜ੍ਹਾਂ ਸਮੇਤ ਗਿੱਲੀ ਧਰਤੀ 'ਚੋਂ ਧੂਹਿਆ ਹੁੰਦਾ ਹੈ...!! ਲਾਗੇ ਹੀ ਖੂਨ ਨਾਲ ਲਿੱਬੜਿਆ ਪਿਆ ਸਰ੍ਹੋਂ ਦਾ ਤੇਲ ਕੱਢਣ ਵਾਲ਼ਾ ਸਪੈਲਰ!!

ਇਹ ਭਿਆਨਕ ਫੋਟੋਆਂ ਦੇਖ ਕੇ ਸੁੰਨ ਜਿਹਾ ਹੋ ਗਿਆ! 'ਚੁਅ...ਚੁਅ !' ਕਰਦਿਆਂ ਮੈਂ ਸਤਨਾਮ ਸਿੰਘ ਨੂੰ ਪੁੱਛਿਆ ਕਿ ਇਹ ਦਰਦਨਾਕ ਦ੍ਰਿਸ਼ ਕਿੱਥੇ ਦਾ ਐ ਤੇ ਇਹ ਭਾਣਾ ਕਿਸ ਬਦਨਸੀਬ ਨਾਲ ਵਾਪਰਿਆ?

ਉਸਦਾ ਜਵਾਬ ਸੁਣ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ! ਇਹ ਤਾਂ ਉਹੀ ਸਹਾਬ ਪੁਰ ਵਾਲ਼ਾ ਲਖਬੀਰ ਸਿੰਘ ਸੀ, ਜਿਸਨੇ ਕੁੱਝ ਦਿਨ ਪਹਿਲਾਂ ਅਚਾਨਕ ਹੋਈ ਪਹਿਲੀ ਮਿਲਣੀ ਵਿਚ ਹੀ ਮੈਨੂੰ ਮੋਹ ਲਿਆ ਸੀ! ਸਤਨਾਮ ਨੇ ਸਾਰੀ ਗੱਲ ਦੱਸੀ ਕਿ ਲਖਬੀਰ ਦੀ ਆਟਾ-ਚੱਕੀ ਉੱਤੇ ਸਰ੍ਹੋਂ ਦਾ ਤੇਲ ਕੱਢਣ ਵਾਲ਼ਾ ਐਕਸਪੈਲਰ ਵੀ ਲੱਗਾ ਹੋਇਆ ਹੈ। ਜਿਸਦੇ ਇਕ ਨੱਟ ਵਿਚ ਕੜਾ ਫਸਣ ਕਰਕੇ ਲਖਬੀਰ ਦੀ ਬਾਂਹ ਚੱਲਦੇ ਐਕਸਪੈਲਰ ਦੇ ਧੁਰੇ ਨਾਲ਼ ਲਪੇਟੀ ਗਈ। ਮੋਢੇ ਤੱਕ ਬਾਂਹ ਮਸ਼ੀਨ ਵਿਚ ਆਉਣ 'ਤੇ ਉਹਦਾ ਸਿਰ ਖਿੱਚੀਂਦਾ ਜਾਂਦਾ ਮਸ਼ੀਨ ਨਾਲ ਜਾ ਲੱਗਾ। ਜਿਉਂ ਹੀ ਉਹ ਜ਼ੋਰ ਮਾਰ ਕੇ ਉੱਠਿਆ ਤਾਂ ਮੋਢੇ 'ਚੋਂ ਡੌਲ਼ਾ ਪੁੱਟਿਆ ਗਿਆ! ਇਹ ਦੇਖ ਕੇ ਨੌਕਰ ਮੁੰਡੇ ਨੇ ਦੌੜ ਕੇ ਮੋਟਰ ਬੰਦ ਕੀਤੀ! ਕਹਿੰਦੇ ਉਹ ਆਪ ਹੀ ਉੱਠ ਕੇ ਹਸਪਤਾਲ ਜਾਣ ਲਈ ਲਿਆਂਦੀ ਕਾਰ ਵਿਚ ਬੈਠਿਆ! ਸਤਨਾਮ ਨੇ ਦੱਸਿਆ ਕਿ ਹੁਣ ਉਹ ਚੰਡੀਗੜ੍ਹ ਪੀ.ਜੀ.ਆਈ ਵਿਚ ਦਾਖਲ ਹੈ।

ਕੁੱਝ ਹਫਤਿਆਂ ਬਾਅਦ ਹਸਪਤਾਲ਼ੋਂ ਘਰ ਆਏ ਤੇ ਅਸੀਂ ਉਹਦੀ ਖਬਰਸਾਰ ਲੈਣ ਗਏ। ਉਸ ਨਾਲ ਵਾਪਰੇ ਅਤਿ ਭਿਆਨਕ ਹਾਦਸੇ ਕਾਰਨ ਮੈਂ ਬਹੁਤ ਸਹਿਮਿਆਂ ਹੋਇਆ ਉਹਦੇ ਘਰ ਗਿਆ! ਮਨ ਵਿਚ ਸੋਚ ਰਿਹਾ ਸਾਂ ਕਿ ਅਤਿ ਦੀ ਪੀੜ ਸਹੀ ਹੋਣ ਅਤੇ ਸੱਜੀ ਬਾਂਹ ਗੁਆਉਣ ਦੇ ਸਦਮੇਂ ਕਾਰਨ ਗਮਗੀਨ ਹੋਏ ਕਿਰਤੀ ਲਖਬੀਰ ਨੂੰ, ਮੈਂ ਕਿਹੜੇ ਸ਼ਬਦਾਂ ਨਾ਼ਲ ਧਰਵਾਸਾ ਦੇਵਾਂਗਾ? ਕਿਵੇਂ ਗੱਲ ਸ਼ੁਰੂ ਕਰਾਂਗਾ? ਜਦ ਮੈਂ ਲੰਮਾਂ ਸਾਹ ਲੈ ਕੇ ਉਹਦੇ ਕਮਰੇ ਵਿਚ ਗਿਆ...ਜਿਵੇਂ ਉਸਨੇ ਮੈਨੂੰ ਗਲਵੱਕੜੀ 'ਚ ਲੈਂਦਿਆਂ ਹੱਸ ਕੇ 'ਸਤਿ ਸ੍ਰੀ ਅਕਾਲ' ਬੁਲਾਈ ਤਾਂ ਮੈਨੂੰ ਮਹਿਸੂਸ ਹੋਇਆ ਕਿ ਮੇਰੇ ਕਿਆਸ ਤੋਂ ਉਲਟ ਉਹ ਤਾਂ ਚੜ੍ਹਦੀ ਕਲਾ ਵਾਲ਼ੀ ਭਾਵਨਾ ਨਾਲ ਓਤ-ਪੋਤ ਹੋਇਆ ਬੈਠਾ ਹੈ!



ਸਗੋਂ ਮੇਰੇ ਚਿਹਰੇ ਉੱਤੇ ਗਮ ਅਤੇ ਸਹਿਮ ਦੇ ਛਾਏ ਹੋਏ ਅਕਸ ਦੇਖ ਕੇ ਉਹ ਖੁਦ ਨਾ਼ਲ ਵਾਪਰੇ ਹਾਦਸੇ ਦੀ ਭਿਆਨਕਤਾ ਅਤੇ ਪੀੜਾ ਨੂੰ ਦਰਕਿਨਾਰ ਕਰਦਿਆਂ ਮੇਰੇ ਨਾਲ ਇਉਂ ਗੱਲਾਂ ਕਰਨ ਲੱਗਾ ਜਿਵੇਂ ਕਿਤੇ ਇਹ ਦਰਦਨਾਕ ਹਾਦਸਾ ਕਿਸੇ ਹੋਰ ਬੰਦੇ ਨਾਲ ਵਾਪਰਿਆ ਹੋਵੇ! ਹਾਦਸੇ ਮੌਕੇ ਉਹਦੇ ਅਨੋਖੇ ਸਿਰੜ ਤੇ ਪਹਾੜ ਜਿੱਡੇ ਹੌਂਸਲੇ ਦੀਆਂ ਦੋ-ਚਾਰ ਗੱਲਾਂ ਤਾਂ ਕੋਲ ਬੈਠੇ ਉਸਦੇ ਭਰਾ ਪਰਮਜੀਤ ਸਿੰਘ ਨੇ ਦੱਸੀਆਂ ਪਰ ਗੱਲਾਂ ਦਾ ਵਿਸ਼ਾ ਬਦਲਦਿਆਂ ਲਖਬੀਰ, ਮਹੀਨਾ ਕੁ ਪਹਿਲਾਂ ਕੀਤੀ ਆਪਣੀ ਨਨਕਾਣਾ ਸਾਹਿਬ ਦੀ ਯਾਤਰਾ ਦੇ ਵੇਰਵੇ ਸੁਣਾਉਣ ਲੱਗ ਪਿਆ। ਐਕਸਪੈ਼ਲਰ ਦੇ ਨੱਟ ਵਿਚ ਜਿਹੜਾ ਕੜਾ ਫਸਣ ਕਰਕੇ ਉਹਦੀ ਬਾਂਹ ਚਲੀ ਗਈ, ਕਿਸੇ ਵਿਗੋਚੇ ਜਾਂ ਪਛਤਾਵੇ ਦੀ ਬਜਾਏ ਉਹ ਸ਼ਰਧਾ ਸਤਿਕਾਰ ਨਾਲ ਦੱਸ ਰਿਹਾ ਸੀ ਕਿ ਉਹ ਕੜਾ ਮੈਂ ਐਤਕੀਂ ਸ੍ਰੀ ਨਨਕਾਣਾ ਸਾਹਬ ਤੋਂ ਲਿਆਂਦਾ ਸੀ-

'ਭਾਅ ਜੀ ਮੈਂ ਜਮਾਂਦਰੂ ਹੀ ਖੱਬਚੂ ਹਾਂ... ਸਾਰੇ ਕੰਮ ਖੱਬੇ ਹੱਥ ਨਾਲ ਹੀ ਕਰਦਾ ਹਾਂ!'

ਥੋੜ੍ਹਾ ਮੁਸਕਰਾ ਕੇ ਕਹਿੰਦਾ:

'ਸ਼ਾਇਦ ਬਾਬੇ ਨੇ ਮੇਰੀ ਬਾਂਹ ਤਦੇ ਲੈ ਲਈ ਕਿ ਭਾਈ ਇਹਦੇ ਨਾਲ ਤੂੰ ਕੰਮ ਤਾਂ ਕਰਦਾ ਨਹੀਂ!'

ਇਹ ਗੱਲ ਕਰਦਿਆਂ ਉਸਦੇ ਬੁੱਲ੍ਹਾਂ ਉੱਤੇ ਆਈ ਮੁਸਕ੍ਰਾਹਟ ਦੇਖ ਕੇ ਅਸੀਂ ਦੰਗ ਰਹਿ ਗਏ!

ਖਬਰਸਾਰ ਨੂੰ ਬੈਠੇ ਅਸੀਂ ਜਦ ਵੀ ਉਹਦੇ ਖਾਲੀ ਮੋਢੇ ਵੱਲ ਕਰੁਣਾਮਈ ਨਜ਼ਰ ਮਾਰਦੇ ਤਾਂ ਉਹ ਕਿਸੇ ਹੋਰ ਹੀ ਵਿਸ਼ੇ ਬਾਰੇ ਗੱਲ ਛੋਹ ਲੈਂਦਾ:

'ਭਾਅ ਜੀ ਸੰਨ ਸੰਤਾ਼ਲੀ ਵੇਲੇ ਰਾਹੋਂ 'ਤੋਂ ਉੱਜੜ ਕੇ ਪਾਕਿਸਤਾਨ ਗਏ ਫਲਾਣੇ ਖਾਨਦਾਨ ਦੇ ਖਾਨ ਸਾਹਬ ਨੇ ਮੈਨੂੰ ਫੋਨ 'ਤੇ ਕਿਹਾ ਸੀ ਕਿ ਨਨਕਾਣਾ ਸਾਹਿਬ ਆਉਣ ਵੇਲੇ ਰਾਹੋਂ 'ਤੋਂ 'ਸਾਡੇ ਘਰ' ਦੇ ਮ਼ਲਬੇ ਦੀਆਂ ਇਕ-ਦੋ ਇੱਟਾਂ ਜਰੂਰ ਲੈ ਆਵੀਂ! ਮੈਂ ਐਤਕੀਂ ਯਾਤਰਾ ਸਮੇਂ ਦੋ ਨਾਨਕਸ਼ਾਹੀ ਇੱਟਾਂ ਉਨ੍ਹਾਂ ਨੂੰ ਦੇ ਕੇ ਆਇਆਂ!'

ਫਿਰ ਉਹ ਉਸ ਮੁਸਲਿਮ ਪਰਿਵਾਰ ਵਲੋਂ ਮਿ਼ਲੇ ਮਾਣ ਸਤਿਕਾਰ ਅਤੇ ਮੋਹ-ਪਿਆਰ ਦੇ ਵਾਕਿਆਤ, ਚਮਕਦੀਆਂ ਅੱਖਾਂ ਨਾਲ ਇੰਜ ਸੁਣਾਉਣ ਲੱਗ ਪਿਆ ਜਿਵੇਂ ਸਰਹੱਦੋਂ ਪਾਰ ਲਾਹੌਰ ਦੇ ਲਾਗਲੇ ਕਿਸੇ ਪਿੰਡ 'ਚ ਹੀ ਬੈਠਾ ਹੋਇਆ ਹੋਵੇ !

'ਲਉ ਭਾਅ ਜੀ, ਉਨ੍ਹਾਂ ਦੇ ਸਾਰੇ ਟੱਬਰ ਨੇ ਇੱਟਾਂ ਨੂੰ ਮਸ਼ਤਿਕ ਨਾਲ ਲਾਇਆ...ਕੱਪੜਾ ਖੋਲ੍ਹ ਕੇ ਇੱਟਾਂ ਵੱਲ੍ਹ ਬੜੀ ਨੀਝ ਤੇ ਰੀਝ ਨਾ਼ਲ ਦੇਖਦਿਆਂ, ਕੰਨਾਂ ਨੂੰ ਛੂਹ ਕੇ ਅਦਬ ਨਾਲ ਆਪਣੇ ਵਫਾਤ ਪਾ ਗਏ ਬਜ਼ੁਰਗਾਂ ਦੇ ਨਾਮ ਲਏ...ਜਿਵੇਂ ਕਿਤੇ ਉਨ੍ਹਾਂ ਦੇ ਸਾਹਮਣੇ ਦੋ ਇੱਟਾਂ ਨਹੀਂ, ਉਨ੍ਹਾਂ ਦੇ ਵਡਾਰੂ ਹੀ ਹੋਣ!'

ਮਗਰੋਂ ਮੇਰੇ ਅਮਰੀਕਾ ਚਲੇ ਆਉਣ 'ਤੇ ਉਸਨੇ ਮੈਨੂੰ ਫੋਨ 'ਤੇ ਦੱਸਿਆ ਕਿ ਤੁਹਾਥੋਂ ਬਾਅਦ ਮੁਹੰਮਦ ਸਦੀਕ, ਰਣਜੀਤ ਕੌਰ , ਗੀਤਕਾਰ ਚੰਨ ਗੋਰਾਇਆਂ ਵਾ਼ਲਾ, ਸਵਰਗੀ ਦੇਵ ਥਰੀਕੇ ਦਾ ਲੜਕਾ ਜਗਵੰਤ, ਕੁਲਦੀਪ ਮਾਣਕ ਦੀ ਸੁਪਤਨੀ ਬੀਬੀ ਸਰਬਜੀਤ ਮਾਣਕ, ਯਮ੍ਹਲੇ ਦਾ ਪੋਤਰਾ ਸੁਰੇਸ਼ ਯਮ੍ਹਲਾ, ਸਰਬਜੀਤ ਕੌਰ ਸੁਪਤਨੀ ਜਸਦੇਵ ਯਮ੍ਹਲਾ ਅਤੇ ਅਮਰੀਕਾ ਵਾ਼ਲਾ ਗਾਇਕ ਧਰਮਵੀਰ ਥਾਂਦ੍ਹੀ ਵੀ ਮੇਰੀ ਖਬਰਸਾਰ ਲੈਣ ਵਾਸਤੇ ਆਏ ਸਨ। ਇਨ੍ਹਾਂ ਸਖਸ਼ੀਅਤਾਂ ਦੀ ਫੋਟੋ ਨਾਲ ਉਸਨੇ ਮੈਨੂੰ ਆਪਣੇ ਘਰ ਦੀਆਂ ਕੁੱਝ ਵੀਡੀਓ ਵੀ ਭੇਜੀਆਂ, ਜਿਨ੍ਹਾਂ ਵਿਚ ਲਖਬੀਰ ਨਾਲ ਬੈਠੀ ਗਾਇਕਾ ਰਣਜੀਤ ਕੌਰ 'ਘੋੜੀ' ਸੁਣਾਉਂਦੀ ਹੈ-'ਨਾਨਕ ਵੀਰਾ ਮੈਂ ਤੈਨੂੰ ਘੋੜੀ ਚੜ੍ਹਾਉਨੀ ਆਂ!' ਦੂਸਰੀ ਵੀਡੀਓ ਵਿਚ ਧਰਮਵੀਰ ਸਿੰਘ ਥਾਂਦ੍ਹੀ ਆਪਣਾ ਲਿਖਿਆ ਮਸ਼ਹੂਰ ਗੀਤ ਗਾਉਂਦਾ ਹੈ-

'ਵਿਚ ਅਮਰੀਕਾ ਆ ਕੇ ਬਣ ਗਏ ਜੱਟਾਂ ਦੇ ਪੁੱਤ ਲਾਲੇ

ਬੈਕਯਾਰਡ ਵਿਚ ਕਰੀਏ ਪੂਰੇ ਸ਼ੌਂਕ ਖੇਤੀਆਂ ਵਾ਼ਲੇ!'

ਇਸੇ ਤਰਾਂ ਇਕ ਹੋਰ ਵੀਡੀਓ ਵਿਚ ਯਮ੍ਹਲੇ ਦਾ ਪੋਤਰਾ ਗਾ ਰਿਹਾ ਐ ਤੇ ਪੀ.ਜੀ.ਆਈ ਤੋਂ ਆਪਣੇ ਬਾਂਹ ਵਿਹੂਣੇ ਮੋਢੇ ਦਾ ਇਲਾਜ ਕਰਾ ਰਿਹਾ ਲਖਬੀਰ ਸਿੰਘ ਸਿਰੜ, ਸਿਦਕ ਅਤੇ ਪਹਾੜ ਜਿੱਡੇ ਹੌਂਸਲੇ ਦਾ ਮੁਜੱਸਮਾਂ ਬਣਿਆ ਗੀਤ ਦੀ ਲੈਅ ਨਾ਼ਲ ਝੂਮਦਾ ਹਾਰਮੋਨੀਅਮ ਉੱਤੇ ਇਨਾਮ ਵੀ ਰੱਖ ਰਿਹਾ ਹੈ!

ਹੁਣ ਦੋ ਸਾਲ ਬਾਅਦ 2025 ਦੀ ਵਿਸਾਖੀ ਮੌਕੇ ਜਦੋਂ ਮੈਂ ਉਕਤ ਵੇਰਵਿਆਂ ਨੂੰ ਲਿਖਤ ਰੂਪ ਦੇ ਰਿਹਾ ਸਾਂ ਤਦ ਮੈਨੂੰ ਲਖਬੀਰ ਸਿੰਘ ਦੇ ਭਰਾ ਨੇ ਦੱਸਿਆ ਕਿ ਜਾਨ ਬਚਣ ਅਤੇ ਮਿ਼ਲੀ ਤੰਦਰੁਸਤੀ ਦਾ ਸ਼ੁਕਰਾਨਾ ਕਰਨ ਵਾਸਤੇ ਉਹ ਸ੍ਰੀ ਨਨਕਾਣਾ ਸਾਹਬ ਵਿਖੇ ਨਤਮਸਤਕ ਹੋਣ ਗਿਆ ਹੋਇਆ ਹੈ!

'ਹਾਦਸਾ ਕੋਈ ਵੀ ਭਾਵੇਂ ਪੇਸ਼ ਆਵੇ ਪਰ ਸਦਾ ਸ਼ੌਕ ਹਰ ਆਲਮ 'ਚ ਮੇਰਾ ਮੁਸਕ੍ਰਾਉਂਦਾ ਜਾਏਗਾ!'-ਜੋਗਾ ਸਿੰਘ ਜਗਿਆਸੂ



# ਫ਼ਿਲਮ ਲੋਕ





## ਮ੍ਰਿਣਾਲ ਠਾਕੁਰ ਦਾ ਜਲਵਾ

ਇਕ ਅਦਾਕਾਰ ਦੇ ਰੂਪ ਵਿਚ ਮ੍ਰਿਣਾਲ ਠਾਕੁਰ ਦੀ ਯਾਤਰਾ ਬੇਹੱਦ ਸ਼ਾਨਦਾਰ ਰਹੀ ਹੈ। ਅੱਜ ਉਸ ਦਾ ਨਾਂਅ ਉਨ੍ਹਾਂ ਚੋਣਵੇਂ ਅਦਾਕਾਰਾਂ ਵਿਚ ਸ਼ਾਮਿਲ ਹੈ, ਜਿਸ ਨੇ ਛੋਟੇ ਪਰਦੇ ਤੋਂ ਸ਼ੁਰੂਆਤ ਕਰ ਕੇ ਵੱਡੇ ਪਰਦੇ 'ਤੇ ਆਪਣੀ ਅਦਾਕਾਰੀ ਦਾ ਜਲਵਾ ਦਿਖਾਇਆ ਹੈ। ਕਾਲਜ ਵਿਚ ਪੜ੍ਹਾਈ ਦੌਰਾਨ ਹੀ ਮਿਣਾਲ ਠਾਕੁਰ ਨੇ ਛੋਟੇ ਪਰਦੇ ਦੇ ਲੜੀਵਾਰ 'ਮੁਝਸੇ ਕੁਛ ਕਹਤੀ ਯੇ ਖਾਮੋਸ਼ੀਆਂ ਦੇ ਨਾਲ ਆਪਣੇ ਐਕਟਿੰਗ ਕਰੀਅਰ ਦੀ ਸ਼ੁਰੂਆਤ ਕੀਤੀ। 2012-13 ਵਿਚ ਪ੍ਰਸਾਰਿਤ ਇਸ ਲੜੀਵਾਰ ਵਿਚ ਉਸ ਨੇ ਗੋਰੀ ਭੋਂਸਲੇ ਦਾ ਬੇਹੱਦ ਸ਼ਾਨਦਾਰ ਕਿਰਦਾਰ ਨਿਭਾਇਆ ਸੀ। ਇਸ ਤੋਂ ਬਾਅਦ ਉਹ 'ਹਰ ਯੁਗ ਮੇਂ ਆਏਗਾ ਏਕ ਅਰਜੁਨ' ਅਤੇ ਏਕਤਾ ਕਪੂਰ ਦੇ ਲੜੀਵਾਰ 'ਕੁਮਕੁਮ ਭਾਗਿਆ' ਵਿਚ ਬੁਲਬੁਲ ਅਰੋੜਾ ਦੇ ਕਿਰਦਾਰ ਵਿਚ ਨਜ਼ਰ ਆਈ ਸੀ। 'ਕੁਮਕੁਮ ਭਾਗਿਆ' ਦੌਰਾਨ ਉਸ ਨੂੰ ਮਰਾਠੀ ਫ਼ਿਲਮਾਂ 'ਵਿਟੀ ਡਾਂਡੂ' ਅਤੇ 'ਸਵਰਾਜ' ਵਿਚ ਕੰਮ ਕਰਨ ਦਾ ਮੌਕਾ ਮਿਲਿਆ।

ਇਸ ਤੋਂ ਬਾਅਦ ਮ੍ਰਿਣਾਲ ਨੇ ਕੁਝ ਮਰਾਠੀ ਫ਼ਿਲਮਾਂ ਅਤੇ ਲੜੀਵਾਰਾਂ ਵਿਚ ਵੀ ਕੰਮ ਕੀਤਾ। ਉਸ ਨੇ ਗੁਰੂ ਰੰਧਾਵਾ ਨਾਲ 'ਅਭੀ ਨਾ ਛੋੜੋ ਮੁਝੇ' ਸਿਰਲੇਖ ਨਾਲ ਸੰਗੀਤਕ ਵੀਡੀਓ ਕੀਤਾ। ਇਸ ਵਿਚ ਉਹ ਇਕ ਅਨੋਖੇ ਅੰਦਾਜ਼ ਵਿਚ ਨਜ਼ਰ ਆਈ। ਬਾਲੀਵੁੱਡ ਵਿਚ ਮ੍ਰਿਣਾਲ ਠਾਕੁਰ ਨੇ ਆਪਣੀ ਸ਼ੁਰੂਆਤ 'ਲਵ ਸੋਨੀਆ' ਨਾਲ ਕੀਤੀ ਸੀ। ਰਿਤਿਕ ਰੋਸ਼ਨ ਦੇ ਨਾਲ 'ਸੁਪਰ 30' ਤੋਂ ਮਿਣਾਲ ਨੂੰ ਜ਼ਬਰਦਸਤ ਪਛਾਣ ਮਿਲੀ। ਉਸ ਤੋਂ ਬਾਅਦ ਉਹ ਜਾਨ ਅਬ੍ਰਾਹਮ ਦੇ ਨਾਲ 'ਬਾਟਲਾ ਹਾਊਸ', ਫਰਹਾਨ ਅਖ਼ਤਰ ਦੀ ਫ਼ਿਲਮ 'ਤੂਫਾਨ', ਕਾਰਤਿਕ ਆਰੀਅਨ ਦੀ ਫ਼ਿਲਮ 'ਧਮਾਕਾ', ਸ਼ਾਹਿਦ ਕਪੂਰ ਦੀ ਫ਼ਿਲਮ 'ਜਰਸੀ', ਅਭਿਮੰਨਿਊ ਦੇਸਾਈ ਦੀ ਫ਼ਿਲਮ 'ਆਖ ਮਿਚੌਲੀ' ਵਿਚ ਨਜ਼ਰ ਆ ਚੁੱਕੀ ਹੈ।

ਪਿਛਲੇ ਸਾਲ ਮੂਲ ਰੂਪ ਵਿਚ ਤੇਲਗੂ ਵਿਚ ਰਿਲੀਜ਼ ਪੈਨ ਇੰਡੀਆ ਫ਼ਿਲਮ 'ਕਲੀ 2898 ਏ.ਡੀ.ਵਿਚ ਮ੍ਰਿਣਾਲ ਠਾਕੁਰ ਇਕ ਸ਼ਾਨਦਾਰ ਕੈਮਿਓ ਕਰਦੀ ਨਜ਼ਰ ਆਈ ਸੀ। ਪਿਛਲੇ ਸਾਲ ਹੀ ਉਹ ਤੇਲਗੂ ਫ਼ਿਲਮ 'ਫੈਮਿਲੀ ਸਟਾਰ ਵਿਚ ਵਿਜੇ ਦੇਵਰੇਕੋਂਡਾ ਨਾਲ ਮੁੱਖ ਭੂਮਿਕਾ 'ਚ ਨਜ਼ਰ ਆਈ ਸੀ। ਇਸ ਤੋਂ ਪਹਿਲਾਂ ਵੀ ਉਹ ਤੇਲਗੂ ਦੀ ਸੁਪਰਹਿੱਟ ਫ਼ਿਲਮ 'ਸੀਤਾ ਰਾਮਮ' ਵਿਚ ਨਜ਼ਰ ਆ ਚੁੱਕੀ ਹੈ, ਜਿਸ ਵਿਚ ਨਾ ਸਿਰਫ਼ ਉਸ ਨੂੰ ਕਾਫੀ ਪਸੰਦ ਕੀਤਾ ਗਿਆ ਸਗੋਂ ਇਸ ਲਈ ਉਸ ਨੂੰ ਬੈਸਟ ਅਦਾਕਾਰਾ (ਤੇਲਗੂ) ਫ਼ਿਲਮ ਫੇਅਰ ਪੁਰਸਕਾਰ ਵੀ ਮਿਲਿਆ ਸੀ। ਮਿਣਾਲ ਠਾਕੁਰ ਇਨ੍ਹੀਂ ਦਿਨੀਂ ਹੈਦਰਾਬਾਦ ਵਿਚ ਤੇਲਗੂ ਅਤੇ ਹਿੰਦੀ ਵਿਚ ਡਿਕੇਤ : ਏ ਲਵ ਸਟੋਰੀ' ਦੀ ਸ਼ੂਟਿੰਗ ਕਰ ਰਹੀ ਹੈ। ਫ਼ਿਲਮ ਵਿਚ ਉਸ ਦੇ ਨਾਲ ਅਦਿਵੀ ਸ਼ੇਸ਼ ਮੁੱਖ ਭੂਮਿਕਾ ਵਿਚ ਹੈ, ਜਦ ਕਿ ਅਨੁਰਾਗ ਕਸ਼ਿਅਪ ਵੀ ਮੁੱਖ ਭੂਮਿਕਾ ਨਿਭਾਅ ਰਿਹਾ ਹੈ।



## ਚਾਰ ਸੌ ਤੋਂ ਵੱਧ ਫ਼ਿਲਮਾਂ ਕਰਨ ਵਾਲੀ ਅਦਾਕਾਰਾ ਅਰੁਣਾ ਈਰਾਨੀ

ਹਿੰਦੀ ਸਿਨੇਮਾ ਜਗਤ ਦੀ ਪ੍ਰਸਿੱਧ ਅਦਾਕਾਰਾ ਅਰੁਣਾ ਈਰਾਨੀ ਪਿਛਲੇ ਮਹੀਨੇ ਬੈਂਕਾਕ ਵਿਚ ਡਿੱਗ ਗਈ ਸੀ। ਇਸ ਵਜ੍ਹਾ ਕਰਕੇ ਉਸ ਨੂੰ ਬਹੁਤ ਸੱਟ ਲੱਗੀ ਅਤੇ ਪੈਰ ਵੀ ਟੁੱਟ ਗਿਆ ਸੀ। ਮੁੰਬਈ ਆਉਣ ਤੋਂ ਬਾਅਦ ਉਸ ਦਾ ਲੰਮਾ ਇਲਾਜ ਚੱਲਿਆ। ਹੁਣ ਉਸ ਦੇ ਪੈਰ ਤੋਂ ਪਲੱਸਤਰ ਲੱਥ ਚੁੱਕਾ ਹੈ ਅਤੇ ਉਹ ਤੁਰਨ-ਫਿਰਨ ਲੱਗੀ ਹੈ, ਪਰ ਫਿਲਹਾਲ ਉਹ ਘਰ 'ਚ ਆਰਾਮ ਕਰ ਰਹੀ ਹੈ। 18 ਅਗਸਤ, 1946 ਨੂੰ ਪੈਦਾ ਹੋਈ ਅਰੁਣਾ ਈਰਾਨੀ ਦੇ ਪਿਤਾ ਇਕ ਥੀਏਟਰ ਐਕਟਰ ਅਤੇ ਮਾਂ ਫਿਲਮ ਅਦਾਕਾਰਾ ਸੀ। ਆਪਣੇ ਮਾਤਾ-ਪਿਤਾ ਦੀ ਤਰ੍ਹਾਂ ਅਰੁਣਾ ਈਰਾਨੀ ਨੇ ਮਹਿਜ਼ 15 ਸਾਲ ਦੀ ਉਮਰ ਵਿਚ ਸਾਲ 1961 ਦੀ ਫ਼ਿਲਮ 'ਗੰਗਾ ਜਮੁਨਾ' ਤੋਂ ਬਤੌਰ ਬਾਲ ਕਲਾਕਾਰ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਇਸ ਤੋਂ ਬਾਅਦ ਅਰੁਣਾ ਨੇ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ। ਅਗਲੇ ਹੀ ਸਾਲ ਉਹ ਫ਼ਿਲਮ 'ਅਨਪੜ੍ਹ' ਵਿਚ ਨਜ਼ਰ ਆਈ। ਇਸ ਤੋਂ ਇਲਾਵਾ ਉਸ ਨੂੰ 'ਫ਼ਰਜ਼', 'ਬੌਬੀ', 'ਫਕੀਰਾ', 'ਸਰਗਮ', 'ਰੈੱਡ ਰੋਜ਼', 'ਲਵ ਸਟੋਰੀ' ਅਤੇ 'ਰੌਕੀ' ਵਰਗੀਆਂ ਪਤਾ ਨਹੀਂ ਕਿੰਨੀਆਂ ਹੀ ਫ਼ਿਲਮਾਂ ਵਿਚ ਦੇਖਿਆ ਗਿਆ।

ਅਰੁਣਾ ਈਰਾਨੀ ਨੇ ਜਿਤੇਂਦਰ, ਧਰਮਿੰਦਰ ਅਤੇ ਅਮਿਤਾਭ ਬੱਚਨ ਵਰਗੇ ਆਪਣੇ ਦੌਰ ਦੇ ਹਰ ਵੱਡੇ ਕਲਾਕਾਰ ਨਾਲ ਕੰਮ ਕਰਦੇ ਹੋਏ ਆਪਣੀ ਅਦਾਕਾਰੀ ਨਾਲ ਹਰ ਕਿਸੇ ਨੂੰ ਮੁਰੀਦ ਬਣਾਇਆ, ਪਰ ਫ਼ਿਲਮ 'ਬੰਬੇ ਟੂ ਗੋਆ' ਨੂੰ ਛੱਡ ਕੇ ਜ਼ਿਆਦਾਤਰ ਫ਼ਿਲਮਾਂ ਵਿਚ ਉਹ ਸਿਰਫ਼ ਸੁਪੋਰਟਿੰਗ ਭੂਮਿਕਾ ਵਿਚ ਨਜ਼ਰ ਆਉਂਦੀ ਰਹੀ। ਇਸ ਤਰ੍ਹਾਂ ਹੌਲੀ-ਹੌਲੀ ਉਹ ਸਾਈਡ ਐਕਟ੍ਰੇਸ ਬਣ ਗਈ ਅਤੇ ਉਸ ਦੇ ਹਿੱਸੇ ਵਿਚ ਸਿਰਫ਼ ਛੋਟੀਆਂ-ਛੋਟੀਆਂ ਭੂਮਿਕਾਵਾਂ ਹੀ ਆਉਂਦੀਆਂ ਰਹੀਆਂ। ਅਰੁਣਾ ਈਰਾਨੀ ਪਿਛਲੇ 64 ਸਾਲਾਂ ਤੋਂ ਮਨੋਰੰਜਨ ਸਨਅਤ ਵਿਚ ਸਰਗਰਮ ਵੈ। ਇਸ ਦਰਮਿਆਨ ਅਰੁਣਾ ਈਰਾਨੀ ਨੇ ਹਿੰਦੀ, ਮਰਾਠੀ ਅਤੇ ਗੁਜਰਾਤੀ ਸਿਨੇਮਾ ਵਿਚ ਲਗਭਗ 400 ਤੋਂ ਜ਼ਿਆਦਾ ਫ਼ਿਲਮਾਂ ਵਿਚ ਕੰਮ ਕੀਤਾ ਹੈ। 'ਔਲਾਦ', 'ਹਮਜੋਲੀ', 'ਦੇਵੀ' ਅਤੇ 'ਨਯਾ ਜ਼ਮਾਨਾ' ਵਰਗੀਆਂ ਫ਼ਿਲਮਾਂ ਵਿਚ ਕਾਮੇਡੀ ਐਕਟਰ ਮਹਿਮੂਦ ਨਾਲ ਅਰੁਣਾ ਈਰਾਨੀ ਦੀ ਜੋੜੀ ਨੂੰ ਕਾਫ਼ੀ ਪਸੰਦ ਕੀਤਾ ਗਿਆ। ਇਸ ਦੌਰਾਨ ਮਹਿਮੂਦ ਨਾਲ ਉਸ ਦਾ ਨਾਂਅ ਵੀ ਜੋੜਿਆ ਗਿਆ।

ਅਰੁਣਾ ਈਰਾਨੀ ਨੇ 1990 ਵਿਚ ਮਸ਼ਹੂਰ ਨਿਰਦੇਸ਼ਕ ਕੁੱਕੂ ਕੋਹਲੀ ਨਾਲ ਵਿਆਹ ਕੀਤਾ। ਵਿਆਹ ਤੋਂ ਬਾਅਦ ਵੀ ਅਰੁਣਾ ਈਰਾਨੀ ਨੇ ਫ਼ਿਲਮ ਅਤੇ ਟੀ.ਵੀ. ਲਈ ਕੰਮ ਕਰਨਾ ਜਾਰੀ ਰੱਖਿਆ। ਆਪਣੇ ਬਾਅਦ ਦੇ ਕਰੀਅਰ ਵਿਚ ਅਰੁਣਾ ਈਰਾਨੀ ਨੇ ਟੈਲੀਵਿਜ਼ਨ ਸਨਅਤ ਵਿਚ ਕਦਮ ਰੱਖਦੇ ਹੋਏ 'ਮਹਿੰਦੀ ਤੇਰੇ ਨਾਮ ਕੀ', 'ਦੇਸ ਮੇਂ ਨਿਕਲਾ ਹੋਗਾ ਚਾਂਦ', 'ਰੱਬਾ ਇਸ਼ਕ ਨਾ ਹੋਵੇ', 'ਤੁਮ ਬਿਨ ਜਾਊਂ ਕਹਾਂ', 'ਜ਼ਮੀਨ ਸੇ ਆਸਮਾਨ ਤਕ', 'ਕਹਾਨੀ ਘਰ ਘਰ ਕੀ', 'ਮਾਇਕਾ' ਅਤੇ 'ਵੈਦੇਹੀ ਵਰਗੇ ਅਨੇਕ ਟੀ.ਵੀ. ਸ਼ੋਆਂ ਵਿਚ ਭੂਮਿਕਾਵਾਂ ਨਿਭਾਈਆਂ। ਉਸ ਨੇ ਕੁਝ ਟੀ.ਵੀ. ਲੜੀਵਾਰਾਂ ਦਾ ਨਿਰਦੇਸ਼ਨ ਅਤੇ ਨਿਰਮਾਣ ਵੀ ਕੀਤਾ। 'ਪੇਟ ਪਿਆਰ ਔਰ ਪਾਪ' ਅਤੇ 'ਬੇਟਾ' ਵਿਚ ਅਰੁਣਾ ਈਰਾਨੀ ਦੀਆਂ ਭੂਮਿਕਾਵਾਂ ਲਈ ਉਸ ਨੂੰ ਦੋ ਵਾਰ ਸਰਬੋਤਮ ਸਹਾਇਕ ਅਭਿਨੇਤਰੀ ਦਾ ਫ਼ਿਲਮ ਫੇਅਰ ਪੁਰਸਕਾਰ ਮਿਲਿਆ। ਸਾਲ 2012 ਵਿਚ 57ਵੇਂ ਫ਼ਿਲਮ ਫੇਅਰ ਪੁਰਸਕਾਰ ਸਮਾਰੋਹ ਵਿਚ ਉਸ ਨੂੰ ਫ਼ਿਲਮ ਫੇਅਰ ਲਾਈਫਟਾਈਮ ਅਚੀਵਮੈਂਟ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।



## ਹਰ ਤਰ੍ਹਾਂ ਦੇ ਰੋਲ 'ਚ ਜਚ ਜਾਂਦੀ ਹੈ ਰਕੁਲ ਪ੍ਰੀਤ

ਕਈ ਭਾਸ਼ਾਵਾਂ ਦੀਆਂ ਫ਼ਿਲਮਾਂ ਵਿਚ ਕੰਮ ਕਰਦੇ ਹੋਏ ਆਪਣੀ ਅਦਾਕਾਰੀ ਅਤੇ ਗਲੈਮਰ ਦੇ ਸਹਾਰੇ ਅਦਾਕਾਰਾ ਰਕੁਲ ਪ੍ਰੀਤ ਸਿੰਘ ਪੈਨ ਇੰਡੀਆ ਸਟਾਰ ਬਣ ਚੁੱਕੀ ਹੈ। ਚਾਹੇ ਰੋਮਾਂਟਿਕ ਕਾਮੇਡੀ ਹੋਵੇ ਜਾਂ ਡਰਾਮਾ, ਉਸ ਨੇ ਹਰ ਤਰ੍ਹਾਂ ਦੇ ਕਿਰਦਾਰ ਨਿਭਾਏ ਹਨ। ਰਕੁਲ ਪ੍ਰੀਤ ਸਿੰਘ ਨੇ ਦਿਵਿਆ ਖੋਸਲਾ ਕੁਮਾਰ ਨਿਰਦੇਸ਼ਿਤ 'ਯਾਰੀਆਂ' ਤੋਂ ਬਾਲੀਵੁੱਡ 'ਚ ਡੈਬਿਊ ਕੀਤਾ। ਫ਼ਿਲਮ ਵਿਚ ਰਕੂਲ ਦੀ ਖੂਬਸੂਰਤੀ, ਮਦਹੋਸ਼ੀ ਭਰੀਆਂ ਅੱਖਾਂ ਅਤੇ ਗਲੈਮਰ ਨੇ ਸਭ ਦਾ ਮਨ ਮੋਹ ਲਿਆ। 'ਯਾਰੀਆਂ' ਤੋਂ ਚਾਰ ਸਾਲ ਬਾਅਦ ਰਕੁਲ ਪ੍ਰੀਤ ਸਿੰਘ ਨੇ ਨੀਰਜ ਪਾਂਡੇ ਦੀ 'ਅੱਯਾਰੀ' ਜ਼ਰੀਏ ਬਾਲੀਵੁੱਡ ਵਿਚ ਵਾਪਸੀ ਕੀਤੀ। ਇਸ ਵਿਚ ਉਸ ਨੇ ਸੋਨੀਆ ਗੁਪਤਾ ਨਾਂਅ ਦੀ ਕੁੜੀ ਦਾ ਕਿਰਦਾਰ ਨਿਭਾਇਆ ਸੀ, ਜੋ ਦਰਸ਼ਕਾਂ ਨੂੰ ਬਹੁਤ ਪਸੰਦ ਆਇਆ। ਲਵ ਰੰਜਨ ਵਲੋਂ ਬਣਾਈ, ਰੋਮਾਂਟਿਕ ਕਾਮੇਡੀ 'ਦੇ ਦੇ ਪਿਆਰ ਦੇ' ਵਿਚ ਉਹ ਅਜੈ ਦੇਵਗਨ ਨਾਲ ਮੁੱਖ ਭੂਮਿਕਾ ਵਿਚ ਨਜ਼ਰ ਆਈ। ਇਸ ਫ਼ਿਲਮ ਨੇ ਟਿਕਟ ਖਿੜਕੀ 'ਤੇ ਧਮਾਲ ਮਚਾ ਦਿੱਤੀ। ਇਸ ਤੋਂ ਬਾਅਦ ਰਕੂਲ ਦੀ ਗੱਡੀ ਬਾਲੀਵੁੱਡ ਵਿਚ ਚੱਲ ਨਿਕਲੀ। ਉਹ 'ਮਰਜਾਵਾਂ', 'ਸਰਦਾਰ ਕਾ ਗ੍ਰੈਂਡਸਨ', 'ਅਟੈਕ', 'ਰਨਵੇ-34', 'ਬੈਠਗਊਲੀ', 'ਡਾਕਟਰ ਜੀ', 'ਬੈਂਕ ਗਾਡ', 'ਛਤਰੀਵਾਲੀ' ਅਤੇ 'ਮੇਰੇ ਹਸਬੈਂਡ ਕੀ ਬੀਵੀ' ਵਰਗੀਆਂ ਫ਼ਿਲਮਾਂ ਵਿਚ ਬਤੌਰ ਮੁੱਖ ਭੂਮਿਕਾ ਕਰਦੀ ਨਜ਼ਰ ਆਈ। ਪਿਛਲੇ ਸਾਲ 21 ਫਰਵਰੀ ਨੂੰ ਰਕੁਲ ਪ੍ਰੀਤ ਸਿੰਘ ਨੇ ਗੋਆ ਵਿਚ ਆਪਣੇ ਲੰਮੇ ਸਮੇਂ ਤੋਂ ਮਿੱਤਰ ਫ਼ਿਲਮ ਪ੍ਰੋਡਿਊਸਰ ਜੈਕੀ ਭਾਗਨਾਨੀ ਨਾਲ ਵਿਆਹ ਕੀਤਾ। ਵਿਆਹ ਤੋਂ ਬਾਅਦ ਇਕ ਵਾਰ ਫਿਰ ਰਕੁਲ ਆਪਣੇ ਕਰੀਅਰ 'ਤੇ ਧਿਆਨ ਦੇ ਰਹੀ ਹੈ। ਉਸ ਦੀ ਲੰਮੇ ਸਮੇਂ ਤੋਂ ਉਡੀਕੀ ਜਾ ਰਹੀ ਫ਼ਿਲਮ 'ਦੇ ਦੇ ਪਿਆਰ ਦੇ-2' ਹੈ ਜਿਸ ਵਿਚ ਉਹ ਅਜੈ ਦੇਵਗਨ ਅਤੇ ਆਰ. ਮਾਧਵਨ ਨਾਲ ਦਿਸੇਗੀ। ਇਹ ਫ਼ਿਲਮ ਇਸ ਸਾਲ 14 ਨਵੰਬਰ ਨੂੰ ਸਿਨੇਮਾ ਘਰਾਂ ਵਿਚ ਰਿਲੀਜ਼ ਹੋਣ ਵਾਲੀ ਹੈ। ਇਸ ਤੋਂ ਇਲਾਵਾ ਰਕੁਲ, ਕਮਲ ਹਸਨ ਨਾਲ ਫ਼ਿਲਮ 'ਇੰਡੀਅਨ' ਦਾ ਵਿਸਥਾਰ 'ਇੰਡੀਅਨ-2' ਵੀ ਕਰ ਰਹੀ ਹੈ। ਹਾਲ ਹੀ ਵਿਚ ਖ਼ਬਰ ਆਈ ਹੈ ਕਿ ਰਕੁਲ ਪ੍ਰੀਤ ਸਿੰਘ ਅਤੇ ਸੈਫ ਅਲੀ ਖਾਨ ਨਾਲ ਪ੍ਰੋਡਿਊਸਰ ਰਮੇਸ਼ ਤੌਰਾਨੀ ਇਕ ਫ਼ਿਲਮ ਸ਼ੁਰੂ ਕਰਨ ਵਾਲੇ ਹਨ। ਪ੍ਰਸੰਸਕ ਉਮੀਦ ਕਰ ਰਹੇ ਹਨ ਕਿ ਸੈਫ਼ ਅਲੀ ਖਾਨ ਅਤੇ ਰਕੁਲ ਪ੍ਰੀਤ ਸਿੰਘ ਦੀ ਇਹ ਜੋੜੀ ਸਕ੍ਰੀਨ 'ਤੇ ਇਕ ਨਵੀਂ ਪ੍ਰੈੱਸ਼ ਐਨਰਜੀ ਲੈ ਕੇ ਆਵੇਗੀ। ਕਿਹਾ ਜਾ ਰਿਹਾ ਹੈ ਕਿ ਦੋਵਾਂ ਦੀ ਇਹ ਫ਼ਿਲਮ 'ਰੇਸ-4' ਵੀ ਹੋ ਸਕਦੀ ਹੈ। ਹਾਲੇ ਫ਼ਿਲਮ ਦੀ ਕਹਾਣੀ ਨੂੰ ਲੈ ਕੇ ਸਸਪੈਂਸ ਬਣਿਆ ਹੋਇਆ ਹੈ, ਪਰ ਉਮੀਦ ਕੀਤੀ ਜਾ ਰਹੀ ਹੈ ਕਿ ਫ਼ਿਲਮ ਨਿਰਮਾਤਾ ਰਮੇਸ਼ ਤੌਰਾਨੀ, ਜੋ ਹਮੇਸ਼ਾ ਮਨੋਰੰਜਕ ਫ਼ਿਲਮਾਂ ਬਣਾਉਣ ਲਈ ਜਾਣੇ ਜਾਂਦੇ ਹਨ, ਇਸ ਪ੍ਰਾਜੈਕਟ ਵਿਚ ਵੀ ਆਪਣਾ ਟ੍ਰੇਡਮਾਰਕ ਸਟਾਈਲ ਲੈ ਕੇ ਆਉਣਗੇ।

## ਦ੍ਰਿੜ੍ਹ ਇੱਛਾ ਨਾਲ ਫ਼ਿਲਮਾਂ 'ਚ ਆਈ ਸਾਨੀਆ ਮਲਹੋਤਰਾ



ਅੱਜਕਲ੍ਹ ਓ.ਟੀ.ਟੀ. 'ਤੇ ਜਿਸ ਫ਼ਿਲਮ ਦੀ ਬਹੁਤ ਚਰਚਾ ਹੈ, ਉਹ 'ਮਿਸੇਜ਼' ਫ਼ਿਲਮ ਹੈ ਤੇ ਇਸ 'ਚ ਕੰਮ ਕਰ ਚੁੱਕੀ ਸਾਨੀਆ ਮਲਹੋਤਰਾ ਦੀ ਚਰਚਾ ਹੋਣੀ ਵੀ ਸੁਭਾਵਿਕ ਹੈ ਕਿ ਮਰਦ ਸਮਾਜ 'ਤੇ ਆਧਾਰਿਤ ਸਾਨੀਆ ਦੀ ਫ਼ਿਲਮ 'ਮਿਸੇਜ਼' ਨਾਲ ਚੈਨਲਾਂ 'ਤੇ ਬਹਿਸ ਵੀ ਦੇਖਣ ਨੂੰ ਮਿਲ ਰਹੀ ਹੈ। 'ਜ਼ੀ-5' 'ਤੇ ਆਈ 'ਮਿਸੇਜ਼' ਦਾ ਹਿੱਸਾ ਯਾਨੀ ਫ਼ਿਲਮ 'ਚ ਸਾਨੀਆ ਦੇ ਪਤੀ ਬਣੇ ਨਿਸ਼ਾਂਤ ਦਹੀਆ ਸੁਣੀਏ ਤਾਂ ਉਹ ਆਪਣੇ-ਆਪ ਨੂੰ ਇਸ ਫ਼ਿਲਮ ਕਾਰਨ ਮੁਸੀਬਤ 'ਚ ਘਿਰਿਆ ਮਹਿਸੂਸ ਕਰ ਰਹੇ ਹਨ ਬਾਬਤ ਸਾਨੀਆ ਨੇ ਹੀ ਪੱਤਰਕਾਰਾਂ ਨੂੰ ਦੱਸਿਆ ਕਿ ਫ਼ਿਲਮ 'ਚ ਮੇਰੇ ਪਤੀ ਬਣੇ ਨਿਸ਼ਾਂਤ ਦੇ ਕਿਰਦਾਰ 'ਦਿਵਾਕਰ' ਬਾਰੇ ਔਰਤਾਂ ਨੇ ਤਾਂ ਨਪੀ-ਤੁਲੀ ਗੱਲ ਕਹੀ ਹੈ ਪਰ ਕਈ ਮਰਦਾਂ ਨੇ ਨਿਸ਼ਾਂਤ ਨੂੰ ਸੁਨੇਹੇ ਭੇਜੇ ਵ ਤੋਂ ਬੇਵਕੂਫ਼ ਹੈਂ, ਅਜਿਹਾ ਪਤੀ ਬਣਨ ਨਾਲੋਂ ਚੂਹੇ ਮਾਰਨ ਵਾਲੀ ਦਵਾਈ ਖਾ ਲੈਣੀ ਸੀ।' ਸਾਨੀਆ ਤੋਂ ਨਿਸ਼ਾਂਤ ਨਾਲ ਹਮਦਰਦੀ ਪ੍ਰਗਟ ਕੀਤੀ ਹੈ ਤੇ ਕਿਹਾ ਹੈ ਕਿ ਅਜਿਹੇ ਸੁਨੇਹੇ ਕਲਾਕਾਰ ਨੂੰ ਮਾਨਸਿਕ ਦਾ ਦਿੰਦੇ ਹਨ। ਇਕ ਗੱਲ ਹੋਰ ਕਿ 'ਦੰਗਲ' ਵਾਲੀ ਸਾਨੀਆ ਦੀ ਮਾਂ ਆਪਣੀ ਧੀ ਸਾਨੀਆ ਨੂੰ ਫ਼ਿਲਮਾਂ ਤੋਂ ਦੂਰ ਰੱਖਣਾ ਚਾਹੁੰਦੀ ਸੀ। ਇਸ ਸਭ ਲਈ ਉਸ ਦੀ ਮਾਂ ਪੰਡਿਤਾਂ ਕੋਲ ਜਾਂਦੀ ਰਹੀ ਕਿ ਪੰਡਿਤ ਜੀ ਮੇਰੀ ਧੀ ਜ਼ਿੰਦਗੀ 'ਚ ਕੀ ਕਰੇਗੀ? ਇਸ ਨੂੰ ਫ਼ਿਲਮੀ ਬੁਖਾਰ ਤੋਂ ਰੋਕਣ ਦੇ ਉਪਾਅ ਦੱਸੋ ਤੇ ਕਹੋ ਤੇ ਇਧਰ ਸਾਨੀਆ ਸੀ ਕਿ ਘਰੋਂ ਨਿਕਲਣ ਲਈ ਬਗ਼ੈਰ ਰੂਪ ਸਜਾਵਟ ਦੇ ਉਹ ਫ਼ਿਲਮੀ ਟੈਸਟ ਦੇਣ ਜਾਂਦੀ ਰਹੀ। ਕਮਾਲ ਤਾਂ ਇਹ ਹੈ ਕਿ ਸਕੂਲ ਪੜ੍ਹਦੀ ਸੀ ਤਾਂ ਸਾਨੀਆ ਦੇ ਚਿਹਰੇ 'ਤੇ ਮੁੱਛਾਂ ਦੇਖ ਕੇ ਮੁੰਡੇ ਉਸ ਨੂੰ ਤੰਗ ਕਰਦੇ ਸਨ ਕਿ ਇਹ ਤਾਂ ਅਜੀਬ ਮਰਦ-ਕੁੜੀ ਹੈ ਪਰ ਸਾਨੀਆ ਦਾ ਦਿਲ ਇਨ੍ਹਾਂ ਗੱਲਾਂ ਨਾਲ ਨਹੀਂ ਟੁੱਟਿਆ। ਨੌਂ ਸਾਲ ਪਹਿਲਾਂ 'ਦੰਗਲ' ਤੇ ਫਿਰ 'ਪਟਾਕਾ', 'ਫੋਟੋਗ੍ਰਾਫ਼', 'ਬਧਾਈ ਹੋ', 'ਪਗਲੇਟ', 'ਕਟਰ ਲੂ', 'ਜਵਾਨ' ਤੇ 'ਸੈਮ ਬਹਾਦਰ' ਫ਼ਿਲਮਾਂ ਕਰ ਕੇ ਸਾਨੀਆ ਮਲਹੋਤਰਾ ਨੇ ਜ਼ਿੱਦ ਪੁਗਾ ਲਈ। ਮਾਂ ਹਾਰ ਗਈ ਤੇ ਧੀ ਜਿੱਤ ਗਈ। ਇਕ ਦਿਲਚਸਪ ਘਟਨਾ ਹੋਰ ਹੈ ਕਿ ਇਕ ਫ਼ਿਲਮ ਦੀ ਸ਼ੂਟਿੰਗ ਕਿਸੇ ਪਛੜੇ ਹੋਏ ਪਿੰਡ 'ਚ ਸੀ ਤੇ ਬਾਕੀਆਂ ਦੀ ਤਰ੍ਹਾਂ ਸਾਨੀਆ ਨੂੰ ਵੀ ਸਵੇਰੇ ਪਾਣੀ ਦੀ ਬੋਤਲ ਜਾਂ ਗੜਵੀ ਲੈ ਕੇ 'ਟਾਇਲਟ' ਲਈ ਜਾਣਾ ਪਿਆ ਕਿਉਂਕਿ ਉਥੇ ਕੋਈ ਹੋਟਲ ਜਾਂ ਕਿਸੇ ਘਰ ਵੀ ਟਾਇਲਟ ਨਹੀਂ ਸੀ। ਹਾਂ 'ਮਿਸੇਜ਼' ਵਾਲੀ ਸਾਨੀਆ ਮਲਹੋਤਰਾ ਲੱਖ ਕਹੇ ਕਿ ਕੰਮ 'ਤੇ ਧਿਆਨ ਹੈ, ਵਿਆਹ ਲਈ ਵਿਹਲ ਨਹੀਂ ਹੈ ਪਰ ਦਿਲ ਦੇ ਅੰਦਰ ਹੀ ਅੰਦਰ ਗਾਇਕ ਰਿਸ਼ਭ ਲਈ ਪ੍ਰੇਮ ਚੰਗਿਆੜੀ ਭਖ ਰਹੀ ਹੈ ਤੇ ਸਾਨੀਆ ਸੁਪਨਿਆਂ 'ਚ ਵਿਆਹ ਦੇ ਕਾਰਡ 'ਤੇ ਰਿਸ਼ਭ ਦਾ ਨਾਂਅ ਦੇਖਦੀ ਹੈ।


CHANN ENTERTAINMENT
PROUDLY PRESENTS
BLUWAY
HYPE
ENTERTAINMENT @ PUNJABI
DEEPAK Dhillon
PREET Thind
DEBI Makhsoospuri
R Nait
AMAR Sehmbi
RAV Inder
FREE ENTRY
PUNJABI Mela 2025
JOT RANJIT KAUR (HOST)
SATURDAY 10th MAY 2025 @12PM TO 10PM
MARION COUNTY FAIRGROUNDS
7300 E TROY AVE, INDIANAPOLIS, IN
FREE JALEBI - FREE WATER - FREE SUGARCANE JUICE
IMPD SECURITY - NO ALCOHOL ALLOWED - FAMILY EVENT - ZERO TOLERANCE POLICY
MORE INFORMATION & SPONSORSHIP
KAMAL BAINS 317-407-8266
GURBAKSH RANDHAWA 317-800-2976
DARSHAN BASRAON 815-557-4991
BALJINDER SINGH (BEN) 317-702-1300
JASPREET SINGH GOLEWALA 317-410-9173
HARMANDEEP SINGH MALHI 832-833-2292
LUCKY SWAITCH 609-676-6961
PRITPAL SINGH MALHI 707-701-1501
KULWINDER SINGH BENIPAL 215-435-4899
RICK SINGH 765-513-5021
KUMAR 260-704-0576
BALRAJ SINGH 916-472-9833